ਐਤਵਾਰ, 6 ਸਤੰਬਰ, 2026
21 ਭਾਦੋਂ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 96

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 6 SEPTEMBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਪਾਰਟੀ ਬਣਾਓ, ਕਰੋੜਾਂ ਕਮਾਓ

### ਕਾਂਗਰਸ ਸਣੇ 5 ਕੌਮੀ ਪਾਰਟੀਆਂ ਨਾਲੋਂ ਵੱਧ ਚੰਦਾ ਇਕੱਠਾ ਕੀਤਾ ਗੁਜਰਾਤ ਦੀਆਂ 6 ਨਾਮਲੂਮ ਪਾਰਟੀਆਂ ਨੇ

**ਨਵੀਂ ਦਿੱਲੀ (ਨ ਜ਼ ਸ)**

ਗੁਜਰਾਤ ਸਥਿਤ ਛੇ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੇ 2023-24 ਵਿੱਤੀ ਸਾਲ ਵਿੱਚ ਚੰਦੇ ਤੋਂ ਲਗਭਗ 1,700.78 ਕਰੋੜ ਰੁਪਏ ਕਮਾਏ, ਜੋ ਕਿ ਭਾਜਪਾ ਨੂੰ ਛੱਡ ਕੇ ਪੰਜ ਰਾਸ਼ਟਰੀ ਪਾਰਟੀਆਂ ਦੀ ਕੁੱਲ ਆਮਦਨ ਨਾਲੋਂ ਘੱਟੋ-ਘੱਟ 200 ਕਰੋੜ ਰੁਪਏ ਵੱਧ ਹਨ, ਭਾਵੇਂ ਕਿ ਇਨ੍ਹਾਂ ਛੇ ਪਾਰਟੀਆਂ ਨੇ ਮੁਸ਼ਕਲ ਨਾਲ ਚੋਣ ਉਮੀਦਵਾਰ ਖੜ੍ਹੇ ਕੀਤੇ।

ਬੀ ਬੀ ਸੀ ਹਿੰਦੀ ਦੀ ਇੱਕ ਜਾਂਚ ਰਿਪੋਰਟ ਨੇ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ ਡੀ ਆਰ) ਵੱਲੋਂ ਪ੍ਰਸਾਰਤ ਕੀਤੇ ਗਏ ਸ਼ੰਕਿਆਂ ਦੀ ਪੁਸ਼ਟੀ ਕੀਤੀ ਹੈ, ਜਿਸ ਨੇ ਪਿਛਲੇ ਸਾਲ ਪਿਛਲੇ ਵਿੱਤੀ ਸਾਲ 2022-23 ਵਿੱਚ ਅਜਿਹੀਆਂ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੀ ਆਮਦਨ ਵਿੱਚ 223 ਪ੍ਰਤੀਸ਼ਤ ਵਾਧੇ ਦੀ ਰਿਪੋਰਟ ਕੀਤੀ ਸੀ। 18 ਜੁਲਾਈ, 2025 ਨੂੰ ਪ੍ਰਕਾਸ਼ਤ ਏ ਡੀ ਆਰ ਦੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਇਨ੍ਹਾਂ ਵਿੱਚੋਂ ਪੰਜ ਗੈਰ-ਮਾਨਤਾ ਪ੍ਰਾਪਤ ਪਾਰਟੀਆਂ ਗੁਜਰਾਤ ਅਧਾਰਤ ਸਨ ਅਤੇ 2019 ਅਤੇ 2024 ਦੇ ਵਿਚਕਾਰਲੇ ਸਾਲਾਂ ਵਿੱਚ ਇਨ੍ਹਾਂ ਦੀ ਕੁੱਲ ਆਮਦਨ 2,316 ਕਰੋੜ ਰੁਪਏ ਸੀ। ਇਸ ਤੋਂ ਇਲਾਵਾ ਦੇਸ਼ ਵਿੱਚ ਲਗਭਗ 2800 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਪਾਰਟੀਆਂ ਵਿੱਚੋਂ 73 ਪ੍ਰਤੀਸ਼ਤ ਨੇ ਆਪਣੇ ਵਿੱਤੀ ਰਿਕਾਰਡ ਪ੍ਰਕਾਸ਼ਤ ਨਹੀਂ ਕੀਤੇ।

ਭਾਜਪਾ ਨੂੰ ਛੱਡ ਕੇ ਪੰਜ ਰਾਸ਼ਟਰੀ ਪਾਰਟੀਆਂ—ਕਾਂਗਰਸ, ਸੀ ਪੀ ਆਈ (ਐੱਮ), ਆਪ, ਬਸਪਾ ਅਤੇ ਨੈਸ਼ਨਲ ਪੀਪਲਜ਼ ਪਾਰਟੀ ਦੀ ਕੁੱਲ ਆਮਦਨ 2023-24 ਵਿੱਚ 1,480.43 ਕਰੋੜ ਰੁਪਏ ਸੀ।

ਬੀ ਬੀ ਸੀ ਨੇ ਇਨ੍ਹਾਂ ਵਿੱਚੋਂ ਚਾਰ ਪਾਰਟੀਆਂ ਨੂੰ ਅਹਿਮਦਾਬਾਦ ਵਿੱਚ ਲੱਭਿਆ, ਜਦੋਂ ਕਿ ਦੋ ਹੋਰਨਾਂ ਦੇ ਮੁੱਖ ਦਫਤਰ

• ਬਾਕੀ ਸਫਾ 2 'ਤੇ

## ਮੋਹਨਜੀਤ ਮਾਮਲੇ 'ਚ ਡੀ ਐੱਸ ਪੀ ਸਣੇ ਚਾਰ ਪੁਲਸ ਅਧਿਕਾਰੀ ਤਬਦੀਲ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**

ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ੇਰੋਂ ਦੇ ਮੋਹਨਜੀਤ ਸਿੰਘ 'ਤੇ ਕਥਿਤ ਹਿਰਾਸਤੀ ਤਸ਼ੱਦਦ ਨੂੰ ਲੈ ਕੇ ਸਖਤ ਆਲੋਚਨਾ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਨੇ ਸਨਿੱਚਰਵਾਰ ਡੀ ਐੱਸ ਪੀ ਹਰਵਿੰਦਰ ਸਿੰਘ ਦਾ ਤਬਾਦਲਾ ਕਰ ਦਿੱਤਾ ਅਤੇ ਤਿੰਨ ਹੋਰ ਪੁਲਸ ਅਧਿਕਾਰੀਆਂ ਨੂੰ ਤੁਰੰਤ ਸੰਗਰੂਰ ਪੁਲਸ ਲਾਈਨ ਵਿੱਚ ਰਿਪੋਰਟ ਕਰਨ ਦੇ ਹੁਕਮ ਦਿੱਤੇ। ਡੀ ਜੀ ਪੀ ਵੱਲੋਂ ਜਾਰੀ ਹੁਕਮਾਂ ਮੁਤਾਬਕ ਸੁਨਾਮ ਵਿੱਚ ਡੀ ਐੱਸ ਪੀ (ਐੱਸ ਡੀ) ਵਜੋਂ ਤਾਇਨਾਤ ਹਰਵਿੰਦਰ ਸਿੰਘ ਨੂੰ 'ਪ੍ਰਸ਼ਾਸਕੀ ਆਧਾਰਾਂ' 'ਤੇ ਬਹਾਦਰਗੜ੍ਹ (ਪਟਿਆਲਾ) ਵਿੱਚ ਪਹਿਲੀ ਸੀ ਡੀ ਓ ਬਟਾਲੀਅਨ ਵਿੱਚ ਡੀ ਐੱਸ ਪੀ ਦੇ ਖਾਲੀ ਅਹੁਦੇ 'ਤੇ ਤਬਦੀਲ ਕਰ ਦਿੱਤਾ ਗਿਆ ਹੈ।

ਸੰਗਰੂਰ ਦੇ ਐੱਸ ਐੱਸ ਪੀ ਵੱਲੋਂ ਜਾਰੀ ਇੱਕ ਵੱਖਰੇ ਹੁਕਮ ਵਿੱਚ ਇੰਸਪੈਕਟਰ ਪ੍ਰਤੀਕ ਜਿੰਦਲ (ਐੱਸ ਐੱਚ ਓ, ਸਿਟੀ ਸੁਨਾਮ, ਐੱਸ ਆਈ ਬਲਜੀਤ ਸਿੰਘ (ਐੱਸ ਐੱਚ ਓ, ਚੀਮਾ) ਅਤੇ ਏ ਐੱਸ ਆਈ ਹਰਪ੍ਰੀਤ ਸਿੰਘ (ਇੰਚਾਰਜ, ਜ਼ਿਲ੍ਹਾ ਪੁਲਸ

• ਬਾਕੀ ਸਫਾ 2 'ਤੇ

## 11ਵੇਂ ਦਿਨ ਬਚਾਈ ਮਾਤਾ



**ਕਠਮੰਡੂ :** ਨੇਪਾਲ ਵਿੱਚ ਆਏ ਹੜ੍ਹਾਂ ਦੇ 11ਵੇਂ ਦਿਨ, ਨੁਵਾਕੋਟ ਤੋਂ ਇੱਕ 60 ਸਾਲਾ ਔਰਤ ਨੂੰ ਬਚਾਇਆ ਗਿਆ। ਬਚਾਅਕਾਰੀਆਂ ਨੂੰ ਚੰਡਿਕਾ ਸ੍ਰੇਸ਼ਠ ਤਬਾਹ ਹੋਏ ਪਿੰਡ ਵਿੱਚ ਚਾਰ ਮੰਜ਼ਲਾ ਇਮਾਰਤ ਦੀ ਉੱਪਰਲੀ ਮੰਜ਼ਿਲ 'ਤੇ ਮਿਲੀ, ਜਿੱਥੇ ਉਹ ਆਪਣੇ ਪਤੀ ਆਨੰਦ ਨਾਲ ਰਹਿੰਦੀ ਸੀ, ਜੋ ਅਜੇ ਵੀ ਲਾਪਤਾ ਹੈ। ਕਠਮੰਡੂ ਰਹਿੰਦੇ ਸ੍ਰੇਸ਼ਠ ਦੇ ਪੁੱਤਰ ਤੇ ਧੀ, ਭੈਣ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਮਾਤਾ-ਪਿਤਾ ਨਹੀਂ ਰਹੇ। ਨੁਕਸਾਨ ਏਨਾ ਵੱਡਾ ਸੀ ਕਿ ਪੁੱਤਰ ਨੇ ਆਪਣੇ ਮਾਪਿਆਂ ਦੇ ਘਰ ਨੂੰ ਪੁੱਟਣ 'ਤੇ ਜ਼ੋਰ ਨਹੀਂ ਦਿੱਤਾ। ਪਰਵਾਰ ਉਸ ਦੇ ਅੰਤਮ ਸੰਸਕਾਰ ਦੀ ਤਿਆਰੀ ਕਰ ਰਿਹਾ ਸੀ। ਇਸੇ ਦੌਰਾਨ ਇੱਕ ਚੀਨੀ ਵਿਅਕਤੀ ਨੂੰ ਪਣ-ਬਿਜਲੀ ਪਲਾਂਟ ਦੀ ਸੁਰੰਗ ਵਿੱਚੋਂ 10 ਦਿਨਾਂ ਬਾਅਦ ਜ਼ਿੰਦਾ ਕੱਢਿਆ ਗਿਆ। ਲੂ ਹੈਤਾਓ ਨੇ ਕਿਹਾ ਕਿ ਜਦੋਂ ਵੀ ਉਹ ਕਿਸੇ ਬਚਾਅਕਾਰੀ ਦੀ ਰੌਸ਼ਨੀ ਦਾ ਨਿਸ਼ਾਨ ਦੇਖਦਾ ਸੀ, ਉਹ ਮਦਦ ਲਈ ਬੇਚੈਨ ਹੋ ਕੇ ਚੀਕਾਂ ਮਾਰਦਾ ਸੀ।

## ਝੋਨੇ ਦੀ ਨਿਰਵਿਘਨ ਖਰੀਦ ਲਈ ਮਿੱਲਰਾਂ ਨੂੰ ਵੱਡੀ ਛੋਟ

**ਚੰਡੀਗੜ੍ਹ (ਨ ਜ਼ ਸ)**-ਝੋਨੇ ਦੀ ਖਰੀਦ ਤੋਂ ਪਹਿਲਾਂ ਅਨਾਜ ਦੇ ਭੰਡਾਰਨ (ਸਟੋਰੇਜ) ਦੀ ਪੈਦਾ ਹੋਈ ਗੰਭੀਰ ਸਮੱਸਿਆ ਨਾਲ ਨਜਿੱਠਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਸਨਿੱਚਰਵਾਰ 'ਕਸਟਮ ਮਿਲਿੰਗ ਨੀਤੀ 2026-27' ਨੂੰ ਹਰੀ ਝੰਡੀ ਦੇ ਦਿੱਤੀ। ਨਵੀਂ ਨੀਤੀ ਤਹਿਤ ਰਾਈਸ ਮਿੱਲਰਾਂ ਨੂੰ ਪਿਛਲੇ ਝੋਨੇ ਦੀ ਚੌਲ ਡਿਲੀਵਰੀ ਪੂਰੀ ਨਾ ਹੋਣ ਦੇ ਬਾਵਜੂਦ ਨਵੇਂ ਸੀਜ਼ਨ ਦਾ ਝੋਨਾ ਪ੍ਰਾਪਤ ਕਰਨ ਦੀ ਛੋਟ ਦਿੱਤੀ ਗਈ ਹੈ।

ਨਵੀਂ ਨੀਤੀ ਮੁਤਾਬਕ ਜਿਨ੍ਹਾਂ ਮਿੱਲਰਾਂ ਨੇ ਸਾਲ 2025-26 ਦੇ ਅਲਾਟ ਕੀਤੇ ਝੋਨੇ ਦਾ 90 ਫੀਸਦੀ ਚੌਲ ਕੇਂਦਰੀ ਪੂਲ ਵਿੱਚ ਜਮ੍ਹਾਂ ਕਰਵਾ ਦਿੱਤਾ ਹੈ, ਉਹ ਨਵੇਂ ਸੀਜ਼ਨ ਲਈ ਝੋਨਾ ਲੈਣ ਦੇ ਯੋਗ ਹੋਣਗੇ। ਸਰਕਾਰ ਦੇ ਇਸ ਕਦਮ ਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਇਸ ਮਹੀਨੇ ਦੇ ਅਖੀਰ ਵਿੱਚ ਸ਼ੁਰੂ ਹੋਣ ਵਾਲੀ ਝੋਨੇ ਦੀ ਸਰਕਾਰੀ ਖਰੀਦ ਦੌਰਾਨ ਮਿਲਿੰਗ ਦਾ ਕੰਮ ਪ੍ਰਭਾਵਤ ਨਾ ਹੋਵੇ।

ਇਸ ਵਾਰ ਪੰਜਾਬ ਵਿੱਚ ਕੁੱਲ 185 ਲੱਖ ਮੀਟ੍ਰਿਕ ਟਨ ਝੋਨੇ ਦੀ ਪੈਦਾਵਾਰ ਹੋਣ ਦੀ ਉਮੀਦ ਹੈ, ਜਿਸ ਵਿੱਚੋਂ 180 ਲੱਖ ਮੀਟ੍ਰਿਕ ਟਨ ਝੋਨਾ ਸਰਕਾਰੀ ਏਜੰਸੀਆਂ ਵੱਲੋਂ ਖਰੀਦਣ ਦਾ ਟੀਚਾ ਰੱਖਿਆ ਗਿਆ ਹੈ। ਹਾਲਾਂਕਿ, ਸੂਬੇ ਦੇ ਗੋਦਾਮ ਪਹਿਲਾਂ ਹੀ ਨੱਕੋ-ਨੱਕ ਭਰੇ ਹੋਏ ਹਨ। ਖੁਰਾਕ ਤੇ ਸਿਵਲ ਸਪਲਾਈ

• ਬਾਕੀ ਸਫਾ 2 'ਤੇ

## ਫੜ੍ਹਮਾਰ ਭਾਰਦਵਾਜ ਦੀ ਉੱਧੜਦੀ ਖਿੱਦੋ



**ਨਵੀਂ ਦਿੱਲੀ (ਨ ਜ਼ ਸ)**-ਕਰੀਬ ਤਿੰਨ ਲੱਖ 27 ਹਜ਼ਾਰ ਫਾਲੋਅਰਾਂ ਵਾਲਾ ਫੇਸਬੁਕ ਪੇਜ, ਕਰੀਬ ਇੱਕ ਲੱਖ 84 ਹਜ਼ਾਰ ਫਾਲੋਅਰਾਂ ਵਾਲਾ ਇੰਸਟਾਗ੍ਰਾਮ ਅਕਾਊਂਟ ਤੇ 6400 ਫਾਲੋਅਰਾਂ ਵਾਲਾ ਵੈਰੀਫਾਈਡ ਅਕਾਊਂਟ। 15 ਅਗਸਤ ਨੂੰ ਲਾਲ ਕਿਲ੍ਹੇ 'ਤੇ #sanatani-hero" ਅਤੇ #gaurakshak ਵਰਗੇ ਹੈਸ਼ਟੈਗਾਂ ਨਾਲ ਤਸਵੀਰਾਂ। ਇਸ ਸਾਲ ਆਜ਼ਾਦੀ ਦਿਵਸ ਸਮਾਰੋਹ ਲਈ ਰੱਖਿਆ ਮੰਤਰਾਲੇ ਵੱਲੋਂ ਬਾਈ ਨੇਮ ਸੱਦਾ। 9 ਜੂਨ, 2024 ਨੂੰ ਨਰਿੰਦਰ ਮੋਦੀ ਸਰਕਾਰ ਦੇ ਸਹੁੰ ਚੁੱਕ ਸਮਾਰੋਹ ਲਈ ਸੱਦਿਆਂ ਦੀਆਂ ਤਸਵੀਰਾਂ। ਹਿੰਦੂਤਵ ਪ੍ਰਭਾਵਕ (ਇਨਫਲੂੰਸਰ) ਸਵਤੰਤਰ ਭਾਰਦਵਾਜ ਦੀ ਆਨਲਾਈਨ ਦੁਨੀਆ ਦਰਸਾਉਂਦੀ ਹੈ ਕਿ ਉਸ ਦੀ ਸ਼ੇਖੀ ਸਿਰਫ ਉਸ ਪੌਡਕਾਸਟ ਤੱਕ ਸੀਮਤ ਨਹੀਂ ਸੀ, ਜਿਸ ਵਿੱਚ ਉਸ ਨੇ ਜੰਤਰ-ਮੰਤਰ ਦੇ ਅੰਦੋਲਨ ਦੌਰਾਨ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੀ ਇੱਕ ਪ੍ਰਦਰਸ਼ਨਕਾਰੀ ਕੁੜੀ ਦੇ ਪਿਤਾ ਸੰਜੇ ਕੁਮਾਰ ਦਾ ਸਿਰ ਪਾੜਨ ਅਤੇ ਸਿਆਸਤਦਾਨਾਂ ਤੇ ਪੁਲਸ ਨਾਲ ਆਪਣੇ ਸੰਬੰਧਾਂ ਦਾ ਦਾਅਵਾ ਕੀਤਾ ਸੀ। ਉਸ ਨੇ ਪੌਡਕਾਸਟ ਵਿੱਚ ਇਹ ਦਾਅਵਾ ਵੀ ਕੀਤਾ ਸੀ, 'ਮੇਰੀ ਜੁੱਤੀ ਦੇਖੋ ? ਇਹ ਵੀ ਦਿੱਲੀ ਪੁਲਸ ਦੀ ਹੈ। ਬਿਨਾਂ ਕੋਈ ਫਾਰਮ ਭਰੇ, ਮੈਂ ਦਿੱਲੀ ਪੁਲਸ ਵਾਂਗ ਘੁੰਮਦਾ ਹਾਂ।'

ਇਸ ਹਫਤੇ ਦੇ ਸ਼ੁਰੂ ਵਿੱਚ ਸੋਸ਼ਲ ਮੀਡੀਆ 'ਤੇ ਪੌਡਕਾਸਟ ਵੀਡੀਓ ਕਲਿੱਪਾਂ ਦੇ ਜੰਗਲ ਦੀ ਅੱਗ ਵਾਂਗ ਫੈਲਣ ਤੋਂ ਬਹੁਤ ਪਹਿਲਾਂ 22 ਸਾਲਾ ਭਾਰਦਵਾਜ ਨੇ ਭੜਕਾਊ ਪੋਸਟਾਂ ਤੇ ਸਿਆਸੀ ਨੇਤਾ ਦੇ ਪ੍ਰਦਰਸ਼ਨਾਂ ਨਾਲ ਕਾਫੀ ਫਾਲੋਅਰ ਬਣਾਏ ਸਨ। ਭਦਰਵਾਜ, ਜੋ ਆਪਣੇ ਆਪ ਨੂੰ 'ਸਨਾਤਨ ਯੋਧਾ' ਦੱਸਦਾ ਹੈ, ਨੂੰ ਸ਼ੁੱਕਰਵਾਰ ਯੂ ਪੀ ਦੇ ਬੁਲੰਦਸ਼ਹਿਰ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ, ਜਦੋਂ ਦਿੱਲੀ ਪੁਲਸ ਨੇ ਸੀ ਜੇ ਪੀ ਪ੍ਰਦਰਸ਼ਨਕਾਰੀਆਂ ਨੂੰ ਭਰੋਸਾ ਦਿੱਤਾ ਕਿ

• ਬਾਕੀ ਸਫਾ 2 'ਤੇ

## ਸਰਕਾਰ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੁਗਾਏ : ਧਾਲੀਵਾਲ



**ਚੰਡੀਗੜ੍ਹ (ਨ ਜ਼ ਸ)**-ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਰਾਜ ਕਮੇਟੀ ਦੇ ਸੂਬਾਈ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ 8 ਲੱਖ ਮੌਜੂਦਾ ਅਤੇ ਸੇਵਾ-ਮੁਕਤ ਕਰਮਚਾਰੀਆਂ ਵਿਰੁੱਧ ਨਿੰਦਣ, ਭੰਡਣ ਅਤੇ ਝੂਠੇ ਤੱਥਾਂ ਦੇ ਹਵਾਲੇ ਦੇ ਦੇ ਕੇ ਗਿਰਾਵਟ ਦੇ ਸਾਰੇ ਹੱਦਾਂ-ਬੰਨੇ ਪਾਰ ਕਰਕੇ ਵਿੱਢੀ ਹੋਈ ਮੁਹਿੰਮ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਆਪਣੇ ਖਜ਼ਾਨਾ ਮੰਤਰੀ ਚੀਮਾ ਜੀ ਅਤੇ ਤੁਹਾਡੀ ਪਾਰਟੀ ਦੇ ਪ੍ਰਧਾਨ ਅਤੇ ਮੰਤਰੀ ਅਮਨ ਅਰੋੜਾ ਜੀ ਨੂੰ ਜਿਹੜੀ ਤੁਸੀਂ ਮੁਲਾਜ਼ਮਾਂ ਅਤੇ ਮਿਹਨਤਕਸ਼ ਮਜ਼ਦੂਰ ਜਮਾਤ ਨੂੰ ਭੰਡਣ ਦੀ ਅਤੇ ਪੰਜਾਬ ਦੀ ਜਨਤਾ ਨੂੰ ਗੁੰਮਰਾਹ ਕਰਨ ਅਤੇ ਝੂਠੇ ਤੱਥ ਪੇਸ਼ ਕਰ ਕਰਕੇ ਮੁਲਾਜ਼ਮਾਂ ਨੂੰ ਨਫਰਤ ਦਾ ਪਾਤਰ ਬਣਾਉਣ ਦੀ ਕਮਾਨ ਸੌਂਪੀ ਹੋਈ ਹੈ, ਉਸ ਨੂੰ ਫੌਰੀ ਤੌਰ 'ਤੇ ਬੰਦ ਕਰਕੇ ਇੱਕ ਵੈੱਲਫੇਅਰ ਸਟੇਟ, ਸਥਾਪਤ ਰਵਾਇਤਾਂ ਅਤੇ ਜੁਡੀਸ਼ਰੀ ਦੇ ਫੈਸਲਿਆਂ ਦਾ ਸਤਿਕਾਰ ਕਰਨ ਦੀ ਭੂਮਿਕਾ ਨਿਭਾਉਣ ਦਾ ਪੱਲਾ ਫੜ ਕੇ ਮੁਲਾਜ਼ਮਾਂ ਦੇ ਕਾਨੂੰਨੀ ਤੌਰ 'ਤੇ ਬਣਦੇ ਹੱਕ, ਜਿਵੇਂ ਕਿ ਕੀਤੇ ਵਾਅਦੇ ਪੂਰੇ ਕਰਨੇ, ਉਹਨਾਂ ਦਾ 18% ਡੀ ਏ ਦੇਣਾ, ਪੇ ਕਮਿਸ਼ਨ ਦੇ ਬਕਾਏ, ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਕੇਂਦਰ ਵਾਲੇ ਸਕੇਲਾਂ ਦੀ ਬਜਾਏ ਪੰਜਾਬ ਦੇ ਸਕੇਲ ਦੇਣਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ ਅਤੇ ਹਰ ਕਿਸਮ ਦੇ ਆਰਜ਼ੀ ਅਤੇ ਕੰਟਰੈਕਟ /ਆਊਟਸੋਰਸ ਮੁਲਾਜ਼ਮਾਂ ਨੂੰ ਪੱਕੇ ਕਰਨਾ ਆਦਿ ਪੂਰੇ ਕਰੋ, ਝੂਠੇ ਤਰਕਾਂ ਦੇ ਆਧਾਰ 'ਤੇ ਸਰਕਾਰ ਨੂੰ ਸਹੀ ਸਾਬਤ ਕਰਨ ਦੀ ਅਸਫਲ ਕੋਸ਼ਿਸ਼ ਨਾ

• ਬਾਕੀ ਸਫਾ 2 'ਤੇ

## ਸਾਥੀ ਸਮਰਾ ਤੇ ਦਾਊਦ ਦਾ ਤੁਰ ਜਾਣਾ ਸਮੁੱਚੀ ਖੱਬੀ ਲਹਿਰ ਲਈ ਵੱਡਾ ਘਾਟਾ : ਬਰਾੜ, ਧਾਲੀਵਾਲ, ਅਰਸ਼ੀ

**ਚੰਡੀਗੜ੍ਹ (ਗਿਆਨ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ/ ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਸੀਨੀਅਰ ਆਗੂ ਅਜਮੇਰ ਸਿੰਘ ਸਮਰਾ ਅਤੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਤੇ ਸਾਂਝੇ ਮਜ਼ਦੂਰ ਮੋਰਚੇ ਦੇ ਮੋਹਰੀ ਆਗੂਆਂ 'ਚ ਸ਼ੁਮਾਰ ਗੁਰਨਾਮ ਸਿੰਘ ਦਾਊਦ ਦਾ ਅੱਗੜ-ਪਿੱਛੜ ਤੁਰ ਜਾਣਾ ਦੱਬੇ-ਕੁਚਲੇ ਲੋਕਾਂ, ਕਿਰਤੀ ਵਰਗ ਤੇ ਸਮੁੱਚੀ ਖੱਬੀ ਲਹਿਰ ਲਈ ਵੱਡਾ ਘਾਟਾ ਹੈ। ਦੋਵੇਂ ਆਗੂ ਸਾਰੀ ਉਮਰ ਆਮ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਅਤੇ ਲੋਟੂ ਨਿਜ਼ਾਮ ਨੂੰ ਖਤਮ ਕਰਨ ਲਈ ਜੂਝਦੇ ਰਹੇ। ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਸਕੱਤਰ ਬੰਤ ਸਿੰਘ ਬਰਾੜ, ਸੀ ਪੀ ਆਈ ਦੇ ਸੂਬਾ ਸਕੱਤਰ ਨਿਰਮਲ ਸਿੰਘ

• ਬਾਕੀ ਸਫਾ 2 'ਤੇ

## ਮੇਰਾ ਸੁਪਨਾ ਪੰਜਾਬ ਨੂੰ ਆਲਮੀ ਸਿੱਖਿਆ ਕੇਂਦਰ ਬਣਾਉਣਾ : ਮਾਨ



**ਮੁਹਾਲੀ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਕਿਹਾ ਕਿ ਉਨ੍ਹਾ ਦੀ ਸਰਕਾਰ ਦੇ ਸਿੱਖਿਆ ਸੁਧਾਰਾਂ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਕਾਇਆ-ਕਲਪ ਕਰ ਦਿੱਤੀ ਹੈ। ਉਨ੍ਹਾ ਕਿਹਾ ਕਿ ਸਾਲ 2021 ਵਿੱਚ ਪੰਜਾਬ ਸਿੱਖਿਆ ਦੇ ਖੇਤਰ ਵਿੱਚ 27ਵੇਂ ਸਥਾਨ 'ਤੇ ਸੀ, ਜੋ ਹੁਣ ਪ੍ਰਾਇਮਰੀ ਸਿੱਖਿਆ ਵਿੱਚ ਪਹਿਲੇ ਨੰਬਰ 'ਤੇ ਪਹੁੰਚ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾ ਪੰਜਾਬ ਨੂੰ ਆਲਮੀ ਸਿੱਖਿਆ ਕੇਂਦਰ ਬਣਾਉਣ ਦੇ ਸਰਕਾਰ ਦੇ ਦ੍ਰਿਸ਼ਟੀਕੋਣ ਦਾ ਵੀ ਐਲਾਨ ਕੀਤਾ।

ਮੁਹਾਲੀ ਵਿਖੇ ਅਧਿਆਪਕ ਦਿਵਸ ਮੌਕੇ ਰਾਜ ਪੱਧਰੀ ਸਨਮਾਨ ਸਮਾਰੋਹ ਦੌਰਾਨ ਮੁੱਖ ਮੰਤਰੀ ਨੇ ਅਧਿਆਪਕਾਂ ਲਈ ਅੰਤਰਰਾਸ਼ਟਰੀ ਸਿਖਲਾਈ, 118 'ਸਕੂਲਜ਼ ਆਫ਼ ਐਮੀਨੈਂਸ', 16,348 ਸਕੂਲਾਂ ਵਿੱਚ ਵਾਈ-ਫਾਈ ਸਹੂਲਤ, 'ਬਿਜ਼ਨਸ ਬਲਾਸਟਰ' ਅਤੇ ਪੀ ਟੀ ਐੱਮ ਰਾਹੀਂ ਮਾਪਿਆਂ ਦੀ ਵਧੇਰੇ ਸ਼ਮੂਲੀਅਤ ਨੂੰ ਇਸ ਬਦਲਾਅ ਦੇ ਮੁੱਖ ਕਾਰਨ ਦੱਸਿਆ, ਜਦਕਿ 50 ਅਧਿਆਪਕਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨਤ ਵੀ ਕੀਤਾ।ਮਾਨ ਨੇ ਕਿਹਾ, 'ਮੇਰਾ ਸੁਪਨਾ ਪੰਜਾਬ ਨੂੰ ਆਲਮੀ ਸਿੱਖਿਆ ਕੇਂਦਰ ਬਣਾਉਣਾ ਹੈ।ਸਿੱਖਿਆ ਖੇਤਰ ਵਿੱਚ ਸਾਡੀ ਸਰਕਾਰ ਵੱਲੋਂ ਚੁੱਕੇ ਗਏ ਇਨਕਲਾਬੀ ਕਦਮਾਂ ਕਰਕੇ ਉਹ ਦਿਨ ਦੂਰ ਨਹੀਂ, ਜਦੋਂ ਦੁਨੀਆ ਭਰ ਤੋਂ ਅਧਿਆਪਕ ਸਿਖਲਾਈ ਲੈਣ ਲਈ ਪੰਜਾਬ

• ਬਾਕੀ ਸਫਾ 2 'ਤੇ

## ਪਹਿਲੀ ਨੂੰ ਖਡੂਰ ਸਾਹਿਬ 'ਚ ਸਿਆਸੀ ਕਾਨਫਰੰਸ



**ਫਤਿਆਬਾਦ (ਨ ਜ਼ ਸ)**

ਸੀ ਪੀ ਆਈ ਬਲਾਕ ਖਡੂਰ ਸਾਹਿਬ ਦੀ ਮੀਟਿੰਗ ਫਤਿਆਬਾਦ ਵਿਖੇ ਮੇਜਰ ਸਿੰਘ ਦਾਰਾਪੁਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਦਿਵਸ 'ਤੇ ਸੀ ਪੀ ਆਈ ਵੱਲੋਂ ਰਾਜਨੀਤਕ ਕਾਨਫਰੰਸ ਤੇ ਨਾਟਕ ਮੇਲਾ ਕੀਤਾ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਸੂਬਾ ਸਕੱਤਰੇਤ ਮੈਂਬਰ ਤੇ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ, ਗੁਰਪ੍ਰੀਤ ਸਿੰਘ ਗੰਡੀਵਿੰਡ ਤੇ ਦਫਤਰ ਸਕੱਤਰ ਚਰਨ ਸਿੰਘ ਤਰਨ ਤਾਰਨ ਨੇ ਕਿਹਾ ਕਿ ਗੁਰਗੱਦੀ ਦਿਵਸ 'ਤੇ ਕਾਨਫਰੰਸ ਉਸ ਸਮੇਂ ਹੋ ਰਹੀ ਹੈ, ਜਦੋਂ ਮਹਿੰਗਾਈ ਹੱਦਾਂ-ਬੰਨੇ ਪਾਰ ਕਰ ਕਰ ਗਈ ਹੈ। ਖੰਡ 70 ਰੁਪਏ ਕਿੱਲੋ, ਸਬਜ਼ੀਆਂ ਬਣਾਉਣ ਵਾਲੇ ਤੇਲ ਦੀਆਂ ਕੀਮਤਾਂ ਵੀ ਅਥਾਹ ਵਧ ਗਈਆਂ ਹਨ। ਆਟੇ ਦੇ ਭਾਅ ਵੀ ਅਸਮਾਨੀ ਚੜ੍ਹੇ ਹਨ। ਇਲਾਜ ਵੀ ਬਹੁਤ ਮਹਿੰਗਾ ਹੈ। ਇਨ੍ਹਾਂ ਮਸਲਿਆਂ ਨੂੰ ਲੈ ਕੇ ਸੀ ਪੀ ਆਈ ਵੱਲੋਂ ਪਹਿਲੀ ਅਕਤੂਬਰ ਨੂੰ ਗੁਰਗੱਦੀ ਦਿਵਸ 'ਤੇ ਖਡੂਰ ਸਾਹਿਬ ਵਿਖੇ ਕਾਨਫਰੰਸ ਹੋਵੇਗੀ। ਮੀਟਿੰਗ ਵਿੱਚ ਦੂਜਾ ਮਤਾ ਪਾਸ ਕੀਤਾ ਗਿਆ ਕਿ ਪਿੰਡਾਂ

• ਬਾਕੀ ਸਫਾ 2 'ਤੇ

ੴ ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥ ੴ



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਸਾਡੇ ਸਤਿਕਾਰਯੋਗ

ਸ. ਬਲਵਿੰਦਰ ਸਿੰਘ ਗਿੱਲ (ਪਟਵਾਰੀ)

ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਿਤੀ 24 ਅਗਸਤ, 2026 ਦਿਨ ਸੋਮਵਾਰ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ, ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

ਪਾਠ ਦਾ ਭੋਗ ਅਤੇ ਅੰਤਿਮ ਅਰਦਾਸ

ਮਿਤੀ 6 ਸਤੰਬਰ, 2026 ਦਿਨ ਐਤਵਾਰ ਦੁਪਹਿਰ 12 ਤੋਂ 1 ਵਜੇ ਤੱਕ

ਗੁਰਦੁਆਰਾ ਸਾਹਿਬ ਚੰਨੂੰ ਪੱਤੀ, ਬੁੱਕਣਵਾਲਾ, ਮੋਗਾ ਵਿਖੇ ਪਵੇਗਾ।

ਸੰਤ ਬਾਬਾ ਬਲਦੇਵ ਸਿੰਘ ਜੋਗੇਵਾਲਾ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲ੍ਹਾ ਪ੍ਰਧਾਨ ਪੀ.ਏ.ਸੀ ਮੈਂਬਰ ਬਲਰਾਜ ਸਿੰਘ ਖਾਲਸਾ, ਸ਼੍ਰੋਮਣੀ ਅਕਾਲੀ ਦਲ ਵਾਰਸ ਪੰਜਾਬ ਦੇ ਸੀਨੀਅਰ ਆਗੂ ਦਵਿੰਦਰ ਸਿੰਘ ਰਣੀਆ, ਅਮਰਜੀਤ ਸਿੰਘ ਲੰਡੇਕੇ, ਇੰਚਾਰਜ ਧਰਮਕੋਟ ਜਸਵਿੰਦਰ ਸਿੰਘ ਸਿੱਧੂ

ਪਰਿਵਾਰ ਵਿੱਚ ਪਤਨੀ ਸਵਰਨਜੀਤ ਕੌਰ ਧੀ ਜਵਾਈ, ਰਵਨੀਤ ਕੌਰ - ਤਰਨਦੀਪ ਸਿੰਘ ਭਰਾ ਜਰਨੈਲ ਸਿੰਘ, ਭਤੀਜਾ ਜਗਗਿੰਦਰ ਸਿੰਘ

ਬੇਨਤੀ ਕਰਤਾ:

ਭਾਈ ਗੁਰਮੀਤ ਸਿੰਘ ਬੁੱਕਣਵਾਲਾ (ਨਜ਼ਰਬੰਦ ਕੇਂਦਰੀ ਜੇਲ੍ਹ ਬਠਿੰਡਾ)

ਉਮੀਦਵਾਰ ਹਲਕਾ ਮੋਗਾ, ਅਕਾਲੀ ਦਲ ਵਾਰਿਸ ਪੰਜਾਬ ਦੇ

ਮੋ: 98553-55700, 88377-02027



## ਮੁੱਖ ਮੰਤਰੀ ਦੀ ਜ਼ੀਰਾ 'ਚ ਆਮਦ ਅੱਜ, ਤਿਆਰੀਆਂ ਮੁਕੰਮਲ : ਗੁਰਪ੍ਰੀਤ ਸੇਖੋਂ
### ਭਗਵੰਤ ਮਾਨ ਦੀ ਹਾਜ਼ਰੀ 'ਚ 'ਆਪ' 'ਚ ਹੋਣਗੇ ਸ਼ਾਮਲ



**ਜ਼ੀਰਾ (ਨਰਿੰਦਰ ਅਨੇਜਾ)**-ਮੁੱਖ ਮੰਤਰੀ ਦੀ ਆਮਦ ਨੂੰ ਲੈ ਕੇ ਜਿੱਥੇ ਸਮਾਜ ਸੇਵੀ ਗੁਰਪ੍ਰੀਤ ਸਿੰਘ ਸੇਖੋਂ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ, ਉੱਥੇ ਨਰੇਸ਼ ਕਟਾਰੀਆਂ ਕੋਈ ਸਰਗਰਮੀ ਨਹੀਂ ਦਿਖਾ ਰਹੇ। ਇੰਝ ਲੱਗਦਾ ਹੈ ਜਿਵੇਂ ਰਿਸ਼ਤੇਦਾਰ ਤਾਂ ਕੋਈ ਆਪਣਾ ਆ ਰਿਹਾ ਹੋਵੇ ਤੇ ਚਾਅ ਦੂਜੇ ਨੂੰ ਚੜ੍ਹਿਆ ਹੋਵੇ। ਗੁਰਪ੍ਰੀਤ ਸੇਖੋਂ ਵੱਲੋਂ ਦਾਣਾ ਮੰਡੀ ਵਿੱਚ ਬਹੁਤ ਵੱਡਾ ਆਧੁਨਿਕ ਪੰਡਾਲ ਲਾਇਆ ਜਾ ਰਿਹਾ ਹੈ। ਹਰ ਪ੍ਰਕਾਰ ਦੇ ਪੁਖਤਾ ਇੰਤਜ਼ਾਮ ਕੀਤੇ ਜਾ ਰਹੇ ਹਨ। ਗੁਰਪ੍ਰੀਤ ਸਿੰਘ ਸੇਖੋਂ ਨੇ ਐਲਾਨ ਕੀਤਾ ਕਿ 6 ਸਤੰਬਰ ਨੂੰ ਦਾਣਾ ਮੰਡੀ ਜ਼ੀਰਾ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ 'ਚ ਉਹ ਰਸਮੀ ਤੌਰ 'ਤੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣਗੇ।ਸੇਖੋਂ ਨੇ ਕਿਹਾ ਕਿ ਹਲਕੇ ਦੀ ਬਿਹਤਰੀ, ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਤੇ ਸਰਬਪੱਖੀ ਵਿਕਾਸ ਹੀ ਉਨ੍ਹਾਂ ਦਾ ਮੁੱਖ ਏਜੰਡਾ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਿਆਸਤ ਕਿਸੇ ਵਿਅਕਤੀ ਜਾਂ ਪਾਰਟੀ ਦੇ ਵਿਰੋਧ 'ਤੇ ਨਹੀਂ, ਸਗੋਂ ਲੋਕਾਂ ਦੀ ਆਵਾਜ਼ ਬਣਨ ਤੇ ਇਲਾਕੇ ਦੀ ਤਰੱਕੀ ਲਈ ਕੰਮ ਕਰਨ 'ਤੇ ਕੇਂਦਰਤ ਰਹੇਗੀ।ਸਿਆਸਤ ਮੇਰੇ ਲਈ ਮੰਜ਼ਲ ਨਹੀਂ, ਲੋਕ ਸੇਵਾ ਦਾ ਜ਼ਰੀਆ ਹੈ, ਆਖਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਦਾ ਪਿਆਰ, ਵਿਸ਼ਵਾਸ ਤੇ ਸਾਥ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਹੈ।ਉਨ੍ਹਾਂ ਦੱਸਿਆ ਕਿ 6 ਸਤੰਬਰ ਦੇ ਸਮਾਗਮ 'ਚ ਕਰੀਬ 20 ਤੋਂ 25 ਹਜ਼ਾਰ ਵਰਕਰਾਂ, ਅਹੁਦੇਦਾਰਾਂ, ਸਰਪੰਚਾਂ ਤੇ ਸਮਰਥਕਾਂ ਦੇ ਪਹੁੰਚਣ ਦੀ ਉਮੀਦ ਹੈ।ਉਨ੍ਹਾਂ ਕਿਹਾ ਕਿ ਗਾਇਕ ਆਰ ਨੇਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਉਣ ਤੋਂ ਪਹਿਲਾਂ ਪਹੁੰਚੀ ਸੰਗਤ ਦਾ ਆਪਣੇ ਗੀਤ ਪੇਸ਼ ਕਰਕੇ ਮਨੋਰੰਜਨ ਕਰਨਗੇ।

## ਮਸਜਿਦਾਂ ਤੇ ਕਬਰਸਿਤਾਨਾਂ ਦੀਆਂ ਕਮੇਟੀਆਂ ਨੂੰ 6.50 ਲੱਖ ਦੇ ਚੈਕ ਵੰਡੇ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਆਯੋਜਤ ਇੱਕ ਸੰਖੇਪ ਸਮਾਗਮ ਦੌਰਾਨ ਪੰਜਾਬ ਵਕਫ਼ ਬੋਰਡ ਦੇ ਮੈਂਬਰ ਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਡਾ. ਅਨਵਰ ਭਸੌੜ ਵੱਲੋਂ ਵੱਖ-ਵੱਖ ਮਸਜਿਦਾਂ ਤੇ ਕਬਰਸਤਾਨ ਪ੍ਰਬੰਧਕ ਕਮੇਟੀਆਂ ਨੂੰ 6.50 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇ ਚੈੱਕ ਤਕਸੀਮ ਕੀਤੇ ਗਏ।ਉਨ੍ਹਾਂ ਇਲਾਕੇ ਦੇ ਧਾਰਮਿਕ ਤੇ ਸਮਾਜਿਕ ਨੁਮਾਇੰਦਿਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ।ਡਾ. ਅਨਵਰ ਭਸੌੜ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਵਕਫ਼ ਬੋਰਡ ਵੱਲੋਂ ਸੂਬੇ ਭਰ ਦੀਆਂ ਮਸਜਿਦਾਂ, ਮਦਰੱਸਿਆਂ ਤੇ ਕਬਰਸਤਾਨਾਂ ਦੀ ਰੱਖ-ਰਖਾਅ ਤੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ 1.50 ਕਰੋੜ ਰੁਪਏ ਦੀ ਕੁੱਲ ਰਾਸ਼ੀ ਰਿਲੀਜ਼ ਕੀਤੀ ਜਾ ਚੁੱਕੀ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਆਉਣ ਵਾਲੇ ਦਿਨਾਂ ਵਿੱਚ ਰਹਿੰਦੀਆਂ ਹੋਰ ਕਮੇਟੀਆਂ ਨੂੰ ਵੀ ਲੋੜੀਂਦੀ ਇਮਦਾਦ ਅਤੇ ਵਿੱਤੀ ਗ੍ਰਾਂਟਾਂ ਮੁਹੱਈਆ ਕਰਾਈਆਂ ਜਾਣਗੀਆਂ। ਭਸੌੜ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਸਾਰੇ ਧਰਮਾਂ ਦਾ ਸਤਿਕਾਰ ਕਰਦੀ ਹੈ ਤੇ ਘੱਟ ਗਿਣਤੀ ਭਾਈਚਾਰੇ ਦੇ ਕਲਿਆਣ ਤੇ ਧਾਰਮਿਕ ਅਸਥਾਨਾਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਹਜ਼ਾਰਾਂ ਸੰਗਤਾਂ ਨੇ ਮਾਣਿਆ ਕੀਰਤਨ ਤੇ ਡਰੋਨ ਸ਼ੋਅ ਦਾ ਆਨੰਦ



**ਬੁਢਲਾਡਾ (ਅਸ਼ੋਕ ਲਾਕੜਾ)**-ਸ਼ਹਿਰ 'ਚ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਸ਼ਤਾਬਦੀ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ ਤੇ ਡਰੋਨ ਸ਼ੋਅ ਦੌਰਾਨ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਲਵਾਈ ਤੇ ਪੰਜਾਬ ਸਰਕਾਰ ਵੱਲੋਂ ਕਰਵਾਏ ਇਹ ਸਮਾਗਮ ਦਾ ਅਨੰਦ ਮਾਣਿਆ।ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦੀ ਅਗਵਾਈ ਹੇਠ ਸ਼੍ਰੀ ਗੁਰੂ ਤੇਗ ਬਹਾਦਰ ਸਟੇਡੀਅਮ ਵਿਖੇ ਆਯੋਜਿਤ ਸਮਾਗਮ ਦੌਰਾਨ ਬਾਬਾ ਜਗਜੀਤ ਸਿੰਘ ਨਾਨਕਸਰ ਗੁਰਨੇ ਕਲਾਂ ਵਾਲਿਆਂ ਦੇ ਜੱਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਲਗਭਗ ਡੇਢ ਘੰਟਾ ਚੱਲੇ ਇਸ ਸਮਾਰੋਹ ਦੌਰਾਨ ਸਟੇਡੀਅਮ ਸੰਗਤਾਂ ਨਾਲ ਮੁਕੰਮਲ ਤੌਰ ਉਤੇ ਭਰਿਆ ਹੋਇਆ ਸੀ ਅਤੇ ਸੰਗਤਾਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਕੀਰਤਨੀ ਜਥੇ ਨੂੰ ਸਨਮਾਨਤ ਕਰਨ ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ ਉਤੇ ਧੰਨਵਾਦ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗੁਰੂ ਸਾਹਿਬ ਦੇ ਜੀਵਨ, ਬਾਣੀ ਤੇ ਸਿੱਖਿਆਵਾਂ ਨੂੰ ਘਰ-ਘਰ ਪ੍ਰਚਾਉਣ ਲਈ ਪੂਰਾ ਸਾਲ ਚੱਲਣ ਵਾਲੇ ਸਮਾਗਮ ਉਲੀਕ ਕੇ ਮਹਾਨ ਉਪਰਾਲਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ 92 ਵਿਧਾਨ ਸਭਾ ਹਲਕਿਆਂ ਵਿੱਚ ਅਜਿਹੇ ਸਮਾਗਮਾਂ ਦੇ ਆਯੋਜਨ ਦੇ ਨਾਲ ਨਾਲ 117 ਹਲਕਿਆਂ ਦੇ ਪਿੰਡਾਂ ਵਿੱਚ ਗੁਰੂ ਸਾਹਿਬ ਉਤੇ ਅਧਾਰਿਤ ਦਸਤਾਵੇਜ਼ੀ ਸ਼ੋਅ ਦੀ ਪੇਸ਼ਕਾਰੀ ਆਧੁਨਿਕ ਵੈਨ ਰਾਹੀਂ ਕੀਤੀ ਜਾ ਰਹੀ ਹੈ।

## ਐੱਸ ਡੀ ਐੱਮ ਦੀ ਅਗਵਾਈ 'ਚ ਪਾਮ ਦੇ ਬੂਟੇ ਲਗਾਏ



**ਲਹਿਰਾਗਾਗਾ (ਪਵਨ ਕੁਮਾਰ)**-ਲਹਿਰਾਗਾਗਾ ਸ਼ਹਿਰ ਨੂੰ ਹਰਿਆ-ਭਰਿਆ, ਸੁੰਦਰ ਤੇ ਵਾਤਾਵਰਣ ਪੱਖੋਂ ਸਾਫ਼-ਸੁਥਰਾ ਬਣਾਉਣ ਦੇ ਉਦੇਸ਼ ਨਾਲ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਉਪਰਾਲਾ ਕੀਤਾ ਗਿਆ।ਇਸ ਤਹਿਤ ਐੱਸ.ਡੀ.ਐੱਮ. ਰਾਜੇਸ਼ ਪ੍ਰਕਾਸ਼ ਗਰਗ ਦੀ ਅਗਵਾਈ 'ਚ ਥਾਣਾ ਰੋਡ ਲਹਿਰਾਗਾਗਾ ਵਿਖੇ 100 ਪਾਮ ਦੇ ਬੂਟੇ ਲਗਾਏ ਗਏ।ਇਸ ਮੌਕੇ ਐੱਸ.ਡੀ.ਐੱਮ. ਰਾਜੇਸ਼ ਪ੍ਰਕਾਸ਼ ਗਰਗ ਨੇ ਕਿਹਾ ਕਿ ਸ਼ਹਿਰ ਨੂੰ ਸੁੰਦਰ ਬਣਾਉਣ ਦੇ ਨਾਲ-ਨਾਲ ਵਾਤਾਵਰਣ ਦੀ ਸੁਰੱਖਿਆ ਕਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਰੁੱਖ ਲਗਾਉਣਾ ਤੇ ਲਗਾਏ ਗਏ ਬੂਟਿਆਂ ਦੀ ਸੰਭਾਲ ਕਰਨਾ ਸਿਰਫ਼ ਪ੍ਰਸ਼ਾਸਨ ਦੀ ਹੀ ਨਹੀਂ, ਸਗੋਂ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ, ਦੁਕਾਨਾਂ, ਖਾਲੀ ਥਾਵਾਂ ਤੇ ਜਨਤਕ ਸਥਾਨਾਂ ਨੇੜੇ ਵੱਧ ਤੋਂ ਵੱਧ ਬੂਟੇ ਲਗਾਉਣ ਤੇ ਉਨ੍ਹਾਂ ਦੀ ਨਿਯਮਤ ਦੇਖਭਾਲ ਕਰਨ।ਉਨ੍ਹਾਂ ਕੁਦਰਤੀ ਸਰੋਤਾਂ ਦੀ ਸੰਭਾਲ ਲਈ ਪਾਣੀ ਦੀ ਬੱਚਤ ਕਰਨ, ਪਲਾਸਟਿਕ ਦੀ ਵਰਤੋਂ ਘਟਾਉਣ, ਕੂੜਾ-ਕਰਕਟ ਇੱਧਰ-ਉੱਧਰ ਨਾ ਸੁੱਟਣ ਤੇ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਵੀ ਲੋਕਾਂ ਨੂੰ ਸਰਗਰਮ ਸਹਿਯੋਗ ਦੇਣ ਦੀ ਅਪੀਲ ਕੀਤੀ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ 'ਚ ਜਨਮ ਅਸ਼ਟਮੀ ਮਨਾਈ



**ਨਾਭਾ (ਅਮਨ ਗਰਗ)**-ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਦਿਵਸ ਨੂੰ ਸਮਰਪਤ ਜਨਮ ਅਸ਼ਟਮੀ ਦਾ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦੌਰਾਨ ਸਕੂਲ ਦੇ ਛੋਟੇ ਛੋਟੇ ਬੱਚਿਆਂ ਵੱਲੋਂ ਬੜੇ ਹੀ ਸੋਹਣੇ ਢੰਗ ਨਾਲ ਭਗਵਾਨ ਕ੍ਰਿਸ਼ਨ ਜੀ ਦੇ ਜੀਵਨ ਦੀਆਂ ਝਾਕੀਆਂ ਤੇ ਲੀਲਾਵਾਂ ਨੂੰ ਪੇਸ਼ ਕੀਤਾ ਗਿਆ ਅਤੇ ਭਗਵਾਨ ਕ੍ਰਿਸ਼ਨ ਜੀ ਦੀ ਆਰਤੀ ਕਰਨ ਤੋਂ ਬਾਅਦ ਭੋਗ ਲਗਾਇਆ ਗਿਆ ਅਤੇ ਸਾਰੇ ਹੀ ਸਟਾਫ ਤੇ ਬੱਚਿਆਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮੱਥਾ ਟੇਕਿਆ ਗਿਆ ਅਤੇ ਤਿਉਹਾਰ ਦੀ ਮੁੱਖ ਪ੍ਰੰਪਰਾ ਮਟਕਾ ਤੋੜਨ ਦੀ ਰਸਮ ਵੀ ਬੱਚਿਆਂ ਵੱਲੋਂ ਪੇਸ਼ ਕੀਤੀ ਗਈ।ਇਸ ਮੌਕੇ ਸਕੂਲ ਡਾਇਰੈਕਟਰ ਭੁਪਿੰਦਰ ਸਿੰਘ ਚੱਢਾ ਤੇ ਪ੍ਰਿੰਸੀਪਲ ਸਤਵਿੰਦਰ ਪ੍ਰੀਤ ਵੱਲੋਂ ਸਮੂਹ ਸਟਾਫ ਤੇ ਬੱਚਿਆਂ ਨੂੰ ਇਸ ਤਿਉਹਾਰ ਦੀ ਵਧਾਈ ਦਿੰਦੇ ਹੋਏ ਅੱਗੇ ਤੋਂ ਹੋਰ ਨੈਤਿਕ ਕਦਰਾਂ ਕੀਮਤਾਂ 'ਤੇ ਜ਼ੋਰ ਦੇਣ ਲਈ ਪ੍ਰੇਰਿਤ ਕੀਤਾ ਗਿਆ।

## ਸੀਨੀਅਰ ਸਿਟੀਜ਼ਨ ਵੂਮੈਨ ਐਸੋਸੀਏਸ਼ਨ ਨੇ ਤੀਆਂ ਦਾ ਤਿਉਹਾਰ ਮਨਾਇਆ



**ਧੂਰੀ (ਸੁਖਦੇਵ ਧੂਰੀ)**-ਸੀਨੀਅਰ ਸਿਟੀਜ਼ਨ ਵੂਮੈਨ ਐਸੋਸੀਏਸ਼ਨ ਧੂਰੀ ਵੱਲੋਂ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਰਜਿੰਦਰ ਵਰਮਾ, ਮੈਡਮ ਉਰਮਲਾ ਤੇ ਅਮਰਜੀਤ ਕੌਰ ਸਮੇਤ ਐਸੋਸੀਏਸ਼ਨ ਦੀਆਂ ਬਹੁਤ ਸਾਰੀਆਂ ਮੈਂਬਰਾਂ ਨੇ ਸ਼ਮੂਲੀਅਤ ਕੀਤੀ।ਸਮਾਗਮ ਦੌਰਾਨ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਗਿੱਧਾ, ਬੋਲੀਆਂ ਤੇ ਹੋਰ ਰਵਾਇਤੀ ਗਤੀਵਿਧੀਆਂ ਕਰਵਾਈਆਂ ਗਈਆਂ।ਮਹਿਲਾਵਾਂ ਨੇ ਤੀਆਂ ਦੇ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕਰਦਿਆਂ ਖੂਬ ਆਨੰਦ ਮਾਣਿਆ ਤੇ ਪੰਜਾਬੀ ਸੱਭਿਆਚਾਰ ਦੀਆਂ ਝਲਕੀਆਂ ਪੇਸ਼ ਕੀਤੀਆਂ।ਇਸ ਦੇ ਨਾਲ ਹੀ ਐਸੋਸੀਏਸ਼ਨ ਵੱਲੋਂ ਇਸ ਮਹੀਨੇ ਜਨਮ ਦਿਨ ਵਾਲੇ ਮੈਂਬਰਾਂ ਰਜਿੰਦਰ ਵਰਮਾ, ਉਰਮਲਾ ਮੈਡਮ ਤੇ ਅਮਰਜੀਤ ਕੌਰ ਦਾ ਜਨਮ ਦਿਨ ਵੀ ਮਨਾਇਆ ਗਿਆ।ਇਸ ਮੌਕੇ ਕੇਕ ਕੱਟ ਕੇ ਇੱਕ-ਦੂਜੇ ਨੂੰ ਵਧਾਈਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀ ਚੰਗੀ ਸਿਹਤ ਤੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ ਗਈ।ਸਮਾਗਮ ਦੇ ਅੰਤ ਵਿੱਚ ਸਾਰਿਆਂ ਨੇ ਤੀਆਂ ਦੇ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਤੇ ਐਸੋਸੀਏਸ਼ਨ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।

## ਜਨਮ ਅਸ਼ਟਮੀ ਦਾ ਸ਼ੁੱਭ ਦਿਹਾੜਾ ਮਨਾਇਆ



**ਕੋਟਕਪੂਰਾ (ਰਛਪਾਲ ਭੁੱਲਰ)**-ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਾਵਨ ਤਿਉਹਾਰ ਮੌਕੇ ਦਸ਼ਮੇਸ਼ ਗਲੋਰੀਅਸ ਪਬਲਿਕ ਸਕੂਲ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸਕੂਲ ਦਾ ਮਾਹੌਲ ਭਗਤੀ ਤੇ ਖੁਸ਼ੀ ਨਾਲ ਰੰਗਿਆ ਹੋਇਆ ਸੀ।ਵਿਦਿਆਰਥੀਆਂ ਨੇ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨਾਲ ਸਬੰਧਤ ਕਵਿਤਾਵਾਂ, ਭਜਨ, ਭਾਸ਼ਣ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ।ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਸੁੰਦਰ ਨਾਚ ਰਾਹੀਂ ਆਪਣੀ ਭਗਤੀ ਨੂੰ ਪੇਸ਼ ਕੀਤਾ। ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ ਰਾਧਾ-ਕ੍ਰਿਸ਼ਨ ਦੀ ਵੇਸ਼ਭੂਸ਼ਾ ਵਿੱਚ ਮਨਮੋਹਕ ਪੇਸ਼ਕਾਰੀ ਦਿੱਤੀ।ਉਨ੍ਹਾਂ ਦੀਆਂ ਸੁੰਦਰ ਪੇਸ਼ਕਾਰੀਆਂ ਨੇ ਸਾਰਿਆਂ ਦਾ ਮਨ ਮੋਹ ਲਿਆ।ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਤੋਂ ਪਿਆਰ, ਸੱਚਾਈ, ਨੇਕੀ ਤੇ ਧਰਮ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਗਈ।ਜਨਮ ਅਸ਼ਟਮੀ ਦੇ ਸੰਬੰਧ ਵਿੱਚ ਵਿਦਿਆਰਥੀਆਂ ਵਿਚਕਾਰ ਕੁਇੰਜ਼ ਮੁਕਾਬਲਾ ਵੀ ਕਰਵਾਇਆ ਗਿਆ। ਸਮਾਗਮ ਦੇ ਅੰਤ ਵਿੱਚ ਸਕੂਲ ਦੇ ਐੱਮ ਡੀ ਸ੍ਰ. ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਮੈਡਮ ਸੁਰਿੰਦਰ ਕੌਰ ਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਰੁਬੀਨਾ ਧੀਰ ਨੇ ਭਾਸ਼ਣ ਵਿੱਚ ਸੱਚ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।ਇਹ ਸਮਾਗਮ ਵਿਦਿਆਰਥੀਆਂ ਲਈ ਖੁਸ਼ੀ ਤੇ ਸਿੱਖਿਆ ਨਾਲ ਭਰਪੂਰ ਇੱਕ ਯਾਦਗਾਰ ਅਨੁਭਵ ਬਣਿਆ।

## ਅਮਨ-ਕਾਨੂੰਨ ਦੀ ਮਜ਼ਬੂਤੀ ਲਈ ਡੀ ਐੱਸ ਪੀ ਵੱਲੋਂ ਦੇਰ ਰਾਤ ਨਾਕਾਬੰਦੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਲਕਾ ਬਾਘਾ ਪੁਰਾਣਾ ਅੰਦਰ ਅਮਨ-ਕਾਨੂੰਨ ਦੀ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਤੇ ਨਸ਼ਿਆਂ ਵਿਰੁੱਧ ਪੁਲਸ ਮੁਹਿੰਮ ਨੂੰ ਤੇਜ਼ ਕਰਨ ਲਈ ਡੀ.ਐੱਸ.ਪੀ. ਬਾਘਾ ਪੁਰਾਣਾ ਜਸਬਿੰਦਰ ਸਿੰਘ ਦੀ ਅਗਵਾਈ ਹੇਠ ਪੁਲਸ ਟੀਮ ਵੱਲੋਂ ਦੇਰ ਰਾਤ ਨਾਕਾਬੰਦੀ ਕਰਕੇ ਵੱਖ-ਵੱਖ ਵਾਹਨਾਂ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਗਈ।ਨਾਕਾਬੰਦੀ ਦੌਰਾਨ ਪੁਲਸ ਮੁਲਾਜ਼ਮਾਂ ਵੱਲੋਂ ਆਉਣ-ਜਾਣ ਵਾਲੇ ਵਾਹਨਾਂ ਨੂੰ ਰੋਕ ਕੇ ਉਨ੍ਹਾਂ ਦੇ ਦਸਤਾਵੇਜ਼ਾਂ ਤੇ ਹੋਰ ਜ਼ਰੂਰੀ ਚੀਜ਼ਾਂ ਦੀ ਜਾਂਚ ਕੀਤੀ ਗਈ।ਪੁਲਸ ਵੱਲੋਂ ਸ਼ੱਕੀ ਵਿਅਕਤੀਆਂ ਤੇ ਵਾਹਨਾਂ 'ਤੇ ਵਿਸ਼ੇਸ਼ ਨਜ਼ਰ ਰੱਖੀ ਗਈ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਪਹਿਲਾਂ ਹੀ ਰੋਕਿਆ ਜਾ ਸਕੇ।ਇਸ ਮੌਕੇ ਡੀ.ਐੱਸ.ਪੀ. ਨੇ ਕਿਹਾ ਕਿ ਬਾਘਾ ਪੁਰਾਣਾ ਪੁਲਸ ਹਲਕੇ ਅੰਦਰ ਅਮਨ-ਸ਼ਾਂਤੀ ਤੇ ਕਾਨੂੰਨ-ਵਿਵਸਥਾ ਨੂੰ ਕਾਇਮ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਤਸਕਰੀ ਕਰਨ ਵਾਲੇ ਵਿਅਕਤੀਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਜਿਹੜੇ ਵਿਅਕਤੀ ਨਸ਼ਿਆਂ ਦਾ ਕਾਰੋਬਾਰ ਕਰਕੇ ਨੌਜਵਾਨ ਪੀੜ੍ਹੀ ਨੂੰ ਨੁਕਸਾਨ ਪਹੁੰਚਾ ਰਹੇ ਹਨ, ਉਨ੍ਹਾਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਭਰੋਸਾ ਦਿਵਾਇਆ ਕਿ ਲੋਕਾਂ ਦੀ ਸੁਰੱਖਿਆ ਤੇ ਹਲਕੇ ਅੰਦਰ ਅਮਨ-ਸ਼ਾਂਤੀ ਕਾਇਮ ਰੱਖਣ ਲਈ ਪੁਲਸ ਵੱਲੋਂ ਚੌਕਸੀ ਤੇ ਗਸ਼ਤ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ।

## ਸਾਹਿਤ ਸਭਾ ਵੱਲੋਂ ਸਤਰੰਗੀ ਕਾਵਿ ਫੁਲਵਾੜੀ ਕਿਤਾਬ ਲੋਕ ਅਰਪਣ




**ਸਮਾਣਾ (ਇਕਬਾਲ ਸਿੰਘ ਬੱਲ)**-ਸਾਹਿਤ ਸਭਾ ਸਮਾਣਾ ਵੱਲੋਂ ਪ੍ਰਧਾਨ ਹੀਰਾ ਸਿੰਘ ਕੋਮਲ ਦੀ ਅਗਵਾਈ ਹੇਠ ਅਗਰਵਾਲ ਧਰਮਸ਼ਾਲਾ ਵਿਖੇ ਕਰਵਾਏ ਗਏ ਇੱਕ ਪ੍ਰੋਗਰਾਮ ਵਿੱਚ ਸਮਾਣਾ ਦੀਆਂ ਸਾਹਿਤਕ ਹਸਤੀਆਂ ਦੀ ਛਪਵਾਈ ਗਈ ਇੱਕ ਕਿਤਾਬ ਸਤਰੰਗੀ ਕਾਵਿ ਫੁਲਵਾੜੀ ਦੀ ਘੁੰਡ ਚੁਕਾਈ ਕਰਕੇ ਉਸ ਨੂੰ ਲੋਕ ਅਰਪਣ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਐੱਸਡੀਐੱਮ ਰੀਚਾ ਗੋਇਲ, ਡੀਐੱਸਪੀ ਫਤਿਹ ਸਿੰਘ ਬਰਾੜ ਤੇ ਵਿਸ਼ੇਸ਼ ਮਹਿਮਾਨ ਅਕਾਲੀ ਆਗੂ ਜਗਮੀਤ ਸਿੰਘ ਹਰਿਆਊ ਨੇ ਭਾਗ ਲਿਆ।ਇਸ ਸੰਮੇਲਨ ਵਿੱਚ ਪੰਜਾਬੀ ਸਾਹਿਤਕ ਦੇ ਮਹਾਨ ਨੈਸ਼ਨਲ ਐਵਾਰਡੀ ਦਰਸ਼ਨ ਆਸ਼ਟ ਤੇ ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਆਪਣੀਆਂ ਰਚਨਾਵਾਂ ਸੁਣਾ ਕੇ ਇਸ ਪ੍ਰੋਗਰਾਮ ਨੂੰ ਇੱਕ ਵੱਖਰਾ ਰੰਗ ਦਿੱਤਾ।ਪਵਨ ਹਰਚੰਦਪੁਰੀ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬੀ ਭਾਸ਼ਾ ਨੂੰ ਲੈ ਕੇ ਇੱਕ ਟ੍ਰਿਬਿਊਨਲ ਤਿਆਰ ਕੀਤਾ ਜਾਵੇ ਤਾਂ ਕਿ ਸਾਡੀ ਮਾਂ ਬੋਲੀ ਪੰਜਾਬੀ ਦੀ ਹੋਂਦ ਨੂੰ ਬਚਾਇਆ ਜਾ ਸਕੇ।ਮੁੱਖ ਮਹਿਮਾਨ ਐੱਸ ਡੀ ਐੱਮ ਰੀਚਾ ਗੋਇਲ ਤੇ ਡੀ ਐੱਸ ਪੀ ਫਤਿਹ ਸਿੰਘ ਬਰਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਅਤੇ ਅਜਿਹੇ ਪ੍ਰੋਗਰਾਮ ਹਰ ਸਾਲ ਕਰਵਾਏ ਜਾਣ ਲਈ ਉਪਰਾਲਾ ਕੀਤੇ ਜਾਣ ਦੀ ਵੀ ਗੱਲ ਕਹੀ।ਇਸ ਮੌਕੇ ਪ੍ਰੋਗਰਾਮ ਵਿੱਚ ਆਈਆਂ ਹੋਈਆਂ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਤੇ ਕਵੀਆਂ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਅਕਾਲੀ ਆਗੂ ਅਮਰਜੀਤ ਸਿੰਘ ਪੰਜਰਥ, ਅਗਰਵਾਲ ਧਰਮਸ਼ਾਲਾ ਦੇ ਪ੍ਰਧਾਨ ਦਰਸ਼ਨ ਮਿੱਤਲ, ਸਮਾਜ ਸੇਵੀ ਜੀਵਨ ਗਰਗ, ਪ੍ਰਿਤਪਾਲ ਸਿੰਘ ਨਕਈ, ਸਾਬਕਾ ਡਿਪਟੀ ਡਾਇਰੈਕਟਰ ਇੰਦਰਪਾਲ ਸਿੰਘ ਸੰਧੂ, ਬੀਜੇਪੀ ਆਗੂ ਜਤਿੰਦਰ ਸ਼ਰਮਾ ਤੋਂ ਇਲਾਵਾ ਸ਼ਹਿਰ ਦੀਆਂ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

## ਅੱਜ-ਨਾਮਾ

ਖ਼ਬਰ ਕਿਤੋਂ ਨਾ ਕਿਤੋਂ ਹੈ ਨਿੱਤ ਆਉਂਦੀ,
ਘੇਰ ਲਿਆ ਲੋਕਾਂ ਨੇ ਕਿਤੇ ਟਰੱਕ ਮੀਆਂ।
ਕਦੀ ਭਰਿਆ ਤਾਂ ਖ਼ਾਲੀ ਉਹ ਕਦੀ ਹੁੰਦਾ,
ਜਾਂਦਾ ਏ ਘੇਰਿਆ ਹੋਵੇ ਜਦ ਸ਼ੱਕ ਮੀਆਂ।
ਮੁੱਦਾ ਮਾਈਨਿੰਗ ਦਾ ਰੋਜ਼ ਹੈ ਵਧੀ ਜਾਂਦਾ,
ਚੱਲਦੇ ਕਈ ਨਾਜਾਇਜ਼ ਪਏ ਟੱਕ ਮੀਆਂ।
ਦਾਅਵਾ ਰੋਕਣ ਦਾ ਆਗੂ ਕਈ ਕਰੀ ਜਾਂਦੇ,
ਸਕਿਆ ਹਾਲੇ ਨਹੀਂ ਕੋਈ ਵੀ ਡੱਕ ਮੀਆਂ।
ਸਰਕਾਰ ਬਦਲਦੀ ਚੱਲੀ ਆਹ ਖੇਡ ਜਾਂਦੀ,
ਲੱਗ ਪਏ ਲੋਕ ਹੀ ਰੋਕਣ ਆ ਰਾਹ ਮੀਆਂ।
ਤਸਕਰਾਂ ਨਾਲ ਜਦ ਲੋਕਾਂ ਦੀ ਹੋਈ ਟੱਕਰ,
ਕਿਸੇ ਦਿਨ ਹੋਣੀ ਆ ਜਾਂਦੀ ਏ ਜਾਹ ਮੀਆਂ।

-ਤੀਸ ਮਾਰ ਖਾਂ

# ਸਫਾ 1 ਦੇ ਬਾਕੀ...

## ਪਾਰਟੀ ਬਣਾਓ, ਕਰੋੜਾਂ ਕਮਾਓ...

ਗੁਜਰਾਤ ਦੇ ਹੋਰ ਹਿੱਸਿਆਂ ਵਿੱਚ ਹਨ। ਸ਼ੁਭਾਂਗੀ ਮਿਸ਼ਰਾ ਦੀ ਬੀ ਬੀ ਸੀ ਹਿੰਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2023-24 ਵਿੱਚ ਸਭ ਤੋਂ ਵੱਧ ਚੰਦਾ ਪ੍ਰਾਪਤ ਕਰਨ ਵਾਲੀ ਆਮ ਜਨਤਾ ਪਾਰਟੀ ਸੀ, ਜਿਸ ਨੂੰ 620 ਕਰੋੜ ਰੁਪਏ ਮਿਲੇ, ਜੋ ਕਿ ਪਿਛਲੇ ਵਿੱਤੀ ਸਾਲ ਵਿੱਚ ਪ੍ਰਾਪਤ ਹੋਏ 216 ਕਰੋੜ ਰੁਪਏ ਤੋਂ ਵੱਧ ਹੈ। ਪਾਰਟੀ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸਿਰਫ ਇੱਕ ਉਮੀਦਵਾਰ ਖੜ੍ਹਾ ਕੀਤਾ ਸੀ।

ਪਾਰਟੀ ਦੀ ਸਥਾਪਨਾ 2020 ਵਿੱਚ ਅਨਾਮਿਕਾ ਪਾਸਵਾਨ ਨੂੰ ਪਟਨਾ ਵਿੱਚ ਪ੍ਰਧਾਨ ਬਣਾ ਕੇ ਕੀਤੀ ਗਈ ਸੀ। ਪਾਸਵਾਨ ਇਸ ਸਮੇਂ ਭਾਜਪਾ ਦੀ ਬਿਹਾਰ ਇਕਾਈ ਦੀ ਉਪ-ਪ੍ਰਧਾਨ ਹੈ ਅਤੇ ਕਥਿਤ ਤੌਰ 'ਤੇ ਬੀ ਬੀ ਸੀ ਨੂੰ ਦੱਸਿਆ ਕਿ ਆਮ ਜਨਤਾ ਪਾਰਟੀ ਦੇ ਅਹਿਮਦਾਬਾਦ ਜਾਣ ਤੋਂ ਬਾਅਦ ਉਸ ਨੇ ਅਸਤੀਫਾ ਦੇ ਦਿੱਤਾ ਸੀ।

ਗੁਜਰਾਤ ਦੇ ਆਨੰਦ ਵਿੱਚ ਸਥਿਤ ਸੱਤਿਆਵਾਦੀ ਰਕਸ਼ਕ ਪਾਰਟੀ ਨੂੰ 330.55 ਕਰੋੜ ਰੁਪਏ ਚੰਦਾ ਮਿਲਿਆ ਅਤੇ ਇਹ ਸੂਚੀ ਵਿੱਚ ਦੂਜੇ ਸਥਾਨ 'ਤੇ ਹੈ। ਪਾਰਟੀ ਵੱਲੋਂ ਚੋਣ ਕਮਿਸ਼ਨ ਨੂੰ ਸੌਂਪੀ ਗਈ ਆਡਿਟ ਰਿਪੋਰਟ ਮੁਤਾਬਕ ਇਸ ਨੇ ਲੋਕ ਸਭਾ ਚੋਣ ਮੁਹਿੰਮ 'ਤੇ 8.48 ਕਰੋੜ ਰੁਪਏ ਅਤੇ ਸਮਾਜ ਭਲਾਈ ਪ੍ਰੋਜੈਕਟਾਂ 'ਤੇ 316 ਕਰੋੜ ਰੁਪਏ ਖਰਚ ਕੀਤੇ। ਸੱਤਿਆਵਾਦੀ ਰਕਸ਼ਕ ਪਾਰਟੀ ਨੇ ਲੋਕ ਸਭਾ ਚੋਣਾਂ ਵਿੱਚ ਇੱਕ ਉਮੀਦਵਾਰ ਖੜ੍ਹਾ ਕੀਤਾ ਹੈ। ਚਾਰ ਹੋਰ ਪਾਰਟੀਆਂ ਹਨ—ਸਵਤੰਤਰ ਅਭਿਵਿਅਕਤੀ ਪਾਰਟੀ (219.69 ਕਰੋੜ ਰੁਪਏ), ਨਿਊ ਇੰਡੀਆ ਯੂਨਾਈਟਿਡ ਪਾਰਟੀ (200.69 ਕਰੋੜ ਰੁਪਏ), ਭਾਰਤੀ ਰਾਸ਼ਟਰੀ ਜਨਤਾ ਦਲ (191.61 ਕਰੋੜ ਰੁਪਏ) ਅਤੇ ਗਰੀਬ ਕਲਿਆਣ ਪਾਰਟੀ (138 ਕਰੋੜ ਰੁਪਏ)। ਬੀ ਬੀ ਸੀ ਨੇ ਇਨ੍ਹਾਂ ਪਾਰਟੀਆਂ ਦੇ ਜ਼ਿਆਦਾਤਰ ਦਫਤਰ ਬੰਦ ਪਾਏ ਅਤੇ ਅਹੁਦੇਦਾਰ ਜਾਂ ਤਾਂ ਗਾਇਬ ਸਨ ਜਾਂ ਬੋਲਣ ਲਈ ਤਿਆਰ ਨਹੀਂ ਸਨ। ਬੀ ਬੀ ਸੀ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਪਾਰਟੀਆਂ ਨੇ ਮਿਲ ਕੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸਿਰਫ 15 ਉਮੀਦਵਾਰ ਖੜ੍ਹੇ ਕੀਤੇ ਸਨ। ਇਸ ਦੇ ਉਲਟ ਭਾਜਪਾ ਨੂੰ ਛੱਡ ਕੇ ਪੰਜ ਰਾਸ਼ਟਰੀ ਪਾਰਟੀਆਂ ਨੇ 893 ਉਮੀਦਵਾਰ ਖੜ੍ਹੇ ਕੀਤੇ ਸਨ।

ਬੀ ਬੀ ਸੀ ਦੀ ਜਾਂਚ ਦੀ ਪੁਸ਼ਟੀ ਏ ਡੀ ਆਰ ਰਿਪੋਰਟ ਤੋਂ ਹੁੰਦੀ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਪੰਜ ਗੁਜਰਾਤ-ਅਧਾਰਤ ਪਾਰਟੀਆਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ 2018 ਤੋਂ ਬਾਅਦ ਬਣੀਆਂ ਸਨ, ਨੇ 2019 ਅਤੇ 2024 ਵਿਚਕਾਰ ਹੋਈਆਂ ਦੋ ਲੋਕ ਸਭਾ ਚੋਣਾਂ ਅਤੇ ਇੱਕ ਵਿਧਾਨ ਸਭਾ ਚੋਣ ਵਿੱਚ 17 ਉਮੀਦਵਾਰ ਖੜ੍ਹੇ ਕੀਤੇ ਸਨ। ਏ ਡੀ ਆਰ ਦੀ ਰਿਪੋਰਟ ਮੁਤਾਬਕ ਯੂ ਪੀ ਵਿੱਚ ਸਭ ਤੋਂ ਵੱਧ ਰਜਿਸਟਰਡ 744 ਗੈਰ-ਮਾਨਤਾ ਪ੍ਰਾਪਤ ਪਾਰਟੀਆਂ ਹਨ। ਇਸ ਤੋਂ ਬਾਅਦ ਦਿੱਲੀ ਵਿੱਚ 240 ਅਤੇ ਤਾਮਿਲਨਾਡੂ ਵਿੱਚ 230 ਹਨ। ਭਾਰਤ ਵਿੱਚ ਸਭ ਤੋਂ ਮਸ਼ਹੂਰ ਅਜਿਹੀ ਪਾਰਟੀ ਨੈਸ਼ਨਲ ਸਿਟੀਜ਼ਨਜ਼ ਪਾਰਟੀ ਆਫ ਇੰਡੀਆ (ਐੱਨ ਸੀ ਪੀ ਆਈ) ਹੈ, ਜਿਸ ਕੋਲ ਇਸ ਗਰਮੀਆਂ ਵਿੱਚ ਹੋਈਆਂ ਬੰਗਾਲ ਵਿਧਾਨ ਸਭਾ ਚੋਣਾਂ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਵਿੱਚ ਫੁੱਟ ਪੈਣ ਤੋਂ ਬਾਅਦ ਲੋਕ ਸਭਾ ਵਿੱਚ 20 ਸੰਸਦ ਮੈਂਬਰ ਹਨ। ਹਾਲਾਂਕਿ, ਬੀ ਬੀ ਸੀ ਦੀ ਜਾਂਚ ਵਿੱਚ ਐੱਨ ਸੀ ਪੀ ਆਈ ਸ਼ਾਮਲ ਨਹੀਂ ਸੀ। ਤ੍ਰਿਣਮੂਲ ਕਾਂਗਰਸ, ਜਿਸ ਨੂੰ ਸੱਤਾ ਤੋਂ ਬਾਹਰ ਕੀਤਾ ਗਿਆ ਸੀ, ਆਪਣੇ ਸੰਸਦੀ ਅਤੇ ਵਿਧਾਨਕ ਦਲਾਂ ਦੋਵਾਂ ਵਿੱਚ ਵੰਡੀ ਗਈ ਹੈ। 2024 ਵਿੱਚ ਪਾਰਟੀ ਨੇ 29 ਲੋਕ ਸਭਾ ਸੀਟਾਂ ਜਿੱਤੀਆਂ ਸਨ, ਜਿਨ੍ਹਾਂ ਵਿੱਚੋਂ 20 ਸੰਸਦ ਮੈਂਬਰਾਂ ਨੇ ਘੱਟ ਜਾਣੇ-ਪਛਾਣੇ ਸੰਗਠਨ ਐੱਨ ਸੀ ਪੀ ਆਈ ਵਿੱਚ ਆਪਣੇ ਰਲੇਵੇਂ ਦਾ ਐਲਾਨ ਕੀਤਾ ਅਤੇ ਆਪਣੇ ਆਪ ਨੂੰ ਭਾਜਪਾ ਨਾਲ ਜੋੜ ਲਿਆ। ਇਨ੍ਹਾਂ 20 ਮੈਂਬਰਾਂ ਨੇ ਤ੍ਰਿਣਮੂਲ ਕਾਂਗਰਸ ਦੀ ਪਟੀਸ਼ਨ 'ਤੇ, ਜਿਸ ਵਿੱਚ ਬਦਲੀ ਕਰਨ ਵਾਲਿਆਂ ਨੂੰ ਅਯੋਗ ਠਹਿਰਾਉਣ ਦੀ ਮੰਗ ਕੀਤੀ ਗਈ ਹੈ, ਮੰਗਲਵਾਰ ਲੋਕ ਸਭਾ ਸਪੀਕਰ ਓਮ ਬਿਰਲਾ ਤੋਂ ਜਵਾਬ ਦੇਣ ਲਈ ਹੋਰ ਸਮਾਂ ਮੰਗਿਆ।

ਤ੍ਰਿਣਮੂਲ ਕਾਂਗਰਸ ਦੇ ਆਲ ਇੰਡੀਆ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਬਾਗੀਆਂ ਵਿਰੁੱਧ ਤੁਰੰਤ ਅਯੋਗਤਾ ਦੀ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮਾਮਲੇ ਦੀ ਸੁਣਵਾਈ ਇਸ ਮਹੀਨੇ ਦੇ ਅੰਤ ਵਿੱਚ ਹੋਣੀ ਹੈ। ਤ੍ਰਿਣਮੂਲ ਲੋਕ ਸਭਾ ਮੈਂਬਰ ਅਤੇ ਵਕੀਲ ਕਲਿਆਣ ਬੰਦੋਪਾਧਿਆਏ ਨੇ ਪੁੱਛਿਆ ਕਿ ਇਹ ਪਾਰਟੀਆਂ ਆਪਣੇ ਫੰਡ ਕਿੱਥੇ ਖਰਚ ਕਰ ਰਹੀਆਂ ਹਨ। ਉਨ੍ਹਾਂ ਕੋਲ ਕੋਈ ਸੰਸਦ ਮੈਂਬਰ ਜਾਂ ਵਿਧਾਇਕ ਨਹੀਂ, ਇਸ ਲਈ ਉਹ ਆਪਣਾ ਪੈਸਾ ਕਿੱਥੇ ਖਰਚ ਕਰ ਰਹੀਆਂ ਹਨ? ਇੱਕ ਵੱਡਾ ਸਵਾਲ ਇਹ ਹੈ ਕਿ ਕੀ ਇਹ ਪਾਰਟੀਆਂ ਦੂਜਿਆਂ ਲਈ ਪਰਦੇ ਹੇਠ ਕੰਮ ਕਰ ਰਹੀਆਂ ਹਨ। ਆਰ ਜੇ ਡੀ ਦੇ ਰਾਜ ਸਭਾ ਮੈਂਬਰ ਅਤੇ ਰਾਸ਼ਟਰੀ ਬੁਲਾਰੇ ਮਨੋਜ ਕੁਮਾਰ ਝਾਅ ਨੇ ਕਿਹਾ ਕਿ ਸੁਪਰੀਮ ਕੋਰਟ ਨੂੰ ਤੁਰੰਤ ਦਖ਼ਲ ਦੇਣਾ ਚਾਹੀਦਾ ਹੈ। ਇਹ ਜਾਂਚ ਆਮਦਨ ਕਰ ਵਿਭਾਗ, ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਸੀ ਬੀ ਆਈ 'ਤੇ ਨਹੀਂ ਛੱਡੀ ਜਾ ਸਕਦੀ। ਸੁਪਰੀਮ ਕੋਰਟ ਨੂੰ ਖੁਦ ਨੋਟਿਸ ਲੈਣਾ ਚਾਹੀਦਾ ਹੈ ਅਤੇ ਨਿਰਦੇਸ਼ ਦੇਣੇ ਚਾਹੀਦੇ ਹਨ। ਝਾਅ ਨੇ ਕਿਹਾ, 'ਇੱਕ ਪਾਰਟੀ, ਜੋ ਚੋਣਾਂ ਨਹੀਂ ਲੜਦੀ, ਨੂੰ 620 ਕਰੋੜ ਰੁਪਏ ਦਾਨ ਵਿੱਚ ਮਿਲਦੇ ਹਨ। ਉਨ੍ਹਾਂ ਦੀ ਕਮਾਈ ਰਜਿਸਟਰਡ ਸਿਆਸੀ ਪਾਰਟੀਆਂ ਦੀ ਕੁੱਲ ਆਮਦਨ ਤੋਂ ਵੱਧ ਹੈ। ਇਹ ਹਵਾਲਾ ਲੈਣ-ਦੇਣ ਨੂੰ ਜਾਇਜ਼ ਠਹਿਰਾਉਣ ਲਈ ਇੱਕ ਮੋਰਚਾ ਜਾਪਦਾ ਹੈ।' ਉਨ੍ਹਾ ਕਿਹਾ ਕਿ ਉਨ੍ਹਾ ਦੀ ਪਾਰਟੀ ਇਸ ਮੁੱਦੇ 'ਤੇ ਅਦਾਲਤ ਜਾਣ ਬਾਰੇ ਵਿਚਾਰ ਕਰੇਗੀ। ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸਿਜ਼ (ਸੀ ਬੀ ਡੀ ਟੀ) ਨੇ ਪਿਛਲੇ ਦਸੰਬਰ ਵਿੱਚ ਇਸ ਮੁੱਦੇ ਨੂੰ ਉਭਾਰਿਆ ਸੀ। 13 ਦਸੰਬਰ, 2025 ਨੂੰ ਇੱਕ ਪ੍ਰੈੱਸ ਰਿਲੀਜ਼ ਵਿੱਚ, ਸੀ ਬੀ ਡੀ ਟੀ ਨੇ ਕਿਹਾ ਕਿ ਆਮਦਨ-ਟੈਕਸ ਰਿਫੰਡ ਦੇ ਵੱਡੇ ਪੱਧਰ 'ਤੇ ਜਾਲ੍ਹੀ ਦਾਅਵੇ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਜਾਂ ਚੈਰੀਟੇਬਲ ਸੰਸਥਾਵਾਂ ਨੂੰ ਦਿੱਤੇ ਗਏ ਦਾਨ ਦੁਆਰਾ ਕੀਤੇ ਗਏ ਹਨ। ਇਨਫੋਰਸਮੈਂਟ ਕਾਰਵਾਈਆਂ ਤੋਂ ਇਕੱਠੇ ਕੀਤੇ ਸਬੂਤਾਂ ਤੋਂ ਪਤਾ ਚੱਲਦਾ ਹੈ ਕਿ ਇਹ ਪਾਰਟੀਆਂ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਗੈਰ-ਫਾਈਲਰ ਸਨ, ਆਪਣੇ ਰਜਿਸਟਰਡ ਪਤਿਆਂ 'ਤੇ ਗੈਰ-ਕਾਰਜਸ਼ੀਲ ਸਨ ਅਤੇ ਕਿਸੇ ਵੀ ਸਿਆਸੀ ਗਤੀਵਿਧੀ ਵਿੱਚ ਸ਼ਾਮਲ ਨਹੀਂ ਹਨ, ਨੂੰ ਫੰਡਾਂ ਨੂੰ ਰੂਟ ਕਰਨ, ਹਵਾਲਾ ਲੈਣ-ਦੇਣ, ਸਰਹੱਦ ਪਾਰ ਭੇਜਣ ਅਤੇ ਦਾਨ ਲਈ ਜਾਲ੍ਹੀ ਰਸੀਦਾਂ ਜਾਰੀ ਕਰਨ ਲਈ ਵਰਤਿਆ ਜਾ ਰਿਹਾ ਸੀ।

## ਫੜ੍ਹਮਾਰ ਭਾਰਦਵਾਜ ਦੀ...

ਕੌਮੀ ਰਾਜਧਾਨੀ ਵਿੱਚ ਪ੍ਰਦਰਸ਼ਨ ਦੌਰਾਨ ਵਿਦਿਆਰਥਣ ਨਿਸ਼ੂ ਆਜ਼ਾਦ ਦੇ ਪਿਤਾ ਸੰਜੇ ਕੁਮਾਰ 'ਤੇ ਹੋਏ ਹਮਲੇ ਦੇ ਸੰਬੰਧ ਵਿੱਚ ਉਸ ਨੂੰ 72 ਘੰਟਿਆਂ ਦੇ ਅੰਦਰ ਗ੍ਰਿਫਤਾਰ ਕਰ ਲਿਆ ਜਾਵੇਗਾ। ਭਾਰਦਵਾਜ ਦੀ ਸੋਸ਼ਲ ਮੀਡੀਆ ਮੌਜੂਦਗੀ 'ਤੇ ਨਜ਼ਰ ਮਾਰਨ ਤੋਂ ਪਤਾ ਲੱਗਦਾ ਹੈ ਕਿ ਪੌਡਕਾਸਟ 'ਤੇ ਉਸ ਦੇ ਬਿਆਨ ਉਸ ਸ਼ਖਸੀਅਤ ਤੋਂ ਬਿਲਕੁਲ ਵੀ ਵੱਖਰੇ ਨਹੀਂ ਸਨ, ਜਿਹੜੀ ਉਸ ਨੇ ਆਪਣੀ ਬਣਾਈ ਹੋਈ ਹੈ। ਉਸ ਦਾ ਫੇਸਬੁਕ ਪੇਜ ਹਿੰਦੂਤਵ, ਗਊ ਰੱਖਿਆ ਨੂੰ ਬੜ੍ਹਾਵਾ ਦੇਣ ਅਤੇ ਮੁਸਲਮਾਨਾਂ ਤੇ ਸਰਕਾਰ ਦੇ ਆਲੋਚਕਾਂ ਉੱਤੇ ਹਮਲਿਆਂ ਨੂੰ ਹਵਾ ਦੇਣ ਵਾਲੀਆਂ ਪੋਸਟਾਂ ਅਤੇ ਸਿਆਸੀ ਹਸਤੀਆਂ ਤੇ ਸਰਕਾਰੀ ਸਮਾਗਮਾਂ ਨਾਲ ਉਸ ਦੀ ਨੇੜਤਾ ਨੂੰ ਦਰਸਾਉਂਦੀਆਂ ਤਸਵੀਰਾਂ ਨਾਲ ਭਰਿਆ ਹੋਇਆ ਹੈ। ਹਿਰਾਸਤ ਵਿੱਚ ਲਏ ਜਾਣ ਤੋਂ ਇੱਕ ਦਿਨ ਪਹਿਲਾਂ ਭਾਰਦਵਾਜ ਨੇ ਹੁਣ ਨਾਕਾਰਾ ਹੋ ਚੁੱਕੇ ਇੰਸਟਾਗ੍ਰਾਮ ਪੇਜ 'ਤੇ ਆਪਣੀ ਇੱਕ ਫੋਟੋ ਪੋਸਟ ਕੀਤੀ ਸੀ, ਜਿਸ ਵਿੱਚ ਉਸ ਦੇ ਗੁੱਟ 'ਤੇ ਕੜਾ ਦਿਖਾਈ ਦੇ ਰਿਹਾ ਹੈ ਤੇ ਹੇਠਾਂ ਕੈਪਸ਼ਨ ਹੈ—ਫੀਲ ਦਾ ਪਾਵਰ! ਦਿੱਲੀ ਪੁਲਸ ਨੇ ਇੱਕ ਬਿਆਨ ਜਾਰੀ ਕੀਤਾ ਸੀ ਕਿ ਸੰਜੇ ਕੁਮਾਰ ਨੂੰ ਕਿਸੇ ਹਥਿਆਰ ਨਾਲ ਨਹੀਂ, ਸਗੋਂ ਕੜੇ ਨਾਲ ਜ਼ਖਮ ਹੋਇਆ ਸੀ।

ਭਾਰਦਵਾਜ ਦੀਆਂ ਸਿਆਸੀ ਆਗੂਆਂ ਨਾਲ ਤਸਵੀਰਾਂ ਵੀ ਹਨ, ਜਿਨ੍ਹਾਂ ਵਿੱਚ ਬਿਹਾਰ ਦੇ ਮੁੱਖ ਮੰਤਰੀ ਸਮਰਾਟ ਚੌਧਰੀ, ਦਿੱਲੀ ਦੇ ਮੰਤਰੀ ਕਪਿਲ ਮਿਸ਼ਰਾ ਅਤੇ ਕੇਂਦਰੀ ਮੰਤਰੀ ਚਿਰਾਗ ਪਾਸਵਾਨ ਸ਼ਾਮਲ ਹਨ। ਕੇਂਦਰੀ ਫੂਡ ਪ੍ਰੋਸੈਸਿੰਗ ਉਦਯੋਗ ਮੰਤਰੀ ਚਿਰਾਗ ਪਾਸਵਾਨ ਨੇ ਸ਼ੁੱਕਰਵਾਰ ਪੱਤਰਕਾਰਾਂ ਨੂੰ ਦੱਸਿਆ ਕਿ ਭਾਰਦਵਾਜ ਨੇ ਉਸ ਦੇ ਅਤੇ ਹੋਰ ਨੇਤਾਵਾਂ ਦੇ ਨਾਂਅ ਦੀ ਦੁਰਵਰਤੋਂ ਕੀਤੀ। ਉਸ ਨੇ ਭਾਰਦਵਾਜ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਉਸ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ।

ਪਾਸਵਾਨ ਨੇ ਕਿਹਾ, 'ਦੋਸ਼ੀ ਵੱਲੋਂ ਘਾਤਕ ਹੋ ਸਕਦੇ ਹਮਲੇ ਦੀ ਗੱਲ ਮੰਨਣ ਦੇ ਬਾਵਜੂਦ ਕੋਈ ਕਾਰਵਾਈ ਨਾ ਕਰਨਾ ਇੱਕ ਮਾੜੀ ਉਦਾਹਰਣ ਪੇਸ਼ ਕਰਦਾ ਹੈ; ਮੈਂ ਪੀੜਤ ਪਰਵਾਰ ਲਈ ਨਿਆਂ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਲੈਂਦਾ ਹਾਂ।'

ਭਾਰਦਵਾਜ ਦੀਆਂ ਕਈ ਪੋਸਟਾਂ ਵਿੱਚ ਬੁਰਕਾ ਜਾਂ ਹਿਜਾਬ ਪਹਿਨਣ ਵਾਲੀਆਂ ਔਰਤਾਂ ਦੀਆਂ ਏ ਆਈ-ਜਨਰੇਟਡ ਤਸਵੀਰਾਂ ਦੇਖੀਆਂ ਜਾ ਸਕਦੀਆਂ ਹਨ। ਪੌਡਕਾਸਟ ਵਿੱਚ ਉਸ ਨੇ ਸ਼ੇਖੀ ਮਾਰੀ ਸੀ ਕਿ ਮੁਸਲਮ ਔਰਤਾਂ ਉਸ ਤੋਂ ਮੂੰਹ ਨਹੀਂ ਮੋੜ ਸਕਦੀਆਂ।

22 ਮਈ ਨੂੰ ਪੋਸਟ ਕੀਤੀ ਗਈ ਇੱਕ ਖਾਸ ਤੌਰ 'ਤੇ ਹਿੰਸਕ ਤਸਵੀਰ ਵਿੱਚ ਭਾਰਦਵਾਜ ਇੱਕ ਆਦਮੀ ਦੀ ਖੂਨ ਨਾਲ ਲੱਥਪੱਥ ਠੋਡੀ ਫੜੀ ਦਿਖਾਈ ਦੇ ਰਿਹਾ ਹੈ। ਨਾਲ ਸ਼ਬਦ ਹਨ : ਆ ਗਿਆ ਸਵਾਦ।

ਉਸ ਦਾ ਇੰਸਟਾਗ੍ਰਾਮ ਅਕਾਊਂਟ ਸ਼ੁੱਕਰਵਾਰ ਨੂੰ ਬੰਦ ਕਰ ਦਿੱਤਾ ਗਿਆ ਸੀ। ਐੱਕਸ 'ਤੇ ਉਸ ਦੀ ਜੀਵਨੀ ਵਿੱਚ ਲਿਖਿਆ ਹੈ : ਅਜੋਕਾ ਨੌਜਵਾਨ, ਜੋ ਆਪਣੇ ਧਰਮ ਅਤੇ ਰਾਸ਼ਟਰ ਦੇ ਵਿਰੁੱਧ ਕੁਝ ਵੀ ਬਰਦਾਸ਼ਤ ਨਹੀਂ ਕਰ ਸਕਦਾ।

ਭਾਰਦਵਾਜ ਦੀਆਂ ਕਈ ਪੁਰਾਣੀਆਂ ਵੀਡੀਓਜ਼ ਹੁਣ ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਹਨ। ਉਨ੍ਹਾਂ ਵਿੱਚੋਂ ਕੁਝ ਵਿੱਚ ਉਹ ਮੁਸਲਮਾਨਾਂ ਅਤੇ ਸਰਕਾਰੀ ਆਲੋਚਕਾਂ ਵਿਰੁੱਧ ਭੜਕਾਊ ਬਿਆਨ ਦਿੰਦੇ ਸੁਣਿਆ ਜਾ ਸਕਦਾ ਹੈ। ਉਹ ਆਪਣੇ ਸਿਆਸੀ ਸੰਬੰਧਾਂ ਬਾਰੇ ਸ਼ੇਖੀ ਮਾਰਦਾ ਹੈ ਅਤੇ ਦਾਅਵਾ ਕਰਦਾ ਹੈ ਕਿ ਉਹ ਗ੍ਰਿਫਤਾਰੀ ਤੋਂ ਨਹੀਂ ਡਰਦਾ। ਨਿਸ਼ੂ ਦੇ ਪਿਤਾ ਦਾ ਸਿਰ ਪਾੜਨ ਵਾਲੀ ਕਲਿੱਪ, ਜਿਸ ਨੇ ਸਭ ਦਾ ਧਿਆਨ ਖਿੱਚਿਆ, ਵਿੱਚ ਉਸ ਨੇ ਦਾਅਵਾ ਕੀਤਾ ਸੀ, "ਕੀ ਤੁਸੀਂ ਜਾਣਦੇ ਹੋ ਕਿ ਇਸ ਅਪਰਾਧ ਲਈ ਕਿਹੜੀ ਧਾਰਾ ਲੱਗਦੀ ਹੈ? ਧਾਰਾ 307। ਉਸ ਨੂੰ 60 ਟਾਂਕੇ ਲੁਆਉਣੇ ਪਏ। ਉਸ ਨੂੰ ਗੰਭੀਰ ਹਾਲਤ ਵਿੱਚ ਐਂਬੂਲੈਂਸ ਵਿੱਚ ਲਿਜਾਇਆ ਜਾ ਰਿਹਾ ਸੀ। ਉਸ ਦੀ ਧੀ ਪੁਲਸ ਸਟੇਸ਼ਨ ਦੇ ਬਾਹਰ ਖੜ੍ਹੀ ਸੀ ਅਤੇ ਕਹਿ ਰਹੀ ਸੀ ਕਿ ਜੇ ਉਸ ਦੇ ਪਿਤਾ ਨੂੰ ਇਨਸਾਫ ਨਾ ਮਿਲਿਆ ਤਾਂ ਉਹ ਖੁਦਕੁਸ਼ੀ ਕਰ ਲਵੇਗੀ, ਪਰ ਮੈਨੂੰ ਜੇਲ੍ਹ ਵੀ ਨਹੀਂ ਹੋਈ। ਦੁਨੀਆ ਨੂੰ ਇਹ ਪਤਾ ਹੋਣਾ ਚਾਹੀਦਾ ਹੈ। ਮੈਂ ਰਾਤ ਭਰ ਬਾਹਰ ਘੁੰਮਦਾ ਰਿਹਾ।" ਫਿਰ ਉਸ ਨੇ ਕਈ ਨੇਤਾਵਾਂ ਦੇ ਨਾਂਅ ਲਏ ਅਤੇ ਸਮਝਾਇਆ ਕਿ ਉਸ ਨੂੰ ਚਿੰਤਾ ਕਰਨ ਦੀ ਲੋੜ ਕਿਉਂ ਨਹੀਂ ਸੀ। ਉਸ ਨੇ ਇਹ ਵੀ ਕਿਹਾ, 'ਮੇਰੇ ਉੱਤੇ ਹਨੂੰਮਾਨ ਦਾ ਆਸ਼ੀਰਵਾਦ ਹੈ ਅਤੇ ਦੂਜਾ, ਕਪਿਲ ਮਿਸ਼ਰਾ ਮੇਰਾ ਵੱਡਾ ਭਰਾ ਹੈ। ਉਹ ਕਹਿੰਦੇ ਹਨ ਕਿ ਕਪਿਲ ਮਿਸ਼ਰਾ ਨੇ ਫੋਨ ਕੀਤਾ ਅਤੇ ਮੈਨੂੰ ਰਿਹਾਅ ਕਰ ਦਿੱਤਾ ਗਿਆ। ਚਿਰਾਗ ਪਾਸਵਾਨ ਮੇਰਾ ਵੱਡਾ ਭਰਾ ਹੈ। ਤੁਸੀਂ ਕਿੰਨੇ ਆਗੂਆਂ ਨੂੰ ਜਾਣਦੇ ਹੋ? ਕੀ ਤੁਸੀਂ ਮੋਦੀ ਜੀ ਨੂੰ ਜਾਣਦੇ ਹੋ? ਮੋਦੀ ਜੀ ਵੀ ਮੇਰੇ ਵੱਡੇ ਭਰਾ ਹਨ। ਮੈਨੂੰ ਸਾਰਿਆਂ ਦਾ ਸਮਰਥਨ ਹੈ।'

ਇਸ ਵੀਡੀਓ ਤੋਂ ਬਾਅਦ ਸ਼ੁੱਕਰਵਾਰ ਲੋਕਾਂ ਨੇ ਪਾਰਲੀਮੈਂਟ ਸਟਰੀਟ ਦੇ ਥਾਣੇ ਅੱਗੇ ਮੁਜ਼ਾਹਰਾ ਕੀਤਾ ਅਤੇ ਪੁਲਸ ਉਸ ਨੂੰ ਯੂ ਪੀ ਤੋਂ ਨੱਪਣ ਲਈ ਮਜਬੂਰ ਹੋਈ। ਸ਼ਨੀਵਾਰ ਦਿੱਲੀ ਪੁਲਸ ਨੇ ਭਾਰਦਵਾਜ ਨੂੰ ਰਸਮੀ ਤੌਰ 'ਤੇ ਗ੍ਰਿਫਤਾਰ ਕਰ ਲਿਆ। ਸ਼ਨੀਵਾਰ ਹੀ ਭਾਰਦਵਾਜ ਦੇ ਸਮਰਥਕਾਂ ਦੀ ਇੱਕ ਭੀੜ ਨਵੀਂ ਦਿੱਲੀ ਦੇ ਪਾਰਲੀਮੈਂਟ ਸਟਰੀਟ ਥਾਣੇ ਦੇ ਬਾਹਰ ਇਕੱਠੀ ਹੋਈ ਅਤੇ ਮੰਗ ਕੀਤੀ ਕਿ ਉਸ ਵਿਰੁੱਧ ਐੱਸ ਸੀ/ਐੱਸ ਟੀ ਐਕਟ ਅਤੇ ਬਾਲ ਜਿਨਸੀ ਸ਼ੋਸ਼ਣ ਦੀਆਂ ਧਾਰਾਵਾਂ ਹਟਾਈਆਂ ਜਾਣ।

## ਮੇਰਾ ਸੁਪਨਾ ਪੰਜਾਬ ਨੂੰ ...

ਆਉਣਗੇ।' ਸਨਮਾਨ ਸਮਾਰੋਹ ਦੌਰਾਨ ਪੰਜਾਬ ਦੇ ਸਿੱਖਿਆ ਖੇਤਰ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ।ਕੁੱਲ 50 ਅਧਿਆਪਕਾਂ (ਜਿਨ੍ਹਾਂ ਵਿੱਚ 21 ਪ੍ਰਾਇਮਰੀ ਅਤੇ 29 ਸੈਕੰਡਰੀ ਅਧਿਆਪਕ ਸ਼ਾਮਲ ਹਨ) ਨੇ ਸਟੇਟ ਐਵਾਰਡ ਪ੍ਰਾਪਤ ਕੀਤੇ, ਜਦਕਿ 10 ਅਧਿਆਪਕਾਂ (4 ਪ੍ਰਾਇਮਰੀ ਅਤੇ 6 ਸੈਕੰਡਰੀ) ਨੂੰ 'ਯੰਗ ਟੀਚਰ ਐਵਾਰਡ' ਮਿਲੇ।4 ਅਧਿਆਪਕਾਂ ਨੂੰ ਵਿਸ਼ੇਸ਼ ਅਧਿਆਪਕ ਪੁਰਸਕਾਰ, 6 ਨੂੰ ਪ੍ਰਸ਼ਾਸਕੀ ਪੁਰਸਕਾਰ ਅਤੇ 5 ਪੁਰਸਕਾਰ ਸਿੱਖਿਆ ਮੰਤਰੀ ਵੱਲੋਂ ਨਾਮਜ਼ਦ ਕੀਤੇ ਅਧਿਆਪਕਾਂ ਨੂੰ ਦਿੱਤੇ ਗਏ।

ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ, ਸਿੱਖਿਆ ਸਕੱਤਰ ਸੋਨਾਲੀ ਗਿਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

## ਮਹਿਲਾ ਪੱਤਰਕਾਰਾਂ 'ਤੇ ਤਸ਼ੱਦਦ ਕਰਨ ਵਾਲੇ ਪੁਲਸ ਕਰਮੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ : ਸੀ ਪੀ ਆਈ



**ਲੁਧਿਆਣਾ (ਭਾਟੀਆ)**-ਦਿੱਲੀ ਦੀ ਮੁੱਖ ਮੰਤਰੀ ਨੂੰ ਸਾਈਕਲ ਘੁਟਾਲੇ ਬਾਰੇ ਸਵਾਲ ਕਰਨ ਦੀ ਕੋਸ਼ਿਸ਼ ਤੋਂ ਰੋਕਣ ਲਈ ਦਿੱਲੀ ਪੁਲਸ ਵੱਲੋਂ 4 ਪੀਐੱਮ ਨਿਊਜ਼ ਨੈੱਟਵਰਕ ਨਾਲ ਜੁੜੀ ਪੱਤਰਕਾਰ ਸ਼ਾਹੀਨ ਖਾਨ ਤੇ ਉਸ ਦੀ ਸਹਿਯੋਗੀ ਨਫੀਸ ਖਾਨ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਥਾਣੇ ਲਿਜਾ ਕੇ ਉਨ੍ਹਾਂ ਨਾਲ ਮਾਨਸਿਕ ਤੇ ਸਰੀਰਕ ਤਸ਼ੱਦਦ ਕੀਤਾ।ਜਦੋਂ ਪੁਲਸ ਵਾਲਿਆਂ ਨੂੰ ਉਨ੍ਹਾਂ ਨੇ ਆਪਣਾ ਨਾਂ ਦੱਸਿਆ ਤੇ ਇਹ ਪਤਾ ਲੱਗਿਆ ਕਿ ਉਹ ਲੜਕੀਆਂ ਮੁਸਲਮਾਨ ਹਨ ਤਾਂ ਉਨ੍ਹਾਂ ਮੁਤਾਬਿਕ ਤਸ਼ੱਦਦ ਹੋਰ ਵਧਾ ਦਿੱਤਾ ਗਿਆ।ਭਾਰਤੀ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਲੁਧਿਆਣਾ ਇਕਾਈ ਨੇ ਇਸ ਦਾ ਨੋਟਿਸ ਲੈਂਦਿਆਂ ਦਿੱਲੀ ਪੁਲਸ ਦੀ ਸੰਘੀ ਮਾਨਸਿਕਤਾ ਦੀ ਨਿਖੇਧੀ ਕੀਤੀ ਹੈ ਤੇ ਮੰਗ ਕੀਤੀ ਹੈ ਕਿ ਦੋਸ਼ੀ ਪੁਲਸ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।ਪਾਰਟੀ ਨੇ ਕਿਹਾ ਕਿ ਪੁਲਸ ਨੂੰ ਦੇਸ਼ ਦੇ ਸੰਵਿਧਾਨ ਦੀ ਰੱਖਿਆ ਕਰਨੀ ਚਾਹੀਦੀ ਹੈ ਨਾ ਕਿ ਸਰਕਾਰ ਦੇ ਗਲਤ ਹੁਕਮਾਂ ਦੀ ਪਾਲਣਾ ਕਰਦੇ ਹੋਏ ਲੋਕਾਂ 'ਤੇ ਤਸ਼ੱਦਦ ਕਰਨਾ ਚਾਹੀਦਾ ਹੈ, ਕਿਉਂਕਿ ਸਾਡਾ ਸੰਵਿਧਾਨ ਸਾਰਿਆਂ ਨੂੰ ਬਰਾਬਰ ਦੇ ਹੱਕ ਦਿੰਦਾ ਹੈ ਤੇ ਸੰਵਿਧਾਨ ਦੀ ਰੱਖਿਆ ਕਰਨਾ ਸਾਰਿਆਂ ਦਾ ਫਰਜ਼ ਹੈ।ਬਿਆਨ ਜਾਰੀ ਕਰਨ ਵਾਲਿਆਂ ਵਿੱਚ ਕਾਰਜਕਾਰੀ ਜ਼ਿਲ੍ਹਾ ਸਕੱਤਰ ਚਮਕੌਰ ਸਿੰਘ, ਲੁਧਿਆਣਾ ਸ਼ਹਿਰੀ ਸਕੱਤਰ ਐੱਮ ਐੱਸ ਭਾਟੀਆ, ਜ਼ਿਲ੍ਹਾ ਸਹਾਇਕ ਸਕੱਤਰ ਡਾ. ਰਜਿੰਦਰ ਪਾਲ ਸਿੰਘ ਔਲਖ, ਡਾਕਟਰ ਅਰੁਣ ਮਿੱਤਰਾ, ਰਮੇਸ਼ ਰਤਨ, ਕੇਵਲ ਸਿੰਘ ਬਨਵੈਤ ਤੇ ਵਿਜੇ ਕੁਮਾਰ ਸ਼ਾਮਲ ਹਨ।

## ਸਕੂਲ ਦੀ ਲਾਪ੍ਰਵਾਹੀ ਕਾਰਨ ਸੜਕ 'ਤੇ ਲੱਗਿਆ ਲੰਮਾ ਜਾਮ



**ਸਨੌਰ (ਰਾਜਿੰਦਰ ਥਿੰਦ)**-ਸਨੌਰ ਰੋਡ 'ਤੇ ਸਥਿਤ ਇੱਕ ਸਕੂਲ ਵੱਲੋਂ ਪਾਰਕਿੰਗ ਲਈ ਪ੍ਰਬੰਧ ਨਾ ਕੀਤੇ ਜਾਣ ਕਾਰਨ ਸੜਕ 'ਤੇ ਟ੍ਰੈਫਿਕ ਲੰਮੇ ਸਮੇ ਜਾਮ ਲੱਗਿਆ ਹੋਇਆ ਦਿਖਾਈ ਦਿੱਤਾ। ਵਰਨਣਯੋਗ ਹੈ ਕਿ ਇਹ ਸਕੂਲ 20 ਸਾਲ ਦੇ ਕਰੀਬ ਪੁਰਾਣਾ ਸਕੂਲ ਹੈ ਤੇ ਤਕਰੀਬਨ ਦੋ ਕਿੱਲਿਆਂ ਵਿੱਚ ਫੈਲੇ ਇਸ ਸਕੂਲ ਵਿੱਚ ਆਉਣ ਵਾਲੇ ਲੋਕਾਂ ਲਈ ਵਾਹਨ ਖੜ੍ਹੇ ਕਰਨ ਦੀ ਯੋਗ ਵਿਵਸਥਾ ਨਾ ਹੋਣ ਕਾਰਨ ਦੋਪਹੀਆ ਤੇ ਚਾਰਪਹੀਆ ਵਾਹਨ ਸੜਕ ਦੇ ਦੋਵੇਂ ਪਾਸਿਆਂ ਖੜ੍ਹੇ ਕਰ ਦਿੱਤੇ ਗਏ, ਜਿਸ ਕਾਰਨ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ।ਸੜਕ ਦੇ ਦੋਵੇਂ ਪਾਸਿਆਂ ਵਾਹਨਾਂ ਦੀਆਂ ਕਤਾਰਾਂ ਲੱਗਣ ਕਾਰਨ ਪਟਿਆਲਾ-ਸਨੌਰ ਰੋਡ 'ਤੇ ਲੰਮੇ ਸਮੇਂ ਤੱਕ ਜਾਮ ਲੱਗਿਆ ਰਿਹਾ।ਵਾਹਨਾਂ ਦੀ ਰਫ਼ਤਾਰ ਇੰਨੀ ਹੌਲੀ ਹੋ ਗਈ ਕਿ ਰੋਜ਼ਾਨਾ ਇਸ ਰਸਤੇ ਤੋਂ ਲੰਘਣ ਵਾਲੇ ਲੋਕਾਂ, ਵਿਦਿਆਰਥੀਆਂ, ਮੁਲਾਜ਼ਮਾਂ ਅਤੇ ਹੋਰ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।ਸੜਕ 'ਤੇ ਵਾਹਨਾਂ ਦੀ ਬੇਤਰਤੀਬ ਪਾਰਕਿੰਗ ਕਾਰਨ ਆਵਾਜਾਈ ਲਈ ਉਪਲਬਧ ਜਗ੍ਹਾ ਵੀ ਕਾਫ਼ੀ ਘੱਟ ਗਈ।ਹੈਰਾਨੀ ਦੀ ਗੱਲ ਇਹ ਹੈ ਕਿ ਸਕੂਲ ਦੀ ਪਾਰਕਿੰਗ ਸਬੰਧੀ ਪੈਦਾ ਹੋ ਰਹੀ ਸਮੱਸਿਆ ਬਾਰੇ ਸਥਾਨਕ ਲੋਕਾਂ ਵੱਲੋਂ ਕਈ ਵਾਰ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ, ਪਰ ਇਸ ਦੇ ਬਾਵਜੂਦ ਅਜੇ ਤੱਕ ਕੋਈ ਢੁੱਕਵਾਂ ਪ੍ਰਬੰਧ ਨਹੀਂ ਕੀਤਾ ਗਿਆ। ਜਾਮ ਚ ਫਸੇ ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਕੂਲ ਪ੍ਰਬੰਧਕਾਂ ਨੂੰ ਪਾਰਕਿੰਗ ਦਾ ਪੱਕਾ ਪ੍ਰਬੰਧ ਕਰਨ ਲਈ ਹਦਾਇਤਾਂ ਦਿੱਤੀਆਂ ਜਾਣ।ਉਨ੍ਹਾਂ ਕਿਹਾ ਕਿ ਕਿਸੇ ਇੱਕ ਸੰਸਥਾ ਦੀ ਪਾਰਕਿੰਗ ਵਿਵਸਥਾ ਦੀ ਕਮੀ ਦਾ ਖਮਿਆਜ਼ਾ ਆਮ ਰਾਹਗੀਰਾਂ ਨੂੰ ਭੁਗਤਣਾ ਨਹੀਂ ਚਾਹੀਦਾ।ਇਸ ਸਬੰਧੀ ਥਾਣਾ ਸਨੌਰ ਦੇ ਮੁਖੀ ਅਵਤਾਰ ਸਿੰਘ ਨੇ ਫੋਨ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਦੇ ਕਰੀਬ 60 ਚਲਾਨ ਕੱਟੇ ਗਏ ਹਨ।ਇਸ ਦੇ ਨਾਲ ਹੀ ਸਕੂਲ ਪ੍ਰਬੰਧਕਾਂ ਨੂੰ ਨੋਟਿਸ ਜਾਰੀ ਕਰਕੇ ਹਦਾਇਤ ਕੀਤੀ ਗਈ ਹੈ ਕਿ ਭਵਿੱਖ ਵਿੱਚ ਅਜਿਹਾ ਕੋਈ ਪ੍ਰਬੰਧ ਨਾ ਕੀਤਾ ਜਾਵੇ, ਜਿਸ ਕਾਰਨ ਰਾਹਗੀਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇ।ਉਨ੍ਹਾਂ ਦੱਸਿਆ ਕਿ ਅੱਜ ਸਕੂਲ ਵਿੱਚ ਅਧਿਆਪਕ ਮਿਲਣੀ ਰੱਖੀ ਗਈ ਸੀ, ਜਿਸ ਸਬੰਧੀ ਸਕੂਲ ਪ੍ਰਬੰਧਕਾਂ ਵੱਲੋਂ ਪੁਲਸ ਨੂੰ ਪਹਿਲਾਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸ ਕਾਰਨ ਸਕੂਲ ਦੇ ਬਾਹਰ ਵੱਡੀ ਗਿਣਤੀ ਵਿੱਚ ਵਾਹਨ ਇਕੱਠੇ ਹੋਣ ਕਾਰਨ ਲੰਮਾ ਜਾਮ ਲੱਗ ਗਿਆ ਤੇ ਆਵਾਜਾਈ ਪ੍ਰਭਾਵਿਤ ਹੋਈ।

## ਪਹਿਲੀ ਨੂੰ ਖਡੂਰ ਸਾਹਿਬ...

ਦੇ ਲੋਕਾਂ ਤੇ ਕਿਸਾਨਾਂ ਨੂੰ ਮੋਟਰਾਂ ਦੀ ਬਿਜਲੀ ਪੂਰੀ ਦਿੱਤੀ ਜਾਵੇ। ਐਸ ਵੇਲੇ ਪੁਜ਼ੀਸ਼ਨ ਇਹ ਹੈ ਕਿ ਬਿਜਲੀ ਸਿਰਫ ਦੋ-ਚਾਰ ਘੰਟੇ ਹੀ ਮਿਲ ਰਹੀ ਹੈ। ਲੋਕਾਂ ਦਾ ਝੋਨਾ ਸੁੱਕ ਰਿਹਾ ਹੈ। ਜੇ ਲਾਈਨ ਵਿੱਚ ਫਾਲਟ ਪੈ ਜਾਂਦਾ ਹੈ ਤਾਂ ਮੁਲਾਜ਼ਮਾਂ ਦੀ ਘਾਟ ਹੋਣ ਕਰਕੇ ਦੋ-ਤਿੰਨ ਦਿਨ ਫਾਲਟ ਹੀ ਨਹੀਂ ਨਿਕਲਦਾ। ਮੀਟਿੰਗ ਨੂੰ ਸੀ ਪੀ ਆਈ ਜ਼ਿਲ੍ਹੇ ਦੇ ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ, ਬਲਾਕ ਸਕੱਤਰ ਬਲਜੀਤ ਸਿੰਘ ਫਤਿਆਬਾਦ, ਮੀਤ ਸਕੱਤਰ ਮੇਜਰ ਸਿੰਘ ਦਾਰਾਪੁਰ ਤੇ ਜਗਤਾਰ ਸਿੰਘ ਖਡੂਰ ਸਾਹਿਬ, ਬਲਾਕ ਦੇ ਖਜ਼ਾਨਚੀ ਤੇ ਕਿਸਾਨ ਆਗੂ ਬਲਦੇਵ ਸਿੰਘ ਧੂੰਦਾ ਤੇ ਦਰਸ਼ਨ ਸਿੰਘ ਬਿਹਾਰੀਪੁਰ, ਹਰਜੀਤ ਕੌਰ ਫਤਿਆਬਾਦ, ਨੌਜਵਾਨ ਆਗੂ ਗੁਰਚਰਨ ਸਿੰਘ ਕੰਢਾ ਨੇ ਵੀ ਸੰਬੋਧਨ ਕੀਤਾ।

## ਸਾਥੀ ਸਮਰਾ ਤੇ ਦਾਊਦ...

ਧਾਲੀਵਾਲ ਅਤੇ ਪਾਰਟੀ ਦੇ ਕੇਂਦਰੀ ਕੰਟਰੋਲ ਬੋਰਡ ਦੇ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਸਾਂਝੇ ਬਿਆਨ ਰਾਹੀਂ ਕੀਤਾ। ਉਹਨਾਂ ਕਿਹਾ ਕਿ ਅਜਿਹੇ ਸਮੇਂ, ਜਦੋਂ ਪਿਛਾਖੜੀ ਤੇ ਲੋਕ ਵਿਰੋਧੀ ਤਾਕਤਾਂ ਨੂੰ ਪਛਾੜਨ ਲਈ ਖੱਬੀਆਂ ਧਿਰਾਂ ਦੇ ਸਾਂਝੇ ਤੇ ਬੱਝਵੇਂ ਸੰਘਰਸ਼ ਦੀ ਲੋੜ ਹੋਵੇ, ਦੋ ਸੁਹਿਰਦ ਤੇ ਸਿਰੜੀ ਆਗੂਆਂ ਦਾ ਵਿਛੋੜਾ ਵਧੇਰੇ ਤਕਲੀਫਦੇਹ ਹੈ। ਦੋਵਾਂ ਆਗੂਆਂ ਨੇ ਚੰਗੇਰੇ ਰਾਜ ਪ੍ਰਬੰਧ ਦੀ ਸਿਰਜਣਾ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਰੀ ਉਮਰ ਸੰਘਰਸ਼ ਦਾ ਪਿੜ ਮੱਲੀ ਰੱਖਿਆ।ਕਾਮਰੇਡ ਸਮਰਾ ਜਿੱਥੇ ਖੱਬੀਆਂ ਧਿਰਾਂ ਦਾ ਮੱਕਾ ਸਮਝੇ ਜਾਂਦੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਕਮੇਟੀ ਦੇ ਦੋ ਵਾਰ ਪ੍ਰਧਾਨ ਵਜੋਂ ਇੱਥੇ ਹੁੰਦੀ ਹਰ ਸਰਗਰਮੀ ਦਾ ਹਿੱਸਾ ਬਣਦੇ ਰਹੇ, ਉੱਥੇ ਕਾਮਰੇਡ ਦਾਊਦ ਹਰ ਸਾਲ ਹੁੰਦੇ ਗ਼ਦਰੀ ਬਾਬਿਆਂ ਦੇ ਮੇਲੇ ਨੂੰ ਸਫਲ ਬਣਾਉਣ ਲਈ ਤਾਣ ਲਾਉਣ ਲਈ ਕੋਈ ਕਸਰ ਨਾ ਛੱਡਦੇ।ਉਹਨਾਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ- ਲੈਨਿਨਵਾਦੀ) ਨਿਊ ਡੈਮੋਕਰੇਸੀ ਅਤੇ ਰੈਵੋਲੂਸ਼ਨਰੀ ਮਾਰਕਸਵਾਦੀ ਪਾਰਟੀ ਤੇ ਦਿਹਾਤੀ ਮਜ਼ਦੂਰ ਸਭਾ ਨਾਲ ਵੀ ਆਪਣੀਆਂ ਸੰਵੇਦਨਾਵਾਂ ਦੀ ਸਾਂਝ ਪਾਈ।

## ਮੋਹਨਜੀਤ ਮਾਮਲੇ 'ਚ...

ਸਿਟੀ ਸੁਨਾਮ) ਨੂੰ 'ਪ੍ਰਸ਼ਾਸਕੀ ਆਧਾਰਾਂ' 'ਤੇ ਸੰਗਰੂਰ ਪੁਲਸ ਲਾਈਨ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। 2 ਸਤੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ 'ਲੋਕ ਮਿਲਣੀ' ਸਮਾਗਮ ਦੌਰਾਨ ਕਥਿਤ ਤੌਰ 'ਤੇ ਕਾਲੇ ਝੰਡੇ ਲਹਿਰਾਉਣ ਅਤੇ ਨਾਅਰੇਬਾਜ਼ੀ ਕਰਨ ਤੋਂ ਬਾਅਦ ਮੋਹਨਨੀਤ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ। ਉਸ ਨੇ ਦੋਸ਼ ਲਾਇਆ ਹੈ ਕਿ ਹਿਰਾਸਤ ਦੌਰਾਨ ਉਸ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ, ਜਿਸ ਵਿੱਚ ਬਿਜਲੀ ਦੇ ਝਟਕੇ ਅਤੇ ਜ਼ਬਰਦਸਤੀ ਨਸ਼ੀਲੇ ਪਦਾਰਥ ਦੇਣਾ ਸ਼ਾਮਲ ਸੀ। ਇਸ ਦੌਰਾਨ ਸੰਗਰੂਰ ਪੁਲਸ ਨੇ ਕਥਿਤ ਤਸ਼ੱਦਦ ਦੇ ਦੋਸ਼ਾਂ ਦੀ ਵਿਭਾਗੀ ਜਾਂਚ ਦੇ ਹੁਕਮ ਦਿੱਤੇ ਹਨ, ਜਿਸ ਵਿੱਚ ਕਿਹਾ ਗਿਆ ਹੈ ਕਿ ਮੋਹਨਜੀਤ ਦੀ ਹਿਰਾਸਤ ਇੱਕ ਸਾਵਧਾਨੀ ਵਾਲਾ ਕਦਮ ਸੀ ਅਤੇ ਐੱਸ ਡੀ ਐੱਮ ਦੇ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਡਾਕਟਰੀ ਜਾਂਚ ਵਿੱਚ ਕੋਈ ਨਵੀਂ ਸੱਟ ਨਹੀਂ ਪਾਈ ਗਈ। ਪੁਲਸ ਨੇ ਕਿਹਾ ਕਿ ਮੋਹਨਜੀਤ ਵਿਰੁੱਧ ਪਹਿਲਾਂ ਹੀ ਗੰਭੀਰ ਧਾਰਾਵਾਂ ਤਹਿਤ ਅੱਠ ਦੇ ਕਰੀਬ ਕੇਸ ਦਰਜ ਹਨ।

## ਝੋਨੇ ਦੀ ਨਿਰਵਿਘਨ...

ਵਿਭਾਗ ਦੇ ਸੂਤਰਾਂ ਮੁਤਾਬਕ ਪੰਜਾਬ ਦੀ ਕੁੱਲ 280 ਲੱਖ ਮੀਟ੍ਰਿਕ ਟਨ ਅਨਾਜ ਸਟੋਰੇਜ ਸਮਰੱਥਾ ਪਿਛਲੇ ਸਾਲਾਂ ਦੇ ਅਨਾਜ ਨਾਲ ਪੂਰੀ ਤਰ੍ਹਾਂ ਭਰੀ ਪਈ ਹੈ। ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਗੋਦਾਮਾਂ ਤੋਂ ਦੂਜੇ ਸੂਬਿਆਂ ਲਈ ਚੌਲਾਂ ਦੀ ਚੁਕਾਈ (ਲਿਫਟਿੰਗ) ਬਹੁਤ ਧੀਮੀ ਗਤੀ ਨਾਲ ਕੀਤੇ ਜਾਣ ਕਾਰਨ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਗਈ ਹੈ।

ਆਮ ਤੌਰ 'ਤੇ ਮਿੱਲਰਾਂ ਨੂੰ ਖਰੀਦ ਸੀਜ਼ਨ ਤੋਂ ਬਾਅਦ 31 ਮਾਰਚ ਤੱਕ ਚੌਲ ਜਮ੍ਹਾਂ ਕਰਵਾਉਣੇ ਹੁੰਦੇ ਹਨ, ਪਰ ਇਸ ਵਾਰ ਭੰਡਾਰਨ ਦੀ ਘਾਟ ਕਾਰਨ ਪਿਛਲੇ ਸੀਜ਼ਨ ਦੇ ਚੌਲ ਦੇਣ ਦੀ ਆਖਰੀ ਤਰੀਕ ਵਧਾ ਕੇ 31 ਅਕਤੂਬਰ ਕਰਨੀ ਪਈ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਕਿਸਾਨਾਂ ਲਈ ਖਰੀਦ ਪ੍ਰਕਿਰਿਆ ਨੂੰ ਨਿਰਵਿਘਨ ਬਣਾਉਣਾ ਚਾਹੁੰਦੀ ਹੈ। ਮੁੱਖ ਮੰਤਰੀ ਨੇ ਹਾਲ ਹੀ ਵਿੱਚ ਕੇਂਦਰੀ ਖੁਰਾਕ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੁਲਾਕਾਤ ਕਰਕੇ 20 ਸਤੰਬਰ ਤੱਕ 18 ਲੱਖ ਮੀਟ੍ਰਿਕ ਟਨ ਚੌਲ ਚੁੱਕਣ ਦੀ ਮੰਗ ਕੀਤੀ ਸੀ, ਜੋ ਅਜੇ ਤੱਕ ਪੂਰੀ ਨਹੀਂ ਹੋ ਸਕੀ। ਇਸ ਤੋਂ ਇਲਾਵਾ ਕੈਬਨਿਟ ਨੇ 'ਪੰਜਾਬ ਫੂਡਗ੍ਰੇਨ ਟਰਾਂਸਪੋਰਟ ਪਾਲਿਸੀ 2026' ਅਤੇ 'ਪੰਜਾਬ ਫੂਡਗ੍ਰੇਨ ਲੇਬਰ ਅਤੇ ਕਾਰਟੇਜ ਪਾਲਿਸੀ 2026' ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਮੰਡੀਕਰਨ ਨੂੰ ਸੁਚਾਰੂ ਬਣਾਉਣ ਲਈ ਇਹ ਨੀਤੀਆਂ ਲਿਆਂਦੀਆਂ ਗਈਆਂ ਹਨ। ਇਸ ਦੇ ਨਾਲ ਹੀ ਮੰਤਰੀ ਮੰਡਲ ਨੇ ਧੂਰੀ (ਮੁੱਖ ਮੰਤਰੀ ਦਾ ਹਲਕਾ), ਮਲੇਰਕੋਟਲਾ ਅਤੇ ਚਮਕੌਰ ਸਾਹਿਬ ਦੇ ਸਰਕਾਰੀ ਹਸਪਤਾਲਾਂ ਵਿੱਚ ਸਿਹਤ ਵਿਭਾਗ ਦੀਆਂ 251 ਖਾਲੀ ਅਸਾਮੀਆਂ ਭਰਨ ਦੀ ਵੀ ਪ੍ਰਵਾਨਗੀ ਦਿੱਤੀ ਹੈ।

## ਸਰਕਾਰ ਮੁਲਾਜ਼ਮਾਂ ਨਾਲ...

ਕੀਤੀ ਜਾਵੇ। ਸਰਕਾਰ ਨੂੰ ਪਿਛਲੀਆਂ ਸਰਕਾਰਾਂ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਦੀਆਂ ਲੋੜਾਂ ਅਤੇ ਅਧਿਕਾਰਾਂ ਨੂੰ ਸਮਝਦੇ ਹੋਏ ਜਿਹੜੇ ਪੇ ਸਕੇਲ ਜਾਂ ਤਨਖਾਹਾਂ ਦਿੱਤੀਆਂ ਗਈਆਂ ਸਨ, ਉਹਨਾਂ ਬਾਰੇ ਤੁਹਾਡੀ ਸਰਕਾਰ ਵੱਲੋਂ ਇਹ ਕਹਿਣਾ ਕਿ ਅਸੀਂ ਤਨਖਾਹਾਂ ਵੱਧ ਦੇ ਰਹੇ ਹਾਂ, ਵਰਗੇ ਸ਼ਬਦ ਵਰਤ ਕੇ ਆਪਣੀ ਪਿੱਠ ਥਾਪੜਨ ਦੇ ਵਿਖਿਆਨ ਕਰਨੇ ਇਖਲਾਕੀ ਤੌਰ 'ਤੇ ਸ਼ੋਭਾ ਨਹੀਂ ਦਿੰਦੇ, ਤੁਸੀਂ ਆਪਣੀ ਸਰਕਾਰ ਵੱਲੋਂ ਕੀ ਦਿੱਤਾ, ਉਸ ਦਾ ਉਲੇਖ ਕਰੋ, ਤਾਂ ਹੀ ਚੰਗਾ ਲੱਗੇਗਾ। ਸਰਕਾਰ ਪੰਜਾਬ ਦੇ ਸਮੁੱਚੇ ਮਹੱਤਵਪੂਰਨ ਮੁੱਦੇ ਛੱਡ ਕੇ ਮੁਲਾਜ਼ਮਾਂ ਦੇ ਪਿੱਛੇ ਜੰਗ ਜਿੱਤਣ ਵਾਂਗ ਪਈ ਹੋਈ ਹੈ। ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਮੁਲਾਜ਼ਮਾਂ, ਮਜ਼ਦੂਰਾਂ ਸੰਘਰਸ਼ ਕਰਕੇ ਬਣਦੇ ਹੱਕ ਲੈ ਲੈਣੇ ਹਨ, ਪਰ ਤੁਹਾਡਾ ਵਿਗੜਿਆ ਅਕਸ ਨਹੀਂ ਸੁਧਰਨਾ, ਕਿਉਂਕਿ ਸਰਕਾਰ ਦਾ ਰਵੱਈਆ ਉਸ ਦੀ ਪਾਰਟੀ ਦੇ ਲੋਕ ਪੱਖੀ ਦਾਅਵਿਆਂ ਨਾਲ ਮੇਲ ਨਹੀਂ ਖਾਂਦਾ। ਧਾਲੀਵਾਲ ਨੇ ਕਿਹਾ ਕਿ ਕਮਿਊਨਿਸਟ ਪਾਰਟੀ ਮੁਲਾਜ਼ਮਾਂ, ਮਜ਼ਦੂਰਾਂ ਦੇ ਹੱਕਾਂ ਦੀ ਲੜਾਈ ਨਾਲ ਹਮੇਸ਼ਾ ਵਾਂਗ ਡਟ ਕੇ ਖੜ੍ਹੀ ਹੈ ਅਤੇ ਖੜ੍ਹੀ ਰਹੇਗੀ। ਪੰਜਾਬ ਸੀ ਪੀ ਆਈ ਬੀਤੀ ਦੋ ਸਤੰਬਰ ਨੂੰ ਪਿੰਡ ਸ਼ੇਰੋਂ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੇ ਜਨਤਕ ਪ੍ਰੋਗਰਾਮ ਵਿੱਚ ਇੱਕ ਨੌਜਵਾਨ ਮੋਹਨਜੀਤ ਸਿੰਘ ਨੂੰ ਫੜ ਕੇ ਕੁੱਟਮਾਰ ਕਰਕੇ ਤਸੀਹੇ ਦਿੱਤੇ ਗਏ, ਉਸ ਦੀ ਵੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ ਅਤੇ ਤਸ਼ੱਦਦ ਕਰਨ ਵਾਲੇ ਮੁਲਾਜ਼ਮਾਂ ਵਿਰੁੱਧ ਸਖਤ ਕਾਰਵਾਈ ਦੀ ਮੰਗ ਕਰਦੀ ਹੈ। ਸੀ ਪੀ ਆਈ ਨੇ ਸਰਕਾਰ ਨੂੰ ਇਹ ਵੀ ਨਸੀਹਤ ਦਿੱਤੀ ਕਿ ਸੱਤਾ ਦੇ ਨਸ਼ੇ ਵਿੱਚ ਹੰਕਾਰ ਦੇ ਘੋੜੇ ਚੜ੍ਹ ਕੇ ਲੋਕਾਂ ਦੀ ਬੋਲਣ ਦੀ ਅਜ਼ਾਦੀ ਅਤੇ ਹਕੂਮਤ ਤੋਂ ਸੁਆਲ ਪੁੱਛਣ ਦੇ ਹੱਕ ਨੂੰ ਤਾਨਾਸ਼ਾਹੀ ਤਰੀਕੇ ਨਾਲ ਕੁਚਲਣ ਦੀ ਨੀਤੀ ਛੱਡ ਕੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਦੀ ਆਦਤ ਪਾਓ। ਧਾਲੀਵਾਲ ਨੇ ਪੁੱਛਿਆ ਕੀ ਕਸੂਰ ਸੀ ਮੋਹਨਜੀਤ ਸਿੰਘ ਦਾ? ਕੀ ਗੁਨਾਹ ਕਰ ਲਿਆ ਸੀ ਉਸ ਨੇ ਨਸ਼ਿਆਂ ਵਿਰੁੱਧ ਕਾਰਵਾਈ ਦੀ ਢਿੱਲਮੱਠ ਤੁਹਾਡੇ ਧਿਆਨ ਵਿੱਚ ਲਿਆਉਣ ਦੀ ਕੋਸ਼ਿਸ਼ ਕਰਕੇ? ਸੀ ਪੀ ਆਈ ਮੰਗ ਕਰਦੀ ਹੈ ਕਿ ਤਸ਼ੱਦਦ ਕਰਨ ਦਾ ਤਰੀਕਾਕਾਰ, ਜੋ ਸਰਕਾਰ ਨੇ ਹਰ ਇੱਕ ਸੰਘਰਸ਼ ਕਰ ਰਹੇ ਵਰਗ 'ਤੇ ਕਰਨ ਦਾ ਅਖਤਿਆਰ ਕੀਤਾ ਹੋਇਆ ਹੈ, ਉਹ ਬੰਦ ਕੀਤਾ ਜਾਵੇ ਅਤੇ ਲੋਕਾਂ ਦੀਆਂ ਮੁਸ਼ਕਲਾਂ, ਮੁਸੀਬਤਾਂ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

## ਜਰਨਲਿਸਟ ਐਸੋਸੀਏਸ਼ਨ ਪੰਜਾਬ ਦੀ ਹੋਈ ਭਰਵੀਂ ਇਕੱਤਰਤਾ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**- ਜਰਨਲਿਸਟ ਐਸੋਸੀਏਸ਼ਨ ਰਜਿਸਟਰਡ ਪੰਜਾਬ ਦੀ ਇਕਾਈ ਅੰਮ੍ਰਿਤਸਰ ਵੱਲੋਂ ਮਹੀਨਾਵਾਰ ਇਕੱਤਰਤਾ ਪੰਜਾਬ ਪ੍ਰਧਾਨ ਜੋਗਿੰਦਰ ਅੰਗੂਰਾਲਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਲੇਬਰ ਯੂਨੀਅਨ ਦਫਤਰ ਵਿੱਚ ਕੀਤੀ ਗਈ।ਉਪ ਪ੍ਰਧਾਨ ਪੰਜਾਬ ਗੁਰਜਿੰਦਰ ਮਾਹਲ ਵੱਲੋਂ ਮੀਟਿੰਗ ਦੀ ਸ਼ੁਰੂਆਤ ਮੌਕੇ ਇਸ ਦੀ ਪ੍ਰਧਾਨਗੀ ਪੱਤਰਕਾਰ ਮਹਿੰਦਰ ਪਾਲ ਸਿੰਘ ਸੱਗੂ ਨੂੰ ਦਿੱਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹੋਇਆ ਸਰਪ੍ਰਸਤ, ਕੁਲਬੀਰ ਸਿੰਘ, ਚੇਅਰਮੈਨ ਦਵਾਰਕਾ ਨਾਥ ਰਾਣਾ ਨੇ ਸਾਥੀਆਂ ਨੂੰ ਮੀਟਿੰਗ ਵਿੱਚ ਭਰਵੀਂ ਇਕੱਤਰਤਾ ਦੇ ਨਾਲ ਸਮੇਤ ਆਪਣੇ ਕੁਲ ਸਾਥੀਆਂ ਨੂੰ ਜੋੜਨ ਦੀ ਅਪੀਲ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਹੋਇਆ ਉਪ ਪ੍ਰਧਾਨ ਪੰਜਾਬ ਗੁਰਜਿੰਦਰ ਮਾਹਲ ਨੇ ਭਗਵੰਤ ਮਾਨ ਸਰਕਾਰ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਪੱਤਰਕਾਰਾਂ ਦੇ ਬਣਦੇ ਹੱਕ ਉਹਨਾਂ ਨੂੰ ਦਿੱਤੇ ਜਾਣ। ਸਾਥੀ ਕੁਲਬੀਰ ਸਿੰਘ ਨੇ ਕਿਹਾ ਕਿ ਪੱਤਰਕਾਰ ਸਰਕਾਰੀ ਤੰਤਰ ਦੇ ਨਾਲ ਮਿਲ ਕੇ ਕੰਮਕਾਜ ਸੁਚਾਰੂ ਰੱਖਣ ਲਈ ਇੱਕ ਅਹਿਮ ਕੜੀ ਦਾ ਰੋਲ ਨਿਭਾਉਂਦੇ ਹਨ ਅਤੇ ਇਹਨਾਂ ਦਾ ਬਣਦਾ ਮਾਨ ਸਤਿਕਾਰ ਸਰਕਾਰਾਂ ਵੱਲੋਂ ਕੀਤਾ ਜਾਣਾ ਬਹੁਤ ਲਾਜ਼ਮੀ ਬਣਦਾ ਹੈ। ਇਸ ਮੌਕੇ ਸਮੂਹ ਸਾਥੀਆਂ ਦੀ ਸਹਿਮਤੀ ਅਤੇ ਆਦੇਸ਼ ਅਨੁਸਾਰ ਜਨਰਲ ਸਕੱਤਰ ਦੀ ਸੋਧ ਕਰਦੇ ਹੋਏ ਇਹ ਅਹੁਦਾ ਪੱਤਰਕਾਰ ਸਰਬਜੀਤ ਸਿੰਘ ਲਾਡਾ ਨੂੰ ਸਰਬ ਸੰਮਤੀ ਦੇ ਨਾਲ ਦਿੱਤਾ ਗਿਆ।



ਅਹੁਦਾ ਸੰਭਾਲਣ ਉਪਰੰਤ ਸਾਥੀ ਨੇ ਇਕਾਈ ਲਈ ਤਹਿ ਦਿਲੋਂ ਚੜ੍ਹਦੀ ਕਲਾ ਲਈ ਕੰਮ ਕਾਜ ਸੁਚਾਰੂ ਰੱਖਣ ਵਿਸ਼ਵਾਸ ਦਿੱਤਾ। ਇਸ ਮੌਕੇ ਪ੍ਰਧਾਨ ਮਲਕੀਅਤ ਸਿੰਘ ਬਰਾੜ, ਨਰਿੰਦਰ ਸਿੰਘ, ਕੁਲਬੀਰ ਸਿੰਘ, ਮਹਿੰਦਰ ਪਾਲ ਸਿੰਘ ਸੱਗੂ, ਦਵਾਰਕਾ ਨਾਥ ਰਾਣਾ ਅਤੇ ਹੋਰ ਸਾਥੀ ਹਾਜ਼ਰ ਸਨ।

## ਆਨੰਦ ਗਰੁੱਪ ਆਫ਼ ਕਾਲਜਿਜ਼ ਵਿਖੇ ਅਧਿਆਪਕ ਦਿਵਸ ਮਨਾਇਆ

**ਮਜੀਠਾ (ਸੋਇਮ ਆਨੰਦ)** ਆਨੰਦ ਗਰੁੱਪ ਆਫ਼ ਕਾਲਜਿਜ਼ ਵਿਖੇ ਅਧਿਆਪਕਾਂ ਦੇ ਸਨਮਾਨ ਵਿੱਚ ਅਧਿਆਪਕ ਦਿਵਸ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਆਪਣੇ ਅਧਿਆਪਕਾਂ ਪ੍ਰਤੀ ਸਤਿਕਾਰ ਅਤੇ ਪਿਆਰ ਦਾ ਪ੍ਰਗਟਾਵਾ ਕਰਦਿਆਂ ਵੱਖ-ਵੱਖ ਸੱਭਿਆਚਾਰਕ ਅਤੇ ਮਨੋਰੰਜਕ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ।



ਸਮਾਗਮ ਦੌਰਾਨ ਵਿਦਿਆਰਥੀਆਂ ਨੇ ਗੀਤ, ਕਵਿਤਾਵਾਂ, ਭਾਸ਼ਣ ਅਤੇ ਹੋਰ ਮਨੋਰੰਜਕ ਗਤੀਵਿਧੀਆਂ ਰਾਹੀਂ ਅਧਿਆਪਕਾਂ ਦਾ ਮਨੋਰੰਜਨ ਕੀਤਾ। ਅਧਿਆਪਕਾਂ ਲਈ ਵੀ ਵੱਖ-ਵੱਖ ਦਿਲਚਸਪ ਗਤੀਵਿਧੀਆਂ ਕਰਵਾਈਆਂ ਗਈਆਂ।ਵਿਦਿਆਰਥੀਆਂ ਨੇ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਵੱਲੋਂ ਦਿੱਤੀ ਜਾ ਰਹੀ ਸਿੱਖਿਆ, ਮਾਰਗਦਰਸ਼ਨ ਅਤੇ ਸਹਿਯੋਗ ਲਈ ਧੰਨਵਾਦ ਕੀਤਾ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਐਮ. ਐਮ. ਆਨੰਦ, ਮੈਨੇਜਿੰਗ ਡਾਇਰੈਕਟਰ ਸੂਰਿਆ ਪ੍ਰਕਾਸ਼ ਆਨੰਦ, ਪ੍ਰਿੰਸੀਪਲ ਰਚਨਾ ਕੁਮਾਰੀ, ਡਾ. ਰਿਤੂ ਕਾਲੀਆ, ਨਰਸਿੰਗ ਐਡਵਾਈਜ਼ਰ ਊਸ਼ਾ ਸਰੀਨ ਅਤੇ ਵਾਈਸ ਪ੍ਰਿੰਸੀਪਲ ਰਮਨਜੀਤ ਕੌਰ ਸੋਹਲ ਨੇ ਸਮੂਹ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।ਸਮਾਗਮ ਵਿੱਚ ਪ੍ਰੋਫੈਸਰ ਡਾ. ਮਨਵਿੰਦਰ, ਸਾਕਸ਼ੀ ਸ਼ਰਮਾ, ਪੂਨਮ, ਹਰਲੀਨ, ਸੀਮਾ, ਪ੍ਰਿਅੰਕਾ, ਪਰਮੀਤ, ਪੁਨਰ, ਸੁਖਸਰਨ, ਰਿਤੂ, ਪਲਵੀ, ਬਲਜਿੰਦਰ, ਨਵਜੋਤ, ਸਿਮਰਨ, ਬੰਸ਼ੀਕਾ, ਜਸਲੀਨ, ਐਮਨ, ਸਿਮਰਨਜੀਤ, ਮਨਪ੍ਰੀਤ, ਮੀਨਾਕਸ਼ੀ, ਕੰਚਨ,ਸਰਧਾ, ਪ੍ਰਭਨੂਰ, ਰਮਨ ਚੌਹਾਨ , ਬਲਜੀਤ ਕੌਰ, ਸੁਰਚੀਪਾਲ, ਰਮਿੰਦਰਜੀਤ ਕੌਰ, ਜੋਤੀ ਬਾਲਾ, ਜਗਰੂਪ ਕੌਰ, ਭੁਪਿੰਦਰ, ਮੋਨਿਕਾ ਸਮੇਤ ਕਾਲਜ ਦਾ ਸਮੂਹ ਸਟਾਫ਼ ਮੌਜੂਦ ਰਿਹਾ। ਅੰਤ ਵਿੱਚ ਵਿਦਿਆਰਥੀਆਂ ਵੱਲੋਂ ਸਮੂਹ ਅਧਿਆਪਕਾਂ ਦਾ ਧੰਨਵਾਦ ਕੀਤਾ ਗਿਆ। ਸਮੁੱਚਾ ਸਮਾਗਮ ਖੁਸ਼ੀ, ਉਤਸ਼ਾਹ ਅਤੇ ਸਤਿਕਾਰ ਭਰੇ ਮਾਹੌਲ ਵਿੱਚ ਸਫਲਤਾਪੂਰਵਕ ਸੰਪੰਨ ਹੋਇਆ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ ਮਨਾਇਆ ਅਧਿਆਪਕ ਦਿਵਸ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਅਧਿਆਪਕ ਦਿਵਸ 'ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲੀਚਪੁਰ ਵਿਖੇ ਸਕੂਲ ਦੇ ਛੇਵੀਂ ਤੋਂ ਬਾਰਵੀਂ ਤੱਕ ਦੇ ਵਿਦਿਆਰਥੀਆਂ ਵੱਲੋਂ ਕੇਕ ਕੱਟ ਕੇ ਅਧਿਆਪਕ ਦਿਵਸ ਮਨਾਇਆ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਰਾਜਵਿੰਦਰ ਕੌਰ ਵੱਲੋਂ ਹਰੇਕ ਜਮਾਤ ਵਿਚ ਜਾ ਕੇ ਵਿਦਿਆਰਥੀ ਸ਼ਾਮਲ ਹੋਏ।ਇਸ ਤੋਂ ਪਹਿਲਾ ਸਵੇਰ ਦੀ ਸਭਾ ਵਿੱਚ ਸਕੂਲ ਪ੍ਰਿੰਸੀਪਲ ਅਤੇ ਹੋਰ ਅਧਿਆਪਕਾ ਵਲੋਂ ਵੀ ਅਧਿਆਪਕ ਦਿਵਸ ਤੇ ਦੇਸ਼ ਦੇ ਦੂਸਰੇ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾ ਕ੍ਰਿਸ਼ਨ ਦੇ ਯੋਗਦਾਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।

ਇਸ ਤੋਂ ਬਾਅਦ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਲੈਕਚਰਾਰ ਰਜਨੇਸ਼ ਸ਼ਰਮਾ,ਵਨੀਤਾ, ਕਮਲਜੀਤ, ਗੁਰਚਰਨ ਸਿੰਘ, ਦਵਿੰਦਰ ਦਾਸ, ਮਾਸਟਰ ਦਵਿੰਦਰ ਪਾਲ, ਸ੍ਰੀਮਤੀ ਭੁਪਿੰਦਰ ਕੌਰ, ਨੀਤੂ ਬਾਲਾ, ਸੁਦੇਸ਼, ਅਰੁਣਾ ਮਹਤਾ, ਪਰਮਜੀਤ ਕੌਰ, ਨੇਹਾ, ਸ਼ਿਖਾ ਸੈਣੀ, ਵਰਿੰਦਰ, ਸੁਰਿੰਦਰ, ਇੰਦੂ ਸ਼ਰਮਾ ਪਵਿੰਦਰ, ਸੰਦੀਪ ਕੌਰ ਚਾਹਲ, ਸੰਜੀਵ, ਬਖਸ਼ੀਸ, ਸੁਖਜਿੰਦਰ ਸਿੰਘ, ਸੰਦੀਪ ਤੇ ਸੁੱਖਵਿੰਦਰ ਸਿੰਘ ਹਾਜ਼ਰ ਸਨ।

## ਹਲਕਾ ਮਜੀਠਾ 'ਚ ਵਿਕਾਸ ਦੀ ਰਫ਼ਤਾਰ ਦੇ ਨਾਲ ਨੌਜਵਾਨਾਂ ਲਈ ਖੇਡ ਸਹੂਲਤਾਂ 'ਤੇ ਵਿਸ਼ੇਸ਼ ਜ਼ੋਰ : ਗੁਰਪ੍ਰੀਤ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**: ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਹਲਕੇ ਵਿੱਚ ਵਿਕਾਸ ਕਾਰਜਾਂ ਦੇ ਨਾਲ-ਨਾਲ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ, ਨਸ਼ਿਆਂ ਤੋਂ ਦੂਰ ਰੱਖਣ ਅਤੇ ਯੋਗ ਨੌਜਵਾਨਾਂ ਨੂੰ ਬਿਨਾਂ ਕਿਸੇ ਪੈਸੇ ਜਾਂ ਸਿਫ਼ਾਰਸ਼ ਦੇ ਸਰਕਾਰੀ ਨੌਕਰੀਆਂ ਦਿੱਤਾ ਜਾ ਰਿਹਾ ਹੈ।ਇਸ ਦੇ ਨਾਲ ਹੀ ਆਮ ਮੁਹੱਈਆ ਕਰਵਾਉਣ ਵੱਲ ਵਿਸ਼ੇਸ਼ ਧਿਆਨ ਪਰਵਾਰਾਂ ਨੂੰ ਸਰਕਾਰੀ ਭਲਾਈ ਸਕੀਮਾਂ ਦਾ ਲਾਭ ਦਿਵਾਉਣ ਲਈ ਵੀ ਉਪਰਾਲੇ ਕੀਤੇ ਜਾ ਰਹੇ ਹਨ।ਇਸੇ ਲੜੀ ਤਹਿਤ ਹਲਕਾ ਮਜੀਠਾ ਦੇ ਯੂਥ ਪ੍ਰਧਾਨਾਂ ਅਤੇ ਪਾਰਟੀ ਆਗੂਆਂ ਦੀ ਮੀਟਿੰਗ ਹੋਈ, ਜਿਸ ਵਿੱਚ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਅਤੇ ਨਸ਼ਿਆਂ ਦੀ ਬੁਰਾਈ ਤੋਂ ਦੂਰ ਰੱਖਣ ਲਈ ਖੇਡ ਮੈਦਾਨਾਂ ਅਤੇ ਜਿੰਮਾਂ ਸੰਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਦੌਰਾਨ ਹਲਕੇ ਵਿੱਚ ਪਹਿਲਾਂ ਹੀ ਮੁਹੱਈਆ ਕਰਵਾਏ ਗਏ ਜਿੰਮਾਂ ਦੀ ਕਾਰਗੁਜ਼ਾਰੀ ਬਾਰੇ ਸਮੀਖਿਆ ਕੀਤੀ ਗਈ ਅਤੇ ਆਉਣ ਵਾਲੇ ਸਮੇਂ ਵਿੱਚ ਦਿੱਤੇ ਜਾਣ ਵਾਲੇ ਨਵੇਂ ਜਿੰਮਾਂ ਸੰਬੰਧੀ ਵੀ ਯੂਥ ਆਗੂਆਂ ਤੋਂ ਸੁਝਾਅ ਲਏ ਗਏ। ਪਾਰਟੀ ਦੇ ਪ੍ਰਧਾਨਾਂ ਨੇ ਕਿਹਾ ਕਿ ਹਲਕੇ ਦੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਲਈ ਉਨ੍ਹਾਂ ਨੂੰ ਖੇਡਾਂ ਅਤੇ ਰਚਨਾਤਮਕ ਗਤੀਵਿਧੀਆਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਖੇਡ ਮੈਦਾਨ ਅਤੇ ਜਿੰਮ ਨੌਜਵਾਨਾਂ ਨੂੰ ਤੰਦਰੁਸਤ ਰੱਖਣ ਵਿੱਚ ਸਹਾਈ ਹੋਣਗੇ, ਉੱਥੇ ਇਹ ਉਨ੍ਹਾਂ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਣਗੇ। ਹਲਕਾ ਮਜੀਠਾ ਵਿੱਚ ਨੌਜਵਾਨਾਂ ਦੀ ਬਿਹਤਰੀ ਲਈ ਖੇਡ ਸਹੂਲਤਾਂ ਦੇ ਵਿਸਥਾਰ ਲਈ ਯਤਨ ਲਗਾਤਾਰ ਜਾਰੀ ਰਹਿਣਗੇ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਖੇੜਾ, ਹਲਕਾ ਪ੍ਰਧਾਨ ਗੁਰਪ੍ਰੀਤ ਸਿੰਘ, ਜ਼ਿਲ੍ਹਾ ਸਕੱਤਰੀ ਦਲੇਰ ਸਿੰਘ, ਯੂਥ ਪ੍ਰਧਾਨ ਸਕੱਤਰੀ ਬਲਜਿੰਦਰ ਸਿੰਘ, ਬਲਾਕ ਪ੍ਰਧਾਨ ਸਿਕੰਦਰ ਸਿੰਘ, ਸਰਪੰਚ ਗੁਰਵਿੰਦਰ ਸਿੰਘ, ਬਲਾਕ ਪ੍ਰਧਾਨ ਰਣਜੀਤ ਸਿੰਘ, ਪਰਮਜੀਤ ਸਿੰਘ, ਨਿਸ਼ਾਨ ਚੰਦ, ਹਰਜੀਤ ਸਿੰਘ, ਭੁਪਿੰਦਰ ਸਿੰਘ, ਨਵੀਨ ਮਹਾਜਨ, ਰਣਜੀਤ ਸਮੇਤ ਹੋਰ ਪਾਰਟੀ ਆਗੂ, ਵਰਕਰ ਅਤੇ ਡਾ. ਹਰਮਨ ਮਰਜ਼ੀ ਆਦਿ ਹਾਜ਼ਰ ਸਨ।



## ਲਾਇਨਜ਼ ਕਲੱਬ ਰਾਇਲ ਗੁਰਦਾਸਪੁਰ ਨੇ ਅਧਿਆਪਕ ਦਿਵਸ ਮਨਾਇਆ



**ਗੁਰਦਾਸਪੁਰ, (ਦਿਨੇਸ਼ ਕੁਮਾਰ)** ਲਾਇਨਜ਼ ਕਲੱਬ ਰਾਇਲ ਗੁਰਦਾਸਪੁਰ ਵੱਲੋਂ ਅਧਿਆਪਕ ਦਿਵਸ ਮਨਾਉਣ ਲਈ ਇੱਕ ਸ਼ਾਨਦਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ।ਸਮਾਗਮ ਵਿੱਚ ਟੀ ਸੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਅਤੇ ਲਾਇਨਜ਼ ਕਲੱਬ ਰਾਇਲ ਗੁਰਦਾਸਪੁਰ ਦੇ ਪ੍ਰਧਾਨ ਲਾਇਨ ਐਡਵੋਕੇਟ ਰਵਿੰਦਰ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਜਦਕਿ ਉਨ੍ਹਾਂ ਦੇ ਨਾਲ ਸਕੱਤਰ ਲਾਇਨ ਐਡਵੋਕੇਟ ਮਨੋਜ ਲੂੰਬਾ, ਕੈਸ਼ੀਅਰ ਲਾਇਨ ਐਡਵੋਕੇਟ ਕਵੀ ਰਾਜ ਡੋਗਰਾ ਅਤੇ ਸਤਿਕਾਰਯੋਗ ਕਲੱਬ ਮੈਂਬਰ ਲਾਇਨ ਪੁਸ਼ਕਰ ਨੰਦਾ, ਲਾਇਨ ਸੁਰੇਸ਼ ਸੈਣੀ, ਲਾਇਨ ਜਤਿੰਦਰ ਮੋਹਨ ਅਤੇ ਲਾਇਨ ਐਡਵੋਕੇਟ ਵਰੁਣ ਗੋਸਾਈਂ ਵੀ ਮੌਜੂਦ ਸਨ।ਇਸ ਸਮਾਗਮ ਦੌਰਾਨ, ਵੱਖ-ਵੱਖ ਅਧਿਆਪਕਾਂ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ, ਲਗਨ, ਸਮਰਪਣ, ਅਨੁਸ਼ਾਸਨ ਅਤੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਵਿੱਚ ਯੋਗਦਾਨ ਲਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ।

ਸਮਾਰੋਹ ਦੌਰਾਨ ਅਧਿਆਪਕਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਲਾਇਨਜ਼ ਕਲੱਬ ਰਾਇਲ ਗੁਰਦਾਸਪੁਰ ਦੁਆਰਾ ਆਯੋਜਿਤ ਇਹ ਸਮਾਰੋਹ ਅਧਿਆਪਕਾਂ ਦੇ ਸਿੱਖਿਆ ਵਿੱਚ ਯੋਗਦਾਨ ਲਈ ਸ਼ੁਕਰਗੁਜ਼ਾਰੀ ਅਤੇ ਸਤਿਕਾਰ ਦੇ ਇੱਕ ਸੁੰਦਰ ਪ੍ਰਗਟਾਵੇ ਵਜੋਂ ਕੰਮ ਕਰਦਾ ਸੀ।ਸਮਾਗਮ ਦਾ ਸਮਾਪਨ ਸਾਰੇ ਅਧਿਆਪਕਾਂ ਨੂੰ ਧੰਨਵਾਦ ਅਤੇ ਸ਼ੁਭਕਾਮਨਾਵਾਂ ਦੇ ਨਾਲ ਹੋਇਆ।

## ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਧਾਰੀਵਾਲ ਪੁਲਸ ਨੇ ਕੁਟਮਾਰ ਕਰਨ ਦੇ ਦੋਸ਼ਾਂ ਤਹਿਤ ਕੁਝ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਚਿੱਤਰ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਬੜੋਏ ਨੇ ਦੱਸਿਆ ਕਿ ਮਿਤੀ 12 ਅਗਸਤ 2026 ਨੂੰ ਮੈਂ ਆਪਣੀ ਮਾਤਾ ਲਖਵਿੰਦਰ ਕੌਰ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਧਾਰੀਵਾਲ ਘਰੇਲੂ ਸਮਾਨ ਲੈਣ ਆਏ ਸੀ ਕਿ ਸ਼ਾਮ 7 ਵਜੇ ਦੇ ਕਰੀਬ ਜਦ ਉਹ ਬੱਸ ਸਟੈਂਡ ਧਾਰੀਵਾਲ ਪੁੱਜੇ ਤਾਂ ਹਰਮਨ ਦੀ ਸਹਿ 'ਤੇ ਕੁਝ ਨੌਜਵਾਨਾਂ ਨੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਮੈਨੂੰ ਜਖਮੀ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਜਦੋਂ ਮੇਰੀ ਮਾਤਾ ਛੁਡਾਉਣ ਲਈ ਅੱਗੇ ਹੋਈ ਤਾਂ ਉਨ੍ਹਾਂ ਉਸ ਦੀ ਵੀ ਕੁੱਟਮਾਰ ਕੀਤੀ। ਕੁਟਮਾਰ ਕਰਨ ਵਾਲਿਆਂ ਦੀ ਪਹਿਚਾਣ ਹਰਮਨ ਪੁੱਤਰ ਜਸਬੀਰ ਸਿੰਘ ਵਾਸੀ ਭੱਠਾ ਕਲੋਨੀ ਧਾਰੀਵਾਲ, ਵਿਸ਼ਾਲ ਪੁੱਤਰ ਜੈਮਸ, ਕਰਨ ਪੁੱਤਰ ਬੱਬਾ ਮਸੀਹ, ਨੀਨੂ, ਬੋਬੀ ਪੁੱਤਰਾਂਨ ਨਿੰਮਾ, ਗੈਵੀ ਵਾਸੀ ਵੱਡੇ ਕਲੇਰ, ਰਾਜਾ ਉਰਫ ਨਿਹੰਗ ਵਾਸੀ ਮੂਲਿਆਂਵਾਲ ਵਜੋਂ ਹੋਈ ਹੈ। ਥਾਣਾ ਧਾਰੀਵਾਲ ਪੁਲਿਸ ਨੇ ਉਕਤ ਨੌਜਵਾਨਾਂ ਖ਼ਿਲਾਫ਼ ਮੁਕਦਮਾ ਨੰਬਰ 192, 4 ਸਤੰਬਰ 2026 ਜੁਰਮ 115(2), 118(1), 191(3), 190,61(2) ਬੀ.ਐਨ.ਐਸ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

**ਚੋਹਲਾ ਸਾਹਿਬ (ਰਮਨ ਚੱਡਾ)** ਸ਼ਿਵ ਮੰਦਰ ਸੇਵਾ ਸੁਸਾਇਟੀ ਚੋਹਲਾ ਸਾਹਿਬ ਵੱਲੋਂ ਸਮੂਹ ਨਗਰ ਨਿਵਾਸੀਆਂ ਅਤੇ ਇਲਾਕਾ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਪ੍ਰਾਚੀਨ ਸ਼ਿਵ ਮੰਦਰ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਦਿਹਾੜਾ ਬੜੀ ਹੀ ਸ਼ਰਧਾ, ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਧਾਰਮਿਕ ਸਮਾਗਮ ਦੌਰਾਨ ਪੂਰਾ ਮੰਦਰ ਪਰਿਸਰ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।ਸਮਾਗਮ ਦੀ ਸ਼ੁਰੂਆਤ ਸੁਸਾਇਟੀ ਦੇ ਪ੍ਰਧਾਨ ਵਿਜੇ ਕੁਮਾਰ ਕੁੰਦਰਾ, ਸ਼ਿਵ ਨਰਾਇਣ ਸ਼ੰਭੂ, ਰਾਜਨ ਕੁੰਦਰਾ ਅਤੇ ਪੰਡਿਤ ਕੁੰਦਨ ਮਿਸ਼ਰਾ ਦੀ ਦੇਖ-ਰੇਖ ਹੇਠ ਹੋਈ। ਇਸ ਮੌਕੇ ਵੈਸ਼ਨੋ ਦੇਵੀ ਜਾਗਰਣ ਪਾਰਟੀ ਵੱਲੋਂ ਮਹਾਮਾਈ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਗੁਣਗਾਨ ਕਰਦਿਆਂ ਵਿਸ਼ਾਲ ਜਾਗਰਣ ਕਰਵਾਇਆ ਗਿਆ।ਇਸ ਤੋਂ ਇਲਾਵਾ ਪ੍ਰਸਿੱਧ ਗਾਇਕ ਸੋਨੂੰ ਬਾਲਾ ਅਤੇ ਹਿਤੇਸ਼ ਗੁਪਤਾ ਨੇ ਆਪਣੀ ਮਧੁਰ ਆਵਾਜ਼ ਵਿੱਚ ਸ਼੍ਰੀ ਕ੍ਰਿਸ਼ਨ ਮਹਿਮਾ ਅਤੇ ਮਨਮੋਹਕ ਭਜਨ ਪੇਸ਼ ਕਰਕੇ ਆਈਆਂ ਸਮੂਹ ਸੰਗਤਾਂ ਨੂੰ ਮੰਤਰ ਮੁਗਧ ਕਰਦਿਆਂ ਨਿਹਾਲ ਕੀਤਾ।ਸੰਗਤਾਂ ਦੀ ਮੌਜੂਦਗੀ ਵਿੱਚ ਕੇਕ ਕੱਟ ਕੇ ਸ਼੍ਰੀ ਕ੍ਰਿਸ਼ਨ ਜਨਮ ਉਤਸਵ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪਰਮਜੀਤ ਜੋਸ਼ੀ, ਵਿਜੇ ਕੁਮਾਰ ਕੁੰਦਰਾ, ਰਾਕੇਸ਼ ਕੁਮਾਰ ਬਿੱਲਾ ਸ਼ਿਵ ਨਰਾਇਣ ਰਾਕੇਸ਼ ਆਨੰਦ, ਰਾਕੇਸ਼ ਕੁਮਾਰ (ਗਿਫਟ ਸੈਂਟਰ ਵਾਲੇ)।ਰਮਨ ਧੀਰ, ਤਰਸੇਮ ਕੁਮਾਰ, ਅਮਿਤ ਨਈਅਰ, ਅਸ਼ਵਨੀ ਆਨੰਦ, ਰਾਹੁਲ ਧੀਰ, ਬਲਦੇਵ ਰਾਜ, ਮਦਨ ਪਠਾਨੀਆ, ਅਨਿਲ ਕੁਮਾਰ ਬਬਲੀ ਸ਼ਾਹ, ਬਬਲੂ ਮੁਨੀਮ, ਸਰਬਜੀਤ ਸਿੰਘ ਰਾਜਾ ਰਾਜੀਵ ਕੁਮਾਰ ਹਰਸ਼ ਕੁਮਾਰ, ਗੁਰਦੇਵ ਸਿੰਘ ਲਾਡਾ, ਪ੍ਰਵੀਨ ਕੁੰਦਰਾ, ਰਿਸ਼ਵ ਧੀਰ, ਸਰਬਜੀਤ ਰਾਜਾ, ਕਿਸ਼ਨ ਆਨੰਦ, ਹਨੀ ਚਾਵਲਾ, ਕਰਨ ਸ਼ਰਮਾ, ਸੁਰਿੰਦਰ ਭਗਤ, ਪਰਵ, ਦਕਸ਼, ਸੋਨੂੰ ਚਾਵਲਾ, ਕਾਕਾ ਸਾਹ, ਅਤੇ ਕਰਨ ਨਈਅਰ ਰਾਜੂ ਸੇਵਾਦਾਰ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



## 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਬਲਾਕ ਪੱਧਰੀ ਖੇਡ ਮੁਕਾਬਲੇ ਭਲਕ ਤੋਂ

**ਪੱਟੀ (ਬਲਦੇਵ ਸਿੰਘ ਸੰਧੂ ਕਿਰਤੋਵਾਲ)**- ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਡਿਪਟੀ ਕਮਿਸ਼ਨਰ ਰਾਹੁਲ ਦੀ ਅਗਵਾਈ ਹੇਠ ਜ਼ਿਲ੍ਹਾ ਤਰਨ ਤਾਰਨ ਦੀਆਂ ਬਲਾਕ ਪੱਧਰੀ ਖੇਡਾਂ 7 ਸਤੰਬਰ ਤੋਂ ਸ਼ੁਰੂ ਹੋਣ ਜਾ ਰਹੀਆਂ ਹਨ।ਇਸ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਜਸਵੰਤ ਕੌਰ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ 14 ਸਾਲ ਤੋਂ ਲੈ ਕੇ 70 ਸਾਲ ਤੋਂ ਉੱਪਰ ਦੇ ਖਿਡਾਰੀ ਭਾਗ ਲੈ ਸਕਦੇ ਹਨ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਐਥਲੈਟਿਕਸ, ਫੁੱਟਬਾਲ, ਵਾਲੀਬਾਲ, ਕਬੱਡੀ ਸਰਕਲ, ਕਬੱਡੀ ਨੈਸ਼ਨਲ, ਖੋ-ਖੋ ਗੇਮਾਂ ਕਰਵਾਈਆਂ ਜਾਣਗੀਆਂ।ਜ਼ਿਲ੍ਹਾ ਖੇਡ ਅਫ਼ਸਰ ਨੇ ਵੱਖ-ਵੱਖ ਬਲਾਕਾਂ ਦਾ ਸ਼ਡਿਊਲ ਜਾਰੀ ਕਰਦਿਆਂ ਦੱਸਿਆ ਕਿ ਚੋਹਲਾ ਸਾਹਿਬ ਬਲਾਕ ਦੀਆਂ ਖੇਡਾਂ ਸ੍ਰੀ ਗੁਰੂ ਅਰਜਨ ਦੇਵ ਸਟੇਡੀਅਮ ਚੋਹਲਾ ਸਾਹਿਬ ਵਿਖੇ 7 ਸਤੰਬਰ ਨੂੰ ਕਰਵਾਈਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਗੰਡੀਵਿੰਡ ਬਲਾਕ ਦੀਆਂ ਖੇਡਾਂ ਵੀ 7 ਸਤੰਬਰ ਨੂੰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਹੋਣਗੀਆਂ। ਉਨ੍ਹਾਂ ਦੱਸਿਆ ਕਿ ਖਡੂਰ ਸਾਹਿਬ ਬਲਾਕ ਦੀਆਂ ਖੇਡਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੀਆਂਵਿੰਡ ਵਿਖੇ 8 ਸਤੰਬਰ ਨੂੰ ਹੋ ਰਹੀਆਂ ਹਨ ਜਦਕਿ ਪੱਟੀ ਬਲਾਕ ਦੀਆਂ ਖੇਡਾਂ ਸਪੋਰਟਸ ਸਟੇਡੀਅਮ ਪੱਟੀ ਵਿਖੇ 8 ਸਤੰਬਰ ਨੂੰ ਹੀ ਹੋਣਗੀਆਂ।ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਨੌਸ਼ਹਿਰਾ ਪਨੂੰਆ ਬਲਾਕ ਦੀਆਂ ਖੇਡਾਂ ਸਰਦਾਰ ਬਲਵੀਰ ਸਿੰਘ ਸਪੋਰਟਸ ਸਟੇਡੀਅਮ ਨੌਸ਼ਹਿਰਾ ਵਿਖੇ 9 ਸਤੰਬਰ ਨੂੰ ਅਤੇ ਭਿੱਖੀਵਿੰਡ ਬਲਾਕ ਦੀਆਂ ਖੇਡਾਂ ਵੀ 9 ਸਤੰਬਰ ਨੂੰ ਬਾਬਾ ਦੀਪ ਸਿੰਘ ਸੀਨੀਅਰ ਸੈਕੰਡਰੀ ਸਕੂਲ ਪਹੂਵਿੰਡ ਵਿਖੇ ਹੋਣਗੀਆਂ। ਇਸ ਤੋਂ ਇਲਾਵਾ ਵਲਟੋਹਾ ਬਲਾਕ ਦੀਆਂ ਖੇਡਾਂ ਸ਼ਹੀਦ ਹਵਲਦਾਰ ਅਜੀਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਖੇਮਕਰਨ ਵਿਖੇ 10 ਸਤੰਬਰ ਨੂੰ ਅਤੇ ਨਾਗੋਕੇ ਬਲਾਕ ਦੀਆਂ ਖੇਡਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੀਆਂਵਿੰਡ ਵਿਖੇ 10 ਸਤੰਬਰ ਨੂੰ ਹੀ ਹੋਣਗੀਆਂ। ਉਨ੍ਹਾਂ ਦੱਸਿਆ ਕਿ ਤਰਨ ਤਾਰਨ ਬਲਾਕ ਦੀਆਂ ਖੇਡਾਂ 11 ਅਤੇ 12 ਸਤੰਬਰ ਨੂੰ ਸ੍ਰੀ ਗੁਰੂ ਅਰਜਨ ਦੇਵ ਖੇਡ ਸਟੇਡੀਅਮ ਤਰਨ ਤਾਰਨ ਵਿਖੇ ਕਰਵਾਈਆਂ ਜਾਣਗੀਆਂ।ਉਨ੍ਹਾਂ ਦੱਸਿਆ ਕਿ ਟੈਨਿਸ ਬਾਲ ਕ੍ਰਿਕੇਟ ਟੂਰਨਾਮੈਂਟ ਬਲਾਕ ਤੇ ਜ਼ਿਲ੍ਹੇ ਪੱਧਰ 'ਤੇ ਕਰਵਾਏ ਜਾਣਗੇ, ਜਿਸ ਦੀ ਆਨਲਾਈਨ ਰਜਿਸਟ੍ਰੇਸ਼ਨ ਦੀ ਆਖ਼ਰੀ ਤਰੀਕ 9 ਸਤੰਬਰ 2026 ਹੈ।



## ਬਾਬਾ ਬੁੱਢਾ ਸਾਹਿਬ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਅੱਜ ਤੋਂ

**ਝਬਾਲ (ਮੱਖਣ ਮਨੋਜ)** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਹੈੱਡ ਗ੍ਰੰਥੀ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ 6, 7 ਤੇ 8 ਅਕਤੂਬਰ ਨੂੰ ਮਨਾਏ ਜਾ ਰਹੇ ਤਿੰਨ ਰੋਜ਼ਾ ਸਾਲਾਨਾ ਜੋੜ ਮੇਲੇ ਦੀਆਂ ਤਿਆਰੀਆਂ ਸੰਬੰਧੀ ਵਿਚਾਰ ਵਟਾਂਦਰਾ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਤੁਗਲਵਾਲ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਗੁਰਨਾਮ ਸਿੰਘ ਕੋਟ ਅਤੇ ਡਿਪਟੀ ਚੀਫ ਤਲਵਿੰਦਰ ਸਿੰਘ ਰੈਸੀਆਨਾ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਪੁੱਜੇ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਧਰਵਿੰਦਰ ਸਿੰਘ ਮਾਨੋਚਾਹਲ ਅਤੇ ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨੇ ਦੱਸਿਆ ਕਿ 6 ਅਕਤੂਬਰ ਨੂੰ ਨਗਰ ਕੀਰਤਨ ਸਜਾਇਆ ਜਾਵੇਗਾ। 7 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਕਰਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਦੇ ਰੂਪ ਵਿੱਚ ਦੀਵਾਨ ਹਾਲ ਲਿਜਾਇਆ ਜਾਵੇਗਾ, ਜਿੱਥੇ ਧਾਰਮਿਕ ਦੀਵਾਨ ਆਰੰਭ ਹੋਣਗੇ।

## ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਅਧਿਆਪਕ ਦਿਵਸ ਮਨਾਇਆ

**ਝਬਾਲ (ਮੱਖਣ ਮਨੋਜ)** ਇਲਾਕੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਝਬਾਲ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ।ਇਸ ਮੌਕੇ ਸਕੂਲ ਦੇ ਐਮ.ਡੀ. ਪਰਮਜੀਤ ਸਿੰਘ ਸੋਹਲ ਨੇ ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਕਿਹਾ ਕਿ ਡਾ. ਸਾਹਿਬ ਦੇ ਜੀਵਨ ਤੋਂ ਸਾਨੂੰ ਪ੍ਰੇਰਣਾ ਲੈਣੀ ਚਾਹੀਦੀ ਹੈ।ਉਹ ਇੱਕ ਮਹਾਨ ਅਧਿਆਪਕ, ਵਧੀਆ ਲੇਖਕ ਅਤੇ ਮਹਾਨ ਫ਼ਿਲਾਸਫ਼ਰ ਸਨ।ਉਨ੍ਹਾਂ ਕਿਹਾ ਕਿ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬੀ ਗਿਆਨ ਹੀ ਨਹੀਂ ਦਿੰਦਾ, ਸਗੋਂ ਉਨ੍ਹਾਂ ਦੇ ਜੀਵਨ ਨੂੰ ਸਹੀ ਦਿਸ਼ਾ ਦਿੰਦਾ ਹੈ, ਉਨ੍ਹਾਂ ਵਿੱਚ ਆਤਮ ਵਿਸ਼ਵਾਸ ਪੈਦਾ ਕਰਦਾ ਹੈ ਅਤੇ ਇੱਕ ਚੰਗਾ ਨਾਗਰਿਕ ਬਣਨ ਵਿੱਚ ਮੱਦਦ ਕਰਦਾ ਹੈ।ਮਾਤਾ/ਪਿਤਾ ਸਾਨੂੰ ਜਨਮ ਦਿੰਦੇ ਹਨ, ਪਰ ਅ ਧਿ ਆ ਪ ਕ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਪੂਰਾ ਕਰਦਾ ਹੈ।ਇਸ ਸਮੇਂ ਸਾਰੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਬੱਚਿਆਂ ਵੱਲੋਂ ਅਧਿਆਪਕ ਦਿਵਸ ਨਾਲ ਸਬੰਧਤ ਲੈਕਚਰ, ਕਵਿਤਾਵਾਂ ਪੇਸ਼ ਕੀਤੀਆਂ ਗਈਆਂ।ਇਸ ਮੌਕੇ ਪ੍ਰਿੰਸੀਪਲ ਵਰਿੰਦਰ ਕੌਰ, ਮੈਨੇਜਿੰਗ ਕਮੇਟੀ ਸਕੱਤਰ ਹਰਜਿੰਦਰਪਾਲ ਸਿੰਘ, ਮੈਨੇਜਰ ਸਿਮਰਤਪਾਲ ਸਿੰਘ, ਕਲਰਕ ਬਲਵਿੰਦਰ ਸਿੰਘ, ਵਿਜੇ ਕੁਮਾਰ, ਹਰੀਸ਼ ਕੁਮਾਰ, ਮਨਦੀਪ ਕੌਰ, ਗੁਰਿੰਦਰ ਕੌਰ, ਮਨਬੀਰ ਕੌਰ, ਕਰਮਜੀਤ ਕੌਰ, ਨਵਦੀਪ ਕੌਰ, ਰਾਜਬੀਰ ਕੌਰ, ਗੁਰਜੀਤ ਕੌਰ, ਜਤਿੰਦਰਪਾਲ ਕੌਰ, ਕੁਲਵੰਤ ਕੌਰ ਅਤੇ ਬਾਕੀ ਅਧਿਆਪਕ ਸਾਹਿਬਾਨ ਹਾਜ਼ਰ ਸਨ।



## ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਸ਼੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਆਫ਼ ਕੈਂਡਿਡ ਸਟੱਡੀਜ਼, ਫ਼ਤਿਹਾਬਾਦ ਵਿਖੇ ਜਨਮਅਸ਼ਟਮੀ ਦਾ ਪਵਿੱਤਰ ਤਿਉਹਾਰ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਦੁਆਰਾ ਸਾਂਝੇ ਤੌਰ 'ਤੇ ਕੀਤੀ ਗਈ।ਇਸ ਮੌਕੇ ਸਕੂਲ ਦੇ ਨੰਨ੍ਹੇ-ਮੁੰਨੇ ਬੱਚੇ ਰਾਧਾ, ਸ਼੍ਰੀ ਕ੍ਰਿਸ਼ਨ ਦੀਆਂ ਬੇਹੱਦ ਸੁੰਦਰ ਪੋਸ਼ਾਕਾਂ ਪਹਿਨ ਕੇ ਆਏ, ਜਿਸ ਨਾਲ ਪੂਰਾ ਕੈਂਪਸ ਬ੍ਰਿੰਦਾਵਨ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ। ਵਿਦਿਆਰਥੀਆਂ ਨੇ ਭਗਵਾਨ ਕ੍ਰਿਸ਼ਨ ਦੇ ਜੀਵਨ 'ਤੇ ਆਧਾਰਿਤ ਸੁਰੀਲੇ ਭਜਨ ਗਾਏ ਅਤੇ ਸ਼ਾਨਦਾਰ ਨ੍ਰਿਤ ਰਾਹੀਂ ਸਭ ਦਾ ਮਨ ਮੋਹ ਲਿਆ।ਸਕੂਲ ਦੇ ਵਿਹੜੇ ਵਿੱਚ ਕਰਵਾਏ ਇਸ ਸਮਾਗਮ ਵਿੱਚ ਬੱਚਿਆਂ ਦੇ ਉਤਸ਼ਾਹ ਨੇ ਸਮਾਂ ਬੰਨ੍ਹ ਦਿੱਤਾ। ਵੱਖ-ਵੱਖ ਜਮਾਤਾਂ ਦੇ ਬੱਚਿਆਂ ਲਈ ਚਿੱਤਰਕਾਰੀ ਦੇ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿੱਚ ਉਨ੍ਹਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਨੀਤਾ ਚਤਰਥ ਨੇ ਬੱਚਿਆਂ ਦੀ ਪ੍ਰਤਿਭਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸ਼੍ਰੀ ਕ੍ਰਿਸ਼ਨ ਦੇ ਉਪਦੇਸ਼ਾਂ ਬਾਰੇ ਵਿਸਥਾਰ ਵਿੱਚ ਦੱਸਿਆ।ਇਸ ਮੌਕੇ ਸਕੂਲ ਦੇ ਸਰਪ੍ਰਸਤ ਮਾਸਟਰ ਮੰਗਤ ਰਾਮ ਅਤੇ ਚੇਅਰਮੈਨ ਰਵਿੰਦਰ ਕੁਮਾਰ ਨੇ ਬੱਚਿਆਂ ਦੀ ਬਿਹਤਰੀਨ ਕਲਾਤਮਕ ਪ੍ਰਤਿਭਾ ਦੀ ਭਰਪੂਰ ਸ਼ਲਾਘਾ ਕਰਦਿਆਂ ਹੌਸਲਾ ਅਫ਼ਜ਼ਾਈ ਕੀਤੀ।ਮਮਤਾ ਮੈਡਮ ਮਨਜਿੰਦਰ ਕੌਰ, ਜਸਬੀਰ ਸਿੰਘ, ਰਮਨਦੀਪ ਕੌਰ, ਕੁਲਵਿੰਦਰ ਕੌਰ, ਹਰਪ੍ਰੀਤ ਕੌਰ, ਕੰਵਲਪ੍ਰੀਤ ਕੌਰ, ਅਰਚਨਾ ਮੈਡਮ, ਰਜਨੀਸ਼ ਮੈਡਮ, ਨਵਨੀਤ ਕੌਰ, ਇੰਦੀਪ ਕੌਰ, ਕਿਰਨਦੀਪ ਕੌਰ, ਬਲਜੀਤ ਕੌਰ, ਅੰਤਰਪ੍ਰੀਤ ਕੌਰ, ਕੋਮਲਪ੍ਰੀਤ ਕੌਰ, ਨਵਜੋਤ ਕੌਰ, ਜਸਪ੍ਰੀਤ ਕੌਰ ਅਤੇ ਤੇਜਿੰਦਰ ਸਿੰਘ ਆਦਿ ਹਾਜ਼ਰ ਸਨ।



## ਹਰ ਕਿਸਾਨ ਲਈ ਫਾਰਮਰ ਰਜਿਸਟਰੀ ਬਣਵਾਉਣਾ ਜ਼ਰੂਰੀ : ਡਾ. ਚੀਮਾ

**ਧਾਰੀਵਾਲ (ਮਨਦੀਪ ਵਿੱਕੀ)**- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਅਤੇ ਸਹੂਲਤਾਂ ਨਾਲ ਜੋੜਨ ਲਈ ਹਰੇਕ ਕਿਸਾਨ ਦੀ ਫਾਰਮਰ ਰਜਿਸਟਰੀ ਤਿਆਰ ਕੀਤੀ ਜਾ ਰਹੀ ਹੈ।ਇਸ ਸਬੰਧੀ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾ. ਸ਼ਾਹਬਾਜ਼ ਸਿੰਘ ਚੀਮਾ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਫਾਰਮਰ ਰਜਿਸਟਰੀ ਜ਼ਰੂਰ ਬਣਵਾਉਣ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਅਤੇ ਹੋਰ ਖੇਤੀਬਾੜੀ ਸਬੰਧੀ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਵਿੱਚ ਕਿਸੇ ਕਿਸਮ ਦੀ ਦਿੱਕਤ ਨਾ ਆਵੇ। ਡਾ. ਚੀਮਾ ਨੇ ਦੱਸਿਆ ਕਿ ਜਿਸ ਕਿਸਾਨ ਦੇ ਨਾਮ 'ਤੇ ਵਾਹੀਯੋਗ ਜ਼ਮੀਨ ਦਰਜ ਹੈ, ਉਸ ਲਈ ਫਾਰਮਰ ਰਜਿਸਟਰੀ ਬਣਵਾਉਣਾ ਜ਼ਰੂਰੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਫਾਰਮਰ ਰਜਿਸਟਰੀ ਬਣਵਾਉਣ ਲਈ ਜ਼ਮੀਨ ਦੀ ਮਾਤਰਾ ਸਬੰਧੀ ਕੋਈ ਸ਼ਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਫਾਰਮਰ ਰਜਿਸਟਰੀ ਸਬੰਧੀ ਕਿਸਾਨਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਹ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰਕੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਮੁੜ ਜ਼ੋਰ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਦਾ ਕੋਈ ਵੀ ਯੋਗ ਕਿਸਾਨ ਇਸ ਪ੍ਰਕਿਰਿਆ ਤੋਂ ਵਾਂਝਾ ਨਾ ਰਹੇ ਅਤੇ ਸਾਰੇ ਕਿਸਾਨ ਆਪਣੀ ਫਾਰਮਰ ਰਜਿਸਟਰੀ ਜ਼ਰੂਰ ਬਣਵਾਉਣ।



## ਸਿੱਕੀ ਦੇ ਹੱਕ 'ਚ ਡਟ ਕੇ ਖੜ੍ਹੀ ਯੂਥ ਦੀ ਤਾਕਤ : ਰੰਧਾਵਾ, ਪਵਾਰ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਮਾਝੇ ਦੇ ਸਭ ਤੋਂ ਜਿਆਦਾ ਸਿਆਸੀ ਖਿੱਚ ਰੱਖਣ ਵਾਲੇ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਹਲਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹੱਕ ਵਿੱਚ ਦਿੱਤਾ ਗਿਆ ਬਿਆਨ ਬਿਲਕੁਲ ਸਹੀ ਅਤੇ ਹਕੀਕਤ ਦੇ ਅਨੁਕੂਲ ਹੈ।ਇਹ ਗੱਲ ਯੂਥ ਪ੍ਰਧਾਨ ਜੁਗਰਾਜ ਸਿੰਘ ਰੰਧਾਵਾ ਅਤੇ ਪੀ.ਏ ਰਣਜੀਤ ਸਿੰਘ ਪਵਾਰ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਤੌਰ 'ਤੇ ਆਖੀ।ਉਨ੍ਹਾਂ ਕਿਹਾ ਕਿ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦੇ ਲੋਕ ਪਸੰਦ ਕਰਦੇ ਹਨ ਅਤੇ ਸ੍ਰੀ ਸਿੱਕੀ ਵੱਲੋਂ ਉਨ੍ਹਾਂ ਦੇ ਹੱਕ ਵਿੱਚ ਆਪਣੀ ਗੱਲ ਰੱਖਣਾ ਕੋਈ ਗਲਤ ਗੱਲ ਨਹੀਂ।ਉਨ੍ਹਾਂ ਕਿਹਾ ਕਿ ਕੁਝ ਲੋਕ ਜਾਣਬੁੱਝ ਕੇ ਸ੍ਰੀ ਸਿੱਕੀ ਦੇ ਬਿਆਨ ਦੀਆਂ ਵੀਡੀਓਜ਼ ਸੋਸ਼ਲ ਮੀਡੀਆ 'ਤੇ ਪਾ ਕੇ ਗਲਤ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।ਹਲਕੇ ਦਾ ਯੂਥ ਰਮਨਜੀਤ ਸਿੰਘ ਸਿੱਕੀ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ।ਯੂਥ ਪ੍ਰਧਾਨ ਅਤੇ ਪੀ.ਏ. ਨੇ ਕਿਹਾ ਕਿ ਖਡੂਰ ਸਾਹਿਬ ਦੇ ਲੋਕ ਰਮਨਜੀਤ ਸਿੰਘ ਸਿੱਕੀ ਦੀ ਸਭ ਤੋਂ ਵੱਡੀ ਤਾਕਤ ਹਨ।ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਲਕੇ ਦੇ ਲੋਕ ਸਿੱਕੀ ਸਾਹਿਬ ਦੇ ਹੱਕ ਵਿੱਚ ਵੱਡੀ ਗਿਣਤੀ ਵਿੱਚ ਖੜਨਗੇ ਅਤੇ ਉਨ੍ਹਾਂ ਨੂੰ ਵੱਡੀ ਲੀਡ ਨਾਲ ਜਿਤਾਉਣ ਲਈ ਆਪਣਾ ਸਮਰਥਨ ਦੇਣਗੇ।



## ਭਾਈ ਚਮਕੌਰ ਸਿੰਘ ਧੁੰਨ ਤੇ ਭਾਈ ਰਾਸਲ ਸਿੰਘ ਵਿਚਾਲੇ ਮੁਲਾਕਾਤ

**ਲੰਡਨ (ਚੋਹਲਾ ਸਾਹਿਬ)** ਯੂਨਾਈਟਿਡ ਕਿੰਗਡਮ (ਯੂ.ਕੇ.) ਦੀ ਧਰਤੀ 'ਤੇ 'ਵਾਰਿਸ ਪੰਜਾਬ ਅਕਾਲੀ ਦਲ' ਦੇ ਜ਼ਿਲ੍ਹਾ ਪ੍ਰਧਾਨ ਭਾਈ ਚਮਕੌਰ ਸਿੰਘ ਧੁੰਨ ਵੱਲੋਂ ਅਮਰ ਸ਼ਹੀਦ ਭਾਈ ਨਿਰਮਲ ਸਿੰਘ ਚੋਹਲਾ ਸਾਹਿਬ ਦੇ ਸਪੁੱਤਰ ਅਤੇ ਪੰਥਕ ਕਵੀਸ਼ਰ ਭਾਈ ਰਾਸਲ ਸਿੰਘ ਨਾਲ ਇੱਕ ਨਿੱਘੀ ਅਤੇ ਅਹਿਮ ਮੁਲਾਕਾਤ ਕੀਤੀ ਗਈ।ਇਸ ਮੁਲਾਕਾਤ ਦੌਰਾਨ ਦੋਹਾਂ ਆਗੂਆਂ ਵਿਚਾਲੇ ਪੰਥਕ ਭਾਈਚਾਰਕ ਸਾਂਝ, ਕੌਮੀ ਚੜ੍ਹਦੀ ਕਲਾ ਅਤੇ ਪਰਵਾਸੀ ਸਿੱਖ ਸੰਗਤਾਂ ਵੱਲੋਂ ਕੌਮੀ ਸੇਵਾਵਾਂ ਵਿੱਚ ਪਾਏ ਜਾ ਰਹੇ ਯੋਗਦਾਨ 'ਤੇ ਵਿਚਾਰ-ਵਟਾਂਦਰਾ ਹੋਇਆ।ਭਾਈ ਚਮਕੌਰ ਸਿੰਘ ਧੁੰਨ ਨੇ ਭਾਈ ਰਾਸਲ ਸਿੰਘ ਅਤੇ ਉਨ੍ਹਾਂ ਦੇ ਸ਼ਹੀਦੀ ਪਰਵਾਰ ਵੱਲੋਂ ਕਵੀਸ਼ਰੀ ਰਾਹੀਂ ਸਿੱਖ ਇਤਿਹਾਸ ਤੇ ਪੰਥਕ ਦਰਦ ਨੂੰ ਸੰਗਤਾਂ ਤੱਕ ਪਹੁੰਚਾਉਣ ਦੀਆਂ ਸੇਵਾਵਾਂ ਦੀ ਪੂਰੀ ਸ਼ਲਾਘਾ ਕੀਤੀ।ਇਸ ਮੌਕੇ ਭਾਈ ਰਾਸਲ ਸਿੰਘ ਕਵੀਸ਼ਰ ਨੇ ਭਾਈ ਚਮਕੌਰ ਸਿੰਘ ਧੁੰਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਅਤੇ ਕੌਮੀ ਏਕਤਾ ਲਈ ਯਤਨਸ਼ੀਲ ਰਹਿਣਾ ਹੀ ਸੱਚਾ ਪੰਥਕ ਫ਼ਰਜ਼ ਹੈ। ਯੂ.ਕੇ. ਦੀਆਂ ਸੰਗਤਾਂ ਅਤੇ ਸਮਰਥਕਾਂ ਵੱਲੋਂ ਵੀ ਇਸ ਮੁਲਾਕਾਤ ਦੀ ਪ੍ਰਸ਼ੰਸਾ ਕੀਤੀ ਗਈ ਹੈ।



## ਪੰਜਾਬ ਨੈਸ਼ਨਲ ਬੈਂਕ ਹਨੂੰਮਾਨ ਚੌਂਕ ਨਜ਼ਦੀਕ ਕੂੜੇ ਤੋਂ ਲੋਕ ਪ੍ਰੇਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਸਰਕਾਰ ਵਲੋਂ ਚਲਾਈ ਗਈ ਸਫ਼ਾਈ ਮੁਹਿੰਮ ਦੀ ਗੁਰਦਾਸਪੁਰ ਸ਼ਹਿਰ ਅੰਦਰ ਫੂਕ ਨਿਕਲ ਚੁਕੀ ਹੈ ਕਿਉਂਕਿ ਸ਼ਹਿਰ ਅੰਦਰ ਥਾਂ-ਥਾਂ 'ਤੇ ਲੱਗੇ ਕੂੜੇ ਦੇ ਢੇਰਾਂ ਤੋਂ ਲੋਕ ਬੇਹੱਦ ਦੁਖੀ ਨਜ਼ਰ ਆ ਰਹੇ ਹਨ।



ਹਨੂੰਮਾਨ ਚੌਕ ਤੋਂ ਲਾਇਬ੍ਰੇਰੀ ਰੋਡ 'ਤੇ ਪੈਂਦੇ ਪੰਜਾਬ ਨੈਸ਼ਨਲ ਬੈਂਕ ਹਨੂੰਮਾਨ ਚੌਕ ਸਾਹਮਣੇ ਨਜ਼ਦੀਕ ਲੱਗੇ ਕੂੜੇ ਦੇ ਵੱਡੇ ਵੱਡੇ ਢੇਰਾਂ ਤੋਂ ਨਜ਼ਦੀਕੀ ਦੁਕਾਨਦਾਰ ਅਤੇ ਰਿਹਾਇਸ਼ੀ ਲੋਕ ਬੇਹਦ ਪ੍ਰੇਸ਼ਾਨ ਹਨ। ਇਹ ਕੂੜੇ ਦੀਆਂ ਢੇਰੀਆਂ ਪਿਛਲੇ ਕਈ ਦਿਨਾਂ ਤੋਂ ਨਹੀਂ ਚੁੱਕੀਆਂ ਜਾ ਰਹੀਆਂ ਜਿਸ ਕਰਕੇ ਲੋਕਾਂ ਦਾ ਸਬੰਧਿਤ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ ਇਸ ਸਬੰਧੀ ਗੱਲਬਾਤ ਕਰਦਿਆਂ ਨੇ ਨਜ਼ਦੀਕੀ ਦੁਕਾਨਦਾਰਾਂ ਅਤੇ ਲੋਕਾਂ ਨੇ ਦੱਸਿਆ ਕਿ ਇਕ ਪਾਸੇ ਸਿਹਤ ਵਿਭਾਗ ਵਲੋਂ ਡੇਂਗੂ ਅਤੇ ਮਲੇਰੀਏ ਤੋਂ ਬਚਣ ਲਈ ਲੋਕਾਂ ਨੂੰ ਘਰ-ਘਰ ਜਾ ਕੇ ਜਾਗਰੂਕ ਕੀਤਾ ਜਾ ਰਿਹਾ ਹੈ ਉੱਥੇ ਹੀ ਦੂਸਰੇ ਪਾਸੇ ਇਹ ਕੂੜੇ ਦੀਆਂ ਢੇਰੀਆਂ ਤੋਂ ਭਿਆਨਕ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ। ਲੋਕਾਂ ਦਾ ਕਹਿਣਾ ਹੈ ਕਿ ਸੈਨਟਰੀ ਇੰਸਪੈਕਟਰ ਦੇ ਧਿਆਨ ਹਿੱਤ ਲਿਆਉਣ ਦੇ ਬਾਵਜੂਦ ਵੀ ਇਨ੍ਹਾਂ ਕੂੜੇ ਦੀਆਂ ਢੇਰੀਆਂ ਨੂੰ ਇੱਥੋਂ ਚੁੱਕਿਆ ਨਹੀਂ ਗਿਆ ਅਤੇ ਇਹ ਕੂੜੇ ਦੇ ਢੇਰ ਦਿਨ-ਪ੍ਰਤੀ ਦਿਨ ਵਧਦੇ ਜਾ ਰਹੇ ਹਨ। ਉਨ੍ਹਾਂ ਕਿਹਾ ਜੇਕਰ ਇਨ੍ਹਾਂ ਕੂੜੇ ਦੇ ਢੇਰਾਂ ਨੂੰ ਜਲਦ ਨਾ ਚੁੱਕਿਆ ਗਿਆ ਤਾਂ ਜਿੱਥੇ ਹੋਰ ਵੀ ਜਿਆਦਾ ਗੰਦਗੀ ਫੈਲ ਜਾਵੇਗੀ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਗਈ ਪੰਜਾਬ ਨੈਸ਼ਨਲ ਬੈਂਕ ਹਨੂੰਮਾਨ ਚੌਂਕ ਨਜ਼ਦੀਕ ਲੱਗੇ ਕੂੜੇ ਦੇ ਢੇਰਾਂ ਨੂੰ ਜਲਦ ਤੋਂ ਜਲਦ ਚੁਕਵਾਇਆ ਜਾਵੇ ਤਾਂ ਜੋ ਲੋਕ ਭਿਆਨਕ ਬਿਮਾਰੀਆਂ ਦੀ ਗ੍ਰਿਫਤ ਵਿੱਚ ਆਉਣ ਤੋਂ ਬਚ ਸਕਣ।

## ਸਮਰਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)** ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਜਿਲ੍ਹਾ ਗੁਰਦਾਸਪੁਰ ਵੱਲੋਂ ਕਾਮਰੇਡ ਅਜਮੇਰ ਸਿੰਘ ਸਮਰਾ ਦੇ ਸਦੀਵੀ ਵਿਛੋੜਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਡਾ. ਅਸ਼ੋਕ ਭਾਰਤੀ, ਜਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਦਾਦੂਜੋਧ, ਸੂਬਾ ਕਮੇਟੀ ਮੈਂਬਰ ਸਵਿੰਦਰ ਪਾਲ ਸਿੰਘ ਮੋਹਲੋਵਾਲੀ, ਰਾਮ ਲੁਭਾਇਆ ਅਤੇ ਮਾਸਟਰ ਗੁਰਚਰਨ ਸਿੰਘ ਟਾਹਲੀ ਅਤੇ ਹੋਰ ਸਾਥੀਆਂ ਨੇ ਕਾਮਰੇਡ ਅਜਮੇਰ ਸਿੰਘ ਨੂੰ ਇਨਕਲਾਬੀ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਆਪਣੀ ਪੂਰੀ ਜਿੰਦਗੀ ਕਮਿਊਨਿਸਟ ਇਨਕਲਾਬੀ ਲਹਿਰ ਦੇ ਆਗੂ ਵਜ਼ੋਂ ਭੂਮਿਕਾ ਨਿਭਾਉਣ ਅਤੇ ਕਿਰਤੀ ਲੋਕਾਂ ਦੇ ਲੇਖੇ ਲਾਉਣ ਵਾਲੇ ਸਾਥੀ ਦੇ ਜੀਵਨ ਤੋਂ ਹਮੇਸ਼ਾ ਪ੍ਰੇਰਨਾ ਮਿਲਦੀ ਰਹੇਗੀ। ਇਸ ਮੌਕੇ ਉੱਘੇ ਮਜ਼ਦੂਰ ਆਗੂ ਕਾਮਰੇਡ ਗੁਰਨਾਮ ਸਿੰਘ ਦਾਊਦ ਦੇ ਸਦੀਵੀ ਵਿਛੋੜਾ ਦੇ ਜਾਣ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸ਼ਰਧਾਂਜਲੀ ਭੇਟ ਕੀਤੀ ਗਈ।



## ਆਈ ਜੀ ਭੁੱਲਰ ਨੂੰ ਮਿਲੇ ਗੁਰਜੀਤ ਔਜਲਾ

**ਜੈਂਤੀਪੁਰ (ਸੁਖਬੀਰ ਸਿੱਧੂ)** ਨਸ਼ਿਆਂ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਅਟਾਰੀ ਦੇ ਸਰਪੰਚ ਹਰਪ੍ਰੀਤ ਸਿੰਘ ਹੈਪੀ ਅਤੇ ਕਾਂਗਰਸੀ ਵਰਕਰ ਸਨੀ ਸਿੰਘ 'ਤੇ ਹੋਏ ਕਥਿਤ ਹਮਲੇ ਦਾ ਮਾਮਲਾ ਹੁਣ ਸਿਆਸੀ ਤੌਰ 'ਤੇ ਵੀ ਭਖ ਗਿਆ ਹੈ।ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਸ਼ੁੱਕਰਵਾਰ ਨੂੰ ਸਰਪੰਚ ਹੈਪੀ ਅਤੇ ਹੋਰ ਕਾਂਗਰਸੀ ਵਰਕਰਾਂ ਨਾਲ ਬਾਰਡਰ ਰੇਂਜ ਦੇ ਆਈ ਜੀ ਗੁਰਪ੍ਰੀਤ ਸਿੰਘ ਭੁੱਲਰ ਨੂੰ ਮਿਲਣ ਪਹੁੰਚੇ।ਔਜਲਾ ਨੇ ਆਈ ਜੀ ਨੂੰ ਮੰਗ ਪੱਤਰ ਸੌਂਪ ਕੇ ਮਾਮਲੇ ਦੀ ਨਿਰਪੱਖ ਜਾਂਚ, ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਅਤੇ ਪੀੜਤਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਦੀ ਮੰਗ ਕੀਤੀ। ਸੰਸਦ ਮੈਂਬਰ ਨੇ ਦੋਸ਼ ਲਾਇਆ ਕਿ ਨਸ਼ਾ ਤਸਕਰਾਂ ਖ਼ਿਲਾਫ਼ ਆਵਾਜ਼ ਉਠਾਉਣ ਅਤੇ ਪੁਲਸ ਨੂੰ ਜਾਣਕਾਰੀ ਦੇਣ ਵਾਲੇ ਲੋਕਾਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਔਜਲਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਮਾਮਲੇ ਵਿੱਚ ਕਾਰਵਾਈ ਨਾ ਹੋਈ ਤਾਂ ਕਾਂਗਰਸੀ ਵਰਕਰ ਲੋਕਤੰਤਰੀ ਢੰਗ ਨਾਲ ਐੱਸ ਐੱਸ ਪੀ ਅਤੇ ਸਬੰਧਤ ਪੁਲਸ ਅਧਿਕਾਰੀਆਂ ਦੇ ਦਫ਼ਤਰਾਂ ਦਾ ਘਿਰਾਓ ਕਰਨਗੇ।ਸਰਪੰਚ ਹਰਪ੍ਰੀਤ ਸਿੰਘ ਹੈਪੀ ਨੇ ਦੋਸ਼ ਲਾਇਆ ਕਿ ਪਿੰਡ ਦੇ ਲੋਕਾਂ ਨੇ ਉਨ੍ਹਾਂ ਨੂੰ ਨਸ਼ਿਆਂ ਖ਼ਿਲਾਫ਼ ਕੰਮ ਕਰਨ ਦੀ ਉਮੀਦ ਨਾਲ ਚੁਣਿਆ ਸੀ, ਪਰ ਨਸ਼ਾ ਤਸਕਰਾਂ ਖ਼ਿਲਾਫ਼ ਆਵਾਜ਼ ਉਠਾਉਣ ਕਾਰਨ ਉਨ੍ਹਾਂ ਨੂੰ ਲਗਾਤਾਰ ਧਮਕੀਆਂ ਅਤੇ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਵੱਡੇ ਪੱਧਰ 'ਤੇ ਨਸ਼ਿਆਂ ਦੇ ਕਾਰੋਬਾਰ ਨਾਲ ਜੁੜੇ ਲੋਕਾਂ ਖ਼ਿਲਾਫ਼ ਕਾਰਵਾਈ ਕਰਨ ਦੀ ਬਜਾਏ ਸਿਰਫ਼ ਹੇਠਲੇ ਪੱਧਰ ਦੇ ਇੱਕ ਵਿਅਕਤੀ ਖ਼ਿਲਾਫ਼ ਹੀ ਕਾਰਵਾਈ ਕੀਤੀ ਗਈ।ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਸਰਪੰਚ ਹੈਪੀ ਅਤੇ ਉਨ੍ਹਾਂ ਦੇ ਸਾਥੀ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾ ਰਹੇ ਹਨ ਅਤੇ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਪੁਲਿਸ ਤੱਕ ਪਹੁੰਚਾਉਂਦੇ ਰਹੇ ਹਨ। ਇਸ ਕਾਰਨ ਕਥਿਤ ਤੌਰ 'ਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਔਜਲਾ ਨੇ ਦੋਸ਼ ਲਾਇਆ ਕਿ ਇੱਕ ਵੱਡੀ ਨਸ਼ਿਆਂ ਦੀ ਖੇਪ ਫੜੇ ਜਾਣ ਤੋਂ ਬਾਅਦ ਸਰਪੰਚ ਅਤੇ ਉਨ੍ਹਾਂ ਦੇ ਸਾਥੀਆਂ 'ਤੇ ਹਮਲਾ ਕਰਵਾਇਆ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਮਾਮਲੇ ਨਾਲ ਸਬੰਧਤ ਕੁਝ ਲੋਕਾਂ ਕੋਲ ਕਥਿਤ ਆਡੀਓ ਅਤੇ ਵੀਡੀਓ ਵੀ ਮੌਜੂਦ ਹਨ, ਜਿਨ੍ਹਾਂ ਵਿੱਚ ਹਮਲਾ ਕਰਨ ਦੇ ਨਿਰਦੇਸ਼ ਦਿੱਤੇ ਜਾਣ ਦੀ ਗੱਲ ਸਾਹਮਣੇ ਆਉਂਦੀ ਹੈ।ਉਨ੍ਹਾਂ ਕਿਹਾ ਕਿ ਘਟਨਾ ਤੋਂ ਬਾਅਦ ਵੀ ਪੁਲਸ ਵੱਲੋਂ ਉਮੀਦ ਮੁਤਾਬਕ ਕਾਰਵਾਈ ਨਹੀਂ ਕੀਤੀ ਗਈ। ਪੀੜਤਾਂ ਦੇ ਘਰਾਂ ਵਿੱਚ ਕਥਿਤ ਤੌਰ 'ਤੇ ਤੋੜਫੋੜ ਅਤੇ ਹਮਲੇ ਹੋਏ, ਪਰ ਕਾਰਵਾਈ ਕਰਨ ਦੀ ਬਜਾਏ ਪੀੜਤ ਧਿਰ 'ਤੇ ਹੀ ਦਬਾਅ ਬਣਾਇਆ ਜਾ ਰਿਹਾ ਹੈ। ਔਜਲਾ ਨੇ ਕਿਹਾ ਕਿ ਜੇਕਰ ਪੰਜਾਬ ਵਿੱਚ ਨਸ਼ਿਆਂ ਖ਼ਿਲਾਫ਼ ਲੜਨ ਵਾਲੇ ਲੋਕਾਂ ਨੂੰ ਹੀ ਧਮਕੀਆਂ, ਹਮਲਿਆਂ ਅਤੇ ਦਬਾਅ ਦਾ ਸਾਹਮਣਾ ਕਰਨਾ ਪਵੇਗਾ ਤਾਂ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ 'ਤੇ ਸਵਾਲ ਉੱਠਣਾ ਸੁਭਾਵਿਕ ਹੈ। ਔਜਲਾ ਨੇ ਆਈ ਜੀ ਬਾਰਡਰ ਰੇਂਜ ਤੋਂ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਅਤੇ ਸਰਪੰਚ ਸਮੇਤ ਪੀੜਤ ਧਿਰ ਨੂੰ ਸੁਰੱਖਿਆ ਦੇਣ ਦੀ ਮੰਗ ਕੀਤੀ।ਸੰਸਦ ਮੈਂਬਰ ਔਜਲਾ ਨੇ ਸਪੱਸ਼ਟ ਕਿਹਾ ਕਿ ਜੇਕਰ ਸ਼ਿਕਾਇਤ ਦੇ ਬਾਵਜੂਦ ਕਾਰਵਾਈ ਨਾ ਹੋਈ ਤਾਂ ਕਾਂਗਰਸੀ ਵਰਕਰ ਲੋਕਤੰਤਰੀ ਢੰਗ ਨਾਲ ਆਪਣਾ ਸੰਘਰਸ਼ ਅੱਗੇ ਵਧਾਉਣਗੇ। ਉਨ੍ਹਾਂ ਮੰਗ ਕੀਤੀ ਕਿ ਜੇਕਰ ਪੁਲਸ ਮੁਲਾਜ਼ਮਾਂ ਵੱਲੋਂ ਨੌਜਵਾਨ ਨਾਲ ਗਲਤ ਵਿਵਹਾਰ ਜਾਂ ਕੁੱਟਮਾਰ ਕੀਤੀ ਗਈ ਹੈ ਤਾਂ ਸਬੰਧਤ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।



## ਕ੍ਰਿਸ਼ਨ ਜਨਮ ਅਸ਼ਟਮੀ ਦੇ ਮੌਕੇ ਪੂਜਾ ਅਰਚਨਾ ਸਮਾਗਮ

**ਅੰਮ੍ਰਿਤਸਰ (ਅਰੋੜਾ)**:- ਲੱਖਾਂ ਮਰੀਜ਼ਾਂ ਦਾ ਹੱਲ ਬਿਨਾਂ ਦਵਾਈ, ਬਿਨਾਂ ਆਪ੍ਰੇਸ਼ਨ ਅਤੇ ਬਿਨਾਂ ਟੈਸਟਾਂ ਤੋਂ ਕਰਨ ਤੋਂ ਬਾਅਦ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਪ੍ਰਦਾਨ ਕਰ ਰਹੇ ਯੋਗ ਸਾਧਨ ਆਸ਼ਰਮ ਛੇਹਰਟਾ ਵਿਖੇ ਸਵਾਮੀ ਗੁਰਬਖ਼ਸ਼ ਰਾਏ ਜੀ ਮਹਾਰਾਜ ਦੀ ਪ੍ਰਧਾਨਗੀ ਹੇਠ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਮੌਕੇ ਤੇ ਪੂਜਾ ਅਰਚਨਾ ਦਾ ਆਯੋਜਨ ਕੀਤਾ ਗਿਆ। ਸਭ ਤੋਂ ਪਹਿਲਾਂ ਭਗਵਾਨ ਸ਼੍ਰੀ ਕ੍ਰਿਸ਼ਨ ਨੂੰ ਫੁੱਲ ਅਰਪਿਤ ਕੀਤੇ ਗਏ।ਭਾਰੀ ਗਿਣਤੀ ਵਿੱਚ ਯੋਗ ਪ੍ਰੇਮੀਆਂ ਨੇ ਇਸ ਸਾਦੇ ਸਮਾਰੋਹ ਵਿੱਚ ਭਾਗ ਲੈ ਕੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸਮਾਜ ਸੇਵਕ ਰੋਟੇਰੀਅਨ ਅੰਦੇਸ਼ ਭੱਲਾ, ਅਸ਼ਵਨੀ ਏਰੀ, ਵਾਰਡ ਨੰਬਰ 79 ਦੇ ਕੌਂਸਲਰ ਬੌਬੀ, ਗੁਰਸ਼ਰਨ ਸਿੰਘ, ਹਰਦੀਪ ਸਿੰਘ, ਭੁਪਿੰਦਰ ਗੁਪਤਾ, ਰਾਜਨ, ਨਰੇਸ਼ ਸ਼ਰਮਾ, ਰਜਿੰਦਰ ਨਈਅਰ, ਵਿਜੇ ਕੁਮਾਰ ਪਟਵਾਰੀ, ਅਜੇ ਭਾਟੀਆ ਸਮੇਤ ਭਾਰੀ ਗਿਣਤੀ ਵਿੱਚ ਯੋਗ ਪ੍ਰੇਮੀ ਮੌਜੂਦ ਸਨ।



## ਏ ਆਈ ਪਲੱਸ ਨੇ ਨੈਕਸਟ ਕਵਾਂਟਮ ਓ

**ਲੁਧਿਆਣਾ**: ਏਆਈ ਪਲੱਸ ਸਮਾਰਟਫੋਨ ਨੇ ਨੈਕਸਟ ਕਵਾਂਟਮ ਓਐਸ ਵੀ1.1 ਪੇਸ਼ ਕੀਤਾ ਹੈ, ਜੋ ਪ੍ਰਾਈਵੇਸੀ ਅਤੇ ਡਾਟਾ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਦਾ ਹੈ। ਕੰਪਨੀ ਮੁਤਾਬਕ, ਓਐਸ ਵਿੱਚ ਐਪਲੀਕੇਸ਼ਨਾਂ ਦੀ ਡਿਵਾਈਸ ਅਤੇ ਡਾਟਾ ਤੱਕ ਪਹੁੰਚ ਬਾਰੇ ਯੂਜ਼ਰਾਂ ਨੂੰ ਵਧੇਰੇ ਜਾਣਕਾਰੀ ਤੇ ਕੰਟਰੋਲ ਮਿਲੇਗਾ। ਨੈਕਸਟ ਕਵਾਂਟਮ ਦੀ ਸੌਵਰਨ ਡਾਟਾ ਬਾਊਂਡਰੀ ਤਹਿਤ ਐਪ ਡਾਟਾ ਟ੍ਰੈਫਿਕ 100 ਫੀਸਦੀ ਭਾਰਤ ਵਿੱਚ ਹੋਸਟ ਕੀਤੇ ਇਨਫ੍ਰਾਸਟਰੱਕਚਰ ਰਾਹੀਂ ਰੂਟ ਕੀਤਾ ਜਾਂਦਾ ਹੈ। ਸਿਸਟਮ 1,000 ਤੋਂ ਵੱਧ ਕਨੈਕਸ਼ਨਾਂ ਅਤੇ 172 ਵਿਲੱਖਣ ਡੈਸਟੀਨੇਸ਼ਨ ਆਈਪੀਜ਼ ਦਾ ਆਟੋਮੇਟਿਡ ਵਿਸ਼ਲੇਸ਼ਣ ਕਰਦਾ ਹੈ। ਏਆਈ ਪਲੱਸ ਦੇ ਸੀਈਓ ਮਾਧਵ ਸੇਠ ਨੇ ਕਿਹਾ ਕਿ ਤਕਨਾਲੋਜੀ ਵਿੱਚ ਲੋਕਾਂ ਦਾ ਭਰੋਸਾ ਸਭ ਤੋਂ ਮਹੱਤਵਪੂਰਨ ਹੈ।

## ਬਾਬਾ ਬੁੱਧੂ ਮਹਾਰਾਜ ਦਾ ਪ੍ਰਕਾਸ਼ ਉਤਸਵ 11 ਨੂੰ

**ਅੰਮ੍ਰਿਤਸਰ (ਅਰੋੜਾ)**:- ਚੰਡੋਕ ਬਿਰਾਦਰੀ ਦੇ ਇਸ਼ਟਦੇਵ ਮਹਾਗੁਰੂ ਬਾਬਾ ਬੁੱਧੂ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦੇ ਮੌਕੇ ਵਿਸ਼ਾਲ ਮੇਲੇ ਦਾ ਆਯੋਜਨ 11 ਸਤੰਬਰ ਮੱਸਿਆ ਵਾਲੇ ਦਿਨ ਪੱਕਾ ਪਿੰਡ ਨੇਸ਼ਟਾ ਅਟਾਰੀ ਵਿਖੇ ਮੰਦਰ ਸ੍ਰੀ ਬਾਬਾ ਬੁੱਧੂ ਵੈਲਫੇਅਰ ਸੁਸਾਇਟੀ (ਰਜਿ.) ਵੱਲੋਂ ਬੜੀ ਧੂਮਧਾਮ ਨਾਲ ਸੰਪੰਨ ਹੋਵੇਗਾ। ਪ੍ਰਧਾਨ ਸਮਾਜ ਸੇਵਕ ਲਲਿਤ ਮੋਹਨ ਚੰਡੋਕ ਨੇ ਦੱਸਿਆ ਕਿ ਸਵੇਰੇ 08 ਵਜੇ ਹਵਨ ਯੱਗ ਦਾ ਆਯੋਜਨ ਕੀਤਾ ਜਾਵੇਗਾ, ਉਸ ਤੋਂ ਬਾਅਦ ਸੰਕੀਰਤਨ ਸਮਾਗਮ ਕਰਵਾਇਆ ਜਾਵੇਗਾ। ਦੂਰ-ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਦੇ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਵੈਲਫੇਅਰ ਕਮੇਟੀ ਵੱਲੋਂ ਕੀਤਾ ਜਾਵੇਗਾ।ਸਮਾਜ ਸੇਵਕ ਲਲਿਤ ਮੋਹਨ ਚੰਡੋਕ ਨੇ ਦੱਸਿਆ ਕਿ ਇਹ ਵਿਸ਼ਾਲ ਧਾਰਮਿਕ ਸਮਾਗਮ ਕਮੇਟੀ ਦੇ ਚੇਅਰਮੈਨ ਚਮਨ ਲਾਲ ਚੰਡੋਕ ਦੀ ਦੇਖ-ਰੇਖ ਹੇਠ ਸੰਪੰਨ ਹੋਵੇਗਾ। ਕਮੇਟੀ ਦੇ ਮੈਂਬਰ ਵਿੱਤ ਸਕੱਤਰ ਅਜੇ ਚੰਡੋਕ, ਸੀਨੀਅਰ ਮੈਂਬਰ ਭੂਸ਼ਣ ਚੰਡੋਕ, ਸੁਲੱਖਣ ਚੰਡੋਕ, ਰਾਹੁਲ ਚੰਡੋਕ, ਅਸ਼ਵਨੀ ਚੰਡੋਕ, ਸਤੀਸ਼ ਚੰਡੋਕ, ਬੰਟੀ ਚੰਡੋਕ ਨੇ ਸਮੂਹ ਚੰਡੋਕ ਬਿਰਾਦਰੀ ਅਤੇ ਹੋਰ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਵਿਸ਼ਾਲ ਧਾਰਮਿਕ ਮੇਲੇ ਸਮਾਗਮ ਵਿੱਚ ਸ਼ਾਮਲ ਹੋ ਕੇ ਮਹਾ ਪ੍ਰਭੂ ਬਾਬਾ ਬੁੱਧੂ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਕਰਨ।



## ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਵਿਸ਼ਾਲ ਲੰਗਰ ਭੰਡਾਰਾ ਲਗਾਇਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾਂ)** ਸਥਾਨਕ ਕਸਬੇ ਦੇ ਮੰਦਰ ਭੰਡੋਆਂ ਵਿਖੇ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਈ ਗਈ।ਇਸ ਮੌਕੇ ਮੰਦਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਲਈ ਵਿਸ਼ਾਲ ਲੰਗਰ ਭੰਡਾਰਾ ਲਗਾਇਆ ਗਿਆ।ਇਸ ਮੌਕੇ ਮੰਦਰ ਦੀ ਮਹਿਲਾ ਕੀਰਤਨ ਮੰਡਲੀ ਵੱਲੋਂ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਮਹਿਮਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ, ਉਪਰੰਤ ਭਗਤਾਂ ਵੱਲੋਂ ਸ੍ਰੀ ਕ੍ਰਿਸ਼ਨ ਜੀ ਆਰਤੀ ਗਾਇਨ ਕਰਦਿਆਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਮੂਰਤੀ ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਮੌਕੇ ਮੰਦਿਰ ਭੰਡੋਆਂ ਦੇ ਮੁੱਖ ਸੇਵਾਦਾਰ ਕਪਲ ਕੁਮਾਰ ਧਵਨ ਅਤੇ ਮੰਦਰ ਦੇ ਮੁੱਖ ਪੁਜਾਰੀ ਪੰਡਤ ਸੁਰੇਸ਼ ਪਿਚੋਰੀ ਨੇ ਸੰਗਤਾਂ ਨੂੰ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀ ਵਧਾਈ ਦਿੱਤੀ। ਇਸ ਮੌਕੇ ਮੰਦਰ ਵਾਲੇ ਪੰਡਤ ਸੁਰੇਸ਼ ਪਿਚੋਰੀ, ਹੀਰਾ ਲਾਲ ਜੰਡਿਆਲ, ਐਸ ਡੀ ਓ ਹਰਸ਼ ਸ਼ਰਮਾ, ਈਸ਼ਵਰ ਪ੍ਰਸ਼ਾਦ ਗੁਪਤਾ, ਰਾਮ ਲੁਭਾਇਆ ਸ਼ਰਮਾ, ਰਾਜ ਕੁਮਾਰ, ਜੋਗਿੰਦਰਪਾਲ, ਬਾਲ ਕ੍ਰਿਸ਼ਨ ਗੋਗਾ, ਅੰਗਰੇਜ਼ ਸਿੰਘ, ਦਵਿੰਦਰ ਸਵਾਮੀ, ਜੇ ਈ ਚੰਦਰ ਮੋਹਨ ਮਹਾਜਨ, ਪਵਨ ਕੁਮਾਰ ਪੰਮਾ, ਮਹਿੰਗਾ ਰਾਮ ਗਰੀਬ, ਸਾਬੀ ਪਲੰਬਰ, ਪ੍ਰਵੀਨ ਮਹਾਜਨ, ਕਰਨ ਧਵਨ ਆਦਿ ਹਾਜ਼ਰ ਸਨ।



## ਕੀਰਤਨ ਅੱਜ

**ਛੇਹਰਟਾ, (ਮਨੋਜ ਕੁਮਾਰ)** : ਮਾਂ ਚਿੰਤਪੁਰਨੀ ਸੇਵਕ ਸਭਾ ਵੱਲੋਂ ਹਰ ਮਹੀਨੇ ਕਰਵਾਇਆ ਜਾਣ ਵਾਲਾ ਕੀਰਤਨ ਇਸ ਵਾਰ 6 ਸਤੰਬਰ ਨੂੰ ਸ਼ਾਮ 6 ਵਜੇ ਤੋਂ 8 ਵਜੇ ਤੱਕ ਨਮਕ ਮੰਡੀ ਚਿੰਤਪੁਰਨੀ ਮੰਦਰ ਵਿਖੇ ਪ੍ਰਸਿੱਧ ਗਾਇਕ ਮੰਡਲੀ ਨਵਲ ਵਰਮਾ ਵੱਲੋਂ ਕਰਵਾਇਆ ਜਾਵੇਗਾ। ਪ੍ਰਸਿੱਧ ਗਾਇਕ ਨਵਲ ਵਰਮਾ ਨੇ ਦੱਸਿਆ ਕਿ ਇਸ ਕੀਰਤਨ ਮੌਕੇ ਉੱਤਰੀ ਹਲਕੇ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਰਹਿਣਗੇ ਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਆਰਤੀ ਰਾਤ 8 ਵਜੇ ਹੋਵੇਗੀ, ਜਿਸ ਤੋਂ ਬਾਅਦ ਕੰਜਕ ਪੂਜਨ ਤੇ ਪ੍ਰਸ਼ਾਦ ਵੰਡਿਆ ਜਾਵੇਗਾ।

## ਮਾਤਾ ਸਵਿੰਦਰ ਕੌਰ ਦੇ ਦੇਹਾਂਤ 'ਤੇ ਧਾਰਮਿਕ, ਰਾਜਸੀ ਤੇ ਪੱਤਰਕਾਰ ਭਾਈਚਾਰੇ ਵੱਲੋਂ ਦੁੱਖ ਦਾ ਪ੍ਰਗਟਾਵਾ

**ਝਬਾਲ (ਹਰਜਿੰਦਰ ਸਿੰਘ ਸੋਨੀ)** ਕਸਬਾ ਝਬਾਲ ਤੋਂ ਪੱਤਰਕਾਰ ਹਰਦੀਪ ਸਿੰਘ ਅਤੇ ਪੱਤਰਕਾਰ ਸੁਖਜਿੰਦਰ ਸਿੰਘ ਝਬਾਲ ਦੇ ਸਤਿਕਾਰਯੋਗ ਮਾਤਾ ਸਵਿੰਦਰ ਕੌਰ (74) ਪਤਨੀ ਬਲਬੀਰ ਸਿੰਘ ਵਾਸੀ ਝਬਾਲ ਕਲਾਂ ਜੋ ਬੀਤੇ ਦਿਨ ਸਦੀਵੀ ਵਿਛੋੜਾ ਦਿੰਦਿਆਂ ਗੁਰ ਚਰਨਾ ਵਿੱਚ ਜਾ ਬਿਰਾਜੇ ਸਨ। ਇਸ ਮੌਕੇਂ ਵਿਧਾਇਕ ਹਰਮੀਤ ਸਿੰਘ ਸੰਧੂ ਹਲਕਾ ਐਮ ਐਲ ਏ, ਅਕਾਲੀ ਦਲ ਦੇ ਹਲਕਾ ਇੰਚਾਰਜ ਕੰਚਨਪ੍ਰੀਤ ਕੌਰ, ਕਾਂਗਰਸ ਪਾਰਟੀ ਹਲਕਾ ਇੰਚਾਰਜ ਕਰਨਬੀਰ ਸਿੰਘ ਬੁਰਜ, ਚੈਅਰਮੈਨ ਰਮਨ ਕੁਮਾਰ ਝਬਾਲ, ਸਰਪੰਚ ਨਰਿੰਦਰ ਕੁਮਾਰ ਪੱਪਾ ਝਬਾਲ ਖਾਮ, ਅਮਰੀਕ ਸਿੰਘ ਵਰਪਾਲ, ਇੰਸ ਕਸ਼ਮੀਰ ਸਿੰਘ ਝਬਾਲ, ਕਾਂਗਰਸ ਪਾਰਟੀ ਪੰਜਾਬ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ, ਕਾਮਰੇਡ ਜਸਬੀਰ ਸਿੰਘ ਝਬਾਲ, ਬਾਬਾ ਵਰਿਆਮ ਸਿੰਘ ਬਰਤਨ ਸਟੋਰ ਝਬਾਲ, ਮੈਨੇਜਰ ਦਿਲਬਾਗ ਸਿੰਘ ਝਬਾਲ, ਪਟਵਾਰੀ ਬਖਸ਼ੀਸ਼ ਸਿੰਘ ਝਬਾਲ, ਪਟਵਾਰੀ ਪ੍ਰਗਟ ਸਿੰਘ ਝਬਾਲ, ਪੱਤਰਕਾਰ ਭਾਈਚਾਰੇ ਵੱਲੋਂ ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ, ਸੂਬਾ ਕਾਰਜਕਾਰੀ ਪ੍ਰਧਾਨ ਪ੍ਰਿਤਪਾਲ ਸਿੰਘ, ਸੂਬਾ ਕਾਰਜਕਾਰੀ ਪ੍ਰਧਾਨ ਬੀ ਐਸ ਸਾਹਿਲ, ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਬਿੱਟੂ, ਮੀਤ ਪ੍ਰਧਾਨ ਜਗਜੀਤ ਜੋਨੀ, ਜ਼ਿਲ੍ਹਾ ਵਾਇਸ ਪ੍ਰਧਾਨ ਮਦਨ ਝਬਾਲ, ਸਰਪੰਚ ਨਰਿੰਦਰ ਕੁਮਾਰ ਪੱਪਾ ਝਬਾਲ, ਸੁਖਦੇਵ ਸਿੰਘ ਮੀਆਂਪੁਰ, ਸਰਬਜੀਤ ਸਿੰਘ ਝਬਾਲ, ਮਦਨ ਲਾਲ ਝਬਾਲ, ਰਜਿੰਦਰ ਖੁੱਲਰ, ਮੱਖਣ ਝਬਾਲ, ਹਰਜਿੰਦਰ ਸਿੰਘ ਲਾਲਾ ਝਬਾਲ, ਜਤਿੰਦਰ ਸ਼ਰਮਾ ਝਬਾਲ, ਦਵਿੰਦਰਪਾਲ ਝਬਾਲ, ਕਿਰਪਾਲ ਸਿੰਘ ਸੋਹਲ, ਜੀਵਨ ਕੁਮਾਰ ਤਰਨਤਾਰਨ, ਹਰਪਾਲ ਸਿੰਘ ਲਾਲੂ ਘੁੰਮਣ, ਪ੍ਰਗਟ ਸਿੰਘ ਪੰਡੋਰੀ ਸਿੱਧਵਾਂ, ਦਲਜੀਤ ਸਿੰਘ ਚੱਢਾ, ਹਰਪ੍ਰੀਤ ਸਿੰਘ ਹੈਪੀ, ਜਥੇਦਾਰ ਕਸ਼ਮੀਰ ਸਿੰਘ ਗੰਡੀਵਿੰਡ, ਸੁਖਰਾਜ ਸਿੰਘ ਕਾਲਾ ਗੰਡੀਵਿੰਡ, ਕਿਸਾਨ ਆਗੂ ਕੈਪਟਨ ਸਿੰਘ ਬਘਿਆੜੀ, ਕਿਸਾਨ ਆਗੂ ਦਲਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਢਿੱਲੋਂ ਭੋਜੀਆ, ਐਡਵੋਕੇਟ ਪ੍ਰਵਿੰਦਰ ਸਿੰਘ ਤਰਨਤਾਰਨ, ਬੀਰ ਸਿੰਘ ਕੱਥੂਨੰਗਲ ਸਾਬਕਾ ਬਲਾਕ ਸੰਮਤੀ ਮੈਂਬਰ,ਸ ਸਵਰਨ ਸਿੰਘ ਛੇਹਰਟਾ, ਸੋਨਾ ਸਿੰਘ, ਇੰਸਪੈਕਟਰ ਸ਼ਾਮ ਸਿੰਘ, ਸ਼ੰਕਰ ਸਿੰਘ ਜੋਧਪੁਰ, ਬਲਜਿੰਦਰ ਸਿੰਘ ਛੇਹਰਟਾ, ਸਾਜਨ ਸਚਦੇਵਾ, ਗਾਇਕ ਮਨਜੀਤ ਸ਼ੌਂਕੀ, ਗਾਇਕਾਂ ਸੁਮਨ ਭੱਟੀ, ਕਾਮਰੇਡ ਦਵਿੰਦਰ ਕੁਮਾਰ ਸੋਹਲ, ਸਾਬਕਾ ਸਰਪੰਚ ਗੁਰਦੀਪ ਸਿੰਘ, ਬਲਦੇਵ ਸਿੰਘ ਝਬਾਲ, ਬਲਵਿੰਦਰ ਸਿੰਘ ਮਿੰਟੂ ਝਬਾਲ, ਕੁਲਦੀਪ ਸਿੰਘ ਨਿੱਕੂ ਨੰਦਾ ਝਬਾਲ, ਰਮਨਦੀਪ ਸਿੰਘ, ਅਮਨਦੀਪ ਸਿੰਘ, ਸੁਰਜਨ ਸਿੰਘ, ਸਾਬ ਸਿੰਘ, ਬਿਕਰਮ ਸਿੰਘ ਆਦਿ ਨੇ ਪਰਿਵਾਰ ਨਾਲ ਗਹਿਰਾ ਦੁੱਖ ਪ੍ਰਗਟਾਇਆ।



## ਗੁਰੂ ਸ਼ਬਦ ਪਬਲਿਕ ਸਕੂਲ ਕਾਦੀਆਂ ਵਿਖੇ ਅਧਿਆਪਕ ਦਿਵਸ ਮਨਾਇਆ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)** ਗੁਰੂ ਸ਼ਬਦ ਪਬਲਿਕ ਸਕੂਲ ਕਾਦੀਆਂ ਵਿਖੇ ਡਾਕਟਰ ਰਾਧਾ ਕ੍ਰਿਸ਼ਨ ਦੇ ਜਨਮ ਅਧਿਆਪਕ ਦਿਵਸ ਦੇ ਰੂਪ ਵਿੱਚ ਸਕੂਲ ਦੇ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਦੀ ਹਾਜ਼ਰੀ ਦੌਰਾਨ ਇਸ ਪ੍ਰੋਗਰਾਮ ਨੂੰ ਕਰਵਾਇਆ ਗਿਆ। ਸਕੂਲ ਪ੍ਰਿੰਸੀਪਲ ਨੇ ਦੱਸਿਆ ਕਿ ਅੱਜ ਦੇ ਦਿਨ ਡਾਕਟਰ ਰਾਧਾ ਕ੍ਰਿਸ਼ਨ ਭਾਰਤ ਦੇ ਦੂਸਰੇ ਰਾਸ਼ਟਰਪਤੀ ਸਨ ਅਧਿਆਪਕ ਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਅਧਿਆਪਕ ਦਿਵਸ ਦੌਰਾਨ ਬਹੁਤ ਬੱਚਿਆਂ ਨੇ ਆਪਣੇ ਅਧਿਆਪਕ ਸਾਹਿਬ ਨੂੰ ਹੈਪੀ ਟੀਚਰ ਡੇ ਦੀ ਮੁਬਾਰਕ ਦਿੱਤੀ। ਸਕੂਲ ਦੇ ਸਾਰੇ ਬੱਚਿਆਂ ਦੀ ਫੋਟੋਗ੍ਰਾਫੀ ਵੀ ਕੀਤੀ ਗਈ। ਇਸ ਪ੍ਰੋਗਰਾਮ ਦੇ ਵਿੱਚ ਸਕੂਲ ਅਧਿਆਪਕਾਂ ਦਾ ਬਹੁਤ ਹੀ ਯੋਗਦਾਨ ਰਿਹਾ।ਅਖੀਰ ਵਿੱਚ ਮੈਡਮ ਪ੍ਰਿੰਸੀਪਲ ਨੇ ਕਿਹਾ ਕਿ ਸਕੂਲ ਦੇ ਸਾਰੇ ਅਧਿਆਪਕ ਹੀ ਆਦਰਸ਼ ਅਧਿਆਪਕ ਕਹਿਲਾਉਣ ਦੇ ਯੋਗ ਹਨ।ਇਸ ਮੌਕੇ ਸਕੂਲ ਪ੍ਰਿੰਸੀਪਲ ਤੋਂ ਇਲਾਵਾ ਮੈਡਮ ਜੋਤੀ ਬਾਲਾ, ਪ੍ਰੀਤੀ ਬਾਲਾ, ਸ਼ਿਵਾਨੀ, ਗਿਨੀ ਮੈਡਮ, ਕਵਿਤਾ, ਗੁਰਪ੍ਰੀਤ ਕੌਰ, ਮਾਨਸੀ ਅਤੇ ਸਕੂਲ ਦੇ ਸਾਰੇ ਅਧਿਆਪਕ ਹਾਜ਼ਰ ਸਨ।




## ਸੰਧਵਾਂ ਨੇ ਧੂੜਕੋਟ ਵਿਖੇ ਖਜ਼ੂਰਾਂ ਦੇ ਪੌਦੇ ਲਗਾਏ



**ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜ਼ਾ/ਰਛਪਾਲ ਭੁੱਲਰ)**-ਅੱਜ ਦੇ ਸਮੇਂ ਵਿੱਚ ਪੌਦੇ ਲਗਾਉਣਾ ਬਹੁਤ ਜ਼ਰੂਰੀ ਹੈ ਤਾਂ ਹੀ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਹਰਿਆ ਭਰਿਆ ਵਾਤਾਵਰਨ ਮੁਹੱਈਆ ਕਰਵਾ ਸਕਦੇ ਹਾਂ।ਇਹ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਪਿੰਡ ਧੂੜਕੋਟ ਵਿਖੇ 20 ਪੌਦੇ ਖਜ਼ੂਰਾਂ ਦੇ ਲਗਾਉਣ ਮੌਕੇ ਕੀਤਾ। ਇਸ 'ਤੇ ਤਕਰੀਬਨ 1.50 ਲੱਖ ਰੁਪਏ ਲਾਗਤ ਆਈ ਹੈ।ਸਪੀਕਰ ਸ੍ਰ. ਸੰਧਵਾਂ ਨੇ ਕਿਹਾ ਕਿ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਇਹ ਖਜ਼ੂਰਾਂ ਦੇ ਪੌਦੇ ਲਗਾਏ ਗਏ ਹਨ।ਉਨ੍ਹਾਂ ਕਿਹਾ ਕਿ ਪਾਰਟੀ ਵਰਕਰ ਬਹੁਤ ਹੀ ਮਿਹਨਤ ਨਾਲ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਨਾਲ ਫਲ ਵੀ ਮਿਲੇਗਾ ਤੇ ਪਿੰਡ ਦੇ ਦਿੱਖ ਵੀ ਸੋਹਣੀ ਬਣੇਗੀ।ਇਸ ਮੌਕੇ ਸਰਪੰਚ ਜਗਰੂਪ ਸਿੰਘ, ਸੇਵਕ ਸਿੰਘ ਹਲਕਾ ਪ੍ਰਧਾਨ ਕੋਟਕਪੂਰਾ, ਪੰਚ ਰਾਜਦੀਪ ਸਿੰਘ, ਪੰਚ ਸੁਖਜੀਤ ਸਿੰਘ, ਪੰਚ ਚਰਨਜੀਤ ਸਿੰਘ, ਪ੍ਰਧਾਨ ਗੁਰਸੇਵਕ ਸਿੰਘ, ਜਗਸੀਰ ਸਿੰਘ, ਲਖਵੀਰ ਸਿੰਘ, ਦਿਲਬਾਗ ਸਿੰਘ, ਦਵਿੰਦਰ ਸਿੰਘ, ਕਿੰਦਾ ਸਿੰਘ, ਜੰਗੀਰ ਸਿੰਘ, ਬਲਬੀਰ ਸਿੰਘ, ਸੁਖਪ੍ਰੀਤ ਸਿੰਘ, ਗੁਰਭੇਜ ਸਿੰਘ, ਸੁਖਵੰਤ ਸਿੰਘ ਹਾਜ਼ਰ ਸਨ।

## ਸੂਬੇ ਅੰਦਰ ਕਰਾਏ ਜਾ ਰਹੇ ਕਾਰਜਾਂ ਸਦਕਾ 'ਆਪ' ਸਰਕਾਰ ਦੁਬਾਰਾ ਆਵੇਗੀ : ਹਡਾਣਾ



**ਦੇਵੀਗੜ੍ਹ/ਸਨੌਰ (ਰਾਜਿੰਦਰ ਥਿੰਦ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਇਤਿਹਾਸਕ ਵਿਕਾਸ ਕਾਰਜਾਂ, ਸਿੱਖਿਆ ਤੇ ਸਿਹਤ ਕ੍ਰਾਂਤੀ ਤੇ ਲੋਕ-ਪੱਖੀ ਫੈਸਲਿਆਂ ਤੋਂ ਪ੍ਰਭਾਵਿਤ ਹੋ ਕੇ ਹਲਕਾ ਸਨੌਰ ਦੇ ਪਿੰਡ ਬੱਲਮਗੜ੍ਹ ਵਿਖੇ ਵੱਡੀ ਗਿਣਤੀ ਵਿੱਚ ਕਈ ਪਰਿਵਾਰ ਰਵਾਇਤੀ ਪਾਰਟੀਆਂ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਹਲਕਾ ਸਨੌਰ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਪਿੰਡ ਬੱਲਮਗੜ੍ਹ ਪਹੁੰਚ ਕੇ ਨਵੇਂ ਸ਼ਾਮਲ ਹੋਏ ਸਾਥੀਆਂ ਨੂੰ ਜੀ ਆਇਆਂ ਆਖਦਿਆਂ ਸਿਰੋਪਾਓ ਪਾ ਕੇ ਨਿੱਘਾ ਸਵਾਗਤ ਕੀਤਾ।ਪੰਚਾਇਤ ਦੇ ਨੁਮਾਇੰਦੇ, ਬਲਾਕ ਪ੍ਰਧਾਨ, ਪਾਰਟੀ ਦੇ ਸੀਨੀਅਰ ਆਗੂ, ਵਲੰਟੀਅਰ ਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।ਹਡਾਣਾ ਨੇ ਆਖਿਆ ਕਿ ਪੰਜਾਬ ਦਾ ਹਰ ਆਮ ਨਾਗਰਿਕ ਮਾਨ ਸਰਕਾਰ ਦੀ ਸਾਫ਼-ਸੁਥਰੀ ਕਾਰਜਸ਼ੈਲੀ, ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕਾਂ ਵਰਗੇ ਲੋਕ-ਹਿਤੈਸ਼ੀ ਕਦਮਾਂ ਤੇ ਬਿਨਾਂ ਰਿਸ਼ਵਤ-ਸਿਫ਼ਾਰਸ਼ ਮਿਲ ਰਹੀਆਂ ਸਰਕਾਰੀ ਨੌਕਰੀਆਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ।ਉਨ੍ਹਾਂ ਕਿਹਾ ਕਿ ਪਿੰਡ ਬੱਲਮਗੜ੍ਹ ਦੇ ਪਰਿਵਾਰਾਂ ਵੱਲੋਂ ਆਮ ਆਦਮੀ ਪਾਰਟੀ ਵਿੱਚ ਪ੍ਰਗਟਾਇਆ ਗਿਆ ਵਿਸ਼ਵਾਸ ਦਰਸਾਉਂਦਾ ਹੈ ਕਿ ਲੋਕ ਹੁਣ ਵਿਕਾਸ ਤੇ ਕੰਮ ਦੀ ਰਾਜਨੀਤੀ ਨੂੰ ਪਸੰਦ ਕਰਦੇ ਹਨ। ਹਲਕਾ ਸਨੌਰ ਦਾ ਕੋਈ ਵੀ ਪਿੰਡ ਅਜਿਹਾ ਨਹੀਂ ਰਹੇਗਾ ਜਿੱਥੇ ਆਮ ਆਦਮੀ ਪਾਰਟੀ ਦਾ ਕਾਫ਼ਲਾ ਦਿਨ-ਬ-ਦਿਨ ਵੱਡਾ ਨਾ ਹੋ ਰਿਹਾ ਹੋਵੇ।

## ਪੈਪਸੀਕੋ ਵਰਕਰਜ਼ ਯੂਨੀਅਨ ਚੰਨੋ ਦੀ ਐਗਜ਼ੈਕਟਿਵ ਕਮੇਟੀ ਦੀ ਚੋਣ



**ਭਵਾਨੀਗੜ੍ਹ (ਰਾਜ ਪੁਰਮੀ)**-ਪੈਪਸੀਕੋ ਇੰਡੀਆ ਹੋਲਡਿੰਗਜ਼ ਵਰਕਰਜ਼ ਯੂਨੀਅਨ ਰਜਿ. ਨੰਬਰ 23, ਇੰਟਕ ਚੰਨੋ ਦੀ ਐਗਜ਼ੈਕਟਿਵ ਕਮੇਟੀ ਦੀ ਚੋਣ ਵੋਟਿੰਗ ਪ੍ਰਕਿਰਿਆ ਰਾਹੀਂ ਕਰਵਾਈ ਗਈ।ਇਹ ਚੋਣ ਪ੍ਰਕਿਰਿਆ ਦੇ ਵਰਕਿੰਗ ਕਾਮਰੇਡ ਸੁਖਦੇਵ ਸ਼ਰਮਾ ਦੀ ਪ੍ਰਧਾਨਗੀ ਹੇਠ ਅਮਨ-ਅਮਾਨ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹੀ।ਚੋਣ ਦੌਰਾਨ ਸੁਖਚੈਨ ਸਿੰਘ ਬਿਰਡਵਾਲ ਨੂੰ ਪ੍ਰਧਾਨ, ਹਰੀ ਸਿੰਘ ਨੂੰ ਜਨਰਲ ਸਕੱਤਰ ਤੇ ਪ੍ਰਤਾਪ ਸਿੰਘ ਨੂੰ ਖ਼ਜ਼ਾਨਚੀ ਚੁਣਿਆ ਗਿਆ।ਇਸ ਤੋਂ ਇਲਾਵਾ ਕ੍ਰਿਸ਼ਨ ਸਿੰਘ ਭੱਟੂ ਨੂੰ ਮੀਤ ਪ੍ਰਧਾਨ, ਜਗਪਾਲ ਸਿੰਘ ਕਾਕਾ ਨੂੰ ਸਹਾਇਕ ਸਕੱਤਰ, ਸੁਖਿੰਦਰ ਸਿੰਘ ਕਲਸੁਰਤ ਨੂੰ ਸਹਾਇਕ ਖ਼ਜ਼ਾਨਚੀ, ਪਰਮਜੀਤ ਸਿੰਘ ਮਾਝੀ ਨੂੰ ਪ੍ਰੈੱਸ ਸਕੱਤਰ, ਬਲਪ੍ਰੀਤ ਸਿੰਘ ਚੰਨੋ ਨੂੰ ਦਫ਼ਤਰ ਸਕੱਤਰ ਤੇ ਮੰਗਲ ਸਿੰਘ ਰੰਘੜਾ ਨੂੰ ਪ੍ਰਚਾਰ ਸਕੱਤਰ ਚੁਣਿਆ ਗਿਆ।ਚੋਣ ਕਮੇਟੀ ਵੱਲੋਂ ਸਮੁੱਚੀ ਚੋਣ ਪ੍ਰਕਿਰਿਆ ਨੂੰ ਬੇਹੱਦ ਸੰਜੀਦਾ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ ਤੇ ਬਿਨਾਂ ਕਿਸੇ ਰੌਲੇ-ਰੱਪੇ ਦੇ ਸਾਫ਼-ਸੁਥਰੇ ਢੰਗ ਨਾਲ ਨਵੀਂ ਟੀਮ ਦੀ ਚੋਣ ਕੀਤੀ ਗਈ।

## ਸਾਬਕਾ ਵਿਧਾਇਕ ਨੇ ਭੂਪੇਸ਼ ਬਘੇਲ ਨਾਲ ਕੀਤੀ ਮੁਲਾਕਾਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਨੇ ਰਾਹੁਲ ਗਾਂਧੀ ਦੇ ਪ੍ਰਸਤਾਵਿਤ ਪੰਜਾਬ ਦੌਰੇ ਨੂੰ ਲੈ ਕੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ।ਇਸੇ ਸਿਲਸਿਲੇ 'ਚ ਦਿੱਲੀ 'ਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਮੇਤ ਕਈ ਹੋਰ ਸੀਨੀਅਰ ਨੇਤਾਵਾਂ ਦੀ ਅਹਿਮ ਬੈਠਕ ਵੀ ਹੋ ਚੁੱਕੀ ਹੈ। ਟਕਸਾਲੀ ਆਗੂ ਸਾਬਕਾ ਵਿਧਾਇਕ ਰਾਜਿੰਦਰ ਸਿੰਘ ਨੇ ਰਾਹੁਲ ਗਾਂਧੀ ਦੇ ਦੌਰੇ ਨੂੰ ਲੈ ਕੇ ਤੇ ਰੂਪ-ਰੇਖਾ ਤੇ ਪਾਰਟੀ ਦੀ ਮਜ਼ਬੂਤੀ ਰਣਨੀਤੀ ਤੇ ਪਾਰਟੀ ਦੇ ਪੰਜਾਬ ਮੁੱਖੀ ਭੂਪੇਸ਼ ਬਘੇਲ ਨੂੰ ਮਿਲ ਕੇ ਇਸ ਸਬੰਧੀ ਚਰਚਾ ਕੀਤੀ ਗਈ।ਬੈਠਕ ਤੋਂ ਬਾਅਦ ਰਾਜਿੰਦਰ ਸਿੰਘ ਨੇ ਦੱਸਿਆ ਕਿ ਰਾਹੁਲ ਗਾਂਧੀ ਦੇ ਪੰਜਾਬ ਦੌਰੇ ਨੂੰ ਲੈ ਕੇ ਮਹੱਤਵਪੂਰਨ ਚਰਚਾ ਹੋਈ ਹੈ।ਉਨ੍ਹਾਂ ਦੱਸਿਆ ਕਿ ਪਾਰਟੀ ਵੱਲੋਂ ਦੌਰੇ ਨੂੰ ਲੈ ਕੇ ਤਿਆਰੀਆਂ ਜ਼ੋਰਾਂ ਨਾਲ ਜਾਰੀ ਹਨ ਤੇ ਜਲਦ ਹੀ ਪ੍ਰੋਗਰਾਮ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।

## ਗੁਰਬਿੰਦਰ ਭਗਤਾ ਦਾ ਵਾਤਾਵਰਣ ਪ੍ਰੇਮੀਆਂ ਵੱਲੋਂ ਸਨਮਾਨ



**ਬਠਿੰਡਾ (ਰਾਜੀਵ ਗੋਇਲ)**-ਭਾਜਪਾ ਵੱਲੋਂ ਜ਼ਿਲ੍ਹੇ ਦੇ ਦਿਹਾਤੀ ਇਲਾਕੇ ਦੇ ਸਾਬਕਾ ਪ੍ਰਧਾਨ ਰਹਿ ਚੁੱਕੇ ਗੁਰਬਿੰਦਰ ਸਿੰਘ ਸਿੱਧੂ ਦੇ ਵਿਦੇਸ਼ ਦੀ ਧਰਤੀ ਤੋਂ ਵਤਨ ਪਰਤਣ ਤੋਂ ਬਾਅਦ ਚੰਡੀਗੜ੍ਹ ਵਿਖੇ ਵਾਤਾਵਰਣ ਪ੍ਰੇਮੀਆਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਤੇ ਕਿਹਾ ਕਿ ਭਗਤਾ ਦਾ ਪਾਣੀ ਦੀ ਸੰਭਾਲ ਤੇ ਕਿਸਾਨੀ ਨੂੰ ਬਚਾਉਣ ਵਿੱਚ ਅਹਿਮ ਯੋਗਦਾਨ ਹੈ। ਦੱਸਣਾ ਬਣਦਾ ਹੈ ਕਿ ਗੁਰਬਿੰਦਰ ਸਿੱਧੂ ਭਾਜਪਾ ਵੱਲੋਂ ਕਿਸਾਨੀ ਮੋਰਚੇ ਦੇ ਵੀ ਆਗੂ ਰਹੇ ਹਨ ਤੇ ਖੁਦ ਵੀ ਇੱਕ ਕਿਸਾਨ ਹਨ। ਭਗਤਾ ਨੇ ਕਿਹਾ ਕਿ ਸਾਨੂੰ ਸਭਨਾਂ ਨੂੰ ਮਿਲ ਕੇ ਵਾਤਾਵਰਣ ਨੂੰ ਪੁਲੀਤ ਹੋਣ ਤੋਂ ਬਚਾਉਣਾ ਚਾਹੀਦਾ ਹੈ। ਸਾਨੂੰ ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਅਤੇ ਪਾਣੀ ਦੀ ਸੰਭਾਲ ਲਈ ਅਹਿਮ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੁ ਆਉਣ ਵਾਲੀ ਪੀੜ੍ਹੀ ਨੂੰ ਬਚਾਇਆ ਜਾ ਸਕੇ।

## ਕਿਸਾਨ ਮੇਲੇ 'ਤੇ ਬੁੱਕ ਸਟਾਲ ਲਾ ਕੇ ਲੋਕਾਂ ਨੂੰ ਵਿਗਿਆਨਕ ਨਜ਼ਰੀਆ ਅਪਣਾਉਣ ਦਾ ਹੋਕਾ ਦੇਵਾਂਗੇ : ਜ਼ੀਰਖ



**ਲੁਧਿਆਣਾ (ਸਤੀਸ਼ ਸਚਦੇਵਾ)**-ਤਰਕਸ਼ੀਲ ਸੁਸਾਇਟੀ ਪੰਜਾਬ (ਜ਼ੋਨ ਲੁਧਿਆਣਾ) ਦੀ ਮੀਟਿੰਗ ਜ਼ੋਨ ਦਫ਼ਤਰ ਨਜ਼ਦੀਕ ਬੱਸ ਸਟੈਂਡ ਵਿਖੇ ਜ਼ੋਨ ਜਥੇਬੰਦਕ ਮੁਖੀ ਜਸਵੰਤ ਜ਼ੀਰਖ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਦੇ ਜ਼ੋਨ ਵਿਭਾਗੀ ਮੁਖੀਆਂ ਦੇ ਨਾਲ ਹੀ ਜ਼ੋਨ ਨਾਲ ਸਬੰਧਤ ਇਕਾਈ ਮੁਖੀਆਂ ਨੇ ਭਾਗ ਲਿਆ।ਜ਼ੋਨ ਮੀਡੀਆ ਮੁਖੀ ਹਰਚੰਦ ਭਿੰਡਰ ਨੇ ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਦੱਸਿਆ ਕਿ ਇਸ ਸਮੇ ਜ਼ੋਨ ਮੁਖੀ ਜਸਵੰਤ ਜੀਰਖ ਨੇ ਪੀਏਯੂ ਲੁਧਿਆਣਾ ਵਿਖੇ 18-19 ਸਤੰਬਰ ਨੂੰ ਹੋ ਰਹੇ ਕਿਸਾਨ ਮੇਲੇ ਤੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਉਣ ਅਤੇ ਹੋਰ ਸਰਗਰਮੀਆਂ ਬਾਰੇ ਪ੍ਰੋਗਰਾਮ ਤਹਿ ਕਰਨ ਲਈ ਤਿਆਰੀਆਂ ਬਾਰੇ ਚਰਚਾ ਸ਼ੁਰੂ ਕੀਤੀ।ਚਰਚਾ ਉਪਰੰਤ ਮੀਟਿੰਗ ਵਿੱਚ ਇਹ ਫੈਸਲਾ ਹੋਇਆ ਕਿ ਜ਼ੋਨ ਲੁਧਿਆਣਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਸਤੰਬਰ ਵਿੱਚ ਆ ਰਹੇ ਕਿਸਾਨ ਮੇਲੇ ਵਿੱਚ ਤਰਕਸ਼ੀਲਤਾ ਦੇ ਪ੍ਰਚਾਰ ਪ੍ਰਸਾਰ ਤੇ ਵਿਗਿਆਨਕ ਨਜ਼ਰੀਆ ਵਿਕਸਤ ਕਰਨ ਸਬੰਧੀ ਕਿਤਾਬਾਂ ਰਾਹੀਂ ਹੋਕਾ ਦੇ ਕੇ ਗਿਆਨ ਵੰਡਣ ਲਈ ਤਰਕਸ਼ੀਲ ਸਟਾਲ ਲਗਾਵੇਗਾ, ਜਿਸ ਵਿੱਚ ਜ਼ੋਨ ਦੀਆਂ ਸਾਰੀਆਂ ਇਕਾਈਆਂ ਸਹਿਯੋਗ ਦੇਣਗੀਆਂ।ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਮਨਾਉਂਣ ਲਈ 27 ਸਤੰਬਰ ਨੂੰ ਸਵੇਰੇ 10.30 ਵਜੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ (ਲੁਧਿਆਣਾ) ਵਿਖੇ ਨਾਟਕ ਪ੍ਰੋਗਰਾਮ ਹੋਵੇਗਾ, ਜਿਸ ਵਿੱਚ ਮੁੱਖ ਬੁਲਾਰੇ ਵਜੋਂ ਉੱਘੇ ਤਰਕਸ਼ੀਲ ਚਿੰਤਕ ਬਲਵੀਰ ਲੌਂਗੋਵਾਲ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਵੱਲੋਂ ਚਿਤਵੇ ਸਮਾਜ ਦੀ ਸਿਰਜਣਾ ਲਈ ਸੁਨੇਹਾ ਦੇਣਗੇ।12 ਤੋਂ 31 ਅਕਤੂਬਰ ਤੱਕ ਤਰਕਸ਼ੀਲ ਸਾਹਿਤ ਵੈਨ ਰਾਹੀਂ ਸਾਰੀਆਂ ਇਕਾਈਆਂ ਵਿੱਚ ਸਕੂਲਾਂ/ਕਾਲਜਾਂ ਤੇ ਪਬਲਿਕ ਥਾਵਾਂ ਤੱਕ ਪਹੁੰਚ ਕਰਕੇ ਲੋਕਾਂ ਨੂੰ ਤਰਕਸ਼ੀਲ ਅਤੇ ਵਿਗਿਆਨਕ ਨਜ਼ਰੀਆ ਵਿਕਸਿਤ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ।

## ਹੀਰਾ ਬਾਗ ਮੰਦਰ 'ਚ ਜਨਮ ਅਸ਼ਟਮੀ ਮਨਾਈ



**ਜਗਰਾਉਂ (ਅਮਿਤ ਖੰਨਾ)**-ਸ੍ਰੀ ਰਾਧਾ ਕ੍ਰਿਸ਼ਨ ਮੰਦਰ ਹੀਰਾ ਬਾਗ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਨੂੰ ਲੈ ਕੇ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਮੁੱਖ ਇੰਜੀਨੀਅਰ (ਰਿਟਾਇਰਡ) ਸਤਪਾਲ ਮੰਗਲਾ ਤੇ ਵਾਸੂ ਮੰਗਲਾ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਸਰਬੱਤ ਦੇ ਭਲੇ, ਸੁੱਖ-ਸ਼ਾਂਤੀ ਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ ਗਈ।ਸਤਪਾਲ ਮੰਗਲਾ ਤੇ ਵਾਸੂ ਮੰਗਲਾ ਨੇ ਕਿਹਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀਆਂ ਸਿੱਖਿਆਵਾਂ ਮਨੁੱਖਤਾ ਨੂੰ ਸੱਚ, ਧਰਮ, ਨੇਕੀ ਤੇ ਨਿਸ਼ਕਾਮ ਕਰਮ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੀਆਂ ਹਨ ਮੰਦਰ ਦੇ ਪੰਡਿਤ ਸੰਦੀਪ ਸ਼ਰਮਾ ਨੇ ਦੱਸਿਆ ਕਿ ਸ੍ਰੀ ਰਾਧਾ ਕ੍ਰਿਸ਼ਨ ਮੰਦਰ ਹੀਰਾ ਬਾਗ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਦਿਹਾੜਾ ਸਤਪਾਲ ਮੰਗਲਾ ਤੇ ਵਾਸੂ ਮੰਗਲਾ ਦੇ ਸਹਿਯੋਗ ਨਾਲ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।ਇਸ ਦੌਰਾਨ ਧਾਰਮਿਕ ਸਮਾਗਮ ਤੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾਵੇਗਾ ਪੰਡਿਤ ਸੰਦੀਪ ਸ਼ਰਮਾ ਨੇ ਸੰਗਤ ਨੂੰ ਮੰਦਰ ਵਿਖੇ ਪਹੁੰਚ ਕੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਅਤੇ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

## 'ਪੰਜਾਬੀ ਬੋਲੀ ਦੇ ਸੱਤਾ ਨਾਲ ਸੰਬੰਧਤ ਮਸਲੇ' 'ਤੇ ਭਾਸ਼ਣ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਤਿਕਾਰਯੋਗ ਭਾਈ ਕਾਹਨ ਸਿੰਘ ਨਾਭਾ ਨੂੰ ਸਮਰਪਤ 'ਪੰਜਾਬੀ ਬੋਲੀ ਦੇ ਸੱਤਾ ਨਾਲ ਸੰਬੰਧਤ ਮਸਲੇ' ਵਿਸ਼ੇ 'ਤੇ ਇੱਕ ਰੋਜ਼ਾ ਭਾਸ਼ਣ ਕਰਵਾਇਆ ਗਿਆ।ਡਾ. ਸਿਕੰਦਰ ਸਿੰਘ ਡੀਨ ਭਾਸ਼ਾਵਾਂ ਤੇ ਮੁਖੀ ਪੰਜਾਬੀ ਵਿਭਾਗ ਨੇ ਆਏ ਵਿਦਵਾਨਾਂ ਦਾ ਸਵਾਗਤ ਕੀਤਾ।ਇਸ ਮੌਕੇ ਰੋਜ਼ਾਨਾ ਅਜੀਤ ਦੇ ਕਾਰਜਕਾਰੀ ਸੰਪਾਦਕ ਪ੍ਰੋ. ਸਤਨਾਮ ਸਿੰਘ ਮਾਣਕ ਨੇ ਵਿਸ਼ੇਸ਼ ਭਾਸ਼ਣ ਦਿੱਤਾ।ਉਨ੍ਹਾਂ ਪਿਛਲੀਆਂ ਤੇ ਮੌਜੂਦਾ ਸਰਕਾਰਾਂ ਦੀ ਪੰਜਾਬੀ ਬੋਲੀ ਪ੍ਰਤੀ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰਦਿਆਂ ਪੰਜਾਬੀ ਦੇ ਪ੍ਰਸਾਰ-ਪ੍ਰਚਾਰ ਲਈ ਬਜਟ ਨਾ ਰੱਖੇ ਜਾਣ ਅਤੇ ਸਰਕਾਰੀ ਸਕੂਲਾਂ ਤੇ ਕਾਲਜਾਂ ਦੀ ਸਥਿਤੀ 'ਤੇ ਚਿੰਤਾ ਪ੍ਰਗਟਾਈ।

ਉਨ੍ਹਾਂ ਮੌਜੂਦਾ ਦੌਰ ਨੂੰ ਪੱਤਰਕਾਰੀ ਦੇ ਦਮਨ ਦਾ ਦੌਰ ਕਰਾਰ ਦਿੱਤਾ।ਅਧਿਆਪਕਾਂ ਤੇ ਸਰੋਤਿਆਂ ਵੱਲੋਂ ਪੁੱਛੇ ਸਵਾਲਾਂ ਦੇ ਉਨ੍ਹਾਂ ਨੇ ਸੰਤੋਖਜਨਕ ਉੱਤਰ ਦਿੱਤੇ।ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਪ੍ਰੋ. ਮਾਣਕ ਦੀ ਸੰਤੁਲਿਤ ਪੇਸ਼ਕਾਰੀ ਦੀ ਸ਼ਲਾਘਾ ਕੀਤੀ ਅਤੇ ਪੰਜਾਬੀ ਤੇ ਗੁਰਮੁਖੀ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਸਿੱਖਿਆ ਖੇਤਰ ਵਿੱਚ ਵੱਧ ਰਹੇ ਸਰਕਾਰੀ ਦਖ਼ਲ 'ਤੇ ਚਿੰਤਾ ਪ੍ਰਗਟਾਉਂਦਿਆਂ ਵੱਖ-ਵੱਖ ਅਨੁਸ਼ਾਸਨਾਂ ਵਿੱਚ ਪੰਜਾਬੀ ਨੂੰ ਮਾਧਿਅਮ ਵਜੋਂ ਅਪਣਾਉਣ 'ਤੇ ਜ਼ੋਰ ਦਿੱਤਾ।ਇਸ ਮੌਕੇ ਸ੍ਰ. ਬਲਜਿੰਦਰ ਸਿੰਘ ਇੰਚਾਰਜ ਅਜੀਤ ਉਪ ਦਫ਼ਤਰ ਫ਼ਤਿਹਗੜ੍ਹ ਸਾਹਿਬ, ਡਾ. ਹਰਦੇਵ ਸਿੰਘ, ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ, ਡਾ. ਅੰਕਦੀਪ ਕੌਰ ਅਟਵਾਲ, ਮੁਖੀ ਅੰਗਰੇਜ਼ੀ ਵਿਭਾਗ, ਡਾ. ਰੁਪਿੰਦਰ ਪਾਲ ਸਿੰਘ, ਮੁਖੀ ਭੋਜਨ ਤਕਨੀਕ ਵਿਭਾਗ, ਡਾ. ਹਰਨੀਤ ਬਿਲਿੰਗ, ਮੁਖੀ ਸਿੱਖਿਆ ਵਿਭਾਗ, ਡਾ. ਰਮਨਦੀਪ ਕੌਰ ਮੁਖੀ ਰਾਜਨੀਤੀ ਸ਼ਾਸਤਰ ਵਿਭਾਗ ਤੇ ਹੋਰ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਰਹੇ।

## ਸਪਾ ਸੈਂਟਰ 'ਤੇ ਪੁਲਸ ਦਾ ਛਾਪਾ, ਮੈਨੇਜਰ ਗ੍ਰਿਫ਼ਤਾਰ

**ਮਲੋਟ (ਰਜਿੰਦਰ ਜੁਨੇਜਾ)**-ਮਲੋਟ ਸਿਟੀ ਪੁਲਸ ਨੇ ਬਠਿੰਡਾ ਰੋਡ 'ਤੇ ਸਥਿਤ ਇੱਕ ਨਾਮੀ ਮਾਲ ਵਿੱਚ ਚੱਲ ਰਹੇ 'ਸਕਾਈ ਇਨ ਦਾ ਡੇ ਸਪਾ' ਨਾਮਕ ਸਪਾ ਸੈਂਟਰ 'ਤੇ ਅਚਨਚੇਤ ਛਾਪੇਮਾਰੀ ਕੀਤੀ। ਪੁਲਸ ਮੁਤਾਬਕ, ਇਹ ਕਾਰਵਾਈ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਕੀਤੀ ਗਈ, ਜਿਸ ਵਿੱਚ ਦੱਸਿਆ ਗਿਆ ਸੀ ਕਿ ਇਸ ਸਪਾ ਸੈਂਟਰ ਦੀ ਆੜ ਵਿੱਚ ਕਥਿਤ ਤੌਰ 'ਤੇ ਦੇਹ ਵਪਾਰ ਦਾ ਧੰਦਾ ਚਲਾਇਆ ਜਾ ਰਿਹਾ ਸੀ।ਪੁਲਸ ਦੀ ਵਿਸ਼ੇਸ਼ ਟੀਮ ਨੇ ਯੋਜਨਾਬੱਧ ਤਰੀਕੇ ਨਾਲ ਮਾਲ ਵਿੱਚ ਸਥਿਤ ਸਪਾ ਸੈਂਟਰ 'ਤੇ ਦਸਤਕ ਦਿੱਤੀ।ਛਾਪੇਮਾਰੀ ਦੌਰਾਨ ਪੁਲਸ ਨੇ ਮੌਕੇ ਤੋਂ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ। ਇਨ੍ਹਾਂ ਵਿੱਚ ਸਪਾ ਸੈਂਟਰ ਦਾ ਮੈਨੇਜਰ, ਜਿਸ ਦੀ ਪਛਾਣ ਕਰਨਦੀਪ ਸਿੰਘ, ਵਾਸੀ ਮੋਗਾ ਵਜੋਂ ਹੋਈ ਹੈ, ਨੂੰ ਕਾਬੂ ਕੀਤਾ ਗਿਆ।ਮੈਨੇਜਰ ਤੋਂ ਇਲਾਵਾ, ਪੁਲਸ ਨੇ ਉੱਥੋਂ ਦੋ ਔਰਤਾਂ ਨੂੰ ਵੀ ਬਰਾਮਦ ਕੀਤਾ।ਪੁਲਸ ਵੱਲੋਂ ਇਨ੍ਹਾਂ ਔਰਤਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।ਸਿਟੀ ਪੁਲਸ ਨੇ ਫੜੇ ਗਏ ਮੈਨੇਜਰ ਕਰਨਦੀਪ ਸਿੰਘ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ ਤੇ ਮਾਮਲੇ ਦੀ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਸ਼ਹਿਰ ਵਾਸੀਆਂ ਨੇ ਪੁਲਸ ਦੀ ਇਸ ਕਾਰਵਾਈ ਦਾ ਸਵਾਗਤ ਕੀਤਾ ਹੈ, ਪਰ ਨਾਲ ਹੀ ਚਿੰਤਾ ਵੀ ਪ੍ਰਗਟਾਈ ਹੈ।ਲੋਕਾਂ ਦੀ ਮੰਗ ਹੈ ਕਿ ਸਪਾ ਸੈਂਟਰਾਂ ਤੇ ਮਸਾਜ ਪਾਰਲਰਾਂ ਦੇ ਨਾਂ 'ਤੇ ਸ਼ਹਿਰ ਦੇ ਮਾਹੌਲ ਨੂੰ ਖਰਾਬ ਕਰ ਰਹੇ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਰਹੇ ਅਜਿਹੇ ਸਾਰੇ ਕੇਂਦਰਾਂ 'ਤੇ ਸਖ਼ਤ ਨੱਥ ਪੈਣੀ ਚਾਹੀਦੀ ਹੈ।ਪੁਲਸ ਪ੍ਰਸ਼ਾਸਨ ਨੇ ਭਰੋਸਾ ਦਿੱਤਾ ਕਿ ਸ਼ਹਿਰ ਵਿੱਚ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਅਜਿਹੇ ਸਪਾ ਸੈਂਟਰਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ ਤੇ ਜੇਕਰ ਕੋਈ ਹੋਰ ਵੀ ਅਜਿਹਾ ਮਾਮਲਾ ਸਾਹਮਣੇ ਆਇਆ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਸੜਕ ਹਾਦਸੇ 'ਚ ਨੌਜਵਾਨ ਦੀ ਮੌਤ, ਦੂਜਾ ਨੌਜਵਾਨ ਗੰਭੀਰ ਜ਼ਖ਼ਮੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਨਾਲ ਤੋਂ ਕੁਰੜ ਨੂੰ ਜਾਂਦੀ ਸੜਕ 'ਤੇ ਬੀਤੀ ਸ਼ਾਮ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਮੋਟਰਸਾਈਕਲ ਸਵਾਰ ਇੱਕ ਨੌਜਵਾਨ ਦੀ ਮੌਤ ਹੋ ਗਈ, ਜਦਕਿ ਉਸ ਦੇ ਨਾਲ ਮੋਟਰਸਾਈਕਲ 'ਤੇ ਸਵਾਰ ਦੂਜਾ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ।ਹਾਦਸੇ ਅੱਗੋਂ ਆ ਰਹੀ ਟਰੈਕਟਰ-ਟਰਾਲੀ ਵੱਲੋਂ ਮੋਟਰਸਾਈਕਲ ਨੂੰ ਲਪੇਟ ਵਿੱਚ ਲੈਣ ਕਾਰਨ ਵਾਪਰਿਆ।ਥਾਣਾ ਠੁੱਲੀਵਾਲ ਦੇ ਮੁਖੀ ਅਜੈਬ ਸਿੰਘ ਬਰਨਾਲਾ ਨੇ ਦੱਸਿਆ ਕਿ ਸ਼ਾਮ ਕਰੀਬ 7:45 ਵਜੇ ਮਨਪ੍ਰੀਤ ਸਿੰਘ (23) ਪੁੱਤਰ ਚਮਕੌਰ ਸਿੰਘ ਤੇ ਕਿਸ਼ਨ ਸਿੰਘ ਪੁੱਤਰ ਕਾਹਨ ਸਿੰਘ, ਵਾਸੀ ਪੰਡੋਰੀ, ਮੋਟਰਸਾਈਕਲ 'ਤੇ ਸਵਾਰ ਹੋ ਕੇ ਮਨਾਲ ਸਾਈਡ ਵੱਲ ਜਾ ਰਹੇ ਸਨ, ਜਦੋਂ ਉਹ ਮਨਾਲ-ਕੁਰੜ ਸੜਕ 'ਤੇ ਪਹੁੰਚੇ ਤਾਂ ਸਾਹਮਣੇ ਤੋਂ ਆ ਰਹੀ ਟਰੈਕਟਰ-ਟਰਾਲੀ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਲਪੇਟ ਵਿੱਚ ਲੈ ਲਿਆ।ਟੱਕਰ ਏਨੀ ਜ਼ਬਰਦਸਤ ਸੀ ਕਿ ਮਨਪ੍ਰੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਕਿਸ਼ਨ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।ਜ਼ਖ਼ਮੀ ਨੂੰ ਤੁਰੰਤ ਸਿਵਲ ਹਸਪਤਾਲ ਬਰਨਾਲਾ ਵਿਖੇ ਦਾਖ਼ਲ ਕਰਾਇਆ ਗਿਆ, ਜਿੱਥੇ ਉਸ ਦਾ ਇਲਾਜ ਜਾਰੀ ਹੈ।ਪੁਲਸ ਅਨੁਸਾਰ ਮ੍ਰਿਤਕ ਦੇ ਚਾਚਾ ਜਗਦੇਵ ਸਿੰਘ ਵਾਸੀ ਪੰਡੋਰੀ ਦੇ ਬਿਆਨਾਂ ਦੇ ਆਧਾਰ 'ਤੇ ਟਰੈਕਟਰ ਚਾਲਕ ਵਿਨੋਦ ਕੁਮਾਰ ਵਾਸੀ ਮਹਿਲ ਕਲਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।ਏਐਸਆਈ ਜਸਵਿੰਦਰ ਸਿੰਘ ਧਨੌਲਾ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਦੀ ਲਾਸ਼ ਦਾ ਪੋਸਟਮਾਰਟਮ ਕਰਾਉਣ ਉਪਰੰਤ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ।ਪੁਲਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕਰਦਿਆਂ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਮੁਫ਼ਤ ਆਯੁਰਵੈਦਿਕ ਤੇ ਹੋਮਿਓਪੈਥਿਕ ਸਿਹਤ ਕੈਂਪ ਲਾਇਆ



**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਤੇ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਦੇ ਉਦੇਸ਼ ਨਾਲ ਚਲਾਈਆਂ ਜਾ ਰਹੀਆਂ ਸਿਹਤ ਸੇਵਾਵਾਂ ਤਹਿਤ ਪੰਜਾਬ ਸਰਕਾਰ ਦੇ ਆਯੂਸ਼ ਵਿਭਾਗ ਤੇ ਡਾਇਰੈਕਟਰ ਆਯੁਰਵੈਦਾ, ਡਾਇਰੈਕਟਰ ਹੋਮਿਓਪੈਥੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲਾ ਆਯੁਰਵੈਦਿਕ ਦੇ ਯੂਨਾਨੀ ਅਫਸਰ ਡਾਕਟਰ ਪਲਵਿੰਦਰ ਸਿੰਘ ਤੇ ਜ਼ਿਲ੍ਹਾ ਹੋਮਿਓਪੈਥੀ ਅਫਸਰ ਡਾਕਟਰ ਗੁਰਦਰਸ਼ਨ ਕੌਰ ਦੀ ਯੋਗ ਅਗਵਾਈ 'ਚ ਫ੍ਰੀ ਆਯੁਰਵੈਦਿਕ ਤੇ ਹੋਮਿਓਪੈਥਿਕ ਦਵਾਈਆਂ ਦਾ ਕੈਂਪ ਸਿਵਲ ਹਸਪਤਾਲ ਵਿਖੇ ਲਾਇਆ ਗਿਆ, ਜਿਸ ਦਾ ਉਦਘਾਟਨ ਸੀਨੀਅਰ ਮੈਡੀਕਲ ਅਫ਼ਸਰ (ਐਸ.ਐਮ.ਓ.) ਡਾ. ਸੁਖਪ੍ਰੀਤ ਸਿੰਘ ਬਰਾੜ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ।ਉਨ੍ਹਾਂ ਨਾਲ ਡਾਕਟਰ ਸਮਰਪ੍ਰੀਤ ਸੋਢੀ ਤੇ ਬਾਕੀ ਹਸਪਤਾਲ ਦਾ ਸਟਾਫ਼ ਵੀ ਸ਼ਾਮਲ ਸੀ।ਕੈਂਪ ਦੌਰਾਨ ਲਗਭਗ ਪੰਜ ਸੌ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ, ਜਿਸ ਵਿੱਚ ਆਯੁਰਵੈਦਿਕ ਵਿਭਾਗ ਵੱਲੋਂ ਲਗਭਗ 260 ਤੇ ਹੋਮਿਓਪੈਥੀ ਵਿਭਾਗ ਵੱਲੋਂ ਲਗਭਗ 240 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਕੈਂਪ ਵਿੱਚ ਡਾਕਟਰ ਰਣਜੀਤ ਸਿੰਘ ਥਿੰਦ ਹੋਮਿਓਪੈਥੀ ਮੈਡੀਕਲ ਅਫਸਰ ਅਤੇ ਡਾਕਟਰ ਸਿਮਰਜੀਤ ਕੌਰ ਆਯੁਰਵੈਦਿਕ ਮੈਡੀਕਲ ਅਫ਼ਸਰ ਤੇ ਡਾਕਟਰ ਸੁਰੇਸ਼ ਕੁਮਾਰ ਆਯੁਰਵੈਦਿਕ ਮੈਡੀਕਲ ਅਫਸਰ ਵੱਲੋਂ ਮਰੀਜ਼ਾਂ ਦਾ ਚੈੱਕਅਪ ਕੀਤਾ।

## ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ

**ਜਲਾਲਾਬਾਦ (ਜੀਤ ਕੁਮਾਰ)**

ਪੈਨਸ਼ਨਰਜ਼ ਭਵਨ ਵਿਖੇ ਦੇਸ ਰਾਜ ਗਾਂਧੀ ਦੀ ਅਗੁਵਾਈ ਹੇਠ ਸੰਪੰਨ ਹੋਈ। ਮੀਟਿੰਗ ਦੀ ਕਾਰਵਾਈ ਸਤੀਸ਼ ਕੁਮਾਰ ਚਰਾਇਆ ਤੇ ਗੁਰਦੀਪ ਸਿੰਘ ਛਾਬੜਾ ਨੇ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸ਼ੁਭ ਮੌਕੇ 'ਤੇ ਸਭ ਨੂੰ ਵਧਾਈ ਦਿੱਤੀ ਗਈ। ਇਸ ਤੋਂ ਬਾਅਦ ਵੱਖ-ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਜ਼ ਨੂੰ ਡੀ.ਏ. ਨਾ ਦੇਣ ਤੇ ਮਾਨਯੋਗ ਸੁਪਰੀਮ ਕੋਰਟ ਵਿੱਚ ਐਸ.ਐਲ.ਪੀ. ਪਾਉਣ ਤੇ ਬਕਾਇਆਂ ਮੰਗਾਂ ਸਰਕਾਰ ਵੱਲੋਂ ਨਾ ਮੰਨਣ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ 17-7-20 ਤੋਂ ਸੈਂਟਰ ਦੇ ਸਕੇਲਾਂ ਨਾਲੋਂ ਵੀ ਘੱਟ ਤਨਖਾਹ ਮੁਲਾਜ਼ਮਾਂ ਨੂੰ ਦੇ ਰਹੀ ਹੈ, ਪਰ ਝੂਠ ਪ੍ਰਚਾਰ ਕਰ ਰਹੀ ਹੈ ਕਿ ਅਸੀਂ ਮੁਲਾਜ਼ਮਾਂ ਨੂੰ ਬਾਕੀ ਸਟੇਟਾਂ ਨਾਲੋਂ ਵੱਧ ਤਨਖਾਹ ਦੇ ਰਹੇ ਹਾਂ। ਸਤੀਸ਼ ਕੁਮਾਰ ਚਰਾਇਆ, ਗੁਰਦੀਪ ਸਿੰਘ ਛਾਬੜਾ, ਦੇਸ ਰਾਜ ਗਾਂਧੀ, ਪ੍ਰਕਾਸ਼ ਦੋਸ਼ੀ, ਗਿਆਨ ਚੰਦ ਤਿਲਕ ਰਾਜ ਕਾਹਲ ਨੇ ਸਰਕਾਰ ਵੱਲੋਂ ਮੰਗਾਂ ਨਾ ਮੰਨਣ ਤੇ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰਜ਼ ਵਿਰੋਧੀ ਰਵੱਈਏ ਦੀ ਅਲੋਚਨਾ ਕੀਤੀ।

## ਲਾਇਨਜ਼ ਕਲੱਬ ਰਾਇਲ ਨੇ ਅਧਿਆਪਕ ਦਿਵਸ 'ਤੇ ਵਣ-ਮਹਾਂਉਤਸਵ ਮਨਾਇਆ



**ਕੋਟਕਪੂਰਾ (ਰਛਪਾਲ ਭੁੱਲਰ)**

ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਵੱਲੋਂ ਗੋਦ ਲਏ ਸਰਕਾਰੀ ਹਾਈ ਸਕੂਲ ਰੋਮਾਣਾ ਅਲਬੇਲ ਸਿੰਘ ਵਿੱਚ ਡਾ. ਰਾਧਾ ਕ੍ਰਿਸ਼ਨਨ ਸਾਬਕਾ ਰਾਸ਼ਟਰਪਤੀ ਦੇ ਜਨਮ ਦਿਨ ਨੂੰ ਸਮਰਪਤ ਅਧਿਆਪਕ ਦਿਵਸ ਤੇ ਵਣ ਮਹਾਂਉਤਸਵ ਸਾਂਝੇ ਤੌਰ 'ਤੇ ਮਨਾਇਆ ਗਿਆ।ਕਲੱਬ ਦੇ ਤੀਜੇ ਵਣ ਮਹਾਂਉਤਸਵ ਮੌਕੇ ਸਕੂਲ ਵਿੱਚ ਛਾਂਦਾਰ ਬੂਟੇ ਲਾ ਕੇ ਵਾਤਾਵਰਣ ਨੂੰ ਸ਼ੁੱਧ ਰੱਖਣ ਦਾ ਉਪਰਾਲਾ ਕੀਤਾ।ਕਲੱਬ ਦੇ ਪੀਆਰਓ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਨੇ ਦੱਸਿਆ ਕਿ ਪ੍ਰਧਾਨ ਇੰਜੀ. ਭੁਪਿੰਦਰ ਸਿੰਘ ਵੱਲੋਂ 15 ਅਗਸਤ ਦੇ ਅਜ਼ਾਦੀ ਦਿਹਾੜੇ ਮੌਕੇ ਕੀਤੇ ਐਲਾਨ ਤੇ ਸਕੂਲ ਦੀ ਮੰਗ ਨੂੰ ਮੁੱਖ ਰੱਖਦਿਆਂ ਤਿੰਨ ਸਟੈਂਡਿੰਗ ਪੱਖੇ ਦਿੱਤੇ ਗਏ।ਉਨ੍ਹਾ ਦੱਸਿਆ ਕਿ ਜ਼ਿਲ੍ਹਾ ਗਵਰਨਰ 321-ਐੱਫ ਅਜੈ ਗੋਇਲ ਵੱਲੋਂ 1-9-2026 ਤੋਂ 7-9-2026 ਤੱਕ ਮੈਡੀਕਲ ਕੈਂਪ, ਜਨਰਲ ਚੈੱਕਅਪ ਕੈਂਪ ਜਾਂ ਹੋਰ ਸਿਹਤ ਸੰਭਾਲ ਸਬੰਧੀ ਸੈਮੀਨਾਰ ਦੀਆਂ ਕੀਤੀਆਂ ਹਦਾਇਤਾਂ ਮੁਤਾਬਕ ਡਾ. ਸੁਨੀਲ ਛਾਬੜਾ ਨੇ ਸਿਹਤ ਤੰਦਰੁਸਤੀ ਸਬੰਧੀ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਅਨੇਕਾਂ ਨੁਕਤਿਆਂ ਦੀ ਸਾਂਝ ਪਾਈ।ਦਸਮੇਸ਼ ਮਿਸ਼ਨ ਸਕੂਲ ਹਰੀਨੌ ਦੇ ਐੱਮ ਡੀ ਬਲਜੀਤ ਸਿੰਘ ਨੇ ਵਿਚਾਰ ਸਾਂਝੇ ਕੀਤੇ।ਸਕੂਲ ਵਿੱਚ ਵਧੀਆ ਕਾਰਗੁਜ਼ਾਰੀ ਲਈ ਸਮੂਹ ਅਧਿਆਪਕਾਂ ਦਾ ਮਾਣ ਸਨਮਾਨ ਕੀਤਾ ਗਿਆ।

ਅਧਿਆਪਕ ਦਿਵਸ ਦੀ ਮਹੱਤਤਾ ਬਾਰੇ ਵੀ ਬੁਲਾਰਿਆਂ ਨੇ ਵਿਚਾਰਾਂ ਸਾਂਝੀਆਂ ਕੀਤੀਆਂ।ਸੁਰਜੀਤ ਸਿੰਘ ਘੁਲਿਆਣੀ, ਮਨਜੀਤ ਸਿੰਘ ਲਵਲੀ ਤੇ ਸਕੱਤਰ ਨਛੱਤਰ ਸਿੰਘ ਨੇ ਦੱਸਿਆ ਕਿ ਉਕਤ ਸਮਾਗਮ ਦੌਰਾਨ ਸਕੂਲ ਦੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਤਾਂ ਬੱਚਿਆਂ ਨੂੰ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਉਨ੍ਹਾ ਦੱਸਿਆ ਕਿ ਜਗਦੀਪ ਸਿੰਘ ਐੱਸ ਐੱਲ ਏ, ਪ੍ਰਦੀਪ ਸਿੰਘ ਮੱਤਾ ਕਲਰਕ, ਅੰਮ੍ਰਿਤਪਾਲ ਸਿੰਘ ਪੀ.ਟੀ.ਆਈ., ਮੈਡਮ ਸ਼ਵੇਤਾ ਹਿੰਦੀ ਅਧਿਆਪਕਾ, ਰਾਮ ਕ੍ਰਿਸ਼ਨ ਐੱਸ ਐੱਸ ਮਾਸਟਰ, ਪਰਮਜੀਤ ਕੌਰ ਐੱਸ ਐੱਸ, ਸਪਨਾ ਧੀਂਗੜਾ ਹਿਸਾਬ, ਗੁਰਜੀਵਨ ਸਿੰਘ ਪੰਜਾਬੀ ਅਧਿਆਪਕ, ਰੇਮਿਕਾ ਅੰਗਰੇਜ਼ੀ ਅਧਿਆਪਕ, ਨੀਨਾ ਮਲਹੋਤਰਾ ਕੰਪਿਊਟਰ ਫਕੈਲਟੀ ਤੇ ਮੁੱਖ ਅਧਿਆਪਕਾ ਮੈਡਮ ਚਿੱਤਰਾ ਕੁਮਾਰੀ ਦਾ ਵਿਸ਼ੇਸ਼ ਸਨਮਾਨ ਹੋਇਆ।

ਉਨ੍ਹਾ ਦੱਸਿਆ ਕਿ ਇਸ ਮੌਕੇ ਹਰਬੀਰ ਸਿੰਘ ਸੰਧੂ ਕੈਨੇਡਾ ਸਮੇਤ ਪਿੰਡ ਦੀਆਂ ਹੋਰ ਵੀ ਉੱਘੀਆਂ ਸ਼ਖਸੀਅਤਾਂ ਹਾਜ਼ਰ ਸਨ।

## ਪ੍ਰਿੰਸੀਪਲ ਬੁੱਧ ਰਾਮ ਨੇ ਗਊਸ਼ਾਲਾ ਲਈ ਦਿੱਤੀ 5 ਲੱਖ ਦੀ ਗ੍ਰਾਂਟ



**ਬੋਹਾ (ਨਿਰੰਜਣ ਬੋਹਾ)**-ਸ੍ਰੀ ਪ੍ਰਾਚੀਨ ਦੁਰਗਾ ਮੰਦਰ ਵਿਖੇ ਸ਼ਰਧਾ ਭਾਵਨਾ ਨਾਲ ਹਨੂੰਮਾਨ ਚਾਲੀਸਾ ਦਾ ਪਾਠ ਕਰਾਇਆ ਗਿਆ।ਇਸ ਧਾਰਮਿਕ ਸਮਾਗਮ ਵਿੱਚ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਮੱਥਾ ਟੇਕਿਆ। ਉਨ੍ਹਾਂ ਵੱਲੋਂ ਗਊਸ਼ਾਲਾ ਕਮੇਟੀ ਨੂੰ ਗਊਸ਼ਾਲਾ ਦੇ ਸ਼ੈੱਡ ਦੀ ਉਸਾਰੀ ਲਈ 5 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਭੇਟ ਕੀਤਾ ਗਿਆ।ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਗਊ ਸੇਵਾ ਸਾਡੀ ਧਾਰਮਿਕ ਤੇ ਸਮਾਜਿਕ ਪਰੰਪਰਾ ਦਾ ਅਹਿਮ ਹਿੱਸਾ ਹੈ।ਗਊਸ਼ਾਲਾਵਾਂ ਵਿੱਚ ਰਹਿ ਰਹੇ ਪਸ਼ੂਆਂ ਲਈ ਬਿਹਤਰ ਸਹੂਲਤਾਂ ਮੁਹੱਈਆ ਕਰਾਉਣਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਗਊਸ਼ਾਲਾ ਦੇ ਸ਼ੈੱਡ ਲਈ 10 ਲੱਖ ਰੁਪਏ ਦਾ ਫੰਡ ਜਾਰੀ ਕੀਤਾ ਜਾ ਚੁੱਕਾ ਹੈ ਤੇ ਅੱਗੇ ਵੀ ਲੋੜ ਅਨੁਸਾਰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।ਚੇਅਰਮੈਨ ਭੋਲਾ ਸਿੰਘ ਨਰਸੋਤ ਨੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਵੱਲੋਂ ਗਊਸ਼ਾਲਾ ਲਈ ਦਿੱਤੀ ਗਈ ਗ੍ਰਾਂਟ ਦਾ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਧਾਰਮਿਕ ਸੰਸਥਾਵਾਂ ਤੇ ਗਊ ਸੇਵਾ ਨਾਲ ਜੁੜੀਆਂ ਸੰਸਥਾਵਾਂ ਨੂੰ ਮਜ਼ਬੂਤ ਬਣਾਉਂਦੇ ਹਨ।ਉਨ੍ਹਾਂ ਕਿਹਾ ਕਿ ਗਊਸ਼ਾਲਾ ਦੇ ਸ਼ੈੱਡ ਦੀ ਉਸਾਰੀ ਨਾਲ ਗਊਆਂ ਨੂੰ ਮੌਸਮ ਦੀ ਮਾਰ ਤੋਂ ਬਚਾਉਣ ਵਿੱਚ ਮਦਦ ਮਿਲੇਗੀ ਅਤੇ ਗਊ ਸੇਵਾ ਕਰਨ ਵਾਲਿਆਂ ਨੂੰ ਵੀ ਸਹੂਲਤ ਮਿਲੇਗੀ।ਉਨ੍ਹਾਂ ਕਿਹਾ ਕਿ ਇਲਾਕੇ ਦੇ ਵਿਕਾਸ ਤੇ ਲੋਕ-ਭਲਾਈ ਦੇ ਕੰਮਾਂ ਲਈ ਸਾਰਿਆਂ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ।ਇਸ ਮੌਕੇ ਨਗਰ ਪੰਚਾਇਤ ਬੋਹਾ ਦੇ ਪ੍ਰਧਾਨ ਜਗਸੀਰ ਸਿੰਘ ਜੱਗਾ, ਉਪ ਪ੍ਰਧਾਨ ਭਾਈ ਕ੍ਰਿਪਾਲ ਸਿੰਘ ਖ਼ਾਲਸਾ, ਚੇਅਰਮੈਨ ਰਣਜੀਤ ਫਰੀਦਕੇ, ਚੇਅਰਮੈਨ ਸੋਹਣਾ ਸਿੰਘ ਕਲੀਪੁਰ, ਕੁਲਵੰਤ ਸਿੰਘ ਐੱਮ.ਸੀ., ਦਰਸ਼ਨ ਸਿੰਘ ਘਾਰੂ ਬਲਾਕ ਪ੍ਰਧਾਨ, ਬਾਵਾ ਸਿੰਘ ਸਾਬਕਾ ਪੰਚ, ਗਿਆਨ ਚੰਦ ਸਿੰਗਲਾ, ਕਾਮਰੇਡ ਜਗਨ ਨਾਥ ਅਤੇ ਸੰਤੋਖ ਸਾਗਰ ਸਮੇਤ ਹੋਰ ਪਤਵੰਤੇ ਅਤੇ ਸ਼ਰਧਾਲੂ ਹਾਜ਼ਰ ਸਨ।

## ਸੈਨੇਟ ਚੋਣਾਂ ਨੂੰ ਲੈ ਕੇ ਸੁਰਜੀਤ ਸਿੰਘ ਮੋਹਾਲੀ ਦੇ ਹੱਕ 'ਚ ਚੋਣ ਮੀਟਿੰਗ



**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬ ਯੂਨੀਵਰਸਿਟੀ ਸੈਨੇਟ ਚੋਣਾਂ ਨੂੰ ਲੈ ਕੇ ਚੋਣ ਮੀਟਿੰਗ ਸੀਨੀਅਰ ਸੈਕੰਡਰੀ ਸਕੂਲ ਜ਼ੀਰਾ ਵਿਖੇ ਹੋਈ।ਮੀਟਿੰਗ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਯੂਨੀਵਰਸਿਟੀ ਵਿੱਚ ਸੁਧਾਰਾਂ ਲਈ ਸੈਨੇਟ ਚੋਣ ਲੜ ਰਹੇ ਸੁਰਜੀਤ ਸਿੰਘ ਮੋਹਾਲੀ ਦੇ ਹੱਕ ਵਿੱਚ ਭੁਗਤਣ ਦੀ ਅਪੀਲ ਕੀਤੀ।ਸੁਰਜੀਤ ਸਿੰਘ ਮੋਹਾਲੀ ਦੇ ਹੱਕ ਵਿੱਚ ਚੋਣ ਪ੍ਰਚਾਰ ਲਈ ਵਿਉਂਤਬੰਦੀ ਕੀਤੀ ਗਈ ਤੇ ਹਰ ਵੋਟਰ ਤੱਕ ਪਹੁੰਚ ਕਰਨ ਲਈ ਡਿਊਟੀਆਂ ਵੀ ਲਗਾਈਆਂ ਗਈਆਂ।ਮੀਟਿੰਗ ਨੂੰ ਸੰਬੋਧਨ ਕਰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਜੀਵ ਕੁਮਾਰ ਹਾਂਡਾ, ਬਲਵਿੰਦਰ ਸਿੰਘ ਸੰਧੂ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਨਵੀਨ ਕੁਮਾਰ ਸਚਦੇਵਾ, ਓਡੀ-ਮਾਸਟਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਵਿਸ਼ਵ ਕੁਮਾਰ ਸਚਦੇਵਾ, ਕੋਆਪਰੇਟਿਵ ਬੈਂਕ ਯੂਨੀਅਨ ਦੇ ਸੂਬਾ ਪ੍ਰਧਾਨ ਨਿਤਿਨ ਕੱਕੜ, ਪ੍ਰਕਿਰਤੀ ਕਲੱਬ ਜ਼ੀਰਾ ਦੇ ਪ੍ਰਧਾਨ ਜਰਨੈਲ ਸਿੰਘ ਭੁੱਲਰ, ਸਮਾਜ ਸੇਵੀ ਸੰਸਥਾ ਦੇ ਆਗੂ ਨਰਿੰਦਰ ਸਿੰਘ, ਟਰੇਡ ਯੂਨੀਅਨ ਜ਼ੀਰਾ ਦੇ ਪ੍ਰਧਾਨ ਅੰਗਰੇਜ ਸਿੰਘ, ਫੈਡਰੇਸ਼ਨ ਦੇ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਸਾਧੂ ਵਾਲਾ ਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰਛਪਾਲ ਸਿੰਘ ਕਰਮੂਵਾਲਾ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ 'ਤੇ ਪੰਜਾਬ ਦਾ ਹੱਕ ਕਾਇਮ ਰੱਖਣ ਤੇ ਯੂਨੀਵਰਸਿਟੀ ਵਿੱਚ ਪ੍ਰਬੰਧਕੀ ਸੁਧਾਰਾਂ ਲਈ ਪੰਜਾਬ ਦੇ ਪੰਜਾਬੀਆਂ ਦੇ ਹੱਕ ਵਿੱਚ ਖੜ੍ਹਨ ਵਾਲੇ ਸੁਝਵਾਨ ਵਿਅਕਤੀਆਂ ਦਾ ਸੈਨੇਟ ਵਿੱਚ ਹੋਣਾ ਜ਼ਰੂਰੀ ਹੈ। ਆਗੂਆਂ ਨੇ ਕਿਹਾ ਕਿ ਸੁਰਜੀਤ ਸਿੰਘ ਮੋਹਾਲੀ ਨੇ ਆਪਣੀ ਨੌਕਰੀ ਦੌਰਾਨ ਵੱਖ-ਵੱਖ ਜਥੇਬੰਦੀਆਂ ਵਿੱਚ ਕੰਮ ਕਰਦਿਆਂ ਹਮੇਸ਼ਾ ਅਧਿਆਪਕ, ਮੁਲਾਜ਼ਮ ਤੇ ਵਿਦਿਆਰਥੀਆਂ ਦੇ ਹੱਕਾਂ ਦੀ ਅਵਾਜ਼ ਬੁਲੰਦ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਬਹੁਪੱਖੀ ਸ਼ਖ਼ਸੀਅਤ ਨੂੰ ਸੈਨੇਟ ਵਿੱਚ ਭੇਜਣਾ ਸਮੇਂ ਦੀ ਲੋੜ ਹੈ।

ਸੁਰਜੀਤ ਸਿੰਘ ਮੋਹਾਲੀ ਨੇ ਸੈਨੇਟ ਚੋਣਾਂ ਵਿੱਚ ਵੋਟਰਾਂ ਨੂੰ ਆਪਣੇ ਲੜੀ ਨੰਬਰ 48 ਦੇ ਹੱਕ ਵਿੱਚ 20 ਸਤੰਬਰ 2026 ਨੂੰ ਭੁਗਤਣ ਤੇ ਪਹਿਲੀ ਤਰਜ਼ੀਹ ਦੇ ਕੇ ਸਫ਼ਲ ਬਣਾਉਣ ਦੀ ਅਪੀਲ ਕੀਤੀ।

## ਮਾਤਾ ਹਮੀਰ ਕੌਰ ਨਮਿਤ ਸ਼ਰਧਾਂਜਲੀ ਸਮਾਗਮ ਅੱਜ



**ਸਮਾਣਾ (ਇਕਬਾਲ ਸਿੰਘ ਬੱਲ)**-ਸੀਨੀਅਰ ਪੱਤਰਕਾਰ ਹਰਵਿੰਦਰ ਸਿੰਘ ਟੋਨੀ ਦੇ ਮਾਤਾ ਜੀ ਸਰਦਾਰਨੀ ਹਮੀਰ ਕੌਰ ਬੀਤੀ 30 ਅਗਸਤ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ ਇਸ ਨਾਸ਼ਵੰਤ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ।ਉਨ੍ਹਾਂ ਦੇ ਵਿਛੋੜੇ ਨਾਲ ਪਰਿਵਾਰ, ਰਿਸ਼ਤੇਦਾਰਾਂ ਤੇ ਸਨੇਹੀਆਂ ਵਿੱਚ ਗਹਿਰਾ ਦੁੱਖ ਪਾਇਆ ਜਾ ਰਿਹਾ ਹੈ।ਸਰਦਾਰਨੀ ਹਮੀਰ ਕੌਰ ਨਮਿੱਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰਖਵਾਏ ਗਏ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ 6 ਸਤੰਬਰ ਐਤਵਾਰ ਨੂੰ ਉਨ੍ਹਾਂ ਦੇ ਗ੍ਰਹਿ ਨਿਵਾਸ ਕ੍ਰਿਸ਼ਨਾ ਬਸਤੀ ਸਮਾਣਾ ਵਿਖੇ ਪੈਣ ਉਪਰੰਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਨਗਰ ਕੌਂਸਲ ਸਮਾਣਾ ਨੇੜੇ ਸਥਿਤ ਮਾਤਾ ਨੈਣਾ ਆਰੀਆ ਧਰਮਸ਼ਾਲਾ ਵਿਖੇ ਦੁਪਹਿਰੇ 12 ਵਜੇ ਤੋਂ 1 ਵਜੇ ਤੱਕ ਕਰਵਾਇਆ ਜਾਵੇਗਾ।ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਰਿਸ਼ਤੇਦਾਰ, ਸਨੇਹੀ, ਪੱਤਰਕਾਰ ਭਾਈਚਾਰੇ ਦੇ ਮੈਂਬਰ ਤੇ ਵੱਖ-ਵੱਖ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦੇ ਸਰਦਾਰਨੀ ਹਮੀਰ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

## ਤੁਲਸੀ ਦੇ ਪੌਦੇ ਤੇ ਅੱਖਾਂ ਦੀ ਦਵਾਈ ਮੁਫ਼ਤ ਵੰਡੀ



**ਬੁਢਲਾਡਾ (ਅਸ਼ੋਕ ਲਾਕੜਾ)**-ਸੇਵਾ ਭਾਰਤੀ ਬ੍ਰਾਂਚ ਬੁਢਲਾਡਾ ਵੱਲੋਂ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਵਿੱਤਰ ਮੌਕੇ 'ਤੇ ਸਮਾਜ ਸੇਵਾ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਤੁਲਸੀ ਦੇ ਪੌਦੇ ਤੇ ਅੱਖਾਂ ਦੀ ਦਵਾਈ ਮੁਫ਼ਤ ਵੰਡੀ ਗਈ।ਸੰਸਥਾ ਦੇ ਮੈਂਬਰਾਂ ਵੱਲੋਂ ਸ਼ਹਿਰ ਵਾਸੀਆਂ ਨੂੰ ਤੁਲਸੀ ਦੇ ਪੌਦਿਆਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਤੇ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ।ਇਸ ਦੇ ਨਾਲ ਹੀ ਅੱਖਾਂ ਦੀ ਦਵਾਈ ਵੀ ਲੋੜਵੰਦ ਲੋਕਾਂ ਨੂੰ ਮੁਫ਼ਤ ਮੁਹੱਈਆ ਕਰਾਈ ਗਈ।ਸੇਵਾ ਭਾਰਤੀ ਦੇ ਅਹੁਦੇਦਾਰਾਂ ਨੇ ਕਿਹਾ ਕਿ ਸੰਸਥਾ ਦਾ ਮੁੱਖ ਉਦੇਸ਼ ਸਮਾਜ ਦੇ ਹਰ ਵਰਗ ਦੀ ਸੇਵਾ ਕਰਨਾ ਹੈ ਤੇ ਅਜਿਹੇ ਸੇਵਾ ਕਾਰਜ ਭਵਿੱਖ ਵਿੱਚ ਵੀ ਲਗਾਤਾਰ ਜਾਰੀ ਰੱਖੇ ਜਾਣਗੇ।ਜਨਮ ਅਸ਼ਟਮੀ ਮੌਕੇ ਕਰਵਾਏ ਇਸ ਸੇਵਾ ਕਾਰਜ ਦੀ ਸ਼ਹਿਰ ਵਾਸੀਆਂ ਵੱਲੋਂ ਸ਼ਲਾਘਾ ਕੀਤੀ ਗਈ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸਮੀਖਿਆ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਪੰਜਾਬ ਦੇ ਮਾਲ ਤੇ ਮੁੜ ਵਸੇਬਾ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਆਖਿਆ ਹੈ ਕਿ ਸੂਬਾ ਸਰਕਾਰ ਵੱਲੋਂ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਸਾਰਥਿਕ ਅਤੇ ਹਾਂਪੱਖੀ ਨਤੀਜੇ ਸਾਹਮਣੇ ਆ ਰਹੇ ਹਨ।ਉਨ੍ਹਾਂ ਦੱਸਿਆ ਕਿ ਸਰਕਾਰ ਦੀ ਤਿੰਨ-ਧਿਰੀ ਨੀਤੀ ਸਪਲਾਈ ਲਾਈਨ ਤੋੜਨਾ, ਜਾਗਰੂਕਤਾ ਫੈਲਾਉਣਾ ਤੇ ਨਸ਼ਾ ਪੀੜਤਾਂ ਦਾ ਇਲਾਜ/ਮੁੜ ਵਸੇਬਾ ਨਾਲ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸਿਆ ਗਿਆ ਹੈ।ਫ਼ਰੀਦਕੋਟ ਵਿਖੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ, ਵਿਧਾਇਕ ਗੁਰਦਿੱਤ ਸਿੰਘ ਸੇਖੋਂ ਅਤੇ ਵਿਧਾਇਕ ਅਮੋਲਕ ਸਿੰਘ ਦੀ ਮੌਜੂਦਗੀ ਵਿੱਚ ਮੁਹਿੰਮ ਦੀ ਉੱਚ-ਪੱਧਰੀ ਸਮੀਖਿਆ ਕਰਦਿਆਂ ਕੈਬਨਿਟ ਮੰਤਰੀ ਨੇ ਨਸ਼ਾ ਤਸਕਰਾਂ ਨਾਲ ਸਖ਼ਤੀ ਨਾਲ ਨਿਪਟਣ ਦੇ ਨਿਰਦੇਸ਼ ਦਿੱਤੇ।

## ਮੋਟਰਾਂ ਦੀ ਬਿਜਲੀ ਸਪਲਾਈ 'ਚ ਸਰਕਾਰ ਬੁਰੀ ਤਰ੍ਹਾਂ ਫੇਲ੍ਹ : ਸੋਢੀ

**ਸਰਦੂਲਗੜ੍ਹ (ਅਵਤਾਰ ਜਟਾਣਾ)**-ਕਿਸਾਨਾਂ ਨੂੰ ਖੇਤੀਬਾੜੀ ਮੋਟਰਾਂ ਲਈ ਮਿਲ ਰਹੀ ਬਿਜਲੀ ਸਪਲਾਈ ਵਿੱਚ ਅਣਐਲਾਨੇ ਕੱਟਾਂ ਤੇ ਵਾਰ-ਵਾਰ ਟ੍ਰਿਪਿੰਗ ਕਾਰਨ ਕਿਸਾਨਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਹ ਪ੍ਰਗਟਾਵਾ ਜਤਿੰਦਰ ਸਿੰਘ ਸੋਢੀ, ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਨੇ ਇੱਥੇ ਗੱਲਬਾਤ ਕਰਦਿਆਂ ਕੀਤਾ।ਸ੍ਰੀ ਸੋਢੀ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਦਿਨ ਵੇਲੇ ਅੱਠ ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦੇ ਦਾਅਵੇ ਕਰ ਰਹੀ ਹੈ, ਪਰ ਜ਼ਮੀਨੀ ਹਕੀਕਤ ਸਰਕਾਰੀ ਦਾਅਵਿਆਂ ਤੋਂ ਬਿਲਕੁਲ ਉਲਟ ਹੈ।ਉਨ੍ਹਾਂ ਕਿਹਾ ਕਿ ਕਈ ਖੇਤਰਾਂ ਵਿੱਚ ਕਿਸਾਨਾਂ ਨੂੰ ਅੱਠ ਘੰਟਿਆਂ ਦੀ ਬਜਾਏ ਸਿਰਫ਼ ਤਿੰਨ ਤੋਂ ਪੰਜ ਘੰਟੇ ਹੀ ਬਿਜਲੀ ਮਿਲ ਰਹੀ ਹੈ ਤੇ ਮਿਲ ਰਹੀ ਸਪਲਾਈ ਦੌਰਾਨ ਵੀ ਵਾਰ-ਵਾਰ ਟ੍ਰਿਪਿੰਗ ਹੋਣ ਕਾਰਨ ਸਿੰਚਾਈ ਦਾ ਕੰਮ ਪ੍ਰਭਾਵਤ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਝੋਨੇ ਦੀ ਫ਼ਸਲ ਇਸ ਸਮੇਂ ਬੇਹੱਦ ਅਹਿਮ ਪੜਾਅ ਵਿੱਚ ਹੈ ਅਤੇ ਫ਼ਸਲ ਨੂੰ ਲੋੜ ਅਨੁਸਾਰ ਪਾਣੀ ਨਾ ਮਿਲਣ ਨਾਲ ਇਸ ਦੇ ਝਾੜ 'ਤੇ ਮਾੜਾ ਅਸਰ ਪੈਣ ਦਾ ਖ਼ਦਸ਼ਾ ਹੈ।ਕਿਸਾਨ ਪਹਿਲਾਂ ਹੀ ਵਧ ਰਹੀਆਂ ਖੇਤੀ ਲਾਗਤਾਂ ਕਾਰਨ ਆਰਥਿਕ ਦਬਾਅ ਹੇਠ ਹਨ ਤੇ ਬਿਜਲੀ ਦੀ ਮਾੜੀ ਸਪਲਾਈ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਹੋਰ ਵਧਾ ਰਹੀ ਹੈ।ਸ੍ਰੀ ਸੋਢੀ ਨੇ ਕਿਹਾ ਕਿ ਮੌਜੂਦਾ ਖੇਤੀਬਾੜੀ ਸੀਜ਼ਨ ਨੂੰ ਦੇਖਦਿਆਂ ਸਰਕਾਰ ਨੂੰ ਕਿਸਾਨਾਂ ਨੂੰ ਰਾਹਤ ਦੇਣ ਲਈ ਬਿਜਲੀ ਸਪਲਾਈ ਵਿੱਚ ਵਾਧਾ ਕਰਨਾ ਚਾਹੀਦਾ ਸੀ। ਲੋੜ ਅਨੁਸਾਰ ਅੱਠ ਘੰਟਿਆਂ ਤੋਂ ਵੀ ਵੱਧ, ਕਰੀਬ ਦਸ ਘੰਟੇ ਤੱਕ ਨਿਰਵਿਘਨ ਸਪਲਾਈ ਦੇਣ ਦੀ ਲੋੜ ਹੈ, ਪਰ ਇਸ ਦੇ ਉਲਟ ਕਿਸਾਨਾਂ ਨੂੰ ਘੱਟ ਸਪਲਾਈ ਮਿਲਣਾ ਸਰਕਾਰ ਦੀ ਕਿਸਾਨਾਂ ਪ੍ਰਤੀ ਗੰਭੀਰ ਬੇਰੁਖ਼ੀ ਨੂੰ ਦਰਸਾਉਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੇ ਕਿਸਾਨ-ਹਿਤੈਸ਼ੀ ਹੋਣ ਦੇ ਦਾਅਵੇ ਸਿਰਫ਼ ਬਿਆਨਾਂ ਤੱਕ ਸੀਮਤ ਰਹਿ ਗਏ ਹਨ।ਜੇਕਰ ਸਮੇਂ ਸਿਰ ਬਿਜਲੀ ਸਪਲਾਈ ਯਕੀਨੀ ਨਾ ਬਣਾਈ ਗਈ ਤਾਂ ਝੋਨੇ ਦੇ ਝਾੜ ਵਿੱਚ ਕਮੀ ਆਉਣ ਨਾਲ ਕਿਸਾਨਾਂ ਨੂੰ ਵਿੱਤੀ ਨੁਕਸਾਨ ਝੱਲਣਾ ਪੈ ਸਕਦਾ ਹੈ।

## ਡੀ ਸੀ ਐੱਮ ਗਰੁੱਪ ਨੇ ਉਤਸ਼ਾਹ ਨਾਲ ਮਨਾਇਆ ਜਨਮ ਅਸ਼ਟਮੀ ਦਾ ਤਿਉਹਾਰ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਡੀਸੀਐੱਮ ਗਰੁੱਪ ਆਫ਼ ਸਕੂਲਜ਼ ਵੱਲੋਂ ਆਪਣੇ ਸਕੂਲਾਂ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਡੀਸੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਯਾਚਨਾ ਚਾਵਲਾ ਨੇ ਦੱਸਿਆ ਕਿ ਸਕੂਲ ਵਿੱਚ ਭਗਵਾਨ ਕ੍ਰਿਸ਼ਨ ਦੇ ਬਾਲ ਸਰੂਪ ਨੂੰ ਪਾਲਣੇ ਵਿੱਚ ਬਿਰਾਜਮਾਨ ਕੀਤਾ ਗਿਆ ਤੇ ਉਨ੍ਹਾਂ ਦੀ ਆਰਤੀ ਉਤਾਰਨ ਤੇ ਝੂਲਾ ਝੁਲਾਉਣ ਤੋਂ ਬਾਅਦ ਉਨ੍ਹਾਂ ਨੂੰ ਮੱਖਣ-ਮਿਸ਼ਰੀ, ਮਿਠਾਈ ਸਮੇਤ ਫ਼ਲਾਂ ਦਾ ਭੋਗ ਲਗਾਇਆ ਗਿਆ। ਉਨ੍ਹਾਂ ਦੱਸਿਆ ਕਿ ਸਮੂਹ ਸਟਾਫ਼ ਮੈਂਬਰਾਂ ਨੇ ਭਗਵਾਨ ਕ੍ਰਿਸ਼ਨ ਦੀ ਵਿਧੀ-ਵਿਧਾਨ ਨਾਲ ਪੂਜਾ ਕੀਤੀ। ਨੰਨੇ-ਮੁੰਨੇ ਬੱਚੇ ਆਪਣੇ ਘਰਾਂ ਤੋਂ ਭਗਵਾਨ ਕ੍ਰਿਸ਼ਨ ਤੇ ਰਾਧਾ ਬਣ ਕੇ ਆਏ ਅਤੇ ਉਨ੍ਹਾਂ ਵੱਲੋਂ ਵੱਖ-ਵੱਖ ਭਜਨਾਂ 'ਤੇ ਨ੍ਰਿਤ ਕੀਤਾ ਗਿਆ। ਦਾਸ ਐਂਡ ਬ੍ਰਾਊਨ ਵਰਲਡ ਸਕੂਲ ਦੀ ਪ੍ਰਿੰਸੀਪਲ ਰੁਚੀ ਪਾਂਡੇ ਨੇ ਦੱਸਿਆ ਕਿ ਜਨਮ ਅਸ਼ਟਮੀ ਸਮਾਗਮ ਵਿੱਚ ਭਗਵਾਨ ਕ੍ਰਿਸ਼ਨ ਦੀ ਵਿਸ਼ੇਸ਼ ਆਰਤੀ ਕੀਤੀ ਗਈ ਤੇ ਉਨ੍ਹਾਂ ਦੇ ਜੀਵਨ ਬਾਰੇ ਸਟਾਫ਼ ਤੇ ਬੱਚਿਆਂ ਨੂੰ ਜਾਣਕਾਰੀ ਦਿੱਤੀ। ਡੀਸੀਐੱਮ ਇੰਟਰਨੈਸ਼ਨਲ ਸਕੂਲ ਦੀ ਪ੍ਰਿੰਸੀਪਲ ਅਨੁਰਾਧਾ ਚੰਦੇਲ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਸ਼ਹਿਰ ਦੀ ਗਊਸ਼ਾਲਾ ਦਾ ਦੌਰਾ ਕਰਕੇ ਗਊਮਾਤਾ ਨੂੰ ਹਰਾ ਚਾਰਾ ਖਵਾਇਆ। ਸਕੂਲ ਵਿੱਚ ਜਨਮ ਅਸ਼ਟਮੀ 'ਤੇ ਲੱਡੂ ਗੋਪਾਲ ਜੀ ਦੀ ਪੂਜਾ ਕੀਤੀ ਗਈ। ਭਗਵਾਨ ਦਾ ਅਭਿਸ਼ੇਕ ਕਰਵਾਉਣ ਤੋਂ ਬਾਅਦ ਉਨ੍ਹਾਂ ਨੂੰ ਵਸਤਰ ਪਹਿਨਾਏ ਗਏ ਤੇ ਪੂਜਾ, ਆਰਤੀ ਤੋਂ ਬਾਅਦ ਉਨ੍ਹਾਂ ਨੂੰ ਵੱਖ-ਵੱਖ ਪਕਵਾਨਾਂ ਦਾ ਭੋਗ ਲਗਾਇਆ ਗਿਆ। ਬੱਚਿਆਂ ਦੇ ਮੁਕਾਬਲੇ ਵੀ ਕਰਵਾਏ ਗਏ।

## ਯਾਰਾ ਜ਼ਿੰਕ ਪ੍ਰੋਕੋਟ ਦੇ ਨਮੂਨਿਆਂ ਦੀ ਜਾਂਚ ਦੀ ਮੰਗ




**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਯਾਰਾ ਫਰਟੀਲਾਈਜ਼ਰਜ਼ ਇੰਡੀਆ ਪ੍ਰਾਈਵੇਟ ਲਿਮਟਿਡ ਦੇ 'ਯਾਰਾਵੀਟਾ ਜ਼ਿੰਕ ਪ੍ਰੋਕੋਟ 39.5 ਫੀਸਦੀ' ਦੀ ਗੁਣਵੱਤਾ ਨੂੰ ਲੈ ਕੇ ਸ਼ੇਰੇ ਏ ਪੰਜਾਬ ਕਿਸਾਨ ਯੂਨੀਅਨ ਵੱਲੋਂ ਗੰਭੀਰ ਚਿੰਤਾ ਜ਼ਾਹਰ ਕੀਤੀ ਗਈ ਹੈ।ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਫੌਜੀ, ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਤੇ ਜਗਜੀਤ ਸਿੰਘ ਘੋਸਾ ਨੇ ਪੰਜਾਬ ਖੇਤੀਬਾੜੀ ਵਿਭਾਗ ਤੋਂ ਇਸ ਉਤਪਾਦ ਦੇ ਸਰਕਾਰੀ ਨਮੂਨੇ ਲੈ ਕੇ ਜਾਂਚ ਕਰਾਉਣ ਦੀ ਮੰਗ ਕੀਤੀ ਹੈ।ਕਿਸਾਨ ਆਗੂਆਂ ਨੇ ਦਾਅਵਾ ਕੀਤਾ ਕਿ ਹਰਿਆਣਾ ਖੇਤੀਬਾੜੀ ਵਿਭਾਗ ਵੱਲੋਂ ਕੀਤੀ ਗਈ ਜਾਂਚ ਵਿੱਚ ਉਕਤ ਉਤਪਾਦ ਵਿੱਚ ਜ਼ਿੰਕ ਦੀ ਮਾਤਰਾ 1.74 ਫੀਸਦੀ ਪਾਈ ਗਈ ਹੈ, ਜਦਕਿ ਪ੍ਰਾਈਵੇਟ ਲੈਬ ਦੀਆਂ ਰਿਪੋਰਟਾਂ ਨੂੰ ਲੈ ਕੇ ਵੀ ਸਵਾਲ ਸਾਹਮਣੇ ਆਏ ਹਨ।ਆਗੂਆਂ ਨੇ ਕਿਹਾ ਕਿ ਇਨ੍ਹਾਂ ਮਾਮਲਿਆਂ ਕਾਰਨ ਕਿਸਾਨਾਂ ਵਿੱਚ ਕੰਪਨੀ ਦੇ ਉਤਪਾਦ ਨੂੰ ਲੈ ਕੇ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਪੰਜਾਬ ਖੇਤੀਬਾੜੀ ਵਿਭਾਗ ਨੂੰ ਅਪੀਲ ਕੀਤੀ ਕਿ ਯਾਰਾ ਜ਼ਿੰਕ ਪ੍ਰੋਕੋਟ ਸਮੇਤ ਕੰਪਨੀ ਦੇ ਹੋਰ ਉਤਪਾਦਾਂ ਦੇ ਸਰਕਾਰੀ ਨਮੂਨੇ ਲੈ ਕੇ ਮਿਆਰੀ ਜਾਂਚ ਕਰਾਈ ਜਾਵੇ।ਉਨ੍ਹਾਂ ਕਿਹਾ ਕਿ ਜਾਂਚ ਪੂਰੀ ਹੋਣ ਤੱਕ ਕੰਪਨੀ ਦੇ ਪ੍ਰਚਾਰ, ਪ੍ਰਦਰਸ਼ਨੀ ਅਤੇ ਵਿਕਰੀ ਸਟਾਲਾਂ 'ਤੇ ਰੋਕ ਲਾਈ ਜਾਣੀ ਚਾਹੀਦੀ ਹੈ।

## ਬਠਿੰਡਾ-ਫ਼ਰੀਦਕੋਟ ਜ਼ੋਨ ਦਾ ਯੂਥ ਫੈਸਟੀਵਲ ਫਤਿਹ ਗਰੁੱਪ ਵਿਖੇ 3 ਅਕਤੂਬਰ ਤੋਂ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਬਠਿੰਡਾ-ਫ਼ਰੀਦਕੋਟ ਜ਼ੋਨ ਦਾ ਯੂਥ ਫੈਸਟੀਵਲ 3 ਤੋਂ 6 ਅਕਤੂਬਰ ਤੱਕ ਫਤਿਹ ਗਰੁੱਪ ਰਾਮਪੁਰਾ ਫੂਲ ਵਿਖੇ ਕਰਵਾਇਆ ਜਾਵੇਗਾ।ਇਸ ਸਬੰਧੀ ਫਤਿਹ ਗਰੁੱਪ ਵਿਖੇ ਵੱਖ-ਵੱਖ ਕਾਲਜਾਂ ਦੇ ਯੂਥ ਕੋਆਰਡੀਨੇਟਰਾਂ ਤੇ ਨੁਮਾਇੰਦਿਆਂ ਦੀ ਇੱਕ ਵਿਸ਼ੇਸ਼ ਮੀਟਿੰਗ ਕਰਵਾਈ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬੀ ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ, ਡਾ. ਡੈਨੀ ਸ਼ਰਮਾ ਨੇ ਆਗਾਮੀ ਯੂਥ ਫੈਸਟੀਵਲ ਦੀ ਵਿਸਥਾਰਪੂਰਵਕ ਰੂਪ-ਰੇਖਾ ਪੇਸ਼ ਕਰਦਿਆਂ ਵੱਖ-ਵੱਖ ਮੁਕਾਬਲਿਆਂ ਤੇ ਪ੍ਰਬੰਧਕੀ ਪ੍ਰਬੰਧਾਂ ਬਾਰੇ ਯੂਥ ਕੋਆਰਡੀਨੇਟਰਾਂ ਨੂੰ ਜਾਣੂ ਕਰਵਾਇਆ।ਉਨ੍ਹਾਂ ਯੂਥ ਫੈਸਟੀਵਲ ਨੂੰ ਸੁਚੱਜੇ, ਅਨੁਸ਼ਾਸਤ ਤੇ ਪ੍ਰਭਾਵਸ਼ਾਲੀ ਢੰਗ ਨਾਲ ਕਰਵਾਉਣ ਲਈ ਲੋੜੀਂਦੇ ਪਹਿਲੂਆਂ 'ਤੇ ਵੀ ਵਿਸਥਾਰ ਨਾਲ ਚਰਚਾ ਕੀਤੀ।ਪ੍ਰੋ. ਹਰਿੰਦਰ ਹੁੰਦਲ ਤੇ ਪ੍ਰੋ. ਰੁਬਲ ਚਹਿਲ ਨੇ ਵੀ ਯੂਥ ਫੈਸਟੀਵਲਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ।ਇਸ ਮੌਕੇ ਬਠਿੰਡਾ-ਫ਼ਰੀਦਕੋਟ ਜ਼ੋਨ ਦੇ ਯੂਥ ਫੈਸਟੀਵਲ ਦੀ ਚੌਥੀ ਵਾਰ ਮੇਜ਼ਬਾਨੀ ਫਤਿਹ ਗਰੁੱਪ, ਰਾਮਪੁਰਾ ਫੂਲ ਨੂੰ ਮਿਲਣ 'ਤੇ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਸਮੂਹ ਪ੍ਰਬੰਧਕਾਂ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ।ਫਤਿਹ ਗਰੁੱਪ ਦੇ ਚੇਅਰਮੈਨ ਐੱਸ. ਐੱਸ. ਚੱਠਾ ਨੇ ਸਮੂਹ ਯੂਥ ਕੋਆਰਡੀਨੇਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਕਾਲਜਾਂ ਦੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਕਲਾਤਮਕ ਤੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨ।ਇਸ ਮੌਕੇ ਫਤਿਹ ਗਰੁੱਪ ਵੱਲੋਂ ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ, ਪ੍ਰਿੰਸੀਪਲ ਬਘੇਲ ਸਿੰਘ, ਸਹਾਇਕ ਡਾਇਰੈਕਟਰ ਪ੍ਰੋ. ਹਰਪ੍ਰੀਤ ਸ਼ਰਮਾ ਤੇ ਪ੍ਰੋ. ਸੋਨਵਿੰਦਰ ਸਿੰਘ ਨੇ ਯੂਨੀਵਰਸਿਟੀ ਦੇ ਅਧਿਕਾਰੀਆਂ ਤੇ ਵੱਖ-ਵੱਖ ਸੰਸਥਾਵਾਂ ਤੋਂ ਪੁੱਜੇ ਯੂਥ ਕੋਆਰਡੀਨੇਟਰਾਂ ਦਾ ਸਵਾਗਤ ਕੀਤਾ ਤੇ ਯੂਥ ਫੈਸਟੀਵਲ ਦੇ ਸਫਲ ਆਯੋਜਨ ਲਈ ਸੰਸਥਾ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਜਾਣਕਾਰੀ ਦਿੱਤੀ।ਮੀਟਿੰਗ ਵਿੱਚ ਪ੍ਰੋ. ਨਰਿੰਦਰਜੀਤ ਸਿੰਘ ਫ਼ਰੀਦਕੋਟ, ਡਾ. ਮਗਨਪ੍ਰੀਤ ਕੌਰ ਤੇ ਅਮਨ ਸ਼ਰਮਾ ਸਮੇਤ ਵੱਖ-ਵੱਖ ਸੰਸਥਾਵਾਂ ਦੇ ਯੂਥ ਕੋਆਰਡੀਨੇਟਰ ਤੇ ਨੁਮਾਇੰਦੇ ਹਾਜ਼ਰ ਸਨ।



## ਮੁੱਖ ਮੰਤਰੀ ਦਾ ਕਾਲੇ ਝੰਡੇ ਦਿਖਾ ਕੇ ਕੀਤਾ ਜਾਵੇਗਾ ਵਿਰੋਧ : ਸੇਖੋਂ

**ਜ਼ੀਰਾ (ਨਰਿੰਦਰ ਅਨੇਜਾ)**-ਮਿਸਲ ਸਤਲੁਜ ਵੱਲੋਂ ਮੁੱਖ ਮੰਤਰੀ ਦੇ ਜ਼ੀਰਾ ਦੌਰੇ ਦੌਰਾਨ ਕਾਲੇ ਝੰਡੇ ਦਿਖਾ ਕੇ ਸ਼ਾਂਤਮਈ ਢੰਗ ਨਾਲ ਵਿਰੋਧ ਕਰਨ ਦਾ ਐਲਾਨ ਕੀਤਾ ਗਿਆ ਹੈ।ਮਿਸਲ ਸਤਲੁਜ ਦੇ ਜਨਰਲ ਸਕੱਤਰ ਦਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਜੁੜੇ ਅਹਿਮ ਮੁੱਦਿਆਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਹੈ।ਦਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਕਾਲੇ ਝੰਡੇ ਲੋਕਤੰਤਰਿਕ ਢੰਗ ਨਾਲ ਆਪਣਾ ਵਿਰੋਧ ਦਰਜ ਕਰਵਾਉਣ ਦਾ ਸੰਕੇਤ ਹਨ।ਮਿਸਲ ਸਤਲੁਜ ਕਿਸੇ ਵੀ ਤਰ੍ਹਾਂ ਦੀ ਹਿੰਸਾ ਜਾਂ ਅਮਨ-ਕਾਨੂੰਨ ਦੀ ਉਲੰਘਣਾ ਦੇ ਹੱਕ ਵਿੱਚ ਨਹੀਂ ਹੈ ਤੇ ਇਹ ਵਿਰੋਧ ਪੂਰੀ ਤਰ੍ਹਾਂ ਸ਼ਾਂਤਮਈ ਰਹੇਗਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਹੱਕਾਂ, ਨੌਜਵਾਨਾਂ ਦੇ ਰੁਜ਼ਗਾਰ, ਨਸ਼ਿਆਂ, ਕਿਸਾਨੀ, ਉਦਯੋਗ ਤੇ ਪੰਜਾਬ ਦੀ ਆਰਥਿਕਤਾ ਨਾਲ ਸਬੰਧਤ ਮਸਲਿਆਂ 'ਤੇ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ।ਇਸ ਮੌਕੇ ਮਿਸਲ ਸਤਲੁਜ ਦੇ ਧਾਰਮਿਕ ਵਿੰਗ ਦੇ ਪ੍ਰਧਾਨ ਰਣਪਿੰਦਰਜੀਤ ਸਿੰਘ ਗੋਲਡੀ, ਹਰਜਿੰਦਰ ਸਿੰਘ ਸਹੋਤਾ, ਮਨਦੀਪ ਸਿੰਘ ਜ਼ੀਰਾ, ਅੰਮ੍ਰਿਤਪਾਲ ਸਿੰਘ ਜ਼ੀਰਾ, ਗੁਰਮਨ ਸਿੰਘ, ਕਿਰਨਦੀਪ ਸਿੰਘ ਦੀਪ ਪੱਲਾ, ਜਸਪ੍ਰੀਤ ਸਿੰਘ ਮਿੰਟਾ, ਗੁਰਪ੍ਰੇਮ ਸਿੰਘ ਪਤਲੀ, ਜਸਦੀਪ ਸਿੰਘ, ਜਸਨੂਰ ਬਰਾੜ, ਲਵਪ੍ਰੀਤ ਸਿੰਘ ਗੋਗੋਆਣੀ ਹਾਜ਼ਰ ਸਨ।

## ਮਾਡਰਨ ਕਾਲਜ ਦਾ ਬੀ ਐੱਡ ਦਾ ਨਤੀਜਾ ਸ਼ਾਨਦਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਗਏ 2025-27 ਸਮੈਸਟਰ ਪਹਿਲਾ ਦੇ ਨਤੀਜਿਆਂ ਵਿੱਚੋਂ ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ।ਪ੍ਰੋ ਗੁਰਸੇਵਕ ਸਿੰਘ ਨੇ ਦੱਸਿਆ ਕਿ ਵਿਦਿਆਰਥਣ ਪ੍ਰਿਅੰਕਾ ਨੇ 500 ਵਿੱਚੋਂ 400 ਅੰਕ ਹਾਸਲ ਕਰਕੇ ਪਹਿਲਾ ਸਥਾਨ, ਲੱਕੀ ਗਰਗ ਨੇ 384 ਅੰਕਾਂ ਨਾਲ ਦੂਜਾ ਸਥਾਨ, ਹਰਲੀਨ ਕੌਰ ਨੇ 382 ਅੰਕਾਂ ਨਾਲ ਤੀਜਾ ਸਥਾਨ, ਜਗਵਿੰਦਰ ਕੌਰ ਤੇ ਸਿਵੀ ਰਾਣੀ ਨੇ 379 ਅੰਕਾਂ ਨਾਲ ਚੌਥਾ ਸਥਾਨ ਤੇ ਮਰਿਨਾਲਨੀ ਸ਼ਰਮਾ ਨੇ 375 ਅੰਕਾਂ ਨਾਲ ਪੰਜਵਾਂ ਸਥਾਨ ਹਾਸਲ ਕੀਤਾ।ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾ. ਵੀ ਕੇ ਰਾਏ ਵੱਲੋਂ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ ਤੇ ਇਸ ਸ਼ਾਨਦਾਰ ਪ੍ਰਾਪਤੀ ਲਈ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਧਾਈ ਵੀ ਦਿੱਤੀ।

## ਲੋਕ ਮੁੱਦਿਆਂ 'ਤੇ ਖਾਮੋਸ਼ ਨਹੀਂ ਬੈਠਾਂਗਾ : ਰਾਣਾ



**ਸਨੌਰ (ਰਾਜਿੰਦਰ ਥਿੰਦ)**-ਸਿਆਸਤ ਹੋਵੇ ਜਾਂ ਸਮਾਜ ਸੇਵਾ, ਲੋਕਾਂ ਨਾਲ ਜੁੜੇ ਰਹਿਣਾ ਹੀ ਅਸਲ ਪਛਾਣ ਹੈ ਇਹ ਗੱਲ ਕਰਦਿਆਂ ਹਲਕਾ ਸਨੌਰ ਦੇ ਸਮਾਜ ਸੇਵੀ ਅਤੇ ਸੀਨੀਅਰ ਆਗੂ ਰਾਜ ਕੁਮਾਰ ਰਾਣਾ ਨੇ ਕਿਹਾ ਕਿ ਉਹ ਅਹੁਦੇ ਜਾਂ ਸ਼ੋਹਰਤ ਦੀ ਬਜਾਏ ਲੋਕਾਂ ਦੇ ਭਰੋਸੇ ਨੂੰ ਸਭ ਤੋਂ ਵੱਧ ਅਹਿਮੀਅਤ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਲੋਕਾਂ ਦੀਆਂ ਮੁਸ਼ਕਲਾਂ ਮੌਜੂਦ ਹਨ, ਉਦੋਂ ਤੱਕ ਉਨ੍ਹਾਂ ਦੀ ਆਵਾਜ਼ ਬਣ ਕੇ ਖੜ੍ਹੇ ਰਹਿਣਾ ਉਨ੍ਹਾਂ ਦਾ ਫਰਜ਼ ਹੈ। ਰਾਣਾ ਨੇ ਕਿਹਾ ਕਿ ਹਲਕੇ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਲੋਕਾਂ ਨਾਲ ਲਗਾਤਾਰ ਰਾਬਤਾ ਬਣਾਈ ਰੱਖਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਸਬੰਧਤ ਵਿਭਾਗਾਂ ਤੱਕ ਪੁਚਾਉਣ ਲਈ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣਾ, ਲੋੜਵੰਦ ਪਰਵਾਰਾਂ ਦੀ ਮਦਦ ਕਰਨਾ ਤੇ ਸਮਾਜ ਨੂੰ ਨਸ਼ਿਆਂ ਤੇ ਹੋਰ ਬੁਰਾਈਆਂ ਤੋਂ ਮੁਕਤ ਕਰਾਉਣਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

# ਉਗਰਾਹਾਂ ਜਥੇਬੰਦੀ ਵੱਲੋਂ ਡੀ ਸੀ ਤੇ ਐੱਸ ਐੱਸ ਪੀ ਦਫ਼ਤਰਾਂ ਦਾ ਘਿਰਾਓ


ਮਾਨਸਾ


ਮੁਕਤਸਰ


ਮੋਗਾ

## ਅੰਦੋਲਨਕਾਰੀ ਕਿਸਾਨਾਂ 'ਤੇ ਦਰਜ ਝੂਠੇ ਪੁਲਸ ਕੇਸ ਰੱਦ ਕਰੇ ਸਰਕਾਰ

**ਮਾਨਸਾ (ਆਤਮਾ ਸਿੰਘ ਪਮਾਰ)**-ਉਗਰਾਹਾਂ ਜਥੇਬੰਦੀ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਮਾਨਸਾ ਦੇ ਮੂਹਰੇ ਦਿਨ-ਰਾਤ ਦਾ ਲਗਾਇਆ ਮੋਰਚਾ ਅੱਜ ਸੱਤਵੇਂ ਦਿਨ 'ਚ ਦਾਖਲ ਹੋ ਗਿਆ।ਜਥੇਬੰਦੀ ਦੇ ਸੂਬਾਈ ਫੈਸਲੇ ਅਨੁਸਾਰ ਅੱਜ ਕਿਸਾਨਾਂ ਵੱਲੋਂ ਧਰਨੇ ਦੀ ਜਗ੍ਹਾ ਤਬਦੀਲ ਕਰ ਕੇ ਧਰਨਾ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਲਗਾਇਆ ਗਿਆ, ਜਿਸ ਕਾਰਨ ਦੋਵੇਂ ਦਫ਼ਤਰਾਂ ਦਾ ਪੂਰੀ ਤਰ੍ਹਾਂ ਬੰਦ ਹੋ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਲੈਂਡ ਪੌਲਸੀ ਰੱਦ ਕੀਤੀ ਜਾਵੇ।ਕਾਸ਼ਤਕਾਰ ਕਿਸਾਨਾਂ ਨੂੰ ਜ਼ਮੀਨ ਦੇ ਹੱਕ ਦਿੱਤੇ ਜਾਣ, ਸੰਘਰਸ਼ਾਂ ਦੌਰਾਨ ਪਾਏ ਝੂਠੇ ਕੇਸ ਰੱਦ ਕੀਤੇ ਜਾਣ, ਪਰਾਲੀ ਫੂਕਣ ਦੇ ਪਰਚੇ ਵੀ ਰੱਦ ਕੀਤੇ ਜਾਣ, ਹਰ ਖੇਤ ਨੂੰ ਨਹਿਰੀ ਪਾਣੀ ਦੇਣ ਦੀ ਗਰੰਟੀ ਕੀਤੀ ਜਾਵੇ, ਹਰ ਘਰ ਨੂੰ ਪੀਣ ਵਾਲਾ ਸਾਫ ਪਾਣੀ ਲਾਜ਼ਮੀ ਦਿੱਤਾ ਜਾਵੇ, ਪੰਜਾਬ ਦੇ ਪਾਣੀਆਂ 'ਤੇ ਕਰਵਾਏ ਜਾ ਰਹੇ ਕੰਪਨੀਆਂ ਦੇ ਕਬਜ਼ਿਆਂ ਨੂੰ ਰੋਕਿਆ ਜਾਵੇ, ਐੱਮ ਐੱਸ ਪੀ ਗਰੰਟੀ ਕਨੂੰਨ ਲਿਆਂਦਾ ਜਾਵੇ, ਫਸਲਾਂ ਦੇ ਭਾਅ ਸੁਆਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਤੈਅ ਕੀਤੇ ਜਾਣ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਸਾਨਾਂ, ਮਜ਼ਦੂਰਾਂ ਸਿਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਚੜ੍ਹਿਆ ਕਰਜ਼ਾ ਮੁਕੰਮਲ ਰੂਪ 'ਚ ਮੁਆਫ਼ ਕੀਤਾ ਜਾਵੇ।ਇਸ ਮੌਕੇ ਇੰਦਰਜੀਤ ਸਿੰਘ ਝੱਬਰ, ਭੋਲਾ ਸਿੰਘ ਮਾਖਾ, ਜਗਸੀਰ ਸਿੰਘ ਜਵਾਹਰਕੇ, ਕੁਲਦੀਪ ਸਿੰਘ ਚਚੋਹਰ, ਹਰਪਾਲ ਸਿੰਘ ਮੀਰਪੁਰ, ਮਹਿੰਦਰ ਸਿੰਘ ਰੁਮਾਣਾ, ਮੇਜਰ ਸਿੰਘ ਗੋਬਿੰਦਪੁਰਾ, ਸਾਧੂ ਸਿੰਘ ਅਕਲੀਆ, ਚਰਨਜੀਤ ਕੌਰ ਖੋਖਰ ਕਲਾਂ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)** : ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਪਿਛਲੇ ਛੇ ਦਿਨਾਂ ਤੋਂ ਕਿਸਾਨਾਂ ਦੀਆਂ ਹੱਕੀ ਮੰਗਾਂ ਦੀ ਪੂਰਤੀ ਲਗਾਏ ਗਏ ਅਣਮਿੱਥੇ ਸਮੇਂ ਦੇ ਧਰਨੇ ਨੂੰ ਅਣਗੌਲਿਆਂ ਕਰਨ ਤੇ ਸਰਕਾਰ ਵੱਲੋਂ ਮੰਗਾਂ ਪ੍ਰਤੀ ਹਾਂ-ਪੱਖੀ ਹੁੰਗਾਰਾ ਨਾ ਭਰਨ 'ਤੇ ਸ਼ਨੀਵਾਰ ਕਿਸਾਨਾਂ ਵੱਲੋਂ ਡੀ ਸੀ ਦਫ਼ਤਰਾਂ ਦਾ ਮੁਕੰਮਲ ਘਿਰਾਓ ਕੀਤਾ ਕੀਤਾ ਗਿਆ।ਰੋਹ ਵਿੱਚ ਆਏ ਕਿਸਾਨਾਂ ਨੇ ਪੰਜਾਬ ਤੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਇਸ ਮੌਕੇ ਬੋਲਦਿਆਂ ਜਥੇਬੰਦੀ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਸੀਨੀਅਰ ਮੀਤ ਪ੍ਰਧਾਨ ਗੁਰਪਾਸ਼ ਸਿੰਘ ਸਿੰਘੇਵਾਲਾ ਤੇ ਸਕੱਤਰ ਗੁਰਭਗਤ ਸਿੰਘ ਭਲਾਈਆਣਾ ਨੇ ਆਖਿਆ ਕਿ 5 ਅਪ੍ਰੈਲ 2022 ਨੂੰ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਤੇ ਖੇਤੀ ਮੰਤਰੀ ਵੱਲੋਂ ਜਥੇਬੰਦੀਆਂ ਦੀ ਸੂਬਾਈ ਲੀਡਰਸ਼ਿਪ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਕਰਕੇ ਸੰਘਰਸ਼ਾਂ ਦੌਰਾਨ ਦਰਜ ਮੁਕਦਮੇ ਵਾਪਸ ਲੈਣ ਦੇ ਵਾਅਦੇ ਦੇ ਬਾਵਜੂਦ ਪੁਲਸ ਵੱਲੋਂ ਅੰਦੋਲਨਕਾਰੀ ਕਿਸਾਨਾਂ ਮਜ਼ਦੂਰਾਂ ਪਿਛਲੇ ਲੰਮੇ ਸਮੇਂ ਤੋਂ ਦਰਜ ਪੁਲਸ ਕੇਸ ਰੱਦ ਨਹੀਂ ਕੀਤੇ ਗਏ।ਕਿਸਾਨ ਆਗੂਆਂ ਨੇ ਸਪੱਸ਼ਟ ਕੀਤਾ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਲਾਵਾ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆ ਵੱਲੋਂ ਵੀ ਕਿਸਾਨ ਮਜ਼ਦੂਰ ਜਥੇਬੰਦੀਆਂ ਦੀ ਲੀਡਰਸ਼ਿਪ ਨਾਲ ਮੀਟਿੰਗ ਕਰਕੇ ਕੇਸ ਰੱਦ ਕਰਨ ਦਾ ਵਾਅਦਾ ਅਜੇ ਤੱਕ ਵਫ਼ਾ ਨਹੀਂ ਹੋਇਆ।ਸਿੱਟੇ ਵਜੋਂ ਉਨ੍ਹਾਂ ਨੂੰ ਦਫਤਰ ਦਾ ਘਿਰਾਓ ਕਰਨ ਪਿਆ ਹੈ।ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਮੋਰਚੇ ਦੀਆਂ ਮੰਗਾਂ ਲਾਗੂ ਕਰਾਉਣ ਤੱਕ ਸੰਘਰਸ਼ ਜਾਰੀ ਰਹੇਗਾ।ਰੋਸ ਧਰਨੇ ਵਿੱਚ ਕਿਸਾਨ ਆਗੂਆਂ ਮਲਕੀਤ ਸਿੰਘ ਗੱਗੜ, ਮਨੋਹਰ ਸਿੰਘ ਸਿੱਖਵਾਲਾ, ਬੋਹੜ ਸਿੰਘ ਕੁਲਦੀਪ ਸਿੰਘ ਮਲੋਟ, ਕੁਲਦੀਪ ਸਿੰਘ ਕਰਮਗੜ੍ਹ, ਗੁਰਤੇਜ ਸਿੰਘ ਖੁੱਡੀਆਂ, ਹਰਫੂਲ ਸਿੰਘ ਭਾਗਸਰ, ਮਾ ਕੁਲਬੀਰ ਸਿੰਘ, ਸੁਖਰਾਜ ਸਿੰਘ ਰਹੂੜਿਆਂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਸਵਿੰਦਰ ਸਿੰਘ ਸੰਗੂਧੌਣ ਸਮੇਤ ਪਿੰਡ ਇਕਾਈਆਂ ਦੇ ਪ੍ਰਧਾਨ, ਸਕੱਤਰ ਤੇ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਤੇ ਵਰਕਰ ਮੌਜੂਦ ਸਨ।

**ਮੋਗਾ (ਇਕਬਾਲ ਸਿੰਘ ਖਹਿਰਾ)** : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਕਮੇਟੀ ਮੋਗਾ ਵੱਲੋਂ ਧਰਨੇ ਦੇ ਸੱਤਵੇਂ ਦਿਨ ਐੱਸ ਐੱਸ ਪੀ ਦਫਤਰ ਮੋਗਾ ਦਾ ਘਿਰਾਓ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋ ਦੀ ਅਗਵਾਈ ਹੇਠ ਕੀਤਾ ਗਿਆ। ਘਿਰਾਓ ਸਮੇਂ ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਜਰਨਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਜ਼ਿਲ੍ਹਾ ਜਰਨਲ ਸਕੱਤਰ ਗੁਰਮੀਤ ਸਿੰਘ ਕਿਸ਼ਨਪੁਰਾ ਨੇ ਕਿਹਾ ਕਿ ਸੰਘਰਸ਼ਾਂ ਦਰਮਿਆਨ ਕਿਸਾਨ ਆਗੂਆਂ ਤੇ ਵਰਕਰਾਂ 'ਤੇ ਪਾਏ ਸਾਰੇ ਝੂਠੇ ਕੇਸ ਰੱਦ ਕੀਤੇ ਜਾਣ। ਆਗੂਆਂ ਨੇ ਕਿਹਾ ਕਿ ਝੋਨੇ ਦੀ ਫਸਲ ਪੱਕਣ 'ਤੇ ਆਈ ਹੈ, ਪਰ ਸਰਕਾਰ ਦੀ ਨਲਾਇਕੀ ਕਰਕੇ ਕਿਸਾਨਾਂ ਨੂੰ ਮੋਟਰਾਂ ਦੀ ਸਪਲਾਈ ਸਿਰਫ ਚਾਰ-ਪੰਜ ਘੰਟੇ ਹੀ ਮਿਲਦੀ ਹੈ। ਕਿਸਾਨਾਂ ਨੂੰ ਨਿਰਵਿਘਨ ਅੱਠ ਘੰਟੇ ਸਪਲਾਈ ਦਿੱਤੀ ਜਾਵੇ, ਜੇਕਰ ਅੱਠ ਘੰਟੇ ਸਪਲਾਈ ਨਾ ਦਿੱਤੀ ਗਈ ਤਾਂ ਕਿਸਾਨ ਆਉਣ ਵਾਲੇ ਦਿਨਾਂ ਵਿੱਚ ਬਿਜਲੀ ਦਫਤਰਾਂ ਤੇ ਗਰਿਡਾਂ ਉੱਤੇ ਧਰਨੇ ਲਾਉਣ ਲਈ ਮਜਬੂਰ ਹੋਣਗੇ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਦਿੱਲੀ ਵਿੱਚ ਪੱਤਰਕਾਰ ਸ਼ਹੀਨ ਖਾਨ ਤੇ ਨਫੀਸ਼ਾ ਖਾਨ ਦੀ ਦਿੱਲੀ ਪੁਲਸ ਵੱਲੋਂ ਥਾਣੇ ਸੱਦ ਕੇ ਕੁੱਟ ਮਾਰ ਕਰਨ ਦੀ ਪੁਰਜ਼ੋਰ ਨਿਖੇਧੀ ਕੀਤੀ ਤੇ ਮੰਗ ਕੀਤੀ ਕਿ ਦੋਸ਼ੀ ਪੁਲਸ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਮੀਟਿੰਗ ਨੂੰ ਉਪਰੋਕਤ ਤੋਂ ਇਲਾਵਾ ਕੁਲਦੀਪ ਕੌਰ ਕੁੱਸਾ, ਕਰਮਜੀਤ ਕੌਰ ਹਿੰਮਤਪੁਰਾ, ਬਲੌਰ ਸਿੰਘ ਘੱਲਕਲਾਂ, ਰਸਪਾਲ ਸਿੰਘ ਡੇਮਰੂ, ਹਰਮੇਲ ਸਿੰਘ ਘਾਲੀ ਸਮਾਲਸਰ, ਬੂਟਾ ਸਿੰਘ ਭਾਗੀ ਕੇ, ਗੁਰਦੇਵ ਸਿੰਘ ਕਿਸ਼ਨਪੁਰਾ, ਇਕਬਾਲ ਸਿੰਘ ਸਿੰਘ ਵਾਲਾ, ਜਸਵਿੰਦਰ ਸਿੰਘ ਘੱਲਕਲਾਂ, ਬਲਜੀਤ ਸਿੰਘ ਸੁਖਾਨੰਦ ਤੇ ਗੁਰਚਰਨ ਸਿੰਘ ਰਾਮਾ ਨੇ ਵੀ ਸੰਬੋਧਨ ਕੀਤਾ।

# ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ ਏਟਕ ਵੱਲੋਂ ਲੇਬਰ ਇੰਸਪੈਕਟਰ ਦਫ਼ਤਰ ਅੱਗੇ 15 ਨੂੰ ਧਰਨੇ ਦਾ ਐਲਾਨ

## ਕਿਰਤੀਆਂ ਦੀ ਆਰਥਿਕ ਲੁੱਟ ਤੇ ਖੱਜਲ ਖੁਆਰੀ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕਰਾਂਗੇ : ਢਾਬਾਂ, ਬਨਵਾਲਾ



**ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ, ਬਲਵਿੰਦਰ ਸਿੰਘ)**-ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ (ਰਜਿ.) ਏਟਕ ਜ਼ਿਲ੍ਹਾ ਫ਼ਾਜ਼ਿਲਕਾ ਦੀ ਮੀਟਿੰਗ ਸਥਾਨਕ ਸੁਤੰਤਰ ਭਵਨ ਵਿਖੇ ਜ਼ਿਲ੍ਹਾ ਪ੍ਰਧਾਨ ਜੰਮੂ ਰਾਮ ਬਨਵਾਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਵਿੱਚ ਆਗੂਆਂ ਵੱਲੋਂ ਐਲਾਨ ਕੀਤਾ ਗਿਆ ਕਿ 15 ਸਤੰਬਰ ਨੂੰ ਲੇਬਰ ਇੰਸਪੈਕਟਰ ਜਲਾਲਾਬਾਦ ਦੇ ਦਫ਼ਤਰ ਦੇ ਸਾਹਮਣੇ ਉਸਾਰੀ ਕਿਰਤੀ ਲਾਭਪਾਤਰੀਆਂ ਦੀ ਹੋ ਰਹੀ ਆਰਥਿਕ ਲੁੱਟ ਤੇ ਖੱਜਲ ਖੁਆਰੀ ਖ਼ਿਲਾਫ਼ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਪਰਮਜੀਤ ਢਾਬਾਂ ਤੇ ਜ਼ਿਲ੍ਹਾ ਪ੍ਰਧਾਨ ਜੰਮੂ ਰਾਮ ਬਨਵਾਲਾ ਨੇ ਕਿਰਤ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਕਿਰਤ ਵਿਭਾਗ ਵਿੱਚ ਕਿਰਤ ਕਰਨ ਵਾਲੇ ਮਜ਼ਦੂਰਾਂ ਦੀ ਵੱਡੇ ਪੱਧਰ 'ਤੇ ਆਰਥਿਕ ਲੁੱਟ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਖੱਜਲ ਖੁਆਰ ਕਰਕੇ ਮਾਨਸਿਕ ਪ੍ਰੇਸ਼ਾਨ ਵੀ ਕੀਤਾ ਜਾ ਰਿਹਾ ਹੈ।ਸਾਥੀ ਢਾਬਾਂ ਤੇ ਬਨਵਾਲਾ ਨੇ ਕਿਹਾ ਕਿ ਇਹ ਖੱਜਲ ਖੁਆਰੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਇਸ ਮੌਕੇ ਆਪਣੇ ਸੰਬੋਧਨ 'ਚ ਏਟਕ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਸੋਨਾ ਧੁੰਨਕੀਆਂ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਘੁਬਾਇਆ ਨੇ ਕਿਹਾ ਕਿ ਉਸਾਰੀ ਕਿਰਤੀ ਲਾਭਪਾਤਰੀਆਂ ਨੂੰ ਨਵੀਆਂ ਕਾਪੀਆਂ ਬਣਵਾਉਣ, ਰੀਨਿਊ ਕਰਵਾਉਣ ਤੇ ਵਜ਼ੀਫੇ ਪਾਸ ਕਰਵਾਉਣ ਲਈ ਕਈ ਕਈ ਵਾਰ ਦਫਤਰ ਵਿੱਚ ਗੇੜੇ ਮਾਰਨੇ ਪੈਂਦੇ ਹਨ, ਜਿਹੜੇ ਉਸਾਰੀ ਕਿਰਤੀ ਰਿਸ਼ਵਤ ਨਹੀਂ ਦਿੰਦੇ ਜਾਂ ਫਿਰ ਸਿੱਧਾ ਕਿਰਤ ਦਫ਼ਤਰ ਵਿੱਚ ਕੰਮ ਕਰਾਉਣ ਆਉਂਦੇ ਹਨ, ਉਨ੍ਹਾਂ ਨੂੰ ਜਾਣ ਬੁੱਝ ਕੇ ਗੈਰ ਵਾਜਿਬ ਇਤਰਾਜ਼ ਲਗਾ ਕੇ ਉਨ੍ਹਾਂ ਨੂੰ ਖੱਜਲ ਖੁਆਰ ਕੀਤਾ ਜਾਂਦਾ ਹੈ।ਉਨ੍ਹਾਂ ਉਸਾਰੀ ਕਿਰਤੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਇਸ ਲੁੱਟ ਨੂੰ ਰੋਕਣ ਤੇ ਖੱਜਲ ਖੁਆਰੀ ਬੰਦ ਕਰਨ ਲਈ ਉਹ 15 ਸਤੰਬਰ ਦੇ ਰੱਖੇ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰ ਹੋਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਨੀਅਨ ਦੇ ਬਲਾਕ ਜਲਾਲਾਬਾਦ ਦੇ ਪ੍ਰਧਾਨ ਹਰਚਰਨ ਪਾਲੀ ਵਾਲਾ, ਸਕੱਤਰ ਪਰਮਜੀਤ ਸੋਹਣਾ ਸਾਂਦਲ, ਸੀਪੀਆਈ ਬਲਾਕ ਜਲਾਲਾਬਾਦ ਦੇ ਸਕੱਤਰ ਸਾਥੀ ਛਿੰਦਰ ਮਹਾਲਮ, ਗੁਰੂ ਹਰਸਹਾਏ ਦੇ ਸਕੱਤਰ ਰਮੇਸ਼ ਪੀਰ ਮੁਹੰਮਦ, ਸਰਬ ਭਾਰਤ ਨੌਜਵਾਨ ਸਭਾ ਦੇ ਬਲਾਕ ਜਲਾਲਾਬਾਦ ਦੇ ਪ੍ਰਧਾਨ ਅਸ਼ੋਕ ਢਾਬਾਂ, ਮੀਤ ਪ੍ਰਧਾਨ ਧਰਮਿੰਦਰ ਮੁਰਕਵਾਲਾ, ਰਾਜ ਚੱਕ ਖੀਵਾ, ਮਨਦੀਪ ਕੌਰ ਬੰਬਾ ਵੱਟੂ, ਰਾਜਪ੍ਰੀਤ ਨੁਕੇਰੀਆਂ, ਏਆਈਐੱਸਐੱਫ ਦੇ ਆਗੂ ਸੁਨੀਲ ਢਾਣੀ ਬਚਨ ਸਿੰਘ, ਗੁਰਦਿੱਤ ਠਠੱਈ, ਕੁੱਲ ਹਿੰਦ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਬਲਵੀਰ ਸਿੰਘ ਕਾਠਗੜ੍ਹ, ਰਾਜੂ ਟਾਹਲੀ ਵਾਲਾ, ਜਸਵੰਤ ਭੰਬਾ ਵੱਟੂ, ਸੋਹਨ ਸਿੰਘ ਬਸਤੀ ਚੱਕ ਮੁਕੜ, ਰਾਜਵਿੰਦਰ ਸਿੰਘ ਅਰਨੀਵਾਲਾ, ਰਮਨ ਕੁਮਾਰ ਚੱਕ ਸੁਆਹ ਵਾਲਾ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

## ਕਾਤਰਾਂ

### ਕੁੱਟਮਾਰ ਕਰਨ ਦੇ ਦੋਸ਼ 'ਚ 2 ਖਿਲਾਫ਼ ਪਰਚਾ

**ਜਲਾਲਾਬਾਦ (ਜੀਤ ਕੁਮਾਰ)**-ਬਸਤੀ ਭੂੰਮਣ ਸ਼ਾਹ ਵਿਖੇ ਹੋਈ ਲੜਾਈ ਦੇ ਸਬੰਧ ਵਿੱਚ 2 ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਏ.ਐਸ.ਆਈ. ਸਰਵਨ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਪਰਮਜੀਤ ਕੌਰ ਪਤਨੀ ਸਵ ਪੂਰਨ ਸਿੰਘ ਵਾਸੀ ਬਸਤੀ ਭੂੰਮਣ ਸ਼ਾਹ ਜਲਾਲਾਬਾਦ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ ਮਿਤੀ ਬੀਤੇ ਦਿਨ ਜਸਵੰਤ ਸਿੰਘ ਤੇ ਸਵਰਨ ਸਿੰਘ ਵਾਸੀਆਨ ਓਪੇਜੀਟ ਬਬਲੂ ਕਲੋਨੀ ਨੇ ਉਸਦੀ ਕੁੱਟਮਾਰ ਕੀਤੀ ਗਈ ਹੈ। ਜਿਸ 'ਤੇ ਪੁਲਸ ਨੇ ਮੁੱਦਈ ਪਰਮਜੀਤ ਕੌਰ ਦੇ ਬਿਆਨਾਂ ਦੇ ਅਧਾਰ ਤੇ ਜਸਵੰਤ ਸਿੰਘ ਤੇ ਸਵਰਨ ਸਿੰਘ ਵਾਸੀਆਨ ਓਪੇਜਿਟ ਬਬਲੂ ਇਕਲੌਤ ਕਲੋਨੀ ਜਲਾਲਾਬਾਦ ਦੇ ਖਿਲਾਫ਼ ਧਾਰਾ 118 (1), 115 (2), 3 (5), 351 ਬੀ.ਐਨ.ਐਸ. ਅਧੀਨ ਮੁਕੱਦਮਾ ਨੰਬਰ 165 ਥਾਣਾ ਸਿਟੀ ਜਲਾਲਾਬਾਦ ਵਿਖੇ ਦਰਜ ਕੀਤਾ ਗਿਆ ਹੈ।

### ਕਰੰਟ ਲੱਗਣ ਨਾਲ ਨੌਜਵਾਨ ਦੀ ਮੌਤ

**ਮਲੋਟ (ਰਜਿੰਦਰ ਜੁਨੇਜਾ)**-ਪਿੰਡ ਕਟੋਰੇ ਵਾਲਾ ਵਿਖੇ ਕਰੰਟ ਲੱਗਣ ਕਾਰਨ ਇੱਕ ਨੌਜਵਾਨ ਦੀ ਮੌਤ ਹੋ ਗਈ।ਬਲਜਿੰਦਰ ਸਿੰਘ, ਜੋ ਮਜ਼ਦੂਰੀ ਕਰਕੇ ਆਪਣੇ ਪਰਵਾਰ ਦਾ ਗੁਜ਼ਾਰਾ ਕਰਦਾ ਸੀ, ਸਵੇਰੇ ਘਰ ਵਿੱਚ ਕੱਪੜੇ ਟੰਗਣ ਵਾਲੀ ਤਾਰ ਦੇ ਬਿਜਲੀ ਨਾਲ ਸੰਪਰਕ ਵਿੱਚ ਆਉਣ ਕਾਰਨ ਕਰੰਟ ਦੀ ਲਪੇਟ ਵਿੱਚ ਆ ਗਿਆ।ਪਰਿਵਾਰਕ ਮੈਂਬਰਾਂ ਵੱਲੋਂ ਉਸ ਨੂੰ ਤੁਰੰਤ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਆਪਣੇ ਪਿੱਛੇ ਦੋ ਬੇਟੇ ਅਤੇ ਇੱਕ ਬੇਟੀ ਛੱਡ ਗਿਆ ਹੈ।

### ਹੈਰੋਇਨ ਸਣੇ ਗ੍ਰਿਫ਼ਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਪੁਲਸ ਵੱਲੋਂ 20 ਗ੍ਰਾਮ ਹੈਰੋਇਨ ਸਣੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਏ.ਐਸ.ਆਈ. ਸੁਨੀਲ ਕੁਮਾਰ ਨੇ ਦੱਸਿਆ ਕਿ ਉਹ ਸਮੇਤ ਪੁਲਸਪਾਰਟੀ ਗਸ਼ਤ ਦੌਰਾਨ ਲੱਲਾ ਬਸਤੀ ਵਿਖੇ ਪੁੱਜੇ ਤਾਂ ਇਕ ਵਿਅਕਤੀ ਪੁਲਸ ਪਾਰਟੀ ਨੂੰ ਵੇਖ ਕੇ ਮੌਕੇ ਤੋਂ ਖਿਸਕਣ ਲੱਗਾ, ਜਿਸ ਨੂੰ ਪੁਲਸ ਨੇ ਹਰਜਿੰਦਰ ਸਿੰਘ ਉਰਫ਼ ਲੱਡੀ ਪੁੱਤਰ ਹੰਸਾ ਸਿੰਘ ਵਾਸੀ ਹਸਤੇ ਕੇ ਫ਼ਿਰੋਜ਼ਪੁਰ ਹਾਲ ਅਬਾਦ ਜੀਤ ਨਗਰ ਫ਼ਿਰੋਜ਼ਪੁਰ ਨੂੰ 20 ਗ੍ਰਾਮ ਹੈਰੋਇਨ ਸਣੇ ਗ੍ਰਿਫ਼ਤਾਰ ਕੀਤਾ ਹੈ। ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 166 ਧਾਰਾ 21/61/85 ਐਨ.ਡੀ.ਪੀ.ਐਸ. ਤਹਿਤ ਦਰਜ ਕੀਤਾ ਗਿਆ ਹੈ।

### 3 ਮੈਗਜ਼ੀਨ, 2 ਜਿੰਦਾ ਰੌਂਦ ਬਰਾਮਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਚੌਕੀ ਘੁਬਾਇਆ ਵੱਲੋਂ 3 ਮੈਗਜ਼ੀਨ ਤੇ 2 ਜਿੰਦਾ ਰੌਂਦ ਬਰਾਮਦ ਕੀਤੇ ਗਏ। ਪੁਲਸ ਚੌਕੀ ਘੁਬਾਇਆ ਦੇ ਇੰਚਾਰਜ ਸਹਾਇਕ ਥਾਣੇਦਾਰ ਅਸ਼ਵਿੰਦਰ ਸ਼ਰਮਾ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਥਾਣਾ ਏਰੀਏ ਵਿੱਚ ਮੌਜੂਦ ਸੀ ਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਪਿੰਡ ਚੱਕ ਖੀਵਾ ਦੇ ਕੋਲ ਪੁੱਜੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪਿੰਡ ਚੱਕ ਖੀਵਾ ਦੇ ਸ਼ਮਸ਼ਾਨ ਘਾਟ ਨੂੰ ਜਾਂਦੀ ਕੱਚੀ ਸੜਕ ਦੇ ਕਿਨਾਰੇ 'ਤੇ ਇਕ ਲਿਫਾਫੇ ਵਿੱਚ ਮੈਗਜ਼ੀਨ ਤੇ ਜਿੰਦਾ ਰੌਂਦ ਹਨ, ਜਿਸ 'ਤੇ ਪੁਲਸ ਪਾਰਟੀ ਨੇ ਕਾਰਵਾਈ ਕਰਦੇ ਹੋਏ 3 ਮੈਗਜ਼ੀਨ ਤੇ 2 ਜਿੰਦਾ ਰੌਂਦ ਬਰਾਮਦ ਕੀਤੇ। ਪੁਲਸ ਵੱਲੋਂ ਥਾਣਾ ਸਦਰ ਜਲਾਲਾਬਾਦ ਵਿਖੇ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ।

## ਮਾਨ ਸਰਕਾਰ ਵੱਲੋਂ 60 ਫੀਸਦੀ ਡੀ ਏ ਦੇਣ ਦਾ ਫ਼ੈਸਲਾ ਸ਼ਲਾਘਾਯੋਗ : ਚੇਅਰਮੈਨ ਜੁਨੇਜਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਜਨਮ-ਅਸ਼ਟਮੀ ਦੇ ਮੌਕੇ ਸੂਬੇ ਦੇ ਲੱਗਭਗ 85,000 ਕਰਮਚਾਰੀਆਂ ਨੂੰ ਵੱਡੀ ਰਾਹਤ ਦਿੰਦਿਆਂ ਮਹਿੰਗਾਈ ਭੱਤਾ (ਡੀ.ਏ.) 42 ਫੀਸਦੀ ਤੋਂ ਵਧਾ ਕੇ 60 ਫੀਸਦੀ ਕਰਨ ਦਾ ਫੈਸਲਾ ਕੀਤਾ ਹੈ।ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਡੀ ਏ ਜਾਰੀ ਕੀਆ ਗਿਆ ਫੈਸਲਾ ਸਲਾਘਾ ਯੋਗ ਕਦਮ ਹੈ। ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪੀ ਆਰ ਟੀ ਸੀ ਦੇ ਚੇਅਰਮੈਨ ਹਰਪਾਲ ਜੁਨੇਜਾ ਨੇ ਇਸ ਫੈਸਲੇ 'ਤੇ ਆਪਣੀ ਪ੍ਰਤੀ ਕਿਰਿਆ ਦੇਣ ਸਮੇਂ ਇਸ ਦਾ ਖੁਲਾਸਾ ਕੀਤਾ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਨੂੰ ਇਹ ਲਾਭ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਉਨ੍ਹਾਂ ਕਰਮਚਾਰੀਆਂ ਨੂੰ ਮਿਲੇਗਾ, ਜਿਨ੍ਹਾਂ ਦੀ ਤਨਖਾਹ ਕੇਂਦਰੀ ਸਰਕਾਰ ਦੇ 7ਵੇਂ ਤਨਖਾਹ ਕਮਿਸ਼ਨ ਦੇ ਪੈਟਰਨ 'ਤੇ ਅਧਾਰਤ ਹੈ ਤੇ ਜਿਨ੍ਹਾਂ ਨੂੰ ਅਦਾਲਤ ਦੇ ਹੁਕਮਾਂ ਰਾਹੀਂ ਤਨਖਾਹ ਸੁਧਾਰ ਦਾ ਲਾਭ ਨਹੀਂ ਮਿਲਿਆ ਹੈ। ਜੁਨੇਜਾ ਨੇ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਅਨੁਸਾਰ, 2020 ਤੋਂ ਬਾਅਦ ਨਵੀਆਂ ਭਰਤੀਆਂ ਲਈ ਤਨਖਾਹ ਸਕੇਲ ਕੇਂਦਰ ਦੇ 7ਵੇਂ ਤਨਖਾਹ ਕਮਿਸ਼ਨ ਦੇ ਮੁਤਾਬਕ ਕੀਤਾ ਗਿਆ ਸੀ, ਪਰ ਇਨ੍ਹਾਂ ਕਰਮਚਾਰੀਆਂ ਨੂੰ ਹੁਣ ਤੱਕ 42 ਫੀਸਦੀ ਡੀ.ਏ. ਹੀ ਮਿਲ ਰਿਹਾ ਸੀ।ਅਰੋੜਾ ਨੇ ਕਿਹਾ ਕਿ ਸਰਕਾਰ ਦਾ ਸਪੱਸ਼ਟ ਰੁਖ ਹੈ ਕਿ ਪੰਜਾਬ ਦਾ ਕੋਈ ਕਰਮਚਾਰੀ ਆਪਣੇ ਕੇਂਦਰੀ ਹਮਰੁਤਬਾ ਤੋਂ ਘੱਟ ਤਨਖਾਹ ਲੈ ਕੇ ਕੰਮ ਨਾ ਕਰੇ।ਡੀ. ਏ. ਵਾਧੇ ਨਾਲ ਲੱਗਭਗ 85,000 ਕਰਮਚਾਰੀ ਲਾਭਵੰਦ ਹੋਣਗੇ।

## ਮੰਡੀਆਂ ਦੇ ਯਾਰਡਾਂ ਤੇ ਰਾਈਸ ਮਿੱਲਾਂ 'ਚ 15 ਲੱਖ ਟਨ ਦੇ ਕਰੀਬ ਕਣਕ ਨਿਕਾਸੀ ਦੀ ਉਡੀਕ 'ਚ

### ਆੜ੍ਹਤੀ ਤੇ ਰਾਈਸ ਮਿੱਲਰਜ਼ ਪ੍ਰੇਸ਼ਾਨ, ਝੋਨੇ ਦੇ ਸੀਜ਼ਨ ਤੋਂ ਪਹਿਲਾਂ ਸਰਕਾਰ ਨਿਕਾਸੀ ਕਰਾਏ : ਗੁਰਦੀਪ ਚੀਮਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਪੰਜਾਬ ਦੇ ਮੰਡੀ ਯਾਰਡਾਂ ਤੇ ਰਾਈਸ ਮਿੱਲਾਂ ਦੇ ਯਾਰਡ ਵਿੱਚ ਫਸਲ ਸਾਲ 2025-26 ਦੀ 15 ਲੱਖ ਮੀਟ੍ਰਿਕ ਟਨ ਕਣਕ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮੰਡੀਆਂ ਤੇ ਰਾਈਸ ਮਿਲਾਂ ਦੇ ਯਾਰਡਾਂ ਵਿੱਚ ਪਿਛਲੇ ਪੰਜ ਮਹੀਨਿਆਂ ਤੋਂ ਭੰਡਾਰ ਪਏ ਹਨ, ਪ੍ਰੰਤੂ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਭੰਡਾਰ ਇਸ ਕਣਕ ਦੇ ਇੱਕ ਵੀ ਦਾਣੇ ਦੀ ਅਜੇ ਤੱਕ ਕੋਈ ਨਿਕਾਸੀ ਨਹੀਂ ਕਰਵਾ ਸਕੀ, ਜਿਸ ਕਾਰਨ ਆਉਣ ਵਾਲੇ ਝੋਨੇ ਦੇ ਸੀਜ਼ਨ ਦੌਰਾਨ ਥਾਂ ਦੀ ਘਾਟ ਕਾਰਨ ਝੋਨੇ ਦੇ ਮੰਡੀਆਂ ਵਿੱਚ ਰੁਲਣ ਦੇ ਹਾਲਾਤ ਪੈਦਾ ਹੋਣ ਦੀ ਸੰਭਾਵਨਾ ਬਣੀ ਹੋਈ ਹੈ।ਪੰਜਾਬ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਗੁਰਦੀਪ ਸਿੰਘ ਚੀਮਾ ਦੀ ਅਗਵਾਈ ਹੇਠ ਪਟਿਆਲਾ ਵਿਖੇ ਪੰਜਾਬ ਦੇ ਆੜ੍ਹਤੀਆਂ ਤੇ ਰਾਈਸ ਮਿਲਰਾਂ ਦੀ ਹੋਈ ਇੱਕ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੀਮਾ ਨੇ ਖੁਲਾਸਾ ਜ਼ਾਹਰ ਕੀਤਾ ਕਿ ਜੇਕਰ ਕੇਂਦਰ ਤੇ ਪੰਜਾਬ ਸਰਕਾਰ ਮੰਡੀਆਂ ਤੇ ਰਾਈਸ ਮਿਲਾਂ 'ਚੋਂ 30 ਸਤੰਬਰ ਤੱਕ ਕਣਕ ਦੇ ਭੰਡਾਰਾਂ ਦੀ ਨਿਕਾਸੀ ਨਹੀਂ ਕਰਵਾਉਂਦੀ ਤਾਂ ਸਰਕਾਰ ਅੜ੍ਹਤੀਆਂ ਤੇ ਸ਼ੈਲਰ ਮਾਲਕਾਂ ਨੂੰ ਝੋਨੇ ਦੀ ਖਰੀਦ ਮੌਕੇ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਅਜੇ ਵੀ 18 ਲੱਖ ਮੀਟ੍ਰਿਕ ਟਨ ਦੇ ਕਰੀਬ 2025-26 ਫ਼ਸਲ ਨਾਲ ਸੰਬੰਧਤ ਚਾਵਲਾਂ ਦੀ ਵੀ ਅਜੇ ਤੱਕ ਪੰਜਾਬ ਦੇ ਰਾਈਸ ਮਿੱਲਾਂ 'ਚੋਂ ਸਰਕਾਰ ਵੱਲੋਂ ਨਿਕਾਸੀ ਨਹੀਂ ਕਰਵਾਈ ਗਈ, ਜਿਸ ਕਾਰਨ ਸਥਿਤੀ ਵਿਸਫੋਟਕ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਕਣਕ ਤੇ ਝੋਨੇ ਦੇ ਇਸ ਸਟਾਕ ਨੂੰ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਡਿਸਪੈਚ ਨਹੀਂ ਕਰਵਾਉਂਦੀ ਤਾਂ ਪੰਜਾਬ ਦੇ ਰਾਈਸ ਮਿਲਰਜ਼ ਤੇ ਆੜ੍ਹਤੀ ਝੋਨੇ ਦੀ ਖਰੀਦ ਦਾ ਬਾਈਕਾਟ ਕਰ ਸਕਦੇ ਹਨ।

ਉਨ੍ਹਾਂ ਨੇ ਕਿਹਾ ਕਿ ਕਣਕ ਦੀ ਖਰੀਦ ਦੇ ਸਾਲ 2025-26 ਦੇ ਸੀਜ਼ਨ ਮੌਕੇ ਪੰਜਾਬ ਸਰਕਾਰ ਤੇ ਮੰਡੀ ਦੇ ਖੁਰਾਕ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਪੰਜਾਬ ਦੇ ਆੜ੍ਹਤੀਆਂ ਤੇ ਰਾਈਸ ਮਿੱਲ ਮਾਲਕਾਂ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਮੰਡੀ ਯਾਰਡਾਂ ਤੇ ਰਾਈਸ ਮਿੱਲਾਂ ਦੇ ਯਾਰਡਾਂ 'ਚ ਸਾਲ 2025-26 ਦੇ ਸੀਜ਼ਨ ਦੀ ਭੰਡਾਰ ਹੋਈ ਕਣਕ ਨੂੰ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਪਹਿਲਾਂ ਦੇਸ਼ ਦੇ ਦੂਜੇ ਰਾਜਾਂ ਨੂੰ ਡਿਸਪੈਚ ਕਰਵਾ ਦਿੱਤਾ ਜਾਵੇਗਾ, ਪ੍ਰੰਤੂ ਅਜੇ ਤੱਕ 'ਪਰਨਾਲਾ ਉਥੇ ਦਾ ਉਥੇ ਹੈ'। ਪੰਜਾਬ ਤੇ ਕੇਂਦਰ ਸਰਕਾਰ ਦੀਆਂ ਖਰੀਦ ਏਜੰਸੀਆਂ ਨੇ ਕਣਕ ਦੇ ਇਨ੍ਹਾਂ ਭੰਡਾਰਾਂ ਨੂੰ ਡਿਸਪੈਚ ਕਰਵਾਉਣ ਲਈ ਹੱਥ ਖੜੇ ਕਰ ਦਿੱਤੇ ਹਨ, ਜਿਸ ਦਾ ਖਮਿਆਜ਼ਾ ਸਰਕਾਰ ਨੂੰ ਆਉਣ ਵਾਲੇ ਝੋਨੇ ਦੇ ਸੀਜ਼ਨ ਦੌਰਾਨ ਭੁਗਤਣਾ ਪਵੇਗਾ।

ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਰਾਈਸ ਮਿੱਲ ਯਾਰਡਾਂ ਵਿੱਚ ਭੰਡਾਰ ਕਣਕ ਨੂੰ ਛੇਤੀ ਤੋਂ ਛੇਤੀ ਸਪੈਸ਼ਲਾਂ ਅਲਾਟ ਕਰਕੇ ਡਿਸਪੈਚ ਕਰਵਾਉਣ ਦੀ ਮੰਗ ਕੀਤੀ ਹੈ, ਤਾਂ ਜੋ ਸਰਕਾਰ, ਰਾਈਸ ਮਿੱਲਰ ਤੇ ਆੜ੍ਹਤੀਆਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਕੋਈ ਮੁਸ਼ਕਲ ਪੇਸ਼ ਨਾ ਆਵੇ।ਇਸ ਮੌਕੇ ਰਾਈਸ ਮਿੱਲਰਜ਼ ਤੇ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਆਗੂਆਂ ਤੋਂ ਇਲਾਵਾ ਹਰਬੰਸ ਲਾਲ, ਵਿਜੈ ਗਰਗ, ਅਸ਼ੋਕ ਗੋਇਲ, ਦਵਿੰਦਰ ਕੁਮਾਰ ਬੱਗਾ, ਸੁਭਾਸ਼ ਬਾਂਸਲ, ਲਲਿਤ ਜਿੰਦਲ, ਦਿਪਾਂਸ਼ੂ ਗਰਗ ਆਦਿ ਹਾਜ਼ਰ ਸਨ।

## ਸ਼ਰਧਾਂਜਲੀ ਸਮਾਰੋਹ 'ਤੇ ਵਿਸ਼ੇਸ਼

### ਦ੍ਰਿੜ੍ਹ ਇਰਾਦੇ ਦੇ ਮਾਲਕ ਤੇ ਚੜ੍ਹਦੀ ਕਲਾ ਦੇ ਪ੍ਰਤੀਕ ਸਨ ਸ੍ਰ. ਬਲਵਿੰਦਰ ਸਿੰਘ ਗਿੱਲ



ਪੰਜਾਬ ਸਰਕਾਰ ਦੇ ਮਾਲ ਵਿਭਾਗ ਵਿੱਚੋਂ ਸੇਵਾ ਮੁਕਤ ਹੋ ਕੇ ਸਮਾਜ ਸੇਵਾ ਨੂੰ ਆਪਣੀ ਜ਼ਿੰਦਗੀ ਸਮਰਪਿਤ ਕਰਨ ਵਾਲੇ ਸ੍ਰ. ਬਲਵਿੰਦਰ ਸਿੰਘ ਗਿੱਲ ਪਟਵਾਰੀ ਬੁੱਕਣਵਾਲਾ ਹਰਦਿਲ ਅਜ਼ੀਜ਼ ਸ਼ਖਸੀਅਤ ਵਜੋਂ ਜਾਣੇ ਜਾਂਦੇ ਸਨ।ਉਨ੍ਹਾਂ ਦਾ ਜਨਮ 1 ਨਵੰਬਰ 1954 ਨੂੰ ਜ਼ਿਲ੍ਹਾ ਮੋਗਾ ਅਧੀਨ ਪੈਂਦੇ ਪਿੰਡ ਬੁੱਕਣਵਾਲਾ ਵਿਖੇ ਪਿਤਾ ਬੰਸੀ ਸਿੰਘ ਤੇ ਮਾਤਾ ਚੰਦ ਕੌਰ ਦੇ ਗ੍ਰਹਿ ਵਿਖੇ ਹੋਇਆ ਸੀ।ਆਪਣੇ ਮਾਤਾ-ਪਿਤਾ ਦੀ ਔਲਾਦ ਵਿੱਚੋਂ ਉਹ ਆਪਣੇ ਸੱਤ ਭੈਣਾਂ-ਭਰਾਵਾਂ ਵਿੱਚੋਂ ਇਹ ਸਭ ਤੋਂ ਛੋਟੇ ਸਨ।ਸ੍ਰ. ਬਲਵਿੰਦਰ ਸਿੰਘ ਬੁੱਕਣਵਾਲਾ ਨੇ ਮੁੱਢਲੀ ਸਿੱਖਿਆ ਪਿੰਡ ਘੱਲਕਲਾਂ ਤੋਂ ਪ੍ਰਾਪਤ ਕੀਤੀ ਤੇ ਉਚੇਰੀ ਵਿੱਦਿਆ ਹਾਸਲ ਕਰਨ ਤੋਂ ਬਾਅਦ ਉਹ ਸਾਲ 1981 ਵਿੱਚ ਨਹਿਰੀ ਵਿਭਾਗ ਵਿੱਚ ਪਟਵਾਰੀ ਦੇ ਅਹੁਦੇ 'ਤੇ ਸਮਾਣਾ ਹਲਕਾ ਜ਼ਿਲ੍ਹਾ ਪਟਿਆਲਾ ਵਿੱਚ ਤਾਇਨਾਤ ਹੋਏ ਸਨ।ਉਨਾਂ ਨੇ ਸਮਾਣਾ ਵਿਖੇ ਕਰੀਬ ਪੰਜ ਸਾਲ ਸੇਵਾਵਾਂ ਨਿਭਾਈਆਂ ਤੇ ਉਸ ਤੋਂ ਬਾਅਦ ਬਦਲੀ ਹੋ ਗਈ, ਜਿਸ ਦੌਰਾਨ ਉਨ੍ਹਾਂ ਦਾ ਵਿਆਹ 28 ਮਾਰਚ 1984 ਨੂੰ ਸਵਰਨਜੀਤ ਕੌਰ ਸਪੁੱਤਰੀ ਸ੍ਰ. ਪਹਾੜਾ ਸਿੰਘ ਪਿੰਡ ਸਰਹਾਲੀ ਨਾਲ ਹੋਇਆ।ਉਨ੍ਹਾਂ 1986 ਤੋਂ ਲੈ ਕੇ 1996 ਤੱਕ ਜ਼ਿਲ੍ਹਾ ਮੋਗਾ ਅਧੀਨ ਪੈਂਦੇ ਹਲਕਾ ਧਰਮਕੋਟ ਵਿੱਚ ਆ ਕੇ ਨੌਕਰੀ ਕੀਤੀ।ਉਨ੍ਹਾਂ ਦੇ ਗ੍ਰਹਿ ਵਿਖੇ ਬੇਟੀ ਰੋਵਨ, ਰਮਨਦੀਪ ਕੌਰ ਤੇ ਬੇਟਾ ਗੁਰਮੀਤ ਸਿੰਘ ਦਾ ਜਨਮ ਹੋਇਆ।1996 ਤੋਂ ਬਾਅਦ ਉਨ੍ਹਾਂ ਨੇ ਹਲਕਾ ਧਰਮਕੋਟ ਮੋਗਾ ਵਿਖੇ ਮਾਲ ਵਿਭਾਗ ਵਿੱਚ ਪਟਵਾਰੀ ਦੀ ਨੌਕਰੀ ਹਾਸਲ ਕੀਤੀ ਤੇ ਬਾਅਦ ਵਿੱਚ ਹਲਕਾ ਮੋਗਾ ਦੇ ਵੱਖ-ਵੱਖ ਪਿੰਡਾਂ ਵਿੱਚ ਸੇਵਾਵਾਂ ਨਿਭਾਉਂਦੇ ਹੋਏ ਉਹ 2014 ਵਿੱਚ ਸੇਵਾ ਮੁਕਤ ਹੋ ਗਏ ਸਨ।ਇਸ ਤੋਂ ਬਾਅਦ ਬੇਟੀ ਤੇ ਬੇਟੇ ਦਾ ਵਿਆਹ ਕੀਤਾ ਫਿਰ ਬੇਟੇ ਨੂੰ ਮੋਗਾ ਵਿਖੇ ਫਰਨੀਚਰ ਦਾ ਕਾਰੋਬਾਰ ਸ਼ੁਰੂ ਕਰਕੇ ਦਿੱਤਾ ਤੇ ਉਹ ਆਪਣੇ ਪਰਿਵਾਰ ਨਾਲ ਬਹੁਤ ਹੀ ਸੋਹਣੀ ਜ਼ਿੰਦਗੀ ਬਤੀਤ ਕਰਨ ਲੱਗੇ, ਪਰ 2025 ਵਿੱਚ ਕਾਰੋਬਾਰ ਨੂੰ ਨਸ਼ਟ ਕਰਨ ਦੀ ਨੀਤੀ ਨਾਲ ਸਰਕਾਰ ਨੇ ਫਰਨੀਚਰ ਦੇ ਸ਼ੋਅ-ਰੂਮ ਨੂੰ ਢਹਿ ਢੇਰੀ ਕਰ ਦਿੱਤਾ, ਜਿਸ ਦਾ ਸਦਮਾ ਉਹ ਨਾ ਸਹਾਰਦੇ ਹੋਏ ਲੰਬੀ ਬਿਮਾਰੀ ਵਿੱਚੋਂ ਗੁਜ਼ਰਦੇ ਹੋਏ 24 ਅਗਸਤ 2026 ਨੂੰ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ।ਦੱਸਣਯੋਗ ਹੈ ਕਿ ਉਨ੍ਹਾਂ ਦੇ ਬੇਟੇ ਗੁਰਮੀਤ ਸਿੰਘ ਬੁੱਕਣਵਾਲਾ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਨਾਲ ਲਗਾਤਾਰ 3 ਸਾਲ ਐੱਨਐੱਸਏ ਅਧੀਨ ਅਸਾਮ ਦੀ ਡਿਬਰੂਗੜ੍ਹ ਦੀ ਜੇਲ੍ਹ ਵਿੱਚ ਬੰਦ ਰਹੇ ਤੇ ਇਸ ਵੇਲੇ ਉਹ ਬਠਿੰਡਾ ਦੀ ਜੇਲ੍ਹ ਵਿੱਚ ਵਿਚਾਰ ਅਧੀਨ ਕੈਦੀ ਹਨ।ਉਨ੍ਹਾਂ ਨਮਿੱਤ ਰੱਖੇ ਗਏ ਪਾਠ ਦਾ ਭੋਗ ਤੇ ਅੰਤਿਮ ਅਰਦਾਸ 6 ਸਤੰਬਰ ਨੂੰ ਬਾਅਦ ਦੁਪਹਿਰ 12 ਤੋਂ 1 ਵਜੇ ਤੱਕ ਗੁਰਦੁਆਰਾ ਚੰਨੂ ਪੱਤੀ ਪਿੰਡ ਬੁੱਕਣ ਵਾਲਾ (ਮੋਗਾ) ਵਿਖੇ ਹੋਵੇਗੀ।

*-ਇਕਬਾਲ ਸਿੰਘ ਖਹਿਰਾ*

## ਦੇਸ਼ ਭਗਤ ਗਲੋਬਲ ਸਕੂਲ ਵਿਖੇ ਅਧਿਆਪਕ ਦਿਵਸ ਉਤਸ਼ਾਹ ਨਾਲ ਮਨਾਇਆ

### ਅਧਿਆਪਕ ਗਿਆਨ ਹੀ ਨਹੀਂ, ਵਿਦਿਆਰਥੀ ਦੇ ਸੁਪਨਿਆਂ ਨੂੰ ਸਹੀ ਦਿਸ਼ਾ ਵੀ ਦਿੰਦਾ : ਪ੍ਰਿੰਸੀਪਲ ਜਿੰਦਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ ਅਧਿਆਪਕ ਦਿਵਸ ਬੜੇ ਹੀ ਉਤਸ਼ਾਹ, ਸਤਿਕਾਰ ਤੇ ਭਾਵਨਾਤਮਕ ਮਾਹੌਲ ਵਿੱਚ ਮਨਾਇਆ ਗਿਆ।ਇਸ ਮੌਕੇ ਸਕੂਲ ਦੇ ਸਮੂਹ ਅਧਿਆਪਕਾਂ ਦੀ ਸਮਰਪਣ ਭਾਵਨਾ, ਮਿਹਨਤ ਤੇ ਸਿੱਖਿਆ ਦੇ ਖੇਤਰ ਵਿੱਚ ਪਾਏ ਜਾ ਰਹੇ ਮਹੱਤਵਪੂਰਨ ਯੋਗਦਾਨ ਨੂੰ ਸਲਾਮ ਕੀਤਾ ਗਿਆ।ਸਮਾਗਮ ਦੀ ਸ਼ੁਰੂਆਤ ਅਧਿਆਪਕਾਂ ਪ੍ਰਤੀ ਸਤਿਕਾਰ ਤੇ ਧੰਨਵਾਦ ਦੀ ਭਾਵਨਾ ਨਾਲ ਕੀਤੀ ਗਈ।ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਪ੍ਰਤੀ ਪਿਆਰ ਤੇ ਸਨਮਾਨ ਪ੍ਰਗਟ ਕਰਦਿਆਂ ਵੱਖ-ਵੱਖ ਗਤੀਵਿਧੀਆਂ, ਸੱਭਿਆਚਾਰਕ ਪੇਸ਼ਕਾਰੀਆਂ ਤੇ ਮਨੋਰੰਜਕ ਪ੍ਰੋਗਰਾਮ ਪੇਸ਼ ਕੀਤੇ।ਵਿਦਿਆਰਥੀਆਂ ਵੱਲੋਂ ਅਧਿਆਪਕਾਂ ਲਈ ਪੇਸ਼ ਕੀਤੀਆਂ ਗਈਆਂ ਪੇਸ਼ਕਾਰੀਆਂ ਨੇ ਸਮਾਗਮ ਨੂੰ ਹੋਰ ਵੀ ਯਾਦਗਾਰ ਬਣਾ ਦਿੱਤਾ।ਇਸ ਮੌਕੇ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀਆਂ ਸ਼ੁੱਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਅਧਿਆਪਕ ਉਨ੍ਹਾਂ ਦੀ ਜ਼ਿੰਦਗੀ ਵਿੱਚ ਮਾਪਿਆਂ ਤੋਂ ਬਾਅਦ ਸਭ ਤੋਂ ਮਹੱਤਵਪੂਰਨ ਮਾਰਗਦਰਸ਼ਕ ਹੁੰਦੇ ਹਨ।ਸਮਾਗਮ ਦੌਰਾਨ ਅਧਿਆਪਕਾਂ ਲਈ ਵਿਸ਼ੇਸ਼ ਗਤੀਵਿਧੀਆਂ ਅਤੇ ਮਨੋਰੰਜਕ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਨੇ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀਆਂ ਹਾਰਦਿਕ ਸ਼ੁੱਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਇੱਕ ਅਧਿਆਪਕ ਦੀ ਅਸਲ ਸਫਲਤਾ ਉਸ ਸਮੇਂ ਹੁੰਦੀ ਹੈ, ਜਦੋਂ ਉਸ ਦਾ ਵਿਦਿਆਰਥੀ ਗਿਆਨਵਾਨ ਹੋਣ ਦੇ ਨਾਲ-ਨਾਲ ਇੱਕ ਚੰਗਾ, ਸੰਵੇਦਨਸ਼ੀਲ ਤੇ ਜ਼ਿੰਮੇਵਾਰ ਇਨਸਾਨ ਬਣਦਾ ਹੈ।ਉਨ੍ਹਾਂ ਕਿਹਾ ਕਿ ਅਧਿਆਪਕ ਰਾਸ਼ਟਰ ਨਿਰਮਾਣ ਦੀ ਸਭ ਤੋਂ ਮਹੱਤਵਪੂਰਨ ਕੜੀ ਹਨ ਤੇ ਉਨ੍ਹਾਂ ਦੀ ਮਿਹਨਤ ਨਾਲ ਹੀ ਦੇਸ਼ ਦੀ ਨਵੀਂ ਪੀੜ੍ਹੀ ਨੂੰ ਸਹੀ ਦਿਸ਼ਾ ਮਿਲਦੀ ਹੈ।ਉਨ੍ਹਾਂ ਨੇ ਸਮੂਹ ਅਧਿਆਪਕਾਂ ਦੀ ਮਿਹਨਤ, ਲਗਨ ਤੇ ਸਕੂਲ ਦੀ ਤਰੱਕੀ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ।ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ, ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੀ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਅਧਿਆਪਕ ਦਿਵਸ ਮੌਕੇ ਸਮੂਹ ਅਧਿਆਪਕਾਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਦੇ ਜੀਵਨ ਵਿੱਚ ਪ੍ਰੇਰਣਾ, ਗਿਆਨ ਤੇ ਸਹੀ ਮਾਰਗਦਰਸ਼ਨ ਦਾ ਸਰੋਤ ਹੁੰਦੇ ਹਨ।ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਅਧਿਆਪਕ ਦਿਵਸ ਸਿਰਫ਼ ਇੱਕ ਦਿਨ ਅਧਿਆਪਕਾਂ ਦਾ ਸਨਮਾਨ ਕਰਨ ਦਾ ਮੌਕਾ ਨਹੀਂ, ਬਲਕਿ ਉਨ੍ਹਾਂ ਦੀ ਸਾਲ ਭਰ ਦੀ ਮਿਹਨਤ, ਤਿਆਗ, ਸਮਰਪਣ ਤੇ ਵਿਦਿਆਰਥੀਆਂ ਦੇ ਭਵਿੱਖ ਨੂੰ ਸੰਵਾਰਨ ਵਿੱਚ ਪਾਏ ਯੋਗਦਾਨ ਨੂੰ ਯਾਦ ਕਰਨ ਦਾ ਦਿਨ ਹੈ।ਸਮਾਗਮ ਦੇ ਅੰਤ ਵਿੱਚ ਸਮੂਹ ਅਧਿਆਪਕਾਂ ਦਾ ਧੰਨਵਾਦ ਕੀਤਾ ਗਿਆ।

## ਬਾਬਾ ਖੁਸ਼ ਨਾਥ 'ਆਪ' ਦੇ ਬਲਾਕ ਪ੍ਰਧਾਨ ਨਿਯੁਕਤ, ਸਮਰਥਕਾਂ 'ਚ ਖੁਸ਼ੀ ਦੀ ਲਹਿਰ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਆਮ ਆਦਮੀ ਪਾਰਟੀ ਵੱਲੋਂ ਬਾਬਾ ਖੁਸ਼ ਨਾਥ ਨੂੰ ਬਲਾਕ ਪ੍ਰਧਾਨ ਦੀ ਅਹਿਮ ਜ਼ਿੰਮੇਵਾਰੀ ਸੌਂਪੇ ਜਾਣ 'ਤੇ ਇਲਾਕੇ ਦੇ ਪਾਰਟੀ ਵਰਕਰਾਂ, ਸਮਰਥਕਾਂ ਤੇ ਉਨ੍ਹਾਂ ਦੀ ਸਮੁੱਚੀ ਟੀਮ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਇਸ ਮੌਕੇ ਬਾਬਾ ਖੁਸ਼ ਨਾਥ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਮਿਹਨਤ ਤੇ ਤਨਦੇਹੀ ਨਾਲ ਨਿਭਾਉਣਗੇ।ਬਾਬਾ ਖੁਸ਼ ਨਾਥ ਨੇ ਕਿਹਾ ਕਿ ਇਹ ਜ਼ਿੰਮੇਵਾਰੀ ਸਿਰਫ਼ ਉਨ੍ਹਾਂ ਦੀ ਨਹੀਂ, ਸਗੋਂ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਉਨ੍ਹਾਂ ਦੀ ਸਮੁੱਚੀ ਟੀਮ, ਸਾਥੀਆਂ ਤੇ ਭਰਾਵਾਂ ਦੀ ਵੀ ਹੈ।ਉਨ੍ਹਾਂ ਕਿਹਾ ਕਿ ਜਿਨ੍ਹਾਂ ਸਾਥੀਆਂ ਨੇ ਹਰ ਔਖੇ-ਸੌਖੇ ਸਮੇਂ ਵਿੱਚ ਉਨ੍ਹਾਂ ਦਾ ਸਾਥ ਦਿੱਤਾ ਹੈ, ਉਹ ਉਨ੍ਹਾਂ ਦੇ ਹਮੇਸ਼ਾ ਰਿਣੀ ਰਹਿਣਗੇ।ਉਨ੍ਹਾਂ ਆਪਣੀ ਟੀਮ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਸਾਥੀਆਂ ਦੀ ਮਿਹਨਤ ਤੇ ਭਰੋਸਾ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਹੈ।ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਤੇ ਪਾਰਟੀ ਵਰਕਰਾਂ ਨੂੰ ਨਾਲ ਲੈ ਕੇ ਇਲਾਕੇ ਵਿੱਚ ਹੋਰ ਮਜ਼ਬੂਤੀ ਨਾਲ ਕੰਮ ਕਰਨ ਨੂੰ ਪਹਿਲ ਦੇਣਗੇ।ਉਨ੍ਹਾਂ ਕਿਹਾ ਕਿ ਪਾਰਟੀ ਦੇ ਹਰ ਵਰਕਰ ਨੂੰ ਬਣਦਾ ਮਾਣ-ਸਤਿਕਾਰ ਦੇਣਾ ਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਉੱਚ ਪੱਧਰ ਤੱਕ ਪਹੁੰਚਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਰਹੇਗੀ।ਬਾਬਾ ਖੁਸ਼ ਨਾਥ ਨੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ, ਦਿੱਲੀ ਦੇ ਆਗੂ ਸ੍ਰੀ ਮਨੀਸ਼ ਸਿਸੋਦੀਆ ਅਤੇ ਹਲਕਾ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਸ੍ਰ. ਮਨਜੀਤ ਸਿੰਘ ਬਿਲਾਸਪੁਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ 'ਤੇ ਜੋ ਭਰੋਸਾ ਜਤਾਇਆ ਹੈ, ਉਸ ਲਈ ਲੀਡਰਸ਼ਿਪ ਦੇ ਤਹਿ ਦਿਲੋਂ ਧੰਨਵਾਦੀ ਹਨ।ਇਸ ਦੇ ਨਾਲ ਹੀ ਉਨ੍ਹਾਂ ਜ਼ਿਲ੍ਹਾ ਪ੍ਰਧਾਨ ਸ੍ਰ. ਬਰਿੰਦਰ ਸ਼ਰਮਾ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ।ਇਸ ਮੌਕੇ ਬਾਬਾ ਖੁਸ਼ ਨਾਥ ਦੇ ਭਰਾਵਾਂ, ਸਾਥੀਆਂ ਤੇ ਸਮੁੱਚੀ ਟੀਮ ਨੇ ਉਨ੍ਹਾਂ ਨੂੰ ਬਲਾਕ ਪ੍ਰਧਾਨ ਬਣਨ 'ਤੇ ਵਧਾਈ ਦਿੰਦਿਆਂ ਕਿਹਾ ਕਿ ਉਹ ਹਮੇਸ਼ਾ ਦੀ ਤਰ੍ਹਾਂ ਬਾਬਾ ਖੁਸ਼ ਨਾਥ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਰਹਿਣਗੇ। ਉਨ੍ਹਾਂ ਕਿਹਾ ਕਿ ਬਾਬਾ ਖੁਸ਼ ਨਾਥ ਨੂੰ ਮਿਲੀ ਇਹ ਜ਼ਿੰਮੇਵਾਰੀ ਪੂਰੀ ਟੀਮ ਲਈ ਮਾਣ ਵਾਲੀ ਗੱਲ ਹੈ।ਬਾਬਾ ਖੁਸ਼ ਨਾਥ ਨੇ ਅੰਤ ਵਿੱਚ ਕਿਹਾ ਕਿ ਉਹ ਆਪਣੇ ਸਾਰੇ ਸਾਥੀਆਂ ਤੇ ਭਰਾਵਾਂ ਨੂੰ ਨਾਲ ਲੈ ਕੇ ਪਾਰਟੀ ਦੀ ਚੜ੍ਹਦੀ ਕਲਾ ਤੇ ਇਲਾਕੇ ਦੀ ਬਿਹਤਰੀ ਲਈ ਪੂਰੀ ਮਿਹਨਤ ਨਾਲ ਕੰਮ ਕਰਨਗੇ।

## ਸ਼ਹੀਦ ਫੌਜੀ ਜਵਾਨ ਸੁਖਚੈਨ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

### ਪੰਜ ਸਾਲਾ ਪੁੱਤਰ ਨੇ ਚਿਤਾ ਨੂੰ ਦਿੱਤੀ ਅਗਨੀ



**ਸਿਰਸਾ (ਜਗਤਾਰ ਸਮਾਲਸਰ)**-ਜੰਮੂ-ਕਸ਼ਮੀਰ ਦੇ ਰਾਜੌਰੀ ਵਿੱਚ ਸ਼ਹੀਦ ਹੋਏ ਏਲਨਾਬਾਦ ਇਲਾਕੇ ਦੇ ਪਿੰਡ ਕੁੱਤਾਵੱਢ ਦੇ ਫੌਜੀ ਜਵਾਨ ਸੁਖਚੈਨ ਸਿੰਘ ਦਾ ਸ਼ਨੀਵਾਰ ਨੂੰ ਪੂਰੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ।ਉਨ੍ਹਾਂ ਦੇ ਪੰਜ ਸਾਲਾ ਪੁੱਤਰ ਨੇ ਚਿਤਾ ਨੂੰ ਅਗਨੀ ਦਿੱਤੀ। ਇਸ ਤੋਂ ਪਹਿਲਾਂ ਜਿਵੇਂ ਹੀ ਮ੍ਰਿਤਕ ਸਰੀਰ ਅੰਤਿਮ ਸੰਸਕਾਰ ਲਈ ਘਰ ਪਹੁੰਚਿਆ ਤਾਂ 'ਭਾਰਤ ਮਾਤਾ ਕੀ ਜੈ, ਵੰਦੇ ਮਾਤਰਮ ਤੇ ਸੁਖਚੈਨ ਫੌਜੀ ਅਮਰ ਰਹੇ' ਦੇ ਨਾਅਰਿਆਂ ਨਾਲ ਪੂਰਾ ਪਿੰਡ ਗੂੰਜ ਉੱਠਿਆ।ਸ਼ਹੀਦ ਸਿਪਾਹੀ ਨੂੰ ਅੰਤਿਮ ਸ਼ਰਧਾਂਜਲੀ ਦਿੰਦੇ ਹੋਏ ਪਰਿਵਾਰ ਦਾ ਬੁਰਾ ਹਾਲ ਸੀ।ਇਸ ਤੋਂ ਪਹਿਲਾਂ ਜਦੋਂ ਫੌਜ ਦੀ ਟੁੱਕੜੀ ਸ਼ਨੀਵਾਰ ਸਵੇਰੇ 10 ਵਜੇ ਲਾਸ਼ ਲੈ ਕੇ ਉਨ੍ਹਾਂ ਦੇ ਜੱਦੀ ਪਿੰਡ ਕੁੱਤਾਵੱਢ ਪਹੁੰਚੀ ਤਾਂ ਪਰਿਵਾਰ ਨੇ ਅੰਤਿਮ ਸੰਸਕਾਰ ਦੀ ਯਾਤਰਾ ਰੋਕ ਦਿੱਤੀ।ਪਰਿਵਾਰ ਨੇ ਕਿਹਾ ਕਿ ਕੋਈ ਵੀ ਪ੍ਰਸ਼ਾਸਨਕ ਅਧਿਕਾਰੀ ਤਿੰਨ ਦਿਨਾਂ ਤੋਂ ਉਨ੍ਹਾਂ ਦੇ ਪਰਿਵਾਰ ਨੂੰ ਮਿਲਣ ਨਹੀਂ ਆਇਆ।ਜਦੋਂ ਏਲਨਾਬਾਦ ਦੇ ਡੀ ਐੱਸ ਪੀ ਸੁਭਾਸ਼ ਚੰਦਰ ਨੇ ਐੱਸ ਪੀ ਨਾਲ ਗੱਲ ਕਰਨ ਦੀ ਪੇਸ਼ਕਸ਼ ਕੀਤੀ ਤਾਂ ਪਿੰਡ ਵਾਸੀਆਂ ਨੇ ਇਨਕਾਰ ਕਰ ਦਿੱਤਾ।ਸ਼ਹੀਦ ਦੀ ਅੰਤਿਮ ਯਾਤਰਾ ਲਗਭਗ ਤੀਹ ਮਿੰਟ ਲਈ ਰੁਕੀ ਰਹੀ।ਪਿੰਡ ਵਾਸੀਆਂ ਦੇ ਕਹਿਣ ਤੋਂ ਬਾਅਦ ਪਰਿਵਾਰ ਸ਼ਾਂਤ ਹੋ ਗਿਆ।ਇਸ ਦੌਰਾਨ ਪਰਿਵਾਰ ਨੇ ਸ਼ਹੀਦ ਦੇ ਪਰਿਵਾਰ ਲਈ ਸਰਕਾਰੀ ਨੌਕਰੀ ਤੇ ਇੱਕ ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ।ਪਰਿਵਾਰ ਨੇ ਕਿਹਾ ਕਿ ਚੋਣਾਂ ਦੌਰਾਨ ਹਰ ਕੋਈ ਆਉਂਦਾ ਹੈ, ਪਰ ਹੁਣ ਕੋਈ ਵੀ ਉਨ੍ਹਾਂ ਦੀ ਸਾਰ ਲੈਣ ਲਈ ਪਹੁੰਚਿਆ।ਉਨ੍ਹਾਂ ਮੰਗ ਕੀਤੀ ਕਿ ਕੋਈ ਵੀ ਜ਼ਿੰਮੇਵਾਰ ਪ੍ਰਸ਼ਾਸਨਕ ਅਧਿਕਾਰੀ ਮੌਕੇ 'ਤੇ ਆ ਕੇ ਲਿਖਤੀ ਭਰੋਸਾ ਦੇਵੇ।ਜਦੋਂ ਤੱਕ ਉਨ੍ਹਾਂ ਨੂੰ ਲਿਖਤੀ ਭਰੋਸਾ ਨਹੀਂ ਮਿਲਦਾ, ਉਹ ਅੰਤਿਮ ਸੰਸਕਾਰ ਨੂੰ ਅੱਗੇ ਨਹੀਂ ਵਧਣ ਦੇਣਗੇ।ਇਸ ਤੋਂ ਬਾਅਦ ਪਿੰਡ ਵਾਸੀਆਂ ਨੇ ਪਰਿਵਾਰ ਨੂੰ ਸਮਝਾਇਆ ਤੇ ਅੰਤਿਮ ਸੰਸਕਾਰ ਕੀਤਾ ਗਿਆ।ਸ਼ਹੀਦ ਸੁਖਚੈਨ ਸਿੰਘ ਦੇ ਅੰਤਿਮ ਸੰਸਕਾਰ ਵਿੱਚ ਡੇਰਾ ਬਾਬਾ ਭੂਮਣ ਸ਼ਾਹ ਸੰਗਰ ਸਾਧਾ ਦੇ ਬਾਬਾ ਬ੍ਰਹਮਦਾਸ ਤੇ ਡੇਰਾ ਮੱਲੇਵਾਲਾ ਦੇ ਮੁਖੀ ਬਾਬਾ ਹਰੀਨਾਮ ਦਾਸ, ਏਲਨਾਬਾਦ ਦੇ ਵਿਧਾਇਕ ਭਰਤ ਸਿੰਘ ਬੇਨੀਵਾਲ, ਰਾਣੀਆ ਦੇ ਤਹਿਸੀਲਦਾਰ ਸ਼ੁਭਮ ਸ਼ਰਮਾ ਤੇ ਇਲਾਕੇ ਦੇ ਹੋਰ ਪਤਵੰਤੇ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

## ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਬਦਲਾਅ ਜ਼ਰੂਰੀ : ਮਹਾਲਮ

### ਅਧਿਆਪਕਾਂ ਤੋਂ ਕਿਸਾਨਾਂ ਤੱਕ ਹਰ ਵਰਗ ਸੜਕਾਂ 'ਤੇ, ਸਰਕਾਰ ਦੀ ਕਾਰਗੁਜ਼ਾਰੀ 'ਤੇ ਚੁੱਕੇ ਸਵਾਲ



**ਜਲਾਲਾਬਾਦ (ਬਲਵਿੰਦਰ ਸਿੰਘ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਮੈਂਬਰ ਪਾਰਲੀਮੈਂਟ ਸ. ਸ਼ੇਰ ਸਿੰਘ ਘੁਬਾਇਆ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਮਿਸ਼ਨ 2027 ਤਹਿਤ ਹਲਕਾ ਜਲਾਲਾਬਾਦ ਦੇ ਵੱਖ-ਵੱਖ ਪਿੰਡਾਂ ਵਿੱਚ ਕਾਂਗਰਸੀ ਆਗੂਆਂ ਵੱਲੋਂ ਲੋਕ ਮਿਲਣੀ ਕੀਤੀ ਗਈ।ਇਸ ਦੌਰਾਨ ਪੰਚਾਇਤ ਬਸਤੀ, ਢੰਡੀ ਖੁਰਦ, ਢੰਡੀ ਕਦੀਮ ਅਤੇ ਛੋਟਾ ਸਿੱਧੂ ਵਾਲਾ ਸਮੇਤ ਵੱਖ-ਵੱਖ ਪਿੰਡਾਂ ਵਿੱਚ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੇ ਦੁੱਖ-ਸੁੱਖ ਸਾਂਝੇ ਕੀਤੇ ਗਏ।ਇਸ ਮੌਕੇ ਨਵ-ਨਿਯੁਕਤ ਬਲਾਕ ਪ੍ਰਧਾਨ ਸ੍ਰੀ ਬਲਬੀਰ ਸਿੰਘ ਨੂੰ ਮਿਲ ਕੇ ਸਨਮਾਨਤ ਵੀ ਕੀਤਾ ਗਿਆ।ਲੋਕ ਮਿਲਣੀ ਦੌਰਾਨ ਕਾਂਗਰਸੀ ਆਗੂਆਂ ਨੇ ਪਿੰਡਾਂ ਦੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਸਬੰਧੀ ਵਿਚਾਰ ਸਾਂਝੇ ਕੀਤੇ।ਇਸ ਮੌਕੇ ਬਲਾਕ ਪ੍ਰਧਾਨ ਕਾਂਗਰਸ ਪਾਰਟੀ ਜਲਾਲਾਬਾਦ ਦਿਹਾਤੀ ਸ਼ਿੰਦਰ ਸਿੰਘ ਮਹਾਲਮ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਦੋ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਮਨਰੇਗਾ ਮਜ਼ਦੂਰਾਂ ਨੂੰ ਲੋੜ ਅਨੁਸਾਰ ਕੰਮ ਨਹੀਂ ਮਿਲ ਰਿਹਾ, ਜਿਸ ਕਾਰਨ ਹਰੇਕ ਪਰਿਵਾਰ ਨੂੰ ਵੱਡਾ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ।ਸ਼ਿੰਦਰ ਸਿੰਘ ਮਹਾਲਮ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਬੁਢਾਪਾ ਪੈਨਸ਼ਨ ਵਿੱਚ ਵਾਧਾ ਕਰਨ ਦੀ ਗੱਲ ਕੀਤੀ ਗਈ ਸੀ ਪਰ ਅਜੇ ਤੱਕ ਇਸ ਵਾਅਦੇ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ।ਇਸੇ ਤਰ੍ਹਾਂ ਸ਼ਗਨ ਸਕੀਮ ਵਿੱਚ ਵੀ ਕੋਈ ਵਾਧਾ ਨਾ ਹੋਣ ਕਾਰਨ ਲੋਕਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਅਧਿਆਪਕ, ਬਿਜਲੀ ਮੁਲਾਜ਼ਮ, ਸਫ਼ਾਈ ਕਰਮਚਾਰੀ, ਕਿਸਾਨ, ਮਜ਼ਦੂਰ ਤੇ ਹੋਰ ਵੱਖ-ਵੱਖ ਜਥੇਬੰਦੀਆਂ ਆਪਣੀਆਂ ਮੰਗਾਂ ਨੂੰ ਲੈ ਕੇ ਸੜਕਾਂ 'ਤੇ ਸੰਘਰਸ਼ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਲਈ ਆਵਾਜ਼ ਉਠਾਉਣ ਵਾਲਿਆਂ ਨਾਲ ਸਰਕਾਰ ਵੱਲੋਂ ਸਖ਼ਤੀ ਕੀਤੀ ਜਾ ਰਹੀ ਹੈ ਤੇ ਨੌਜਵਾਨਾਂ 'ਤੇ ਨਾਜਾਇਜ਼ ਪਰਚੇ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ।ਮਹਾਲਮ ਨੇ ਪੰਜਾਬ ਵਿੱਚ ਨਸ਼ੇ ਦੀ ਵਧ ਰਹੀ ਸਮੱਸਿਆ, ਗੁੰਡਾਗਰਦੀ, ਕਤਲ, ਗੈਂਗਵਾਦ ਤੇ ਮਹਿੰਗਾਈ ਸਮੇਤ ਹੋਰ ਮੁੱਦਿਆਂ 'ਤੇ ਵੀ ਪੰਜਾਬ ਸਰਕਾਰ ਨੂੰ ਘੇਰਿਆ।ਉਨ੍ਹਾਂ ਦੋਸ਼ ਲਗਾਇਆ ਕਿ ਭਗਵੰਤ ਮਾਨ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ ਤੇ ਪੰਜਾਬ ਨੂੰ ਮੁੜ ਤਰੱਕੀ ਦੇ ਰਾਹ 'ਤੇ ਲਿਆਉਣ ਲਈ ਸਰਕਾਰ ਵਿੱਚ ਬਦਲਾਅ ਲਿਆਉਣਾ ਜ਼ਰੂਰੀ ਹੈ।ਸ਼ਿੰਦਰ ਸਿੰਘ ਮਹਾਲਮ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਹਿੱਤਾਂ ਤੇ ਭਵਿੱਖ ਲਈ ਸਾਰੇ ਲੋਕ ਇਕਜੁੱਟ ਹੋ ਕੇ ਮਿਸ਼ਨ 2027 ਤਹਿਤ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਆਪਣਾ ਯੋਗਦਾਨ ਪਾਉਣ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹੀ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਮਜ਼ਬੂਤ ਵਿਕਲਪ ਹੈ।ਇਸ ਮੌਕੇ ਗੁਰਮੁੱਖ ਸਿੰਘ ਸਾਬਕਾ ਸਰਪੰਚ, ਬਿਸ਼ੰਬਰ ਸਿੰਘ ਸਾਬਕਾ ਸਰਪੰਚ, ਮਲਕੀਤ ਸਿੰਘ ਬਲਾਕ ਜਨਰਲ ਸਕੱਤਰ, ਜਸਵਿੰਦਰ ਸਿੰਘ ਬਲਾਕ ਜਨਰਲ ਸਕੱਤਰ, ਸਾਹਿਲ ਰਾਏ, ਦੀਪੂ ਮਹਾਲਮ, ਲਖਵਿੰਦਰ ਕਾਲੂ, ਅਰਸ਼ਦੀਪ ਸਿੰਘ, ਗੁਰਪ੍ਰੀਤ ਗੋਰੀ ਸਮੇਤ ਵੱਖ-ਵੱਖ ਪਿੰਡਾਂ ਦੇ ਮੋਹਤਬਰ ਆਗੂ ਤੇ ਕਾਂਗਰਸੀ ਵਰਕਰ ਹਾਜ਼ਰ ਸਨ।

## ਮਾਤਾ ਹਰਪਾਲ ਕੌਰ ਮਾਨ ਨੇ ਵੱਖ-ਵੱਖ ਮੰਦਰਾਂ 'ਚ ਮੱਥਾ ਟੇਕਿਆ

### ਧੂਰੀ ਵਾਸੀਆਂ ਨੂੰ ਜਨਮ ਅਸ਼ਟਮੀ ਦੀਆਂ ਦਿੱਤੀਆਂ ਮੁਬਾਰਕਾਂ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪੂਜਨੀਕ ਮਾਤਾ ਹਰਪਾਲ ਕੌਰ ਮਾਨ ਨੇ ਬੀਤੀ ਸ਼ਾਮ ਪਵਿੱਤਰ ਤਿਉਹਾਰ 'ਜਨਮ ਅਸ਼ਟਮੀ' ਦੇ ਸ਼ੁਭ ਅਵਸਰ 'ਤੇ ਧੂਰੀ ਸ਼ਹਿਰ ਦੇ ਵੱਖ-ਵੱਖ ਮੰਦਰਾਂ ਵਿੱਚ ਨਤਮਸਤਕ ਹੋ ਕੇ ਪੂਜਾ-ਅਰਚਨਾ ਕੀਤੀ।ਇਸ ਦੌਰਾਨ ਉਨ੍ਹਾਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਮੱਥਾ ਟੇਕਦਿਆਂ ਸਮੁੱਚੀ ਲੋਕਾਈ ਤੇ ਵਿਸ਼ੇਸ਼ ਤੌਰ 'ਤੇ ਧੂਰੀ ਹਲਕੇ ਦੇ ਨਿਵਾਸੀਆਂ ਦੀ ਸੁੱਖ-ਸ਼ਾਂਤੀ, ਖੁਸ਼ਹਾਲੀ ਤੇ ਚੜ੍ਹਦੀ ਕਲਾ ਲਈ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਮੰਦਰ ਪ੍ਰਬੰਧਕ ਕਮੇਟੀਆਂ ਵੱਲੋਂ ਮਾਤਾ ਹਰਪਾਲ ਕੌਰ ਮਾਨ ਦਾ ਉਚੇਚੇ ਤੌਰ 'ਤੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਿਰੋਪਾਓ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।ਮਾਤਾ ਜੀ ਨੇ ਸ਼ਰਧਾਲੂਆਂ ਨਾਲ ਖੁਸ਼ੀਆਂ ਸਾਂਝੀਆਂ ਕਰਦਿਆਂ ਕਿਹਾ ਕਿ ਸ਼੍ਰੀ ਕ੍ਰਿਸ਼ਨ ਜਨਮ-ਅਸ਼ਟਮੀ ਦਾ ਇਹ ਪਵਿੱਤਰ ਦਿਹਾੜਾ ਸਾਨੂੰ ਆਪਸੀ ਭਾਈਚਾਰਕ ਸਾਂਝ, ਪ੍ਰੇਮ-ਪਿਆਰ, ਸੱਚਾਈ ਤੇ ਧਰਮ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ।ਉਨ੍ਹਾਂ ਧੂਰੀ ਵਾਸੀਆਂ ਨੂੰ ਇਸ ਸ਼ੁਭ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ ਦਿੱਤੀਆਂ।

ਇਸ ਮੌਕੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਸੂਬਾਈ ਆਗੂ ਐਡਵੋਕੇਟ ਹੈਪੀ ਗਰਗ, ਨਗਰ ਕੌਂਸਲ ਧੂਰੀ ਦੀ ਪ੍ਰਧਾਨ ਬੀਬੀ ਅਮਰਜੋਤ ਕੌਰ ਬਾਜਵਾ, ਕੌਂਸਲਰ ਸੰਦੀਪ ਬਾਂਸਲ, ਰਾਜੀਵ ਚੌਧਰੀ ਆਦਿ ਹਾਜ਼ਰ ਸਨ।

## ਹੀਰਾ ਦੇ ਗ੍ਰਹਿ ਵਿਖੇ ਮੰਟਾ ਨੇ ਕੀਤੀ ਅਕਾਲੀ ਵਰਕਰਾਂ ਨਾਲ ਮੀਟਿੰਗ

### 18 ਦੀ 'ਪੰਜਾਬ ਬਚਾਓ ਰੈਲੀ' 'ਚ ਵੱਧ-ਚੜ੍ਹ ਕੇ ਪਹੁੰਚਣ ਦੀ ਅਪੀਲ



**ਜਲਾਲਾਬਾਦ (ਬਲਵਿੰਦਰ ਸਿੰਘ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਆਉਣ ਵਾਲੀ 18 ਸਤੰਬਰ 2026 ਨੂੰ ਜਲਾਲਾਬਾਦ ਦੀ ਦਾਣਾ ਮੰਡੀ ਵਿਖੇ ਕੀਤੀ ਜਾ ਰਹੀ 'ਪੰਜਾਬ ਬਚਾਓ ਰੈਲੀ' ਨੂੰ ਲੈ ਕੇ ਅਕਾਲੀ ਆਗੂਆਂ ਤੇ ਵਰਕਰਾਂ ਵੱਲੋਂ ਤਿਆਰੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।ਇਸੇ ਸਬੰਧੀ ਸ੍ਰ. ਸੁਖਬੀਰ ਸਿੰਘ ਬਾਦਲ ਦੇ ਓ.ਐੱਸ.ਡੀ. ਤੇ ਜਲਾਲਾਬਾਦ ਹਲਕਾ ਇੰਚਾਰਜ ਸ. ਸਤਿੰਦਰਜੀਤ ਸਿੰਘ ਮੰਟਾ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ।

ਇਸ ਦੌਰਾਨ ਸ. ਸਤਿੰਦਰਜੀਤ ਸਿੰਘ ਮੰਟਾ ਆਪਣੀ ਟੀਮ ਸਮੇਤ ਪਿੰਡ ਹੀਰੇਵਾਲਾ ਵਿਖੇ ਸੀਨੀਅਰ ਅਕਾਲੀ ਆਗੂ ਸ. ਮਲਕੀਤ ਸਿੰਘ ਹੀਰਾ ਦੇ ਗ੍ਰਹਿ ਵਿਖੇ ਪਹੁੰਚੇ, ਜਿੱਥੇ ਅਕਾਲੀ ਆਗੂਆਂ, ਵਰਕਰਾਂ ਤੇ ਇਲਾਕਾ ਨਿਵਾਸੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰ. ਮੰਟਾ ਨੇ 18 ਸਤੰਬਰ ਨੂੰ ਜਲਾਲਾਬਾਦ ਦਾਣਾ ਮੰਡੀ ਵਿਖੇ ਹੋਣ ਵਾਲੀ 'ਪੰਜਾਬ ਬਚਾਓ ਰੈਲੀ' ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਲਈ ਅਕਾਲੀ ਵਰਕਰਾਂ ਤੇ ਹਲਕਾ ਨਿਵਾਸੀਆਂ ਨੂੰ ਅਪੀਲ ਕੀਤੀ।ਸ੍ਰ. ਮੰਟਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਅਕਾਲੀ ਲੀਡਰਸ਼ਿਪ ਵੱਲੋਂ ਪੜਾਅ ਦਰ ਪੜਾਅ 'ਪੰਜਾਬ ਬਚਾਓ ਰੈਲੀ' ਦਾ ਆਯੋਜਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜਲਾਲਾਬਾਦ ਵਿੱਚ ਹੋਣ ਵਾਲੀ ਇਸ ਰੈਲੀ ਨੂੰ ਲੈ ਕੇ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ ਤੇ ਰੈਲੀ ਨੂੰ ਸਫ਼ਲ ਬਣਾਉਣ ਲਈ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ।ਇਸ ਮੌਕੇ ਉਨ੍ਹਾ ਸ਼੍ਰੋਮਣੀ ਅਕਾਲੀ ਦਲ ਦੇ ਪਿਛਲੇ ਕਾਰਜਕਾਲ ਦੌਰਾਨ ਪੰਜਾਬ ਅਤੇ ਜਲਾਲਾਬਾਦ ਹਲਕੇ ਵਿੱਚ ਕਰਵਾਏ ਗਏ ਵੱਖ-ਵੱਖ ਵਿਕਾਸ ਕਾਰਜਾਂ ਦਾ ਵੀ ਜ਼ਿਕਰ ਕੀਤਾ।ਸ੍ਰ. ਮੰਟਾ ਨੇ ਕਿਹਾ ਕਿ ਇਸ ਸਮੇਂ ਪੰਜਾਬ ਦਾ ਸਭ ਤੋਂ ਵੱਡਾ ਮੁੱਦਾ ਨਸ਼ਾ ਹੈ।ਜੇਕਰ ਪੰਜਾਬ ਵਿੱਚੋਂ ਨਸ਼ਾ ਖ਼ਤਮ ਹੋਵੇਗਾ ਤਾਂ ਹੀ ਪੰਜਾਬ ਦੇ ਵਿਕਾਸ ਦੀ ਗੱਲ ਸਹੀ ਅਰਥਾਂ ਵਿੱਚ ਹੋ ਸਕੇਗੀ।ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਤੇ ਪੰਜਾਬ ਦੇ ਭਵਿੱਖ ਲਈ ਲੋਕਾਂ ਨੂੰ ਇਸ ਮੁੱਦੇ 'ਤੇ ਗੰਭੀਰਤਾ ਨਾਲ ਸੋਚਣਾ ਪਵੇਗਾ।

ਇਸ ਮੌਕੇ ਸੀਨੀਅਰ ਅਕਾਲੀ ਆਗੂ ਸ. ਮਲਕੀਤ ਸਿੰਘ ਹੀਰਾ ਨੇ ਸ. ਸਤਿੰਦਰਜੀਤ ਸਿੰਘ ਮੰਟਾ ਤੇ ਉਨ੍ਹਾਂ ਦੀ ਟੀਮ ਦਾ ਆਪਣੇ ਗ੍ਰਹਿ ਵਿਖੇ ਪਹੁੰਚਣ 'ਤੇ ਸਵਾਗਤ ਕਰਦਿਆਂ 'ਜੀ ਆਇਆਂ ਨੂੰ' ਆਖਿਆ। ਸ੍ਰ. ਹੀਰਾ ਨੇ ਹਲਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ 18 ਸਤੰਬਰ 2026 ਨੂੰ ਜਲਾਲਾਬਾਦ ਦੀ ਦਾਣਾ ਮੰਡੀ ਵਿਖੇ ਹੋਣ ਵਾਲੀ 'ਪੰਜਾਬ ਬਚਾਓ ਰੈਲੀ' ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਰੈਲੀ ਨੂੰ ਸਫ਼ਲ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਇਸ ਰੈਲੀ ਵਿੱਚ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਪੰਜਾਬ ਨਾਲ ਸਬੰਧਤ ਅਹਿਮ ਮੁੱਦਿਆਂ ਨੂੰ ਉਠਾਇਆ ਜਾਵੇਗਾ।ਇਸ ਮੌਕੇ ਅਕਾਲੀ ਆਗੂ ਤੇ ਰਾਜਸੀ ਮਾਮਲਿਆਂ ਦੇ ਮੈਂਬਰ ਜ਼ਿਲ੍ਹਾ ਫਾਜ਼ਿਲਕਾ ਸ਼੍ਰੀਮਾਨ ਬੂੜ ਸਿੰਘ ਨੇ ਵੀ ਅਕਾਲੀ ਵਰਕਰਾਂ ਅਤੇ ਹਲਕਾ ਨਿਵਾਸੀਆਂ ਨੂੰ 18 ਸਤੰਬਰ ਦੀ ਰੈਲੀ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ।

# ਚੋਰੀ ਦੇ ਤਿੰਨ ਮੋਟਰਸਾਈਕਲ ਸਮੇਤ ਤਿੰਨ ਕਾਬੂ

ਕਪੂਰਥਲਾ (ਮਨਜੀਤ ਮਾਨ)- ਕਾਲਾ ਸੰਘਿਆਂ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਹੱਥ ਲੱਗੀ ਜਦੋਂ ਪੁਲਸ ਚੌਕੀ ਦੇ ਇੰਚਾਰਜ ਏ ਐਸ ਆਈ ਨੇ ਆਪਣੀ ਪੁਲਸ ਪਾਰਟੀ ਸਮੇਤ ਤਿੰਨ ਲੁਟੇਰਿਆਂ ਵਿੱਚੋਂ ਦੋ ਸਕੇ ਭਰਾਵਾਂ ਨੂੰ ਕਾਬੂ ਕੀਤਾ। ਏ ਐਸ ਆਈ ਸ. ਗੁਰਵਿੰਦਰ ਸਿੰਘ ਉਰਫ਼ ਗੁਰੀ ਦੋਨੋ ਸਕੇ ਭਰਾ ਪੁੱਤਰ ਮਨਜੀਤ ਸਿੰਘ ਵਾਸੀ ਮੰਨਣ ਜ਼ਿਲ੍ਹਾ ਕਪੂਰਥਲਾ ਨੂੰ ਗ੍ਰਿਫ਼ਤਾਰ ਕਰਕੇ ਚੋਰਾਂ ਕੋਲੋਂ ਤਿੰਨ ਚੋਰੀ ਦੇ ਮੋਟਰਸਾਈਕਲ ਬਰਾਮਦ ਕਰ ਲਏ ਗਏ ਹਨ। ਏ ਐਸ ਆਈ ਅਰਜੀਤ ਸਿੰਘ ਹੋਰ ਦੱਸਿਆ ਕਿ ਗੁਰਪ੍ਰੀਤ ਸਿੰਘ ਉਰਫ਼ ਕਾਲੂ ਪੁੱਤਰ ਮੰਗੀ ਵਾਸੀ ਕੋਜ਼ਵਾਲ ਨੇ ਆਪਣੇ ਪਿੰਡਾਂ ਦੀਆਂ ਬੈਕਰੀਆਂ ਚੋਰੀ ਕੀਤੀਆਂ ਸਨ ਤੇ ਇਨ੍ਹਾਂ ਚੋਰਾਂ ਨੇ ਲੋਕਾਂ ਦੀ, ਕਣਕ, ਮੱਕੀ ਤੇ ਮੋਟਰਸਾਈਕਲਾਂ ਦੀਆਂ ਬੈਟਰੀਆਂ ਚੋਰੀ ਕਰਕੇ ਵੇਚਦੇ ਸਨ।



ਅਰਜੀਤ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਚੋਰਾਂ ਨੇ ਕਸਬਾ ਕਾਲਾ ਸੰਘਿਆਂ ਦੇ ਰਹਿਣ ਵਾਲੇ ਨੰਬਰਦਾਰ ਦੇ ਕੋਲ ਸਿੰਘ ਦੇ ਘਰ ਦੇ ਮੁਹਰਿਓਂ ਮੋਟਰਸਾਈਕਲ ਚੋਰੀ ਕਰ ਲਿਆ ਸੀ ਜਿਸ ਦੀ ਸੀ ਸੀ ਟੀ ਵੀ ਕੈਮਰਿਆਂ ਦੀ ਮਦਦ ਨਾਲ ਚੋਰਾਂ ਤੱਕ ਪਹੁੰਚ ਕਰਕੇ ਤਿੰਨ ਲੁਟੇਰਿਆਂ ਨੂੰ ਕਾਬੂ ਕਰ ਲਿਆ ਜਿਨ੍ਹਾਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ਼ ਕਾਲੂ ਪੁੱਤਰ ਮੰਗੀ ਵਾਸੀ ਕੋਜ਼ਰ ਪੁਰ ਜ਼ਿਲ੍ਹਾ ਕਪੂਰਥਲਾ ਤੇ ਗੁਰਪ੍ਰੀਤ ਸਿੰਘ ਉਰਫ਼ ਗੋਪੀ ਤੇ ਤਿੰਨਾਂ ਚੋਰਾਂ ਦੇ ਕਬਜ਼ੇ ਵਿੱਚੋਂ ਇੱਕ ਨੰਬਰਦਾਰ ਜੋ ਕੋਲ ਸਿੰਘ ਦਾ ਮੋਟਰਸਾਈਕਲ ਤੇ ਦੋ ਮੋਟਰਸਾਈਕਲ ਸਪਲੈਂਡਰ ਤੇ ਪਲੈਟੀਨਾ ਬਰਾਮਦ ਕਰ ਲਏ ਹਨ ਤੇ ਦੋਸ਼ੀਆਂ ਦੇ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਤਿੰਨਾਂ ਚੋਰਾਂ ਵਿੱਚੋਂ ਚੌਥੇ ਚੋਰ ਦੀ ਪਛਾਣ ਕਰ ਲਈ ਗਈ ਹੈ ਜਿਸ ਨੂੰ ਵੀ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਏ ਐਸ ਆਈ ਅਰਜੀਤ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਕੋਲੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਇੰਡਸਟਰੀ ਤੇ ਸ਼ਹਿਰ ਵਾਸੀਆਂ ਦੇ ਬਿਜਲੀ ਸੰਕਟ ਨੂੰ ਲੈ ਕੇ ਜਲੰਧਰ ਭਾਜਪਾ ਦਾ ਸਰਕਾਰ 'ਤੇ ਹਮਲਾ

ਜਲੰਧਰ (ਸ਼ੈਲੀ ਐਲਬਰਟ)- ਜਲੰਧਰ ਦੀ ਇੰਡਸਟਰੀ ਅਤੇ ਵਪਾਰ 'ਤੇ ਵਧ ਰਹੇ ਬਿਜਲੀ ਸੰਕਟ ਦੇ ਪ੍ਰਭਾਵ ਨੂੰ ਲੈ ਕੇ ਭਾਜਪਾ ਜਲੰਧਰ ਸ਼ਹਿਰੀ ਨੇ ਪੰਜਾਬ ਸਰਕਾਰ 'ਤੇ ਤੁਰੰਤ ਦਖ਼ਲ ਦੀ ਮੰਗ ਕੀਤੀ ਹੈ। ਭਾਜਪਾ ਸ਼ਹਿਰੀ ਪ੍ਰਧਾਨ ਅਸ਼ੋਕ ਸਰੀਨ ਹਿੱਕੀ ਦੀ ਅਗਵਾਈ ਹੇਠ ਭਾਜਪਾ ਆਗੂਆਂ ਨੇ ਡੀ ਸੀ ਦਫ਼ਤਰ ਪਹੁੰਚ ਕੇ ਐਸ ਡੀ ਐਮ-1 ਸ਼੍ਰੀ ਆਕਾਸ਼ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਸੌਂਪਿਆ। ਇਸ ਮੌਕੇ ਸਾਬਕਾ ਵਿਧਾਇਕ ਕੇ ਡੀ ਭੰਡਾਰੀ, ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ, ਸਾਬਕਾ ਜ਼ਿਲ੍ਹਾ ਪ੍ਰਧਾਨ ਸੁਸ਼ੀਲ ਸ਼ਰਮਾ, ਭਾਜਪਾ ਆਗੂ ਦਿਨੇਸ਼ ਢੱਲ ਕਾਲੀ, ਪ੍ਰਦੇਸ਼ ਸਕੱਤਰ ਅਮਰਜੀਤ ਸਿੰਘ ਅਮਰੀ, ਮਹਾਂਮੰਤਰੀ ਰਾਜੇਸ਼ ਕਪੂਰ ਅਤੇ ਇੰਡਸਟਰੀ ਸੈੱਲ ਦੇ ਜ਼ਿਲ੍ਹਾ ਕਨਵੀਨਰ ਹੋਰੀ ਦੀਵਾਨ ਹਾਜ਼ਰ ਸਨ। ਭਾਜਪਾ ਆਗੂਆਂ ਨੇ ਕਿਹਾ ਕਿ ਬਿਜਲੀ ਦੀ ਘਾਟ ਅਤੇ ਅਨਿਸ਼ਚਿਤ ਸਪਲਾਈ ਕਾਰਨ ਜਲੰਧਰ ਆਧਾਰਿਤ ਉਦਯੋਗਾਂ ਦੇ ਉਤਪਾਦਨ ਪ੍ਰਭਾਵਿਤ ਹੋ ਰਿਹਾ ਹੈ, ਲਾਗਤ ਵਧ ਰਹੀ ਹੈ ਅਤੇ ਉਦਯੋਗਾਂ ਸਾਹਮਣੇ ਆਰਥਿਕ ਨੁਕਸਾਨ ਦਾ ਸੰਕਟ ਖੜ੍ਹਾ ਹੋ ਗਿਆ ਹੈ। ਮਹਿੰਦਰ ਭਗਤ, ਹੈਂਡ ਟੂਲਜ਼, ਇੰਜੀਨੀਅਰਿੰਗ ਅਤੇ ਹੋਰ ਐਮ ਐਸ ਐਮ ਈ ਉਦਯੋਗਾਂ 'ਤੇ ਇਸ ਦਾ ਸਿੱਧਾ ਅਸਰ ਪੈ ਰਿਹਾ ਹੈ। ਭਾਜਪਾ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇੰਡਸਟਰੀ ਨੂੰ 24*7 ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇ। ਇਸ ਦੇ ਨਾਲ ਇਨ੍ਹਾਂ ਪਹਿਲਾਂ ਸੁਧਾਰ ਹਿੱਤ ਕੀਤੇ ਜਾਣ ਵਾਲੇ ਬਿਜਲੀ ਕਟੌਤੀ ਬੰਦ ਕੀਤੀ ਜਾਵੇ, ਉਦਯੋਗਿਕ ਖੇਤਰਾਂ ਦੇ ਬਿਜਲੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਫੋਕਲ ਪੁਆਇੰਟ ਫਗਵਾੜਾ ਗੇਟ ਦੀ ਸਮੱਸਿਆ ਦਾ ਸਥਾਈ ਹੱਲ ਕੱਢਿਆ ਜਾਵੇ।



ਹੋਰ ਕਿਹਾ ਕਿ ਮੌਜੂਦਾ ਬਿਜਲੀ ਸੰਕਟ ਸਿਰਫ਼ ਉਦਯੋਗਾਂ ਤੱਕ ਸੀਮਤ ਨਹੀਂ ਹੈ, ਸਗੋਂ ਸ਼ਹਿਰ ਵਾਸੀਆਂ ਦੇ ਰੋਜ਼ਾਨਾ ਜੀਵਨ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਬਿਜਲੀ ਦੀ ਅਨਿਸ਼ਚਿਤਤਾ ਉਤਪਾਦਨ ਅਤੇ ਰੁਜ਼ਗਾਰ ਦੋਵਾਂ ਲਈ ਨੁਕਸਾਨਦਾਇਕ ਹੈ, ਇਸ ਲਈ ਸਰਕਾਰ ਤੁਰੰਤ ਪ੍ਰਭਾਵੀ ਕਦਮ ਚੁੱਕੇ ਤਾਂ ਜੋ ਜਲੰਧਰ ਦੀ ਉਦਯੋਗਿਕ ਸਮਰੱਥਾ ਬਣੀ ਰਹੇ। ਪੂਰੇ ਸ਼ਹਿਰ ਨੂੰ ਬਿਜਲੀ ਸਪਲਾਈ ਯਕੀਨੀ ਬਣਾਏ। ਸ਼ੀਤਲ ਅੰਗੁਰਾਲ ਨੇ ਕਿਹਾ ਕਿ ਸਰਕਾਰ ਨੂੰ ਅਜਿਹੀ ਨੀਤੀ ਬਣਾਉਣੀ ਚਾਹੀਦੀ ਹੈ ਜਿਸ ਨਾਲ ਜਲੰਧਰ ਦੇ ਉਦਯੋਗ ਹੋਰ ਰਾਜਾਂ ਵਿੱਚ ਜਾਣ ਲਈ ਮਜਬੂਰ ਨਾ ਹੋਣ। ਦਿਨੇਸ਼ ਢੱਲ ਕਾਲੀ ਨੇ ਕਿਹਾ ਕਿ ਬਿਜਲੀ ਕੱਟਾਂ ਦਾ ਅਸਰ ਉਦਯੋਗ, ਵਪਾਰ ਅਤੇ ਘਰੇਲੂ ਖਪਤਕਾਰਾਂ 'ਤੇ ਪੈ ਰਿਹਾ ਹੈ। ਸੁਸ਼ੀਲ ਸ਼ਰਮਾ ਨੇ ਕਿਹਾ ਕਿ ਸਰਕਾਰ ਨੂੰ ਸਾਰੇ ਪ੍ਰਭਾਵਿਤ ਵਰਗਾਂ ਦੀ ਬੈਠਕ ਬੁਲਾ ਕੇ ਅਸਲ ਸਥਿਤੀ ਨੂੰ ਸਮਝਣਾ ਚਾਹੀਦਾ ਹੈ। ਅਮਰਜੀਤ ਸਿੰਘ ਅਮਰੀ ਨੇ ਕਿਹਾ ਕਿ ਉਦਯੋਗਿਕ ਖੇਤਰਾਂ ਦੇ ਬਿਜਲੀ ਢਾਂਚਿਆਂ ਨੂੰ ਮਜ਼ਬੂਤ ਕਰਨ ਦੇ ਨਾਲ ਉਦਯੋਗਾਂ ਲਈ ਸਮਰਪਤ ਅਤੇ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ।

# ਭੋਗ 'ਤੇ ਵਿਸ਼ੇਸ਼ ਲੋਕ ਸੇਵਾ ਨੂੰ ਸਮਰਪਤ ਰਹੀ ਨੰਬਰਦਾਰ ਦਰਸ਼ਨ ਸਿੰਘ ਦੀ ਜ਼ਿੰਦਗੀ

ਪਿੰਡ ਡਡਵਿੰਡੀ ਦੀਆਂ ਸਿਆਸੀ, ਸਮਾਜਿਕ ਅਤੇ ਪੰਥਕ ਸਰਗਰਮੀਆਂ ਵਿੱਚ ਆਪਣੀ ਨਿਵੇਕਲੀ ਪਛਾਣ ਰੱਖਣ ਵਾਲੇ ਨੰਬਰਦਾਰ ਦਰਸ਼ਨ ਸਿੰਘ ਦੇ ਅਕਾਲ ਚਲਾਣੇ ਨਾਲ ਪਰਵਾਰ ਸਮੇਤ ਸਮੁੱਚੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ। 29 ਅਗਸਤ ਨੂੰ ਅਚਾਨਕ ਵਿਛੋੜਾ ਦੇ ਗਏ ਨੰਬਰਦਾਰ ਦਰਸ਼ਨ ਸਿੰਘ ਦੀ ਨਿੱਘੀ ਯਾਦ ਉਨ੍ਹਾਂ ਨਾਲ ਜੁੜੇ ਲੋਕਾਂ ਦੇ ਦਿਲਾਂ ਵਿੱਚ ਸਦਾ ਵੱਸਦੀ ਰਹੇਗੀ। ਸਾਲ 1953 ਵਿੱਚ ਲਛਮਣ ਸਿੰਘ ਅਤੇ ਮਾਤਾ ਕਰਤਾਰ ਕੌਰ ਦੇ ਘਰ ਜਨਮੇ ਦਰਸ਼ਨ ਸਿੰਘ ਤਿੰਨ ਭੈਣਾਂ ਦੇ ਇਕਲੌਤੇ ਭਰਾ ਸਨ। ਪਿਤਾ ਪੁਰਖੀ ਨੰਬਰਦਾਰੀ ਸੰਭਾਲਦਿਆਂ ਦਰਸ਼ਨ ਸਿੰਘ ਨੇ ਵੀ ਆਪਣੇ ਪਿਤਾ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਨੰਬਰਦਾਰੀ ਨੂੰ ਮਹਿਜ਼ ਅਹੁਦਾ ਨਹੀਂ, ਸਗੋਂ ਲੋਕ ਸੇਵਾ ਦੀ ਜ਼ਿੰਮੇਵਾਰੀ ਸਮਝ ਕੇ ਨਿਭਾਇਆ। ਸਾਲ 1972 ਵਿੱਚ ਉਨ੍ਹਾਂ ਦਾ ਵਿਆਹ ਬੀਬੀ ਕੁਲਵੰਤ ਕੌਰ ਵਾਸੀ ਪਿੰਡ ਸਰਦਾਰ ਵਾਲਾ, ਜ਼ਿਲ੍ਹਾ ਜਲੰਧਰ ਨਾਲ ਹੋਇਆ। ਬੀਬੀ ਕੁਲਵੰਤ ਕੌਰ ਨੇ ਹਰ ਔਖ-ਸੌਖ ਵੇਲੇ ਵਿੱਚ ਜੀਵਨ ਸਾਥੀ ਵਜੋਂ ਉਨ੍ਹਾਂ ਦਾ ਸਾਥ ਨਿਭਾਇਆ। ਇਸ ਸੁਭਾਗੇ ਪਰਿਵਾਰਕ ਸਫ਼ਰ ਦੌਰਾਨ ਉਨ੍ਹਾਂ ਦੇ ਘਰ ਤਿੰਨ ਪੁੱਤਰਾਂ ਗੁਰਨਾਮ ਸਿੰਘ, ਮੁਖਤਿਆਰ ਸਿੰਘ ਸੋਢੀ ਅਤੇ ਇੱਕ ਧੀ ਨੇ ਜਨਮ ਲਿਆ। ਉਨ੍ਹਾਂ ਦੇ ਬੱਚਿਆਂ ਨੇ ਆਪਣੀ ਮਿਹਨਤ ਅਤੇ ਕਾਬਲੀਅਤ ਨਾਲ ਪਰਵਾਰ ਦਾ ਨਾਂਅ ਰੌਸ਼ਨ ਕੀਤਾ। ਨੰਬਰਦਾਰ ਦਰਸ਼ਨ ਸਿੰਘ ਬੇਬਾਕ, ਅਗਾਂਹਵਧੂ ਸੋਚ ਅਤੇ ਹੱਕ-ਸੱਚ ਲਈ ਡਟ ਕੇ ਖੜ੍ਹਨ ਵਾਲੀ ਸ਼ਖ਼ਸੀਅਤ ਸਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨਾਲ ਜੁੜ ਕੇ ਉਨ੍ਹਾਂ ਨੇ ਪੰਥਕ ਅਤੇ ਸਿਆਸੀ ਖੇਤਰ ਵਿੱਚ ਲੰਮਾ ਸਮਾਂ ਸਰਗਰਮ ਭੂਮਿਕਾ ਨਿਭਾਈ। ਉਨ੍ਹਾਂ ਦਾ ਮਿਲਾਪੜਾ ਸੁਭਾਅ, ਨਿਮਰਤਾ ਅਤੇ ਹਰ ਵਰਗ ਦੇ ਲੋਕਾਂ ਨਾਲ ਬਣੀ ਸਾਂਝ ਉਨ੍ਹਾਂ ਦੀ ਸ਼ਖ਼ਸੀਅਤ ਦੀ ਸਭ ਤੋਂ ਵੱਡੀ ਪਛਾਣ ਸੀ। ਨੰਬਰਦਾਰ ਦਰਸ਼ਨ ਸਿੰਘ ਦਾ ਵਿਛੋੜਾ ਪਰਵਾਰ ਲਈ ਹੀ ਨਹੀਂ, ਸਗੋਂ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਸੱਜਣਾਂ, ਸਨੇਹੀਆਂ ਅਤੇ ਸਮੁੱਚੇ ਇਲਾਕੇ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਵੱਲੋਂ ਲੋਕਾਂ ਨਾਲ ਬਣਾਏ ਪਿਆਰ ਭਰੇ ਰਿਸ਼ਤੇ, ਨਿਭਾਈਆਂ ਸੇਵਾਵਾਂ ਅਤੇ ਸੰਘਰਸ਼ਸ਼ੀਲ ਜੀਵਨ ਉਨ੍ਹਾਂ ਦੀ ਅਮਿੱਟ ਯਾਦ ਬਣ ਕੇ ਹਮੇਸ਼ਾ ਕਾਇਮ ਰਹਿਣਗੇ। ਅੰਤਿਮ ਅਰਦਾਸ ਅਤੇ ਪਾਠ ਦੇ ਭੋਗ 6 ਸਤੰਬਰ, ਦਿਨ ਐਤਵਾਰ ਨੂੰ ਪਿੰਡ ਡਡਵਿੰਡੀ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਪਾਏ ਜਾਣਗੇ।



-ਬਲਵਿੰਦਰ ਸਿੰਘ ਧਾਲੀਵਾਲ,
ਸੁਲਤਾਨਪੁਰ ਲੋਧੀ

# ਬਲਟਾਣਾ 'ਚ ਸੜਕ ਧਸਣ ਕਾਰਨ ਮੁਹੱਲਾ ਵਾਸੀ ਪਰੇਸ਼ਾਨ

ਜ਼ੀਰਕਪੁਰ (ਜਤਿੰਦਰ ਕੁਮਾਰ)- ਪੰਜਾਬ ਮਾਰਗਨ ਕੰਪਲੈਕਸ, ਬਲਟਾਣਾ ਵਿੱਚ ਸੜਕ ਦਾ ਇੱਕ ਹਿੱਸਾ ਧਸਣ ਕਾਰਨ ਮੁਹੱਲਾ ਵਾਸੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕ ਧਸਣ ਕਾਰਨ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ ਅਤੇ ਲੋਕਾਂ ਵਿੱਚ ਹਾਦਸਾ ਵਾਪਰਨ ਦਾ ਡਰ ਬਣਿਆ ਹੋਇਆ ਹੈ। ਮੁਹੱਲਾ ਵਾਸੀਆਂ ਦਾ ਕਹਿਣਾ ਹੈ ਕਿ ਸੜਕ ਦੀ ਹਾਲਤ ਲੰਮੇ ਸਮੇਂ ਤੋਂ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਸੜਕ ਧਸਣ ਵਾਲੇ ਸਥਾਨ 'ਤੇ ਵਾਹਨਾਂ ਦੀ ਆਵਾਜਾਈ ਦੌਰਾਨ ਹਾਦਸੇ ਦਾ ਖ਼ਤਰਾ



ਬਣਿਆ ਰਹਿੰਦਾ ਹੈ, ਖ਼ਾਸ ਕਰਕੇ ਰਾਤ ਦੇ ਸਮੇਂ ਸਮੱਸਿਆ ਹੋਰ ਗੰਭੀਰ ਹੋ ਜਾਂਦੀ ਹੈ। ਸਥਾਨਕ ਲੋਕਾਂ ਨੇ ਸੰਬੰਧਤ ਵਿਭਾਗ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮੌਕੇ ਦਾ ਤੁਰੰਤ ਨਿਰੀਖਣ ਕਰਵਾਇਆ ਜਾਵੇ ਅਤੇ ਸੜਕ ਦੀ ਮੁਰੰਮਤ ਕਰਵਾ ਕੇ ਲੋਕਾਂ ਨੂੰ ਰਾਹਤ ਦਿੱਤੀ ਜਾਵੇ। ਇਲਾਕਾ ਵਾਸੀਆਂ ਨੇ ਕਿਹਾ ਕਿ ਜੇਕਰ ਸਮੇਂ ਸਿਰ ਸੜਕ ਦੀ ਮੁਰੰਮਤ ਨਾ ਕੀਤੀ ਗਈ ਤਾਂ ਆਉਣ ਵਾਲੇ ਦਿਨਾਂ ਵਿੱਚ ਇਹ ਸਮੱਸਿਆ ਹੋਰ ਵਧ ਸਕਦੀ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਿਰਫ਼ ਅਸਥਾਈ ਮੁਰੰਮਤ ਦੀ ਬਜਾਏ ਸੜਕ ਦੀ ਸਹੀ ਜਾਂਚ ਕਰਕੇ ਪੱਕਾ ਹੱਲ ਕੀਤਾ ਜਾਵੇ।

# ਜਨਮ ਅਸ਼ਟਮੀ ਮੌਕੇ ਮਾਤਾ ਸਾਹਿਬ ਕੌਰ ਸਕੂਲ 'ਚ ਸਮਾਗਮ

ਟਾਂਡਾ ਉੜਮੁੜ (ਮਿਲਖ਼ਰ ਗਰਗ, ਜਸਵਿੰਦਰ ਸੰਧੂ)- ਮਾਤਾ ਸਾਹਿਬ ਕੌਰ ਸਕੂਲ ਵਿੱਚ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਭਗਵਾਨ ਸ੍ਰੀ ਕ੍ਰਿਸ਼ਨ ਅਤੇ ਰਾਧਾ ਜੀ ਦੀਆਂ ਸੁੰਦਰ ਝਾਕੀਆਂ ਪੇਸ਼ ਕੀਤੀਆਂ ਗਈਆਂ। ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ ਰਾਧਾ-ਕ੍ਰਿਸ਼ਨ ਦਾ ਰੂਪ ਧਾਰ ਕੇ ਮਨਮੋਹਕ ਪ੍ਰਸਤੁਤੀਆਂ ਦਿੱਤੀਆਂ। ਸਮਾਗਮ ਦੌਰਾਨ ਵਿਦਿਆਰਥੀਆਂ ਨੇ ਭਜਨ, ਗੀਤ, ਨਾਚ



ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਮਾਹੌਲ ਨੂੰ ਸ਼ਰਧਾਮਈ ਬਣਾ ਦਿੱਤਾ। ਸਕੂਲ ਦੇ ਅਧਿਆਪਕਾਂ ਨੇ ਬੱਚਿਆਂ ਨੂੰ ਸ੍ਰੀ ਕ੍ਰਿਸ਼ਨ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਦਿੱਤੇ ਗਏ ਧਰਮ, ਸੱਚਾਈ ਅਤੇ ਪਿਆਰ ਦੇ ਸੰਦੇਸ਼ ਬਾਰੇ ਜਾਣਕਾਰੀ ਦਿੱਤੀ। ਅੰਤ ਵਿੱਚ ਪ੍ਰਿੰਸੀਪਲ ਵੱਲੋਂ ਸਮੂਹ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ ਅਤੇ ਪ੍ਰਸ਼ਾਦ ਵੰਡਿਆ ਗਿਆ। ਪ੍ਰਿੰਸੀਪਲ ਹਰਵਿੰਦਰ ਸਿੰਘ, ਅਧਿਆਪਕ ਕੌਰ, ਰਜਨੀ ਬਾਲਾ, ਸਪਨਾ ਸੰਗਰ, ਹਰਨਾਮ ਕੌਰ, ਰੇਖਾ, ਨਵਨੀਤ ਕੌਰ, ਤਲਵਿੰਦਰ, ਅਮਨ, ਗਰੀਮਾ ਆਦਿ ਹਾਜ਼ਰ ਸਨ।

# ਪਾਸ਼ ਦੇ ਜਨਮ ਦਿਹਾੜੇ ਸਮਾਗਮ ਸੰਬੰਧੀ ਹੱਥ ਪਰਚਾ ਵੰਡਿਆ

ਜਲੰਧਰ (ਲਖਵਿੰਦਰ ਸਿੰਘ ਆਧੀ)- ਇਨਕਲਾਬੀ ਕਵੀ ਅਵਤਾਰ ਪਾਸ਼ ਦੇ 76 ਵੇਂ ਜਨਮ ਦਿਹਾੜੇ ਦਾ ਸਮਾਗਮ, ਜੋ ਕਿ ਇਸ ਵਾਰ ਉਹਨਾਂ ਦੇ ਜੱਦੀ ਪਿੰਡ ਤਲਵੰਡੀ ਸਲੇਮ ਵਿਖੇ ਹੋ ਰਿਹਾ ਹੈ, ਸੰਬੰਧੀ ਨਗਰ ਨਿਵਾਸੀਆਂ ਦੀ ਇੱਕ ਮੀਟਿੰਗ ਕੀਤੀ ਗਈ ਅਤੇ ਉਪਰੰਤ ਹੱਥ ਪਰਚਾ ਵੰਡਿਆ ਗਿਆ। ਪਾਸ਼-ਹੰਸਰਾਜ ਸ਼ਹੀਦੀ ਯਾਦਗਾਰ ਕਮੇਟੀ ਦੇ ਕਨਵੀਨਰ ਮੋਹਨ ਸਿੰਘ ਬੱਲ, ਲੋਕ ਆਗੂ ਐਡਵੋਕੇਟ ਸੁਰਿੰਦਰ ਖੀਵਾ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ



ਕਿਹਾ ਕਿ ਅਵਤਾਰ ਪਾਸ਼ ਅਤੇ ਹੰਸਰਾਜ ਨੇ ਹਕੂਮਤੀ ਅਤੇ ਫਿਰਕੂ ਦਹਿਸਤਗਰਦੀ ਖਿਲਾਫ ਲੜਦਿਆਂ ਆਪਣੀ ਜਾਨ ਨਿਛਾਵਰ ਕੀਤੀ। ਉਨ੍ਹਾਂ ਕਿਹਾ ਕਿ ਉਹ ਲੁੱਟੇ ਪੁੱਟੇ ਜਾਣ ਵਾਲੇ ਕਿਰਤੀਆਂ ਦਾ ਕਵੀ ਸੀ, ਜਿਨ੍ਹਾਂ ਦਾ 76 ਵਾਂ ਜਨਮ ਦਿਨ ਇਸ ਵਾਰ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਆਗੂਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਭਰ 'ਚੋਂ ਮਜ਼ਦੂਰ ਕਿਸਾਨ, ਨੌਜਵਾਨ ਵਿਦਿਆਰਥੀ, ਲੇਖਕ ਅਤੇ ਬੁੱਧੀਜੀਵੀ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ 9 ਸਤੰਬਰ ਦੇ ਸਮਾਗਮ ਮੌਕੇ ਤਕਰੀਰਾਂ ਤੋਂ ਇਲਾਵਾ ਚੋਣਵੇਂ ਕਵੀ ਆਪਣਾ ਕਲਾਮ ਪੇਸ਼ ਕਰਨਗੇ ਅਤੇ ਡਾ. ਸਵਰਾਜਬੀਰ ਦੁਬਾਰਾ ਰਚਿਤ ਨਾਟਕ, ਪ੍ਰਸਿੱਧ ਨਾਟਕਕਾਰ ਕੇਵਲ ਧਾਲੀਵਾਲ ਦੀ ਟੀਮ ਵੱਲੋਂ ਪੇਸ਼ ਕੀਤਾ ਜਾਵੇਗਾ।

# ਅਮਨਦੀਪ ਸਿੰਘ ਫਰਵਾਲਾ ਦਾ ਕਹਾਣੀ ਸੰਗ੍ਰਹਿ 'ਹੈੱਡਮਾਸਟਰ ਚੂਹੜ ਸਿੰਘ' ਰਿਲੀਜ਼

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਪਿੰਡ ਮੁਆਈ ਵਿਖੇ ਇੱਕ ਨਿੱਜੀ ਹੋਟਲ ਵਿੱਚ ਲੇਖਕ ਅਮਨਦੀਪ ਸਿੰਘ ਫਰਵਾਲਾ ਵੱਲੋਂ ਰਚਿਤ ਕਹਾਣੀ ਸੰਗ੍ਰਹਿ 'ਹੈੱਡਮਾਸਟਰ ਚੂਹੜ ਸਿੰਘ' ਦਾ ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਬਾਬਾ ਜੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ, ਮਾਤਾ ਗੁਜਰੀ ਲਾਇਬ੍ਰੇਰੀ ਫਰਵਾਲਾ, ਪੰਜਾਬ ਸਮਾਜਿਕ ਸਰੋਕਾਰਾਂ ਨਾਲ ਜੋੜਨ ਦਾ ਕੰਮ ਕਰਦਾ ਹੈ। ਉਨ੍ਹਾਂ ਲੇਖਕ ਅਮਨਦੀਪ ਸਿੰਘ ਫਰਵਾਲਾ ਨੂੰ ਕਹਾਣੀ ਸੰਗ੍ਰਹਿ ਦੀ ਰਚਨਾ ਲਈ ਵਧਾਈ ਦਿੰਦਿਆਂ ਕਿਹਾ ਕਿ ਅਜਿਹੀਆਂ ਸਾਹਿਤਕ ਕੋਸ਼ਿਸ਼ਾਂ ਪੰਜਾਬੀ ਮਾਂ ਬੋਲੀ ਅਤੇ ਸਾਹਿਤ ਨੂੰ ਹੋਰ ਮਜ਼ਬੂਤ ਕਰਦੀਆਂ ਹਨ। ਵਿਸ਼ੇਸ਼ ਮਹਿਮਾਨ ਡਾ. ਨਵਜੋਤ ਸਿੰਘ ਦਾਹੀਆ ਨੇ ਵੀ ਕਹਾਣੀ ਸੰਗ੍ਰਹਿ ਨੂੰ ਸਾਹਿਤਕ ਖੇਤਰ ਵਿੱਚ ਇੱਕ ਮਹੱਤਵਪੂਰਨ ਉਪਰਾਲਾ ਦੱਸਿਆ। ਲੇਖਕ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਨਿਰਮਲ ਸਿੰਘ ਜੌਹਲ, ਪਰਮਜੀਤ ਸਿੰਘ ਜੌਹਲ, ਅਮਰਤ ਫਰਵਾਲਾ, ਗੁਰਦਾਸ ਧਾਲੀਵਾਲ ਫਰਵਾਲਾ ਨੇ ਇੱਕ ਛੋਟੀ ਕਵਿਤਾ ਨੂੰ ਵਿਸ਼ੇਸ਼ ਥਾਂ ਦਿੱਤੀ ਗਈ। ਪਰਮਜੀਤ ਸਿੰਘ ਜੌਹਲ, ਮੰਜ਼ਰ ਸਿੰਘ ਜੌਹਲ, ਸੁਮਨ ਸਮਪੂਰੀ ਸਟੇਨ ਸਕੱਤਰ, ਸਰਵਜੀਤ



ਕਲਾ ਦਰਪਣ ਸ਼ਾਮਪੁਰ (ਰਜਿ.) ਅਤੇ ਮੰਜਕੀ ਪੰਜਾਬੀ ਸੱਥ ਲਾਂਬੜਾਂ ਵੱਲੋਂ ਕਰਵਾਇਆ ਗਿਆ। ਸਮਾਗਮ ਵਿੱਚ ਪਦਮ ਸ੍ਰੀ ਸਰਦਾਰ ਪਰਗਟ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਡਾ. ਨਵਜੋਤ ਸਿੰਘ ਦਾਹਿਆ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹੇ। ਇਸ ਮੌਕੇ ਸਾਹਿਤ, ਕਲਾ ਅਤੇ ਸਮਾਜਿਕ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਇਲਾਕਾ ਵਾਸੀਆਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੁੱਖ ਮਹਿਮਾਨ ਪਦਮ ਸ੍ਰੀ ਪਰਗਟ ਸਿੰਘ ਨੇ ਕਿਹਾ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਅਤੇ ਚੰਗੀ ਸਾਹਿਤਕ ਰਚਨਾ ਲੋਕਾਂ ਨੂੰ ਆਪਣੇ ਇਤਿਹਾਸ, ਸੱਭਿਆਚਾਰ ਅਤੇ ਦੇਸ਼ ਰਾਜ, ਬਲਰਾਜ ਸਿੰਘ ਸਪੁੱਤਰ ਹੈੱਡਮਾਸਟਰ ਚੂਹੜ ਸਿੰਘ, ਸੁਖਜਿੰਦਰ ਸਿੰਘ ਪ੍ਰੇਮ, ਬਲਜੀਤ ਸਿੰਘ ਜੌਹਲ, ਸਰਪੰਚ ਮੰਗਤ ਰਾਮ ਫਰਵਾਲਾ, ਜਗਦੀਸ਼ ਸਿੰਘ ਰਾਮੇਵਾਲ, ਹਰਜੋਤ ਸਿੰਘ ਫਰਵਾਲਾ, ਐੱਸ ਪੀ ਪਰਮਜੀਤ ਸਿੰਘ ਗਿੱਲ, ਪ੍ਰਧਾਨ ਅਮਰਿੰਦਰ ਸਿੰਘ ਪਨੇਸਰ, ਲਾਇਬ੍ਰੇਰੀਅਨ ਸੁਰਿੰਦਰ ਸਿੰਘ ਰੰਧਾਵਾ, ਲੰਬੜਦਾਰ ਰੇਸ਼ਮ ਸਿੰਘ, ਐਡਵੋਕੇਟ ਹਰਮੀਤ ਸਿੰਘ ਲੱਲੀ, ਤਜਿੰਦਰ ਸਿੰਘ ਬਾਈ ਤਲਵਣ, ਹਰਪ੍ਰੀਤ ਸਿੰਘ ਹੇਅਰ, ਮੁਖਤਿਆਰ ਸਿੰਘ ਹੇਅਰ, ਹੈਪੀ ਸੰਧੂ, ਬਲਵਿੰਦਰ ਸਿੰਘ ਹੁੰਦਲ, ਕਾਮਰੇਡ ਕੁਲਜਿੰਦਰ ਸਿੰਘ, ਜੀਤਾ ਢੇਸੀ, ਸਰਪੰਚ ਅਮਨ ਦਿਓਲ ਆਦਿ ਹਾਜ਼ਰ ਸਨ।

# ਮੇਹਰਚੰਦ ਪੋਲੀਟੈਕਨਿਕ ਵਿਖੇ ਸਟਰੈੱਸ ਰਿਲੀਫ਼ ਰੂਮ ਦਾ ਉਦਘਾਟਨ

ਜਲੰਧਰ (ਸ਼ੈਲੀ ਐਲਬਰਟ)- ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਨਵੇਂ ਤਿਆਰ ਕੀਤੇ ਸਟਰੈੱਸ ਰਿਲੀਫ਼ ਰੂਮ ਯਾਨੀ ਮਾਨਸਿਕ ਤਣਾਅ ਨੂੰ ਦੂਰ ਕਰਨ ਵਾਲੇ ਕਮਰੇ ਦਾ ਉਦਘਾਟਨ ਕੀਤਾ ਗਿਆ। ਇਹ ਉਦਘਾਟਨ ਡੀ ਏ ਵੀ ਮੈਨੇਜਿੰਗ ਕਮੇਟੀ ਦੇ ਤਨਾਅ ਅਤੇ ਹੋਰ ਸਿਹਤ ਸੰਬੰਧੀ ਸਮੱਸਿਆਵਾਂ ਦਾ ਹੱਲ ਕਾਊਂਸਲਿੰਗ ਨਾਲ ਕੀਤਾ ਜਾਵੇਗਾ। ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ, ਸਮੁੱਚੇ ਭਾਰਤ ਵਿੱਚ ਕਈ ਵਿਦਿਆਰਥੀ ਤਣਾਅ ਕਰਕੇ ਸਖ਼ਤ ਕਦਮ ਚੁੱਕਦੇ ਹਨ। ਸੰਸਥਾ ਦਾ ਮਕਸਦ ਹੈ ਕਿ ਉਹ ਵਿਦਿਆਰਥੀਆਂ ਦਾ ਮਾਨਸਿਕ ਤਣਾਅ ਦੂਰ ਕਰਨ ਲਈ ਕਾਰਜ ਕਰੇ ਅਤੇ ਸਕੂਨ ਪ੍ਰਦਾਨ ਕਰੇ।



ਇਸ ਲਈ ਵਿਦਿਆਰਥੀਆਂ ਦੇ ਤਨਾਅ ਨੂੰ ਦੂਰ ਕਰਨ ਲਈ ਕਾਲਜ ਨੂੰ ਸਹੀ ਕਦਮ ਪੁਟਣੇ ਚਾਹੀਦੇ ਹਨ। ਇਸ ਕਰਕੇ ਮੇਹਰਚੰਦ ਪੋਲੀਟੈਕਨਿਕ ਵਿਖੇ ਨਵਾਂ ਤਿਆਰ ਕੀਤਾ ਸਟਰੈੱਸ ਰਿਲੀਫ਼ ਰੂਮ ਉਹਨਾਂ ਵਿਚ ਹੀ ਅਜਿਹਾ ਇੱਕ ਨਿਵੇਕਲਾ ਕਦਮ ਹੈ। ਸਕੱਤਰ ਤੇ ਮੇਹਰਚੰਦ ਪੋਲੀਟੈਕਨਿਕ ਦੇ ਪੁਰਾਣੇ ਵਿਦਿਆਰਥੀ ਅਰਵਿੰਦ ਘਈ ਵੱਲੋਂ ਕੀਤਾ। ਮੁੱਖ ਮਹਿਮਾਨ ਅਰਵਿੰਦ ਘਈ ਦਾ ਸਵਾਗਤ ਪ੍ਰਿੰਸੀਪਲ ਡਾ. ਜਗਰੂਪ ਸਿੰਘ ਜ ਨੇ ਫੁੱਲਾਂ ਦੇ ਗੁਲਦਸਤੇ ਨਾਲ ਕੀਤਾ। ਸਮੂਹ ਵਿਭਾਗ ਮੁਖੀਆ ਨੇ ਗੁਲਾਬ ਦਾ ਫੁੱਲ ਦੇ ਕੇ ਅਰਵਿੰਦ ਘਈ ਜੀ ਦਾ ਆਭਾਰ ਪ੍ਰਗਟ ਕੀਤਾ। ਇਸ ਮੌਕੇ ਬੋਲਦਿਆਂ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਇਹ ਸਟਰੈੱਸ ਰਿਲੀਫ ਰੂਮ ਕਾਲਜ ਦੀ ਇਕ ਨਿਵੇਕਲੀ ਪਹਿਲ ਹੈ, ਜਿੱਥੇ ਵਿਦਿਆਰਥੀਆਂ ਦੇ ਮਾਨਸਿਕ ਪ੍ਰਜਵਲਿਤ ਕਰਕੇ ਕਮਰੇ ਦਾ ਰਸਮੀ ਉਦਘਾਟਨ ਕੀਤਾ। ਪ੍ਰਭੂ ਦਿਆਲ ਨੇ ਮੰਤਰ ਉਚਾਰਣ ਕਰਕੇ ਮਾਹੌਲ ਨੂੰ ਪਵਿੱਤਰ ਬਣਾ ਦਿੱਤਾ। ਇਸ ਸਮੇਂ ਮਨ ਨੂੰ ਆਰਾਮ ਅਤੇ ਸਕੂਨ ਦੇਣ ਵਾਲਾ ਸੰਗੀਤ ਲਗਾਤਾਰ ਵਜਦਾ ਰਿਹਾ। ਅਰਵਿੰਦ ਘਈ ਨੇ ਕਮਰੇ ਵਿੱਚ ਰੱਖੀ ਮਹਾਤਮਾ ਬੁੱਧ ਦੀ ਵਿਸ਼ਾਲ ਮੂਰਤੀ ਤੇ ਸ਼ਾਤਮਈ ਸਿਰਜੇ ਮਾਹੌਲ ਦੀ ਤਾਰੀਫ਼ ਕੀਤੀ। ਉਹਨਾਂ ਕਾਲਜ ਕੈਂਪਸ ਦਾ ਦੌਰਾ ਵੀ ਕੀਤਾ ਤੇ ਕਾਲਜ ਦੇ ਪ੍ਰਿੰਸੀਪਲ, ਸਟਾਫ ਅਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।



# ਸ੍ਰੀ ਕ੍ਰਿਸ਼ਨ ਦੇ ਸੰਦੇਸ਼ ਨੂੰ ਜੀਵਨ 'ਚ ਅਪਣਾਉਣ ਦੀ ਲੋੜ : ਰੰਧਾਵਾ

ਜ਼ੀਰਕਪੁਰ, ਡੇਰਾਬੱਸੀ (ਜਤਿੰਦਰ ਕੁਮਾਰ, ਵਿਨੈ ਕੁਮਾਰ ਜੈਨ)- ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਾਵਨ ਤਿਉਹਾਰ ਮੌਕੇ ਜ਼ੀਰਕਪੁਰ ਸ਼ਹਿਰ ਵਿੱਚ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ। ਵੱਖ-ਵੱਖ ਮੰਦਰਾਂ ਅਤੇ ਧਾਰਮਿਕ ਸਥਾਨਾਂ 'ਤੇ ਕਰਵਾਏ ਗਏ ਸਮਾਗਮਾਂ ਵਿੱਚ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕਰਕੇ ਸੰਗਤ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ। ਵਿਧਾਇਕ ਰੰਧਾਵਾ ਨੇ ਬਲਟਾਣਾ ਦੇ ਪ੍ਰਾਚੀਨ ਸ਼ਿਵ ਮੰਦਰ, ਸੈਣੀ ਵਿਹਾਰ ਫੇਜ਼-5, ਸ਼ਿਆਮ ਨਗਰ ਅਤੇ ਬਲੂ ਰਿਜ-2, ਪੀਰਮੁਚੱਲਾ ਸੋਸਾਇਟੀ ਵਿਖੇ ਪਹੁੰਚ ਕੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਕਰਵਾਏ ਗਏ ਧਾਰਮਿਕ ਸਮਾਗਮਾਂ ਵਿੱਚ ਹਾਜ਼ਰੀ ਲਗਵਾਈ। ਇਸ ਮੌਕੇ ਰੰਧਾਵਾ ਨੇ ਕਿਹਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਮਨੁੱਖਤਾ ਨੂੰ ਸੱਚ, ਧਰਮ ਅਤੇ ਕਰਤੱਵ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੰਦੀਆਂ ਹਨ। ਉਨ੍ਹਾਂ ਸਮੂਹ ਸੰਗਤ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀਆਂ ਹਾਰਦਿਕ ਸ਼ੁੱਭਕਾਮਨਾਵਾਂ ਦਿੰਦਿਆਂ ਪੰਜਾਬ ਦੀ ਖੁਸ਼ਹਾਲੀ, ਤਰੱਕੀ, ਅਮਨ-ਸ਼ਾਂਤੀ ਅਤੇ ਹਰ ਪਰਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਨਗਰ ਕੌਂਸਲ ਪ੍ਰਧਾਨ, ਕੌਂਸਲਰ, ਵਾਰਡ ਇੰਚਾਰਜ ਅਤੇ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਵੀ ਮੌਜੂਦ ਰਹੇ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਅਧਿਆਪਕ ਦਿਵਸ ਮਨਾਇਆ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਧਿਆਪਕ ਦਿਵਸ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ।



ਇਸ ਮੌਕੇ ਵਿਦਿਆਰਥੀਆਂ ਵੱਲੋਂ ਅਧਿਆਪਕਾਂ ਲਈ ਵੱਖ-ਵੱਖ ਮਨੋਰੰਜਕ ਅਤੇ ਰਚਨਾਤਮਕ ਗਤੀਵਿਧੀਆਂ ਦਾ ਪ੍ਰਬੰਧ ਕੀਤਾ ਗਿਆ, ਜਿਨ੍ਹਾਂ ਵਿੱਚ ਸਕੂਲ ਦੇ ਅਧਿਆਪਕਾਂ ਨੇ ਵੀ ਵੱਧ-ਚੜ੍ਹ ਕੇ ਹਿੱਸਾ ਲਿਆ। ਵਿਦਿਆਰਥੀਆਂ ਵੱਲੋਂ ਅਧਿਆਪਕਾਂ ਪ੍ਰਤੀ ਸਤਿਕਾਰ ਅਤੇ ਪਿਆਰ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਲਈ ਵਿਸ਼ੇਸ਼ ਗਤੀਵਿਧੀਆਂ ਕਰਵਾਈਆਂ ਗਈਆਂ। ਸਕੂਲ ਦੇ ਵਿਦਿਆਰਥੀਆਂ ਵੱਲੋਂ ਕੇਕ ਕੱਟ ਕੇ ਅਧਿਆਪਕ ਦਿਵਸ ਮਨਾਇਆ ਗਿਆ।

ਇਸ ਮੌਕੇ ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਕਪੂਰ ਨੇ ਵਿਦਿਆਰਥੀਆਂ ਨੂੰ ਅਧਿਆਪਕ ਦਿਵਸ ਦੀ ਮਹੱਤਤਾ ਬਾਰੇ ਜਾਣੂੰ ਕਰਵਾਉਂਦਿਆਂ ਕਿਹਾ ਕਿ ਅਧਿਆਪਕ ਸਿਰਫ਼ ਕਿਤਾਬੀ ਗਿਆਨ ਹੀ ਨਹੀਂ ਦਿੰਦਾ, ਸਗੋਂ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਹੀ ਰਾਹ ਚੁਣਨ, ਚੰਗੇ ਸੰਸਕਾਰ ਅਪਣਾਉਣ ਅਤੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਵੀ ਪ੍ਰੇਰਿਤ ਕਰਦਾ ਹੈ।

ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਧਿਆਪਕਾਂ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਵੱਲੋਂ ਦਿੱਤੀ ਸਿੱਖਿਆ ਨੂੰ ਆਪਣੇ ਜੀਵਨ ਵਿੱਚ ਅਪਣਾਉਣ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਅਧਿਆਪਕ ਦਿਵਸ ਮੌਕੇ 11 ਅਧਿਆਪਕ ਸਨਮਾਨਤ



ਡੇਰਾਬੱਸੀ (ਵਿਨੈ ਕੁਮਾਰ ਜੈਨ)- ਭਾਰਤ ਵਿਕਾਸ ਪਰਿਸ਼ਦ ਵਿਵੇਕਾਨੰਦ ਡੇਰਾਬੱਸੀ ਵੱਲੋਂ 'ਅਧਿਆਪਕ ਦਿਵਸ' ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬਲਾਕ ਡੇਰਾਬੱਸੀ ਦੇ 11 ਅਧਿਆਪਕਾਂ ਦੀ ਚੋਣ ਕੀਤੀ ਗਈ, ਜਿਨ੍ਹਾਂ ਨੇ ਅਧਿਆਪਨ ਦੇ ਨਾਲ-ਨਾਲ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਸੰਸਕਾਰ, ਸੇਵਾ ਅਤੇ ਸਮਰਪਣ ਭਾਵਨਾ ਨਾਲ ਵਿਲੱਖਣ ਯੋਗਦਾਨ ਪਾਇਆ ਹੈ। ਪਰਿਸ਼ਦ ਦੇ ਜਨਰਲ ਸਕੱਤਰ ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚੋਂ ਮਿਹਨਤੀ, ਇਮਾਨਦਾਰ ਅਤੇ ਸਮਾਜ ਸੇਵਾ ਨੂੰ ਸਮਰਪਿਤ 11 ਅਧਿਆਪਕਾਂ ਦੀ ਚੋਣ ਪਰਿਸ਼ਦ ਦੀ ਕੋਰ ਕਮੇਟੀ ਵੱਲੋਂ ਕੀਤੀ ਗਈ। ਸਨਮਾਨਿਤ ਹੋਣ ਵਾਲੇ ਅਧਿਆਪਕਾਂ ਵਿੱਚ ਮੀਨਾ ਰਾਜਪੂਤ, ਪ੍ਰਿਯੰਕਾ ਸ਼ਰਮਾ, ਪੂਜਾ ਅਗਰਵਾਲ, ਨਿਕਿਤਾ, ਡਾ. ਮੀਨੂ ਸਾਹੀ, ਜਯੋਤੀ ਭੱਲਾ, ਨੇਹਾ, ਅੰਕਿਤਾ ਰਾਣੀ, ਸ਼ੀਤਲ ਸ਼ਰਮਾ, ਪਵਨ ਕੁਮਾਰ ਅਤੇ ਗੁਲਸ਼ਨ ਕੁਮਾਰ ਸ਼ਾਮਲ ਹਨ। ਇਹਨਾਂ ਸਾਰਿਆਂ ਨੂੰ ਸ਼ਾਲ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਹ ਸਮਾਗਮ ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਦੇ ਵਿਹੜੇ ਵਿੱਚ ਆਯੋਜਿਤ ਕੀਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ ਸਕੂਲ ਦੇ ਚੇਅਰਮੈਨ ਗੁਰਦੀਪ ਚਾਹਲ ਨੇ ਪਰਿਸ਼ਦ ਦੇ ਸਮਾਜ ਭਲਾਈ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸਨਮਾਨਿਤ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਉਪਰੰਤ ਰੀਜਨਲ ਕਨਵੀਨਰ (ਐਨਵਾਇਰਮੈਂਟ) ਬਰਖਾ ਰਾਮ ਨੇ ਆਏ ਹੋਏ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅਧਿਆਪਕ ਦਿਵਸ ਦੇ ਮਹੱਤਵ' ਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਪਰਿਸ਼ਦ ਦੇ ਪ੍ਰਧਾਨ ਨਿਤਿਨ ਜਿੰਦਲ, ਜਨਰਲ ਸਕੱਤਰ ਅਸ਼ਵਨੀ ਸ਼ਰਮਾ, ਕੈਸ਼ੀਅਰ ਜੈ ਪ੍ਰਕਾਸ਼ ਧੀਮਾਨ, ਠਾਕੁਰ ਦਾਸ, ਨਰੇਸ਼ ਕੁਮਾਰ, ਅਵਨੀਸ਼ ਤਿਆਗੀ, ਮੋਹਨ ਲਾਲ ਅਤੇ ਸਕੂਲ ਦੀ ਪ੍ਰਿੰਸੀਪਲ ਡਾ. ਵਸੁੰਧਰਾ ਵੀ ਉਚੇਚੇ ਤੌਰ 'ਤੇ ਹਾਜ਼ਰ ਸਨ।

# ਸੀਟੂ ਦੀ ਸੂਬਾਈ ਕਨਵੈਨਸ਼ਨ ਅੱਜ

ਜਲੰਧਰ (ਲਖਵਿੰਦਰ ਸਿੰਘ ਆਧੀ)- ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਪੰਜਾਬ ਰਾਜ ਇਕਾਈ ਵੱਲੋਂ 6 ਸਤੰਬਰ ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ 2:30 ਵਜੇ ਤੱਕ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਇੱਕ ਵਿਸ਼ਾਲ ਸੂਬਾਈ ਕਨਵੈਨਸ਼ਨ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਟੂ ਪੰਜਾਬ ਦੇ ਮੀਡੀਆ ਸੈੱਲ ਦੇ ਕਨਵੀਨਰ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਦੱਸਿਆ ਕਿ ਇਸ ਕਨਵੈਨਸ਼ਨ ਦੌਰਾਨ ਪੰਜਾਬ ਦੇ ਅਹਿਮ ਅਤੇ ਭਖਦੇ ਮਸਲਿਆਂ ਉੱਤੇ ਗੰਭੀਰ ਵਿਚਾਰ-ਚਰਚਾ ਕੀਤੀ ਜਾਵੇਗੀ। ਮੌਜੂਦਾ ਸਮੇਂ ਵਿੱਚ ਮਜ਼ਦੂਰ ਵਰਗ ਅਤੇ ਆਮ ਲੋਕਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਰਣਨੀਤੀ ਉਲੀਕੀ ਜਾਵੇਗੀ।



# ਅੱਜ ਦੀ ਬੱਚਤ ਕੱਲ੍ਹ ਦੀ ਮੁਸਕਾਨ ਹੁੰਦੀ : ਪੁਸ਼ਪਿੰਦਰ ਕੌਰ

ਫਗਵਾੜਾ (ਜਸਵਿੰਦਰ ਢੱਡਾ)- ਭਾਰਤੀ ਜੀਵਨ ਬੀਮਾ ਨਿਗਮ ਭਾਵ ਐਲ ਆਈ ਸੀ ਦੀ 70 ਵੀਂ ਵਰੇਗੰਢ ਸੰਬੰਧੀ ਸਮਾਗਮ ਬ੍ਰਾਂਚ ਆਫ਼ਿਸ ਫਗਵਾੜਾ ਵਿਖੇ ਬਰਾਂਚ ਮੈਨੇਜਰ ਯਸ਼ਵੀਰ ਦੀਪਕ ਚੌਧਰੀ ਦੀ ਅਗਵਾਈ ਵਿੱਚ ਸਮੂਹ ਸਟਾਫ ਅਤੇ ਏਜੰਟ ਸਾਥੀਆਂ ਦੀ ਹਾਜ਼ਰੀ ਵਿੱਚ ਕੀਤਾ ਗਿਆ। ਸ਼ਮਾਂ ਰੌਸ਼ਨ ਕਰਨ ਉਪਰੰਤ ਬਰਾਂਚ ਮੈਨੇਜਰ ਯਸ਼ਵੀਰ ਦੀਪਕ ਚੌਧਰੀ ਵੱਲੋਂ ਸਮੂਹ ਸਟਾਫ਼, ਏਜੰਟ ਸਾਥੀਆਂ ਅਤੇ ਹਾਜ਼ਰ ਆਏ ਪਾਲਿਸੀ ਹੋਲਡਰਾਂ ਨੂੰ ਬਹੁਤ ਹੀ ਖੁਸ਼ਹਾਲ ਅੰਦਾਜ਼ ਵਿੱਚ ਮੁਬਾਰਕਾਂ ਦਿੰਦਿਆਂ ਕਿਹਾ ਗਿਆ ਕਿ ਸਾਨੂੰ ਆਪਣੇ ਭਵਿੱਖ ਲਈ ਕੁਝ ਨਾ ਕੁਝ ਬੱਚਤ ਜ਼ਰੂਰ ਕਰਨੀ ਚਾਹੀਦੀ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਸੀਨੀਅਰ ਅਧਿਕਾਰੀ ਪੁਸ਼ਪਿੰਦਰ ਕੌਰ ਨੇ ਕਿਹਾ ਕਿ ਉਹਨਾਂ ਕਿਹਾ ਕਿ ਅੱਜ ਦੀ ਬੱਚਤ ਕੱਲ੍ਹ ਦੀ ਮੁਸਕਾਨ ਹੁੰਦੀ ਹੈ। ਇਸ ਲਈ ਸਾਨੂੰ ਆਪਣੇ ਉਝਵਲ ਭਵਿੱਖ ਲਈ ਐਲ ਆਈ ਸੀ ਸਰਕਾਰੀ ਅਦਾਰੇ ਵਿੱਚ ਵੱਧ ਤੋਂ ਵੱਧ ਬੱਚਤ ਕਰਨੀ ਚਾਹੀਦੀ ਹੈ। ਇਸ ਮੌਕੇ ਤੇ ਸੀਨੀਅਰ ਅਧਿਕਾਰੀ ਮੈਡਮ ਮੀਨਾ ਕੁਮਾਰੀ ਨੇ ਕਿਹਾ ਕਿ ਆਪਣਾ ਬਚਾਇਆ ਧੰਨ ਹੀ ਸਾਡੇ ਭਵਿੱਖ ਨੂੰ ਸੁਰੱਖਿਅਤ ਕਰਦਾ ਹੈ। ਇਸ ਮੌਕੇ ਤੇ ਸਹਾਇਕ ਮੈਨੇਜਰ ਰਜਤ ਸ਼ਰਮਾ, ਜੋਨੀ ਸ਼ਰਮਾ, ਬਲਵਿੰਦਰ ਸਿੰਘ, ਦੀਪਕ ਦੁੱਗਲ, ਅਸ਼ਵਨੀ ਕੁਮਾਰ, ਭੁਪਿੰਦਰ ਸਿੰਘ, ਕੈਸ਼ੀਅਰ ਸੁਰਿੰਦਰ ਕੁਮਾਰ, ਮੈਡਮ ਨਰਿੰਦਰ ਕੌਰ, ਵਿਕਾਸ ਅਧਿਕਾਰੀ ਸੁਖਦੇਵ ਮੇਤਲੇ, ਸੀਨੀਅਰ ਏਜੰਟ ਸਾਥੀ ਕੁਲਦੀਪ ਦੁੱਗਲ, ਰਾਮ ਪਾਲ ਸਾਹਨੀ, ਤਿਲਕ ਰਾਜ, ਜੀਵਨ ਕੁਮਾਰ ਸਮੇਤ ਸਮੂਹ ਸਟਾਫ਼ ਮੈਂਬਰ, ਏਜੰਟ ਸਾਥੀ ਅਤੇ ਕੁਝ ਪਾਲਿਸੀ ਹੋਲਡਰ ਹਾਜ਼ਰ ਸਨ।



# ਟਾਊਨ ਵੈਂਡਿੰਗ ਕਮੇਟੀ ਦਾ ਪੁਨਰਗਠਨ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਰੇਹੜੀ ਫੜ੍ਹੀ ਵਾਲਿਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਡਾਊਨ ਵੈਂਡਿੰਗ ਕਮੇਟੀ ਗਠਿਤ ਕੀਤੀ ਗਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਦੱਸਿਆ ਕਿ ਟਾਊਨ ਵੈਂਡਿੰਗ ਕਮੇਟੀ ਦਾ ਮੁੱਖ ਉਦੇਸ਼ ਸ਼ਹਿਰ ਵਿੱਚ ਸਟਰੀਟ ਵੈਂਡਿੰਗ ਨਾਲ ਸਬੰਧਤ ਮਾਮਲਿਆਂ ਨੂੰ ਨਿਯਮਾਂ ਅਨੁਸਾਰ ਸੁਚੱਜੇ ਢੰਗ ਨਾਲ ਨਿਪਟਾਉਣਾ ਅਤੇ ਰੇਹੜੀ-ਫੜ੍ਹੀ ਵਾਲਿਆਂ ਦੇ ਰੋਜ਼ਗਾਰ ਨਾਲ ਜੁੜੇ ਹਿੱਤਾਂ ਦੀ ਰੱਖਿਆ ਕਰਨਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸੁਚੱਜੀ ਵਿਵਸਥਾ ਕਾਇਮ ਰੱਖਣ ਦੇ ਨਾਲ ਸਟਰੀਟ ਵੈਂਡਰਾਂ ਦੀਆਂ ਸਮੱਸਿਆਵਾਂ ਦਾ ਨਿਯਮਾਂ ਅਨੁਸਾਰ ਹੱਲ ਕਰਨ ਲਈ ਕਮੇਟੀ ਅਹਿਮ ਭੂਮਿਕਾ ਨਿਭਾਏਗੀ। ਪੁਨਰਗਠਿਤ ਕਮੇਟੀ ਵਿੱਚ ਨਗਰ ਕੌਂਸਲ, ਸਫ਼ਾਈ ਵਿਭਾਗ, ਸਿਹਤ ਵਿਭਾਗ, ਪੁਲਸ/ਟ੍ਰੈਫਿਕ, ਵਪਾਰਕ ਸੰਗਠਨਾਂ, ਸਮਾਜਿਕ ਸੰਸਥਾਵਾਂ ਅਤੇ ਸਟਰੀਟ ਵੈਂਡਰਾਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਕਮੇਟੀ ਵਿੱਚ ਨਗਰ ਕੌਂਸਲ ਪ੍ਰਧਾਨ ਹਰਜੀਤ ਸਿੰਘ, ਕਾਰਜ ਸਾਧਕ ਅਫ਼ਸਰ, ਸੈਨੇਟਰੀ ਇੰਸਪੈਕਟਰ, ਕੌਂਸਲਰ ਹਰਪਾਲ ਕੌਰ, ਕੌਂਸਲਰ ਅਰਜਵਿੰਦਰ ਕੌਰ, ਵਪਾਰ ਮੰਡਲ ਦੇ ਇੰਦਰਜੀਤ ਸਿੰਘ ਅਰੋੜਾ, ਪ੍ਰੀਤਪਾਲ ਸਿੰਘ ਗੰਡਾ ਅਤੇ ਦੀਪਕ ਆਂਗਰਾ, ਐੱਸ ਐੱਮ ਓ ਸਿਵਲ ਹਸਪਤਾਲ, ਐੱਮ ਐੱਚ ਓ, ਰੋਟਰੀ ਕਲੱਬ ਦੇ ਪ੍ਰਧਾਨ ਗੁਰਜਿੰਦਰ ਸਿੰਘ, ਲਾਇਨਜ਼ ਕਲੱਬ ਦੇ ਭੁਪਿੰਦਰਪਾਲ ਸਿੰਘ ਤਲਵਾੜ ਅਤੇ ਯੂਕੋ ਬੈਂਕ ਦੇ ਮੈਨੇਜਰ ਨੂੰ ਮੈਂਬਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਬੀ ਟੀ ਸਟਰੀਟ ਵੈਂਡਰ ਸੁਖਦੇਵ ਸਿੰਘ (ਕੌਂਸਲਰ), ਸੁਨੀਲ ਕੁਮਾਰ ਪੁੱਤਰ ਅਮਰ ਨਾਥ, ਵਾਸੀ ਮਹੱਲਾ ਕੁਰਾਲੀ ਵਾਲਾ, ਬਲੀ ਮੁਹੰਮਦ, ਰਾਜਾ ਰਾਣੀ ਅਤੇ ਜਰਨੈਲ ਸਿੰਘ ਨੂੰ ਵੀ ਸਟਰੀਟ ਵੈਂਡਰਾਂ ਦੇ ਨੁਮਾਇੰਦਿਆਂ ਵਜੋਂ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਮਿਊਂਸਪਲ ਕੌਂਸਲ ਦੀ ਸਟ੍ਰੀਟ ਵੈਂਡਿੰਗ ਕਮੇਟੀ ਵਿੱਚ ਰੇਹੜੀ-ਖੋਖਾ ਯੂਨੀਅਨ ਵੱਲੋਂ ਸੁਖਦੇਵ ਸਿੰਘ ਬੀ ਟੀ ਕੌਂਸਲਰ, ਸੁਨੀਲ ਕੁਮਾਰ ਸਪੁੱਤਰ ਅਮਰ ਨਾਥ ਮਹੱਲਾ ਕੁਰਾਲੀ ਵਾਲਾ, ਜਰਨੈਲ ਸਿੰਘ ਜੇਲ੍ਹ, ਰਾਧਾ ਰਾਣੀ ਅਤੇ ਬਲੀ ਮੋਹੰਮਦ ਨੂੰ ਯੂਨੀਅਨ ਦੇ ਨੁਮਾਇੰਦੇ ਵਜੋਂ ਸ਼ਾਮਲ ਕੀਤਾ ਗਿਆ ਹੈ। ਰੇਹੜੀ-ਖੋਖਾ ਯੂਨੀਅਨ ਵੱਲੋਂ ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਆਸ ਪ੍ਰਗਟ ਕੀਤੀ ਗਈ ਕਿ ਸਾਡੇ ਮੇਂਬਰ ਰੇਹੜੀ-ਖੋਖਾ ਕਾਰੋਬਾਰ ਨਾਲ ਜੁੜੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਨੂੰ ਕਮੇਟੀ ਅੱਗੇ ਪ੍ਰਭਾਵਸ਼ਾਲੀ ਢੰਗ ਨਾਲ ਰੱਖਣਗੇ।



# ਬਜ਼ੁਰਗਾਂ ਦੇ ਚਿਹਰਿਆਂ ਦੀ ਖ਼ੁਸ਼ੀ ਤੇ ਆਸ਼ੀਰਵਾਦ ਸਭ ਤੋਂ ਵੱਡੀ ਕਮਾਈ : ਬੈਂਸ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪਿੰਡ ਮਹਿਰੋਲੀ ਵਿਖੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਤੀਰਥ ਯਾਤਰੀਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਤੀਰਥ ਯਾਤਰਾ 'ਤੇ ਜਾਣ ਵਾਲੇ ਬਜ਼ੁਰਗ ਮੌਜੂਦ ਸਨ। ਬੱਸ ਨੂੰ ਰਵਾਨਾ ਕਰਨ ਮੌਕੇ ਕੈਬਨਿਟ ਮੰਤਰੀ ਨੇ ਯਾਤਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਯਾਤਰਾ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੀ ਸੁਰੱਖਿਅਤ ਯਾਤਰਾ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਚਲਾਈ ਜਾ ਰਹੀ ਹੈ, ਜਿਸ ਤਹਿਤ ਸੰਗਤ ਨੂੰ ਵੱਖ-ਵੱਖ ਪਵਿੱਤਰ ਤੀਰਥ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ। ਬੈਂਸ ਨੇ ਕਿਹਾ ਕਿ ਬਜ਼ੁਰਗਾਂ ਦੇ ਚਿਹਰਿਆਂ ਦੀ ਖੁਸ਼ੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਹੀ ਸਭ ਤੋਂ ਵੱਡੀ ਕਮਾਈ ਹੈ। ਉਨ੍ਹਾਂ ਕਿਹਾ ਕਿ ਜਦੋਂ ਬਜ਼ੁਰਗ ਸ਼ਰਧਾ ਅਤੇ ਖੁਸ਼ੀ ਨਾਲ ਤੀਰਥ ਯਾਤਰਾ 'ਤੇ ਜਾਂਦੇ ਹਨ ਅਤੇ ਵਾਪਸੀ 'ਤੇ ਅਸ਼ੀਰਵਾਦ ਦਿੰਦੇ ਹਨ ਤਾਂ ਇਹੀ ਲੋਕ ਸੇਵਾ ਦਾ ਸਭ ਤੋਂ ਵੱਡਾ ਇਨਾਮ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਤੀਰਥ ਯਾਤਰਾ ਯੋਜਨਾ ਨੂੰ ਸੁਚੱਜੇ ਢੰਗ ਨਾਲ ਚਲਾਇਆ ਜਾ ਰਿਹਾ ਹੈ।

ਇਸ ਮੌਕੇ ਤੀਰਥ ਯਾਤਰਾ 'ਤੇ ਜਾਣ ਵਾਲੇ ਬਜ਼ੁਰਗਾਂ ਅਤੇ ਸੰਗਤ ਵਿੱਚ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ। ਕੈਬਨਿਟ ਮੰਤਰੀ ਨੇ ਯਾਤਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਉਹ ਤੀਰਥ ਅਸਥਾਨਾਂ 'ਤੇ ਪੰਜਾਬ ਦੀ ਖੁਸ਼ਹਾਲੀ, ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਅਰਦਾਸ ਕਰਨ।

# ਅਧਿਆਪਕ ਦਿਵਸ ਮਨਾਇਆ



ਆਦਮਪੁਰ (ਪਰਮਜੀਤ ਸਿੰਘ)- ਭਾਰਤ ਦੇ ਮਹਾਨ ਦਾਰਸ਼ਨਿਕ, ਸਿੱਖਿਆ ਸ਼ਾਸਤਰੀ ਅਤੇ ਸਾਬਕਾ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨ ਦੇ ਜਨਮ ਦਿਹਾੜੇ ਨੂੰ ਸਮਰਪਿਤ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਸ਼ੁਭ ਅਵਸਰ 'ਤੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ (ਖਿਆਲਾ) ਜਲੰਧਰ ਦੇ ਮਾਣਯੋਗ ਕੁਲਪਤੀ ਸੰਤ ਮਨਮੋਹਨ ਸਿੰਘ ਅਤੇ ਉਪ-ਕੁਲਪਤੀ ਪ੍ਰੋ. (ਡਾ.) ਪਲਵਿੰਦਰ ਸਿੰਘ ਨੇ ਯੂਨੀਵਰਸਿਟੀ ਦੇ ਸਮੂਹ ਪ੍ਰੋਫੈਸਰਾਂ ਨੂੰ ਅਧਿਆਪਕ ਦਿਵਸ ਦੀਆਂ ਮੁਬਾਰਕਾਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਸੰਤ ਬਾਬਾ ਮਨਮੋਹਨ ਸਿੰਘ (ਕੁਲਪਤੀ) ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਅਧਿਆਪਕ ਸਮਾਜ ਦਾ ਉਹ ਗਿਆਨਮਈ ਥੰਮ੍ਹ ਹੈ, ਜੋ ਵਿਦਿਆਰਥੀਆਂ ਨੂੰ ਵਿਦਿਆ ਦੇ ਨਾਲ-ਨਾਲ ਚੰਗੇ ਸੰਸਕਾਰ, ਧਾਰਮਿਕ ਅਤੇ ਨੈਤਿਕ ਮੁੱਲ ਸਿਖਾ ਕੇ ਇੱਕ ਬਹਿਤਰੀਨ ਵਿਅਕਤੀ ਬਣਾਉਂਦੇ ਹਨ।

# ਸੁੰਨੜ ਕਲਾਂ ਵਿਖੇ 20ਵਾਂ ਸਾਲਾਨਾ ਛਿੰਝ ਮੇਲਾ 10 ਨੂੰ


ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਸ਼ਕੰਡੀ ਗੁੱਗਾ ਜ਼ਾਹਰ ਵੀਰ ਪ੍ਰਬੰਧਕ ਕਮੇਟੀ (ਰਜਿ.), ਪਿੰਡ ਸੁੰਨੜ ਕਲਾਂ (ਜਲੰਧਰ) ਵੱਲੋਂ 20ਵਾਂ ਸਾਲਾਨਾ ਛਿੰਝ ਮੇਲਾ 10 ਸਤੰਬਰ ਨੂੰ ਪਿੰਡ ਸੁੰਨੜ ਕਲਾਂ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਮੇਲੇ ਵਿੱਚ ਹੋਣ ਵਾਲੇ ਵੱਡੇ ਕੁਸ਼ਤੀ ਮੁਕਾਬਲੇ ਵਿਸ਼ੇਸ਼ ਖਿੱਚ ਦਾ ਕੇਂਦਰ ਰਹਿਣਗੇ। ਪਹਿਲੇ ਪਟਕੇ ਦੇ ਜੇਤੂ ਨੂੰ 1 ਲੱਖ 85 ਹਜ਼ਾਰ ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਦੂਜੇ ਪਟਕੇ ਦੇ ਜੇਤੂ ਨੂੰ ਬੁਲੇਟ ਮੋਟਰਸਾਈਕਲ, ਜਦਕਿ ਤੀਜੇ ਪਟਕੇ ਦੇ ਜੇਤੂ ਨੂੰ ਪਲੈਟੀਨਾ ਮੋਟਰਸਾਈਕਲ ਇਨਾਮ ਵਜੋਂ ਦਿੱਤਾ ਜਾਵੇਗਾ। ਇਸ ਮੌਕੇ ਪੰਜਾਬ ਦੇ ਨਾਮਵਰ ਪਹਿਲਵਾਨ ਆਪਣੀ ਕੁਸ਼ਤੀ ਦੇ ਜੌਹਰ



ਦਿਖਾਉਣਗੇ। ਮੇਲੇ ਦੌਰਾਨ ਗਾਇਕ ਗੁਰਵੀਰ ਸਿੱਧੂ ਅਤੇ ਬੀਬਾ ਅਮਨ ਵਿਰਕ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਮੇਲੇ ਵਿੱਚ ਹਲਕਾ ਨਕੋਦਰ ਦੀ ਵਿਧਾਇਕਾ ਇੰਦਰਜੀਤ ਕੌਰ ਮਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਇਲਾਕੇ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਪਹੁੰਚਣਗੀਆਂ। ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਮੇਲੇ ਦਾ ਲਾਈਵ ਪ੍ਰਸਾਰਣ ਬੀ-1 ਲਾਈਵ 'ਤੇ ਕੀਤਾ ਜਾਵੇਗਾ, ਤਾਂ ਜੋ ਦੇਸ਼-ਵਿਦੇਸ਼ ਵਿੱਚ ਬੈਠੇ ਲੋਕ ਵੀ ਮੇਲੇ ਦੀਆਂ ਕੁਸ਼ਤੀਆਂ ਅਤੇ ਸੱਭਿਆਚਾਰਕ ਪ੍ਰੋਗਰਾਮ ਦਾ ਸਿੱਧਾ ਆਨੰਦ ਮਾਣ ਸਕਣ। ਕਮੇਟੀ ਨੇ ਸਮੂਹ ਇਲਾਕਾ ਵਾਸੀਆਂ, ਕੁਸ਼ਤੀ ਪ੍ਰੇਮੀਆਂ ਅਤੇ ਨਗਰ ਨਿਵਾਸੀਆਂ ਨੂੰ ਪਰਵਾਰਾਂ ਸਮੇਤ ਮੇਲੇ ਵਿੱਚ ਪਹੁੰਚ ਕੇ ਪਹਿਲਵਾਨਾਂ ਦੀ ਹੌਂਸਲਾ-ਅਫਜ਼ਾਈ ਕਰਨ ਅਤੇ ਮੇਲੇ ਦੀ ਰੌਣਕ ਵਧਾਉਣ ਦੀ ਅਪੀਲ ਕੀਤੀ ਹੈ।

# ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਨਵਾਂ ਪਿੰਡ ਟੱਪਰੀਆਂ ਵਿਖੇ ਲੋਕ ਮਿਲਣੀ

ਪੋਜੇਵਾਲ (ਰਾਮ ਲਾਲ)- ਪੰਜਾਬ ਗੁੱਜਰ ਵੈਲਫੇਅਰ ਬੋਰਡ ਦੇ ਚੇਅਰਮੈਨ ਬ੍ਰਿਗੇਡੀਅਰ ਰਾਜਕੁਮਾਰ ਵੱਲੋਂ ਪਿੰਡ ਨਵਾਂ ਪਿੰਡ ਟੱਪਰੀਆਂ ਵਿਖੇ ਲੋਕ ਮਿਲਣੀ ਕੀਤੀ ਗਈ। ਉਨ੍ਹਾਂ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਦਿਆਂ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਬ੍ਰਿਗੇਡੀਅਰ ਰਾਜਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਨੂੰ ਪਹਿਲ ਦੇ ਆਧਾਰ 'ਤੇ ਲਿਆ ਗਿਆ ਹੈ ਅਤੇ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਵਿੱਚ ਭ੍ਰਿਸ਼ਟਾਚਾਰ ਨੂੰ ਜੜ੍ਹ ਤੋਂ ਖਤਮ ਕਰਨ ਲਈ ਸਖ਼ਤ ਕਦਮ ਚੁੱਕੇ ਗਏ ਹਨ। ਉਨ੍ਹਾਂ ਦੱਸਿਆ ਕਿ ਆਮ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ। ਇਸ ਤੋਂ ਇਲਾਵਾ ਪੰਜਾਬ ਦੇ ਕਰੀਬ 70 ਹਜ਼ਾਰ ਨੌਜਵਾਨਾਂ ਨੂੰ ਬਿਨਾਂ ਕਿਸੇ ਸਿਫ਼ਾਰਸ਼ ਦੇ ਸਰਕਾਰੀ ਨੌਕਰੀਆਂ ਦੇਣ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਸਰਕਾਰ ਦੀ ਮੁੱਖ ਤਰਜੀਹ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਲੋਕਾਂ ਨੂੰ 600 ਯੂਨਿਟ ਤੱਕ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਜਾ ਰਹੀ ਹੈ ਅਤੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹਰ ਵਰਗ ਨੂੰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਦੇਣ ਦੀ ਵਿਵਸਥਾ ਕੀਤੀ ਗਈ ਹੈ। ਇਸ ਮੌਕੇ ਮਾਸਟਰ ਮਦਨ ਲਾਲ, ਭਗਤ ਪੰਡੋਰੀ ਲਾਲ, ਮੱਖਣ ਲਾਲ ਮੁਡਨ, ਰੌਸ਼ਨ ਲਾਲ, ਸੀਤਾ ਰਾਮ ਭੂੰਬਲਾ, ਪ੍ਰੇਮ ਚੰਦ, ਹੁਸਨ ਲਾਲ, ਕਮਲਜੀਤ, ਸੋਹਣ ਲਾਲ, ਚਮਨ ਲਾਲ, ਪੋਲਾ ਬੀ ਐੱਸ ਐੱਫ, ਮਨੋਹਰ ਪੰਚ, ਬਲਵੀਰ ਕੁਮਾਰ, ਉਮੀ ਚੰਦ, ਰਾਕੇਸ਼ ਕੁਮਾਰ, ਸ਼ਿਵ ਕੁਮਾਰ ਭੂੰਬਲਾ, ਬਾਲ ਕ੍ਰਿਸ਼ਨ ਗੋਪੀ ਤੇ ਸਮੂਹ ਪਿੰਡ ਵਾਸੀ ਮੌਜੂਦ ਸਨ।



# ਮੁਕੰਦਪੁਰ ਵਿਖੇ 9ਵਾਂ ਪੋਸ਼ਣ ਮਾਂਹ ਮਨਾਇਆ

ਡੇਰਾ ਬੱਸੀ (ਵਿਨੈ ਕੁਮਾਰ ਜੈਨ)- ਸਰਕਾਰੀ ਕਾਲਜ ਡੇਰਾਬੱਸੀ ਦੇ ਗ੍ਰਹਿ ਵਿਗਿਆਨ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਗੋਦ ਲਏ ਪਿੰਡ ਮੁਕੰਦਰਪੁਰ ਵਿਖੇ ਸਥਿਤ ਭਾਰਤ ਸਰਕਾਰ ਦੁਆਰਾ ਸ਼ੁਰੂ ਕੀਤਾ ਨੌਵਾਂ ਰਾਸ਼ਟਰੀ ਪੋਸ਼ਣ ਮਾਂਹ ਮਨਾਉਣ ਤਹਿਤ ਆਂਗਣਵਾੜੀ ਕੇਂਦਰ ਦਾ ਵਿਦਿਅਕ ਅਤੇ ਜਾਗਰੂਕਤਾ ਦੌਰਾ ਕੀਤਾ ਗਿਆ। ਇਸ ਗਤੀਵਿਧੀ ਦਾ ਮੁੱਖ ਉਦੇਸ਼ ਛੋਟੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸੰਤੁਲਿਤ ਆਹਾਰ, ਪੋਸ਼ਣ, ਨਿੱਜੀ ਸਫ਼ਾਈ, ਭੋਜਨ ਸੁਰੱਖਿਆ ਅਤੇ ਸਿਹਤਮੰਦ ਜੀਵਨ ਸ਼ੈਲੀ ਪ੍ਰਤੀ ਜਾਗਰੂਕ ਕਰਨਾ ਸੀ। ਵਿਦਿਆਰਥੀਆਂ ਨੇ ਆਂਗਣਵਾੜੀ ਵਿੱਚ ਮੌਜੂਦ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਰੋਜ਼ਾਨਾ ਖਾਣ-ਪੀਣ ਅਤੇ ਭੋਜਨ ਸੰਬੰਧੀ ਆਦਤਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪ੍ਰੋਟੀਨ ਵਾਲੇ ਭੋਜਨ ਸਰੀਰ ਦੇ ਨਿਰਮਾਣ ਅਤੇ ਵਾਧੇ ਵਿੱਚ ਸਹਾਇਕ ਹੁੰਦੇ ਹਨ। ਬੱਚਿਆਂ ਨੂੰ ਦੁੱਧ ਅਤੇ ਹੋਰ ਪੌਸ਼ਟਿਕ ਭੋਜਨ ਪਦਾਰਥਾਂ ਨੂੰ ਰੋਜ਼ਾਨਾ ਖੁਰਾਕ ਦਾ ਹਿੱਸਾ ਬਣਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਡਾ. ਸੁਮਿਤਾ ਕਟੋਚ, ਵਿਭਾਗ ਦੇ ਮੁਖੀ ਵੱਲੋਂ ਭੋਜਨ ਸੰਭਾਲ ਅਤੇ ਭੋਜਨ ਸੁਰੱਖਿਆ ਨਾਲ ਸੰਬੰਧਤ ਮਹੱਤਵਪੂਰਨ ਜਾਣਕਾਰੀ ਵੀ ਦਿੱਤੀ ਗਈ। ਮਾਪਿਆਂ ਨੂੰ ਭੋਜਨ ਤਿਆਰ ਕਰਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥਾਂ ਦੀ ਸਫ਼ਾਈ, ਸਾਫ਼ ਬਰਤਨਾਂ ਦੀ ਵਰਤੋਂ, ਰਸੋਈ ਅਤੇ ਆਲੇ-ਦੁਆਲੇ ਦੇ ਵਾਤਾਵਰਣ ਦੀ ਸਫ਼ਾਈ ਅਤੇ ਭੋਜਨ ਨੂੰ ਸਹੀ ਢੰਗ ਨਾਲ ਢੱਕ ਕੇ ਰੱਖਣ ਦੀ ਮਹੱਤਤਾ ਬਾਰੇ ਦੱਸਿਆ ਗਿਆ ਅਤੇ ਸਮਝਾਇਆ ਕਿ ਭੋਜਨ ਨੂੰ ਵਾਰ-ਵਾਰ ਗਰਮ ਕਰਨ ਤੋਂ ਬਚਣਾ ਚਾਹੀਦਾ ਹੈ। ਡਾ. ਰਾਜੀਵ ਮਹਿਤਾ ਮੁਕੰਦਪੁਰ ਡਿਸਪੈਂਸਰੀ ਦੇ ਡਾਕਟਰ ਨੇ ਵੀ ਕਾਲਜ ਦੇ ਵਿਦਿਆਰਥੀਆਂ ਨੂੰ ਜੀਵਨ ਸ਼ੈਲੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੇ ਉਹਨਾਂ ਦੇ ਬਚਾਅ ਬਾਰੇ ਜਾਣਕਾਰੀ ਦਿੱਤੀ।



# ਬਾਬਾ ਬਕਾਲਾ ਕਾਨਫਰੰਸ ਦੇ ਭਾਰੀ ਇਕੱਠ ਨੇ ਬਾਦਲ ਪਰਵਾਰ ਦੀ ਨੀਂਦ ਉਡਾਈ : ਭੋਗਲ

ਭੋਗਪੁਰ (ਪ.ਪ.)- ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਆਈ.ਟੀ. ਸੈੱਲ ਦੇ ਇੰਚਾਰਜ ਗੁਰਪ੍ਰੀਤ ਸਿੰਘ ਭੋਗਲ ਨੇ ਕਿਹਾ ਕਿ ਬਾਬਾ ਬਕਾਲਾ ਵਿਖੇ ਪਾਰਟੀ ਦੀ ਹੋਈ ਕਾਨਫਰੰਸ ਵਿੱਚ ਹੋਏ ਭਾਰੀ ਇਕੱਠ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਪਰਵਾਰ ਅਤੇ ਉਨ੍ਹਾਂ ਦੇ ਵਰਕਰਾਂ ਦੀਆਂ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕਾਨਫਰੰਸ ਦੀ ਸਫਲਤਾ ਤੋਂ ਬਾਅਦ ਵਿਰੋਧੀ ਧਿਰ ਵੱਲੋਂ ਬਲਜੀਤ ਸਿੰਘ ਖ਼ਾਲਸਾ ਦੇ ਬਿਆਨ ਵਾਲੀ ਵੀਡੀਓ ਨੂੰ ਕਾਂਟ-ਛਾਂਟ ਕਰਕੇ ਸੋਸ਼ਲ ਮੀਡੀਆ 'ਤੇ ਵਾਇਰਲ ਕੀਤਾ ਜਾ ਰਿਹਾ ਹੈ। ਭੋਗਲ ਨੇ ਕਿਹਾ ਕਿ ਪਾਰਟੀ ਵੱਲੋਂ ਇਨ੍ਹਾਂ ਦੋਸ਼ਾਂ ਦਾ ਜਵਾਬ ਦਿੰਦਿਆਂ ਸਪੱਸ਼ਟ ਕੀਤਾ ਗਿਆ ਹੈ ਕਿ ਵਾਇਰਲ ਹੋ ਰਹੀ ਵੀਡੀਓ ਪੰਥਕ ਵਿਦਵਾਨ ਬਲਜੀਤ ਸਿੰਘ ਖ਼ਾਲਸਾ ਦੇ ਜਨਤਕ ਸੰਬੋਧਨ ਦਾ ਇੱਕ ਹਿੱਸਾ ਹੈ ਅਤੇ ਇਸ ਨੂੰ ਪੂਰੇ ਸੰਦਰਭ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਬਲਜੀਤ ਸਿੰਘ ਖ਼ਾਲਸਾ ਨੇ ਆਪਣੀ ਕਿਤਾਬ 'ਦ ਸਟੋਰੀ ਆਫ਼ ਬਾਦਲ ਫੈਮਿਲੀਜ਼ ਬਿਟ੍ਰੇਅਲਜ਼' ਦੇ ਰਿਲੀਜ਼ ਸਮਾਗਮ ਦੌਰਾਨ ਸਾਲ 1997 ਦੀ ਸਰਕਾਰ ਨਾਲ ਸੰਬੰਧਤ ਇਤਿਹਾਸਕ ਹਵਾਲਾ ਦਿੱਤਾ ਸੀ। ਭੋਗਲ ਅਨੁਸਾਰ, ਖ਼ਾਲਸਾ ਨੇ ਉਸ ਸਮੇਂ ਦੇ ਸਿਆਸੀ ਹਾਲਾਤ ਦਾ ਜ਼ਿਕਰ ਕਰਦਿਆਂ ਪੰਥਕ ਵਿਦਵਾਨ ਗੁਰਬਚਨ ਸਿੰਘ ਪੰਜਾਬ ਵੱਲੋਂ ਦਿੱਤੇ ਗਏ ਬਿਆਨ ਦਾ ਹਵਾਲਾ ਦਿੱਤਾ ਸੀ। ਗੁਰਪ੍ਰੀਤ ਸਿੰਘ ਭੋਗਲ ਨੇ ਦੋਸ਼ ਲਗਾਇਆ ਕਿ ਪੂਰੇ ਬਿਆਨ ਨੂੰ ਸਾਹਮਣੇ ਲਿਆਉਣ ਦੀ ਬਜਾਏ ਵੀਡੀਓ ਦੇ ਇੱਕ ਹਿੱਸੇ ਨੂੰ ਕੱਟ ਕੇ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਕੀਤਾ ਜਾ ਰਿਹਾ ਹੈ, ਜਿਸ ਨਾਲ ਬਿਆਨ ਦਾ ਅਸਲ ਸੰਦਰਭ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਕਿਸੇ ਵੀ ਵੀਡੀਓ ਨੂੰ ਬਿਨਾਂ ਪੂਰਾ ਸੰਦਰਭ ਜਾਣੇ ਅੱਗੇ ਸਾਂਝਾ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ 'ਵਾਰਿਸ ਪੰਜਾਬ ਦੇ' ਪਾਰਟੀ ਲੋਕਾਂ ਅਤੇ ਪੰਥਕ ਮੁੱਦਿਆਂ ਨੂੰ ਲੈ ਕੇ ਆਪਣੀ ਆਵਾਜ਼ ਬੁਲੰਦ ਕਰਦੀ ਰਹੇਗੀ ਅਤੇ ਪਾਰਟੀ ਖ਼ਿਲਾਫ਼ ਫੈਲਾਈ ਜਾ ਰਹੀ ਕਥਿਤ ਗਲਤ ਜਾਣਕਾਰੀ ਦਾ ਤੱਥਾਂ ਦੇ ਆਧਾਰ 'ਤੇ ਜਵਾਬ ਦਿੱਤਾ ਜਾਵੇਗਾ।



# ਚਾਰ ਕੈਡਿਟ ਭਾਰਤੀ ਫੌਜ 'ਚ ਲੈਫਟੀਨੈਂਟ ਬਣੇ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਦੀ ਸ਼ਾਨਮੱਤੀ ਫੌਜੀ ਵਿਰਾਸਤ ਵਿੱਚ ਇੱਕ ਹੋਰ ਮਾਣਮੱਤੀ ਸਫ਼ਲਤਾ ਦਾ ਸ਼ੁਮਾਰ ਕਰਦਿਆਂ ਅੱਜ ਚਾਰ ਕੈਡਿਟਾਂ ਨੇ ਭਾਰਤੀ ਫੌਜ ਵਿੱਚ ਲੈਫਟੀਨੈਂਟ ਵਜੋਂ ਕਮਿਸ਼ਨ ਹਾਸਲ ਕੀਤਾ ਹੈ। ਇਨ੍ਹਾਂ ਵਿਚ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ ਦੀਆਂ ਦੋ ਮਹਿਲਾ ਕੈਡਿਟਜ਼ ਅਤੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐਮ ਆਰ ਐੱਸ ਏ ਐੱਫ ਪੀ ਆਈ) ਦੇ ਦੋ ਕੈਡਿਟ ਸ਼ਾਮਲ ਹਨ। ਚੇਨੱਈ ਵਿਖੇ ਆਫੀਸਰਜ਼ ਟ੍ਰੇਨਿੰਗ ਅਕੈਡਮੀ ਵਿਖੇ ਹੋਈ ਸ਼ਾਨਦਾਰ ਪਾਸਿੰਗ ਆਊਟ ਪਰੇਡ, ਜਿਸ ਦਾ ਨਿਰੀਖਣ ਜਲ ਸੈਨਾ ਮੁਖੀ ਐਡਮਿਰਲ ਕ੍ਰਿਸ਼ਨਾ ਸਵਾਮੀਨਾਥਨ, ਪੀ ਵੀ ਐਸ ਐਮ, ਏ ਵੀ ਐਸ ਐਮ ਅਤੇ ਵੀ ਐਸ ਐਮ ਨੇ ਕੀਤਾ, ਦੌਰਾਨ ਇਨ੍ਹਾਂ ਕੈਡਿਟਾਂ ਨੂੰ ਕਮਿਸ਼ਨ ਮਿਲਿਆ। ਲੇਡੀ ਕੈਡਿਟ ਦੀਪਨੂਰ ਨੂੰ ਆਰਮੀ ਏਵੀਏਸ਼ਨ ਕੋਰ ਵਿੱਚ ਕਮਿਸ਼ਨ ਮਿਲਿਆ ਹੈ, ਜਦਕਿ ਲੇਡੀ ਕੈਡਿਟ ਦੀਕਸ਼ਾ ਧੀਮਾਨ ਆਰਮੀ ਆਰਡਨੈਂਸ ਕੋਰ ਵਿੱਚ ਨਿਯੁਕਤ ਹੋਈ ਹੈ। ਦੀਪਨੂਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਦੇ ਪ੍ਰੋਫੈਸਰ ਸੁਖਬੀਰ ਸਿੰਘ ਅਤੇ ਸਰਕਾਰੀ ਸਕੂਲ ਅਧਿਆਪਕਾ ਰਮਨਪ੍ਰੀਤ ਕੌਰ ਦੀ ਧੀ ਹੈ। ਦੀਕਸ਼ਾ ਪਠਾਨਕੋਟ ਦੇ ਇੱਕ ਕਾਰੋਬਾਰੀ ਪਵਨ ਕੁਮਾਰ ਅਤੇ ਸ਼੍ਰੀਮਤੀ ਇੰਦੂ ਦੀ ਧੀ ਹੈ। ਇਸੇ ਤਰ੍ਹਾਂ ਐਮ ਆਰ ਐਸ ਏ ਐਫ ਪੀ ਆਈ ਦੇ ਦੋ ਹੋਣਹਾਰ ਕੈਡਿਟ ਇਸ਼ਪ੍ਰੀਤ ਸਿੰਘ ਢਿੱਲੋਂ ਪੁੱਤਰ ਸਵਰਗੀ ਡਾ. ਪਰਮਜੀਤ ਸਿੰਘ ਢਿੱਲੋਂ ਅਤੇ ਸੰਤੋਸ਼ ਕੌਰ ਨੇ ਆਰਟਿਲਰੀ ਰੈਜੀਮੈਂਟ ਵਿੱਚ ਅਤੇ ਮੇਜਰ ਜਨਰਲ ਪੀ.ਐਸ. ਸੰਧੂ (ਸੇਵਾਮੁਕਤ) ਦੇ ਪੁੱਤਰ ਲੈਫਟੀਨੈਂਟ ਅਰਸ਼ ਸਿੰਘ ਨੇ ਜੱਜ ਐਡਵੋਕੇਟ ਜਨਰਲ (ਜੇਏਜੀ) ਸ਼ਾਖਾ ਵਿੱਚ ਕਮਿਸ਼ਨ ਹਾਸਲ ਕਰਕੇ ਆਪਣੇ ਪਰਵਾਰ ਦੀ ਵਿਰਾਸਤ ਨੂੰ ਅੱਗੇ ਵਧਾ ਕੇ ਰਾਜ ਨੂੰ ਮਾਣ ਦਿਵਾਇਆ ਹੈ। ਨਵੇਂ ਕਮਿਸ਼ਨਡ ਅਫਸਰਾਂ ਨੂੰ ਵਧਾਈ ਦਿੰਦਿਆਂ ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ, "ਇਹ ਨੌਜਵਾਨ ਅਫਸਰ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਨਗੇ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਹਥਿਆਰਬੰਦ ਸੈਨਾਵਾਂ ਵਿੱਚ ਕਮਿਸ਼ਨਡ ਅਫਸਰ ਵਜੋਂ ਸ਼ਾਮਲ ਹੋਣ ਦੇ ਚਾਹਵਾਨ ਹਰ ਨੌਜਵਾਨ ਦਾ ਸਾਥ ਦੇਣ ਅਤੇ ਸਮਰਥਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।"



# ਪਰਵਾਰ ਵੱਲੋਂ ਸਸਕਾਰ ਕਰਨ ਤੇ ਭੋਗ ਪਾਉਣ ਤੋਂ ਬਾਅਦ ਲੜਕਾ ਜਿਉਂਦਾ ਨਿਕਲਿਆ

**ਇਕ ਮਹੀਨੇ ਪਹਿਲਾਂ ਪੁਲਸ ਨੇ ਆਵਾਰਾਗਰਦੀ ਦੇ ਮਾਮਲੇ 'ਚ ਕੀਤਾ ਸੀ ਗ੍ਰਿਫ਼ਤਾਰ**

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**- ਆਪਣੇ ਲੜਕੇ ਨੂੰ ਮ੍ਰਿਤਕ ਸਮਝ ਕੇ ਸਸਕਾਰ ਕਰਨ ਉਪਰੰਤ ਭੋਗ ਪਾਉਣ ਤੋਂ ਲਗਭਗ 15 ਦਿਨ ਬਾਅਦ ਜਦੋਂ ਪਰਵਾਰ ਨੂੰ ਕੇਂਦਰੀ ਜੇਲ੍ਹ ਕਪੂਰਥਲਾ ਦੇ ਇੱਕ ਮੁਲਾਜ਼ਮ ਦਾ ਫੋਨ ਆਇਆ ਕਿ ਉਨ੍ਹਾਂ ਦਾ ਲੜਕਾ ਜੇਲ੍ਹ ਵਿਚ ਬੰਦ ਹੈ ਤਾਂ ਪਹਿਲਾਂ ਤਾਂ ਪਰਵਾਰ ਹੈਰਾਨ ਰਹਿ ਗਿਆ ਜਦੋਂ ਉਨ੍ਹਾਂ ਜੇਲ੍ਹ ਵਿਚ ਜਾ ਕੇ ਆਪਣੇ ਲੜਕੇ ਨੂੰ ਦੇਖਿਆ ਤਾਂ ਪਰਵਾਰ ਵਿਚ ਖੁਸ਼ੀ ਦੀ ਕੋਈ ਹੱਦ ਨਹੀਂ ਰਹੀ।

ਪ੍ਰਾਪਤ ਜਾਣਕਾਰੀ ਅਨੁਸਾਰ ਕਪੂਰਥਲਾ ਦੇ ਵਸਨੀਕ ਲੜਕੇ ਦੇ ਪਿਤਾ ਟੀਟੀ ਤੇ ਭਰਾ ਅਮਨਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਰਵੀ ਕੁਮਾਰ ਬੀਤੀ 5 ਅਗਸਤ ਨੂੰ ਘਰੋਂ ਗਿਆ ਸੀ ਪਰ ਮੁੜ ਕੇ ਨਹੀਂ ਆਇਆ, ਜਿਸ ਦੀ ਉਹ ਆਪਣੇ ਪੱਧਰ 'ਤੇ ਭਾਲ ਕਰਦੇ ਰਹੇ ਪਰ ਕਿਤੇ ਪਤਾ ਨਾ ਮਿਲਣ 'ਤੇ ਉਨ੍ਹਾਂ 11 ਅਗਸਤ ਨੂੰ ਥਾਣਾ ਸਿਟੀ ਕਪੂਰਥਲਾ ਵਿਚ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾ ਦਿੱਤੀ। ਇਸੇ ਦੌਰਾਨ ਪੁਲਸ ਵੱਲੋਂ ਪਰਵਾਰ ਨਾਲ ਸੰਪਰਕ ਕਰਕੇ ਦੱਸਿਆ ਗਿਆ ਕਿ ਉਨ੍ਹਾਂ ਨੂੰ ਅੰਮ੍ਰਿਤਸਰ ਨੇੜੇ ਇਕ ਲਾਸ਼ ਮਿਲੀ ਹੈ, ਜਿਸ ਦੀ ਸ਼ਨਾਖ਼ਤ ਲਈ ਉਨ੍ਹਾਂ ਨੂੰ ਬੁਲਾਇਆ ਗਿਆ। ਪਰਵਾਰ ਮੈਂਬਰਾਂ ਨੇ ਲਾਸ਼ ਨੂੰ ਆਪਣਾ ਲੜਕਾ ਸਮਝ ਕੇ ਉਸਦਾ ਸਸਕਾਰ ਕਰ ਦਿੱਤਾ ਅਤੇ ਭੋਗ ਵੀ ਪਾ ਦਿੱਤਾ।

ਪਰਵਾਰ ਮੈਂਬਰਾਂ ਦੇ ਹੋਸ਼ ਉਸ ਵੇਲੇ ਉਡ ਗਏ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਰਵੀ ਕੁਮਾਰ ਜੇਲ੍ਹ ਵਿਚ ਬੰਦ ਹੈ। ਦੱਸਿਆ ਜਾ ਰਿਹਾ ਹੈ ਕਿ ਪੁਲਸ ਨੇ ਉਸ ਨੂੰ 15 ਅਗਸਤ ਨੂੰ ਇਕ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਸੀ ਤੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ। ਹੁਣ ਬੀਤੀ 2 ਸਤੰਬਰ ਨੂੰ ਪਰਵਾਰ ਨੂੰ ਕੇਂਦਰੀ ਜੇਲ੍ਹ ਕਪੂਰਥਲਾ ਤੋਂ ਫੋਨ ਆਇਆ ਤਾਂ ਉਹ ਤੁਰੰਤ ਜੇਲ੍ਹ ਪਹੁੰਚੇ ਅਤੇ ਰਵੀ ਕੁਮਾਰ ਨੂੰ ਜਿਉਂਦਾ ਦੇਖ ਕੇ ਹੈਰਾਨ ਰਹਿ ਗਏ। ਜਿਸ 'ਤੇ ਉਹ ਸਾਰੇ ਪਰਵਾਰ ਵਿਚ ਖੁਸ਼ੀ ਦਾ ਮਾਹੌਲ ਹੈ, ਉਥੇ ਇਹ ਸਵਾਲ ਵੀ ਖੜ੍ਹਾ ਹੋ ਗਿਆ ਕਿ ਜਿਸ ਲਾਸ਼ ਦਾ ਸਸਕਾਰ ਕੀਤਾ ਗਿਆ, ਉਹ ਕਿਸ ਦੀ ਸੀ। ਪਰਵਾਰ ਨੇ ਜਿਉਂਦੇ ਦੇਖ ਕੇ ਖੁਸ਼ੀ ਵਿਚ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।

# ਸਾਂਝੀ ਤਾਲਮੇਲ ਕਮੇਟੀ ਨੇ ਸਰਕਾਰ ਦੇ ਅੰਕੜੇ ਝੁਠਲਾਏ



**ਜਲੰਧਰ (ਰਾਜੇਸ਼ ਥਾਪਾ)**- 'ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ' ਅਤੇ 'ਸਾਂਝਾ ਮੁਲਾਜ਼ਮ ਮੰਚ, ਪੰਜਾਬ' ਤੇ ਅਧਾਰਤ ਬਣੀ ਸਾਂਝੀ ਤਾਲਮੇਲ ਕਮੇਟੀ ਦੇ ਮੁੱਖ ਆਗੂਆਂ ਸਤੀਸ਼ ਰਾਣਾ, ਗੁਰਨਾਮ ਸਿੰਘ ਵਿਰਕ, ਸੁਖਚੈਨ ਸਿੰਘ ਖਹਿਰਾ, ਰਣਜੀਤ ਸਿੰਘ ਰਾਣਵਾਂ, ਸੁਸ਼ੀਲ ਕੁਮਾਰ ਫੌਜੀ, ਕਰਮ ਸਿੰਘ ਧਨੋਆ, ਹਰਜਿੰਦਰ ਸਿੰਘ ਪੰਨੂ, ਜਰਮਨਜੀਤ ਸਿੰਘ, ਮਨਪ੍ਰੀਤ ਸਿੰਘ, ਰਛਪਾਲ ਸਿੰਘ ਜਗਤ ਸਿੰਘ ਗਿੱਲ, ਐਨ ਕੇ ਕਲਸੀ, ਜਸਵਿੰਦਰ ਸਿੰਘ ਬਾਜਵਾ, ਤਰਸੇਮ ਸਿੰਘ ਭੱਠਲ, ਕੁਲਵਿੰਦਰ ਸਿੰਘ, ਸੁਖਦੇਵ ਸਿੰਘ ਸੈਣੀ, ਗੁਰਪ੍ਰੀਤ ਸਿੰਘ ਰੰਗੀਲਪੁਰ, ਜਗਦੀਸ਼ ਸਿੰਘ ਚਾਹਲ, ਦਰਸ਼ਨ ਸਿੰਘ ਪੱਤਲੀ, ਸ਼ਿੰਗਾਰਾ ਸਿੰਘ, ਅਮਰੀਕ ਸਿੰਘ ਕੰਗ, ਦਿਲਪ੍ਰੀਤ ਸਿੰਘ, ਸਿਕੰਦਰ ਸਿੰਘ ਸਰਾ, ਹਰਨੇਕ ਸਿੰਘ, ਅਵਤਾਰ ਸਿੰਘ ਕੰਗ, ਰਘਵੀਰ ਸਿੰਘ ਬਡਵਾਲ, ਜਗਦੀਸ਼ ਸਿੰਘ ਚਾਹਲ, ਮਨਦੀਪ ਸਿੰਘ, ਰਾਧੇ ਸ਼ਾਮ, ਜਸਵੀਰ ਸਿੰਘ ਤਲਵਾੜਾ, ਕਰਮਜੀਤ ਸਿੰਘ ਬੀਹਲਾ ਅਤੇ ਬਿਕਰਮਜੀਤ ਸਿੰਘ ਨੇ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਤੇ ਕੈਬਨਟ ਮੰਤਰੀ ਅਮਨ ਅਰੋੜਾ ਵੱਲੋਂ ਕੈਬਨਿਟ ਸਬ ਕਮੇਟੀ ਵੱਲੋਂ ਲਏ ਫੈਸਲੇ ਤਹਿਤ ਇੱਕ ਪ੍ਰੈਸ ਕਾਨਫਰੰਸ ਕੀਤੀ ਗਈ, ਜਿਸ ਵਿੱਚ ਉਹਨਾਂ ਆਖਿਆ ਕਿ 17 ਜੁਲਾਈ 2020 ਤੋਂ ਭਰਤੀ ਹੋਏ ਮੁਲਾਜ਼ਮਾਂ ਨੂੰ 60 ਪ੍ਰਤੀਸ਼ਤ ਮਹਿੰਗਾਈ ਭੱਤਾ ਦੇਣ ਸਬੰਧੀ ਸਿਫਾਰਿਸ਼ ਮੁੱਖ ਮੰਤਰੀ ਨੂੰ ਕੀਤੀ ਜਾਵੇਗੀ, ਜਿਸ 'ਤੇ ਆਪਣਾ ਪ੍ਰਤੀਕਰਮ ਕਰਦਿਆਂ ਸਾਂਝੀ ਤਾਲਮੇਲ ਕਮੇਟੀ ਦੇ ਉਕਤ ਆਗੂਆਂ ਆਖਿਆ ਕਿ ਇਹਨਾਂ ਮੁਲਾਜ਼ਮਾਂ ਦੀ ਮੁੱਖ ਮੰਗ 17.07.2020 ਦੇ ਪੱਤਰ ਰਾਹੀਂ ਜਬਰੀ ਥੋਪੇ ਕੇਂਦਰੀ ਤਨਖਾਹ ਸਕੇਲ ਰੱਦ ਕਰਕੇ ਪੰਜਾਬ ਸਕੇਲ ਲਾਗੂ ਕਰਨ ਦੀ ਹੈ ਨਾ ਕਿ ਮਹਿੰਗਾਈ ਭੱਤਾ। ਇਸ ਸਬੰਧੀ ਆਗੂਆਂ ਆਖਿਆ ਕਿ ਤਨਖਾਹ ਸਕੇਲ ਦੀ ਮੰਗ ਨੂੰ ਪਿੱਛੇ ਸੁੱਟਣ ਲਈ ਇਹ ਸਰਕਾਰ ਦੀ ਚਾਲ ਹੈ ਕਿਉਂਕਿ ਵੱਖਰੀਆਂ - ਵੱਖਰੀਆਂ ਸਰਵਿਸ ਸ਼ਰਤਾਂ ਹਨ ਕਿ ਨਹੀਂ ? ਆਗੂਆਂ ਅੱਗੇ ਆਖਿਆ ਕਿ 1966 ਵਿੱਚ ਪੰਜਾਬ ਗਠਨ ਤੋਂ ਬਾਅਦ ਪੇ ਸਕੇਲ ਹਰ ਦੱਸ ਸਾਲ ਬਾਅਦ ਪੰਜਾਬ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਸਰਕਾਰ ਫੈਸਲਾ ਲੈ ਕੇ ਜਾਰੀ ਕਰਦੀ ਰਹੀ ਹੈ, ਜਦੋਂਕਿ ਹੁਣ ਦੀ ਸਰਕਾਰ ਨੇ ਇਹ ਸੂਤਰ ਤੋੜ ਦਿੱਤਾ ਹੈ ਅਤੇ ਮੁਲਾਜ਼ਮਾਂ ਨਾਲ ਹਰ ਪੱਧਰ 'ਤੇ ਧੱਕਾ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਨਹੀਂ ਕੀਤੀਆਂ ਜਾ ਰਹੀਆਂ ਅਤੇ 12-13 ਸਤੰਬਰ ਨੂੰ 7 ਮੰਤਰੀਆਂ ਦੀਆਂ ਕੋਠੀਆਂ ਦੇ ਘਿਰਾਓ ਕੀਤੇ ਜਾਣਗੇ ਅਤੇ 19-20 ਸਤੰਬਰ ਨੂੰ ਰਹਿੰਦੇ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਦਾ ਘਿਰਾਓ ਕੀਤਾ ਜਾਵੇਗਾ, 10 ਅਕਤੂਬਰ ਨੂੰ ਜਿਲ੍ਹਿਆਂ ਵਿਚ ਮਹਾਂ ਰੈਲੀ ਕੀਤੀ ਜਾਵੇਗੀ ਅਤੇ ਇਸ ਉਪਰੰਤ 21 ਤੇ 22 ਅਕਤੂਬਰ ਨੂੰ ਪੰਜਾਬ ਦੇ ਸਮੂੱਚੇ ਮੁਲਾਜ਼ਮ ਸਮੂਹਿਕ ਛੁੱਟੀ 'ਤੇ ਜਾਣਗੇ।

## ਪਟਾਕਿਆਂ ਦੀ ਦੁਕਾਨ ਨੂੰ ਅੱਗ ਲਗਣ ਨਾਲ ਲੱਖਾਂ ਦਾ ਸਮਾਨ ਸੜ ਕੇ ਸੁਆਹ

**ਬਲਾਚੌਰ (ਜਸਵਿੰਦਰ ਬੈਂਸ)**- ਸਥਾਨਕ ਸ਼ਹਿਰ ਦੇ ਭੱਦੀ ਰੋਡ 'ਤੇ ਗੁਰੂ ਨਾਨਕ ਹਸਪਤਾਲ ਨੇੜੇ ਕਰਿਆਨੇ ਅਤੇ ਪਟਾਕਿਆਂ ਦੀ ਹੋਲਸੇਲ ਦੁਕਾਨ ਨੂੰ ਅਚਾਨਕ ਭਿਆਨਕ ਅੱਗ ਲੱਗ ਗਈ।ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਵੇਖਦੇ ਹੀ ਵੇਖਦੇ ਪੂਰੀ ਦੁਕਾਨ ਅੱਗ ਦੇ ਵੱਡੇ ਗੁਬਾਰ ਵਿੱਚ ਤਬਦੀਲ ਹੋ ਗਈ। ਇਸ ਘਟਨਾ ਕਾਰਨ ਦੁਕਾਨਦਾਰ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ ਅਤੇ ਦਹਿਸ਼ਤ ਦਾ ਮਾਹੌਲ ਬਣ ਗਿਆ। ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਦੁਕਾਨ ਵਿੱਚ ਵੱਡੀ ਮਾਤਰਾ ਵਿੱਚ ਕਰਿਆਨੇ ਦਾ ਸਮਾਨ, ਪਟਾਕੇ ਅਤੇ ਆਤਿਸ਼ਬਾਜ਼ੀ ਮੌਜੂਦ ਸੀ। ਅੱਗ ਦੀਆਂ ਲਪਟਾਂ ਨੇ ਦੁਕਾਨ ਦੀ ਪੁਰਾਣੀ ਲੱਕੜ ਦੇ ਢਾਂਚਿਆਂ ਵਾਲੀ ਛੱਤ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਛੱਤ ਢਹਿ ਕੇ ਹੇਠਾਂ ਡਿੱਗ ਪਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਆਲੇ-ਦੁਆਲੇ ਦੇ ਦੁਕਾਨਦਾਰ ਅਤੇ ਲੋਕ ਮੌਕੇ 'ਤੇ ਇਕੱਠੇ ਹੋ ਗਏ ਅਤੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਘਟਨਾ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਕਾਫ਼ੀ ਜੱਦੋ-ਜਹਿਦ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਇਸ ਘਟਨਾ ਦੌਰਾਨ ਵੱਡਾ ਹਾਦਸਾ ਹੋਣ ਵੀ ਟਲ ਗਿਆ। ਅੱਗ ਦੀ ਲਪੇਟ ਵਿੱਚ ਆਈ ਦੁਕਾਨ ਦੇ ਨੇੜੇ ਹੀ ਹੋਰ ਕਈ ਦੁਕਾਨਾਂ ਸਥਿਤ ਹਨ।

# ਕਰਮ ਸਿੰਘ ਨੌਰੰਗਾਬਾਦ ਸਦੀਵੀ ਵਿਛੋੜਾ ਦੇ ਗਏ

**ਜਲੰਧਰ (ਨ ਜ਼ ਸ)**- ਸੀ ਪੀ ਆਈ ਦੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਸੁਖਦੇਵ ਸਿੰਘ ਸ਼ਰਮਾ ਅਤੇ ਪੰਜਾਬ ਇਸਤਰੀ ਸਭਾ ਦੀ ਸੂਬਾਈ ਜਨਰਲ ਸਕੱਤਰ ਰਜਿੰਦਰ ਪਾਲ ਕੌਰ ਦੇ ਪਰਵਾਰ 'ਚੋਂ ਕਰਮ ਸਿੰਘ ਨੌਰੰਗਾਬਾਦ ਵਿਛੋੜਾ ਦੇ ਗਏ ਹਨ। ਸਵਰਗੀ ਕਰਮ ਸਿੰਘ ਦਾ ਸਸਕਾਰ ਜਗਤਾਰ ਸਿੰਘ ਸ਼ਰਮਾ ਨੌਰੰਗਾਬਾਦ ਲਈ ਸੁਖਦੇਵ ਸਿੰਘ ਦਾ ਸਾਰਾ ਪਰਵਾਰ ਕਮਿਊਨਿਸਟ ਹੈ ਅਤੇ ਅੱਜਕਲ ਦਾ ਸੋਗ ਵੀ ਇਸ ਪਰਵਾਰ ਦੇ ਵੱਲਾਂ ਨਾਲ ਹੈ। ਸਵਰਗੀ ਕਰਮ ਸਿੰਘ ਦਾ ਪਰਵਾਰ ਜਗਤਾਰ ਸਿੰਘ ਨੌਰੰਗਾਬਾਦ ਸਭਾ ਦਾ ਸਰਗਰਮ ਮੈਂਬਰ ਰਿਹਾ ਹੈ ਤੇ ਇਸ ਵੇਲੇ ਸੀ ਪੀ ਆਈ ਦੇ ਤਰਨਤਾਰਨ ਜ਼ਿਲ੍ਹੇ ਦਾ ਕੌਂਸਲ ਮੈਂਬਰ ਹੈ। ਸੀ ਪੀ ਆਈ ਦੇ ਸੂਬਾ ਸਕੱਤਰੇਤ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ ਨੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਦੱਸਿਆ ਕਿ ਕਰਮ ਸਿੰਘ ਦੀ ਅੰਤਿਮ ਅਰਦਾਸ ਮੌਕੇ ਨਾ ਸਿਰਫ ਕੌਮੀ ਆਗੂ ਸਗੋਂ ਇਲਾਕੇ ਦੇ ਪਤਵੰਤੇ ਵੀ ਸ਼ਾਮਲ ਹੋਣਗੇ। ਆਗੂਆਂ ਨੇ ਕਿਹਾ ਮਰਹੂਮ ਪ੍ਰਬੰਧ ਕੌਂਸਲ ਦੀ ਰੌਕਥਾਮ ਲਈ ਕੋਈ ਵਿਸ਼ੇਸ਼ ਉਪਰਾਲੇ ਨਹੀਂ ਕਰ ਰਿਹਾ।

## ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਡਰੋਨ ਸ਼ੋਅ ਅੱਜ

**ਜਲੰਧਰ (ਸ਼ੈਲੀ ਐਲਬਰਟ)**- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ਾਨਦਾਰ ਡ੍ਰੋਨ ਸ਼ੋਅ 6 ਸਤੰਬਰ ਨੂੰ ਸ਼ਾਮ 6 ਵਜੇ ਸਥਾਨਕ ਲਾਇਲਪੁਰ ਖ਼ਾਲਸਾ ਕਾਲਜ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਉਪ ਮੰਡਲ ਮੈਜਿਸਟਰੇਟ ਸ੍ਰੀ ਆਕਾਸ਼ ਵੱਲੋਂ ਸਮਾਗਮ ਵਾਲੀ ਥਾਂ 'ਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਅਤੇ ਵੱਖ-ਵੱਖ ਵਿਭਾਗਾਂ ਨੂੰ ਡਿਊਟੀਆਂ ਸੌਂਪਣ ਲਈ ਮੀਟਿੰਗ ਕੀਤੀ ਗਈ। ਐਸ ਡੀ ਐਮ ਨੇ ਦੱਸਿਆ ਕਿ ਡ੍ਰੋਨ ਲਾਈਟ ਸ਼ੋਅ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਹਾਨ ਜੀਵਨ, ਫ਼ਲਸਫ਼ੇ ਅਤੇ ਸਦੀਵੀ ਸਿੱਖਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਜਾਵੇਗਾ।ਮੀਟਿੰਗ ਦੌਰਾਨ ਸ਼ਰਧਾਲੂਆਂ ਲਈ ਵਧੀਆ ਪ੍ਰਬੰਧ ਯਕੀਨੀ ਬਣਾਉਣ ਵਾਸਤੇ ਆਵਾਜਾਈ ਪ੍ਰਬੰਧਨ, ਬੈਰੀਕੇਡਿੰਗ, ਪਾਰਕਿੰਗ, ਸਮਾਗਮ ਵਾਲੇ ਸਥਾਨ ਦੀ ਸਾਫ਼-ਸਫ਼ਾਈ, ਬੈਠਣ ਦੀ ਵਿਵਸਥਾ ਅਤੇ ਐਮਰਜੈਂਸੀ ਡਾਕਟਰੀ ਸਹਾਇਤਾ ਸਮੇਤ ਵਿਆਪਕ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ ਗਿਆ।ਇਸ ਸ਼ੋਅ ਤੋਂ ਇਲਾਵਾ ਉੱਘੇ ਗਾਇਕ ਵੀ ਸਮਾਗਮ ਵਿੱਚ ਸ਼ਾਮਲ ਹੋਣਗੇ, ਜਿਨ੍ਹਾਂ ਵੱਲੋਂ ਸੰਗਤ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਬਾਣੀ ਨਾਲ ਜੋੜਨ ਲਈ ਕੀਰਤਨ ਕੀਤਾ ਜਾਵੇਗਾ।



# ਸਰਕਾਰ ਨੇ ਪੰਜਾਬ ਦੇ ਅਧਿਆਪਕਾਂ ਨਾਲ ਕੀਤਾ ਵਿਸ਼ਵਾਸਘਾਤ : ਭਾਜਪਾ

**ਬਲਾਚੌਰ (ਜਸਵਿੰਦਰ ਬੈਂਸ)**-ਅਧਿਆਪਕ ਦਿਵਸ ਮੌਕੇ ਭਾਰਤੀ ਜਨਤਾ ਪਾਰਟੀ ਨੇ ਆਮ ਆਦਮੀ ਪਾਰਟੀ ਸਰਕਾਰ 'ਤੇ ਪੰਜਾਬ ਦੇ ਅਧਿਆਪਕਾਂ ਨਾਲ ਵਿਸ਼ਵਾਸਘਾਤ ਕਰਨ ਅਤੇ ਆਪਣੀ ਬਹੁਚਰਚਿਤ 'ਸਿੱਖਿਆ ਕ੍ਰਾਂਤੀ' ਨੂੰ ਇੱਕ ਖੋਖਲੇ ਸਿਆਸੀ ਨਾਅਰੇ ਵਿੱਚ ਬਦਲਣ ਦਾ ਦੋਸ਼ ਲਗਾਇਆ। ਪ੍ਰੈੱਸ ਨੋਟ ਜਾਰੀ ਕਰਦਿਆਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਖੁਦ ਨੂੰ ਇੱਕ ਅਧਿਆਪਕ ਦਾ ਪੁੱਤਰ ਦੱਸਦੇ ਹਨ, ਪਰ ਉਨ੍ਹਾਂ ਦੀ ਸਰਕਾਰ ਵਿੱਚ ਅਧਿਆਪਕਾਂ ਨੂੰ ਬੇਇੱਜ਼ਤੀ, ਪੁਲਸ ਕਾਰਵਾਈ ਅਤੇ ਅਣਗਹਿਲੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਦੇ ਸਰਕਾਰੀ ਅਧਿਆਪਕਾਂ ਲਈ ਇਹ ਜਸ਼ਨ ਦਾ ਨਹੀਂ, ਸਗੋਂ ਕਾਲਾ ਦਿਵਸ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਲਟਕ ਰਹੇ ਸੰਘਰਸ਼ ਵਾਲੇ ਅਧਿਆਪਕਾਂ ਨੂੰ ਆਪਣੇ ਜਾਇਜ਼ ਹੱਕਾਂ ਲਈ ਸੜਕਾਂ 'ਤੇ ਉਤਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।ਭਾਜਪਾ ਨੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਭਾਰੀ ਘਾਟ ਨੂੰ ਉਜਾਗਰ ਕਰਦਿਆਂ ਕਿਹਾ ਕਿ 31,370 ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਇਸ ਤੋਂ ਇਲਾਵਾ 1,100 ਤੋਂ ਵੱਧ ਮਨਜ਼ੂਰਸ਼ੁਦਾ ਪ੍ਰਿੰਸੀਪਲ ਅਸਾਮੀਆਂ ਅਤੇ ਲਗਭਗ ਇੱਕ-ਤਿਹਾਈ ਡੀ ਈ ਓ ਅਸਾਮੀਆਂ ਵੀ ਖਾਲੀ ਹਨ।400 ਤੋਂ ਵੱਧ ਏਡਿਡ ਸਕੂਲਾਂ ਵਿੱਚ 1,700 ਤੋਂ ਵੱਧ ਅਧਿਆਪਨ ਅਤੇ ਗੈਰ-ਅਧਿਆਪਨ ਕਰਮਚਾਰੀ ਕਥਿਤ ਤੌਰ 'ਤੇ 8 ਤੋਂ 19 ਮਹੀਨਿਆਂ ਤੋਂ ਤਨਖ਼ਾਹ ਤੋਂ ਬਿਨਾਂ ਕੰਮ ਕਰ ਰਹੇ ਹਨ। ਭਾਜਪਾ ਨੇ ਦੋਸ਼ ਲਗਾਇਆ ਕਿ ਹਾਈਕੋਰਟ ਦੇ ਸਟੇਅ ਦੇ ਬਾਵਜੂਦ ਸਰਕਾਰ ਨੇ ਉਨ੍ਹਾਂ ਦਾ ਗ੍ਰੇਡ ਪੇਅ 4,400 ਤੋਂ ਘਟਾ ਕੇ ?3,200 ਕਰ ਦਿੱਤਾ ਹੈ।ਪਾਰਟੀ ਨੇ ਐਸ ਸੀ ਅਤੇ ਬੀ ਸੀ ਵਰਗਾਂ ਦੇ ਰਾਖਵੇਂਕਰਨ ਦੇ ਹੱਕਾਂ ਦੀ ਅਣਦੇਖੀ ਦਾ ਵੀ ਦੋਸ਼ ਲਗਾਇਆ। 1,013 ਲੈਕਚਰਾਰ ਅਸਾਮੀਆਂ ਦੀ ਅਧਿਸੂਚਨਾ ਵਿੱਚ ਕਥਿਤ ਤੌਰ 'ਤੇ ਐਸ ਸੀ ਅਤੇ ਬੀ ਸੀ ਉਮੀਦਵਾਰਾਂ ਲਈ ਕੋਈ ਰਾਖਵਾਂਕਰਨ ਨਹੀਂ ਦਿੱਤਾ ਗਿਆ, ਜਦਕਿ 25 ਫ਼ੀਸਦੀ ਰਾਖਵਾਂਕਰਨ ਲਾਜ਼ਮੀ ਹੈ। ਇਸ ਤੋਂ ਬਾਅਦ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਇਸ ਮਾਮਲੇ ਦਾ ਆਪਣੇ ਆਪ ਨੋਟਿਸ ਲਿਆ। ਭਾਜਪਾ ਨੇ 1,158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਨਵੀਂ ਭਰਤੀ ਪੂਰੀ ਨਾ ਕਰਨ 'ਤੇ ਵੀ ਸਰਕਾਰ ਨੂੰ ਘੇਰਿਆ, ਜਦਕਿ ਸਰਕਾਰ ਨੇ ਸੁਪਰੀਮ ਕੋਰਟ ਸਾਹਮਣੇ ਫਰਵਰੀ 2026 ਤੱਕ ਭਰਤੀ ਪੂਰੀ ਕਰਨ ਦਾ ਭਰੋਸਾ ਦਿੱਤਾ ਸੀ। ਭਾਜਪਾ ਨੇ ਅਧਿਆਪਕਾਂ ਨੂੰ ਸਰਵੇਖਣ, ਪਰਾਲੀ ਸਾੜਨ ਦੀ ਜਾਂਚ, ਹੈਲਥ ਕਾਰਡ ਬਣਾਉਣ ਅਤੇ ਸਿਆਸੀ ਡਾਟਾ ਇਕੱਠਾ ਕਰਨ ਵਰਗੇ ਗੈਰ-ਅਕਾਦਮਿਕ ਕੰਮਾਂ ਵਿੱਚ ਲਗਾਉਣ ਦੀ ਵੀ ਨਿੰਦਾ ਕੀਤੀ।ਉਨ੍ਹਾਂ ਭਰੋਸਾ ਦਿੱਤਾ ਕਿ ਭਾਜਪਾ ਦੀ ਸਰਕਾਰ ਬਣਨ 'ਤੇ ਖਾਲੀ ਅਸਾਮੀਆਂ ਭਰੀਆਂ ਜਾਣਗੀਆਂ, ਬੇਲੋੜੇ ਗੈਰ-ਅਕਾਦਮਿਕ ਕੰਮ ਖ਼ਤਮ ਕੀਤੇ ਜਾਣਗੇ ਅਤੇ ਅਧਿਆਪਕਾਂ ਦੀ ਸ਼ਾਨ, ਸਨਮਾਨ ਅਤੇ ਸੁਰੱਖਿਆ ਪੂਰੀ ਤਰ੍ਹਾਂ ਬਹਾਲ ਕੀਤੀ ਜਾਵੇਗੀ।



## ਤੁਰਕੀ ਕਰੇਨ ਹਾਦਸੇ 'ਚ ਮਾਰੇ ਗਏ ਹਰਜਿੰਦਰ ਸਿੰਘ ਦਾ ਸੇਜਲ ਅੱਖਾਂ ਨਾਲ ਅੰਤਿਮ ਸਸਕਾਰ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੇਠ)**- ਤੁਰਕੀ ਕਰੇਨ ਹਾਦਸੇ ਵਿੱਚ ਮਾਰੇ ਗਏ ਹਰਜਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਸਰਾਈ ਸਿੰਘ ਦਾ ਪਿੰਡ ਫਲਹਣਾ ਵਿਖੇ ਹਜ਼ਾਰਾਂ ਦੀ ਸੇਜਲ ਅੱਖਾਂ ਦੀ ਮੌਜੂਦਗੀ ਵਿੱਚ ਅੰਤਿਮ ਸਸਕਾਰ ਕੀਤਾ ਗਿਆ। ਦੁਪਹਿਰ ਸਮੇਂ ਜਿਉਂ ਹੀ ਹਰਜਿੰਦਰ ਸਿੰਘ ਦੀ ਮ੍ਰਿਤਕ ਦੇਹ ਉਸ ਦੇ ਜੱਦੀ ਪਿੰਡ ਫਲਹਣਾ ਪਹੁੰਚੀ ਤਾਂ ਉਸ ਦੇ ਪਰਵਾਰਕ ਮੈਂਬਰਾਂ ਦਾ ਵਿਰਲਾਪ ਦੇਖਿਆ ਨਹੀਂ ਜਾ ਰਿਹਾ ਸੀ। ਆਪਣੇ ਪਿੰਡ ਪਹੁੰਚੀ ਪੁੱਤਰ ਅਤੇ ਪਤੀ ਦੀ ਮ੍ਰਿਤਕ ਦੇਹ ਨੂੰ ਦੇਖ ਕੇ ਪਰਿਵਾਰਿਕ ਮੈਂਬਰਾਂ ਨੂੰ ਛੱਡ ਕੇ ਹਰ ਕੋਈ ਹਰਜਿੰਦਰ ਸਿੰਘ ਦੇ ਪਰਿਵਾਰ ਨਾਲ ਖੜਾ ਸੀ। ਦੱਸਣਯੋਗ ਹੈ ਕਿ ਹਰਜਿੰਦਰ ਸਿੰਘ ਦੀ ਬੀਤੀ 29 ਅਗਸਤ ਨੂੰ ਕਰੇਨ ਹਾਦਸੇ ਵਿੱਚ ਜ਼ਖਮੀ ਹੋਣ ਉਪਰੰਤ ਦਰਦਨਾਕ ਮੌਤ ਹੋ ਗਈ ਸੀ।

ਅੰਤਿਮ ਸਸਕਾਰ ਸਮੇਂ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ, ਹਲਕਾ ਇੰਚਾਰਜ ਅਵਿੰਦਰ ਸਿੰਘ ਰਸੂਲਪੁਰ, ਜ਼ਿਲ੍ਹਾ ਪ੍ਰਧਾਨ ਸਰਬਜੋਤ ਸਿੰਘ ਸੋਮੀ, ਦਲਿਤ ਆਗੂ ਅਮਰਜੀਤ ਕਲਸੀਆ ਜਥੇਦਾਰ ਰਤਨ ਸਿੰਘ ਖੁੱਡਾ , ਗਗਨਦੀਪ ਕਲਸੀਆ, ਸਾਬਕਾ ਸਰਪੰਚ ਸਰਬਜੀਤ ਸਿੰਘ, ਭਾਈ ਰੇਸ਼ਮ ਸਿੰਘ, ਕਿਰਪਾਲ ਅਜੀਤ ਸਿੰਘ ਕਲਸੀਆ, ਸਾਬਕਾ ਸਰਪੰਚ ਗੁਰਮੀਤ ਸਿੰਘ ਰੱਲਣ , ਪ੍ਰਧਾਨ ਗੁਰਦੀਪ ਸਿੰਘ ਦਸ਼ਮੇਸ਼ ਨਗਰ, ਗਿਆਨੀ ਸਵਰਨ ਸਿੰਘ ਜੋਸ਼ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਮੌਜੂਦ ਸਨ।

# ਕਈ ਪਿੰਡ ਵਾਸੀ ਕਾਂਗਰਸ 'ਚ ਸ਼ਾਮਲ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਖੁੱਡਾ ਵਿਖੇ ਕਾਂਗਰਸ ਪਾਰਟੀ ਦੀ ਇਕ ਅਹਿਮ ਮੀਟਿੰਗ ਹੋਈ, ਜਿਸ ਵਿਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸੰਗਤ ਸਿੰਘ ਗਿਲਜੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਕਾਂਗਰਸ ਪਾਰਟੀ ਦੀਆਂ ਨੀਤੀਆਂ ਅਤੇ ਪੰਜਾਬ ਦੇ ਲੋਕਾਂ ਨਾਲ ਜੁੜੇ ਮੁੱਦਿਆਂ ਸੰਬੰਧੀ ਵਿਚਾਰ ਸਾਂਝੇ ਕੀਤੇ ਅਤੇ ਲੋਕਾਂ ਨੂੰ ਕਾਂਗਰਸ ਪਾਰਟੀ ਦੇ ਹੱਕ ਵਿਚ ਲਾਮਬੰਦ ਹੋਣ ਦਾ ਸੱਦਾ ਦਿੱਤਾ।



ਮੀਟਿੰਗ ਦਰਾਨ ਕਈ ਪਿੰਡ ਵਾਸੀ ਅਤੇ ਆਗੂਆਂ ਬੀਬੀ ਬਲਬੀਰ ਕੌਰ, ਮਾਸਟਰ ਨਿਰਮਲ ਸਿੰਘ, ਜੋਗਿੰਦਰ ਸਿੰਘ ਜੇ ਈ ਅਤੇ ਧਰਮ ਸਿੰਘ ਆਦਿ ਵੱਲੋਂ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਸ਼ਾਮਿਲ ਹੋਣ ਵਾਲੇ ਵਿਅਕਤੀਆਂ ਦਾ ਸਾਬਕਾ ਮੰਤਰੀ ਗਿਲਜੀਆਂ ਅਤੇ ਜ਼ਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਐਡਵੋਕੇਟ ਦਲਜੀਤ ਸਿੰਘ ਗਿਲਜੀਆਂ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋਣ ਵਾਲੇ ਹਰ ਵਿਅਕਤੀ ਨੂੰ ਉਚਿਤ ਮਾਣ-ਸਤਿਕਾਰ ਦਿੱਤਾ ਜਾਵੇਗਾ।

ਇਸ ਮੌਕੇ ਗੋਲਡੀ ਅਰੋੜਾ, ਸਿਮਰਨ ਸਿੰਘ ਸੈਣੀ, ਮਾਸਟਰ ਕੇਵਲ ਸਿੰਘ, ਨੰਬਰਦਾਰ ਕਰਮਜੀਤ ਸਿੰਘ ਮਿੰਠਾ, ਰਵਿੰਦਰ ਪਾਲ ਸਿੰਘ ਗੋਰਾ, ਮੁਖਤਿਆਰ ਸਿੰਘ, ਤਰਲੋਚਨ ਸਿੰਘ ਬੌਬੀ, ਸੁਰਜੀਤ ਸਿੰਘ, ਹਰਮਿੰਦਰ ਸਿੰਘ ,ਪ੍ਰਦੀਪ ਸਿੰਘ, ਅਜੇ ਸੈਣੀ, ਦੀਦਾਰ ਸਿੰਘ, ਅਵਤਾਰ ਸਿੰਘ ਤਾਰਾ, ਅਤਵੀਰ ਸਿੰਘ, ਪ੍ਰੀਤਮ ਸਿੰਘ, ਬਲਵਿੰਦਰ ਸਿੰਘ ਜੀਆ ਨੱਥਾ, ਜੋਗਿੰਦਰ ਸਿੰਘ, ਧਰਮ ਸਿੰਘ, ਮਲਕੀਤ ਸਿੰਘ, ਸਰਬਜੀਤ ਸਿੰਘ, ਬਾਲ ਕ੍ਰਿਸ਼ਨ ਪਾਬਲਾ ਪੰਚ, ਨੰਬਰਦਾਰ ਮੋਹਨ ਲਾਲ, ਸੰਤੋਸ਼ ਰਾਣੀ, ਬਲਬੀਰ ਕੌਰ, ਗੁਰਦੀਪ ਸਿੰਘ, ਕੁਲਵੰਤ ਕੌਰ, ਬਲਬੀਰ ਕੌਰ, ਸੋਨਿਕਾ ਸੈਣੀ, ਰਘਵੀਰ ਸਿੰਘ, ਸੰਤੋਸ਼ ਕੁਮਾਰੀ, ਸ਼ਮਾ ਰਾਣੀ ਆਦਿ ਮੌਜੂਦ ਸਨ।


## ਗਵਰਨਮੈਂਟ ਮਾਡਲ ਸੀਨੀਅਰ ਸੈਕੰਡਰੀ ਸਕੂਲ ਨੂੰ ਮਿਲਿਆ 'ਸਵੱਛ ਸਕੂਲ ਰੈਂਕਿੰਗ 2026' ਸਨਮਾਨ

**ਦਸੂਹਾ (ਕਰਨੈਲ ਮਾਂਗਟ)**- 'ਸਵੱਛ ਸਕੂਲ ਰੈਂਕਿੰਗ 2026' ਦੇ ਤਹਿਤ ਗਵਰਨਮੈਂਟ ਮਾਡਲ ਸੀਨੀਅਰ ਸੈਕੰਡਰੀ ਸਕੂਲ , ਡੱਡੂ ਮਾਜਰਾ ਕਾਲੋਨੀ, ਚੰਡੀਗੜ੍ਹ ਨੂੰ ਸੀ ਟੀ ਯੂ ਬਿਲਡਿੰਗ ਵਿੱਚ ਸਕਾਰਾਤਮਕ ਭੂਮਿਕਾ ਬ੍ਰਿਗੇ ਵਿੱਚ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ ਹੈ। ਇਹ ਪੁਰਸਕਾਰ ਸਕੂਲ ਵੱਲੋਂ ਕੰਪਲੈਕਸ ਵਿੱਚ ਸਫ਼ਾਈ, ਕੂੜਾ ਵੱਖ-ਵੱਖ ਕਰਨ, ਵਾਤਾਵਰਣ ਸੰਭਾਲ ਅਤੇ ਸਵੱਛ ਭਾਰਤ ਅਭਿਆਨ ਪ੍ਰਤੀ ਦਿਖਾਈ ਗਈ ਵਚਨਬੱਧਤਾ ਲਈ ਦਿੱਤਾ ਗਿਆ ਹੈ। ਪੰਜਾਬ ਦੇ ਮਾਨਯੋਗ ਰਾਜਪਾਲ ਵੱਲੋਂ ਸਕੂਲ ਦੀ ਪ੍ਰਿੰਸੀਪਲ ਨੀਰਜਾ ਜੈਨ, ਮੰਜੂ ਬਾਲੀ (ਟੀ ਜੀ ਟੀ) ਅਤੇ ਅਨਮੋਲ ਕੁਮਾਰ ( ਪੀ ਜੀ ਟੀ) ਨੂੰ ਇਸ ਸਨਮਾਨ ਨਾਲ ਨਵਾਜਿਆ ਗਿਆ। ਪ੍ਰਸ਼ੰਸਾ ਪੱਤਰ 'ਤੇ ਨਗਰ ਨਿਗਮ ਚੰਡੀਗੜ੍ਹ ਦੇ ਮੇਅਰ ਸੌਰਭ ਜੋਸ਼ੀ ਅਤੇ ਕਮਿਸ਼ਨਰ ਅਮਿਤ ਕੁਮਾਰ ਦੇ ਹਸਤਾਖਰ ਅੰਕਿਤ ਹਨ। ਇਸ ਮੌਕੇ ਪ੍ਰਿੰਸੀਪਲ ਨੀਰਜਾ ਜੈਨ ਨੇ ਇਸ ਉਪਲਬਧੀ ਦਾ ਸਿਹਰਾ ਸਕੂਲ ਦੇ ਸਮੂਹ ਅਧਿਆਪਕਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਦੇ ਸਾਂਝੇ ਯਤਨਾਂ ਸਿਰ ਬੰਨ੍ਹਿਆ।



## ਪਟਾਕਿਆਂ ਦੀ ਦੁਕਾਨ ਨੂੰ ਅੱਗ ਲੱਗਣ ਨਾਲ ਲੱਖਾਂ ਦਾ ਸਮਾਨ ਸੜ ਕੇ ਸੁਆਹ

**ਬਲਾਚੌਰ (ਜਸਵਿੰਦਰ ਬੈਂਸ)**-ਸਥਾਨਕ ਸ਼ਹਿਰ ਦੇ ਭੱਦੀ ਰੋਡ 'ਤੇ ਗੁਰੂ ਨਾਨਕ ਹਸਪਤਾਲ ਨੇੜੇ ਕਰਿਆਨੇ ਅਤੇ ਪਟਾਕਿਆਂ ਦੀ ਹੋਲਸੇਲ ਦੁਕਾਨ ਨੂੰ ਅਚਾਨਕ ਭਿਆਨਕ ਅੱਗ ਲੱਗ ਗਈ।ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਵੇਖਦੇ ਹੀ ਵੇਖਦੇ ਪੂਰੀ ਦੁਕਾਨ ਅੱਗ ਦੇ ਵੱਡੇ ਗੁਬਾਰ ਵਿੱਚ ਤਬਦੀਲ ਹੋ ਗਈ। ਇਸ ਘਟਨਾ ਕਾਰਨ ਦੁਕਾਨਦਾਰ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ ਅਤੇ ਦਹਿਸ਼ਤ ਦਾ ਮਾਹੌਲ ਬਣ ਗਿਆ। ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਦੁਕਾਨ ਵਿੱਚ ਵੱਡੀ ਮਾਤਰਾ ਵਿੱਚ ਕਰਿਆਨੇ ਦਾ ਸਮਾਨ, ਪਟਾਕੇ ਅਤੇ ਆਤਿਸ਼ਬਾਜ਼ੀ ਮੌਜੂਦ ਸੀ। ਅੱਗ ਦੀਆਂ ਲਪਟਾਂ ਨੇ ਦੁਕਾਨ ਦੀ ਪੁਰਾਣੀ ਲੱਕੜ ਦੇ ਢਾਂਚਿਆਂ ਵਾਲੀ ਛੱਤ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਛੱਤ ਢਹਿ ਕੇ ਹੇਠਾਂ ਡਿੱਗ ਪਈ।



ਘਟਨਾ ਦੀ ਸੂਚਨਾ ਮਿਲਦਿਆਂ ਹੀ ਆਲੇ-ਦੁਆਲੇ ਦੇ ਦੁਕਾਨਦਾਰ ਅਤੇ ਲੋਕ ਮੌਕੇ 'ਤੇ ਇਕੱਠੇ ਹੋ ਗਏ ਅਤੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਘਟਨਾ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਕਾਫ਼ੀ ਜੱਦੋ-ਜਹਿਦ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਇਸ ਘਟਨਾ ਦੌਰਾਨ ਵੱਡਾ ਹਾਦਸਾ ਹੋਣ ਵੀ ਟਲ ਗਿਆ। ਅੱਗ ਦੀ ਲਪੇਟ ਵਿੱਚ ਆਈ ਦੁਕਾਨ ਦੇ ਨੇੜੇ ਹੀ ਹੋਰ ਕਈ ਦੁਕਾਨਾਂ ਸਥਿਤ ਹਨ।

## ਰਾਧਾ ਸੁਆਮੀ ਸਤਿਸੰਗ ਬਿਆਸ ਵੱਲੋਂ ਨਵਾਂ ਟਰੈਫਿਕ ਰੂਟ

**ਬਿਆਸ (ਪਰਮਜੀਤ ਸਿੰਘ ਰੱਖੜਾ)** ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਵੱਲੋਂ ਸੰਗਤ ਅਤੇ ਸੇਵਾਦਾਰਾਂ ਲਈ ਨਵਾਂ ਟਰੈਫਿਕ ਰੂਟ ਜਾਰੀ ਕੀਤਾ ਗਿਆ ਹੈ। ਸਤੰਬਰ ਮਹੀਨੇ ਦੇ ਤਿੰਨ ਭੰਡਾਰਿਆਂ 'ਚ ਇਹ ਟਰੈਫਿਕ ਰੂਟ ਲਾਗੂ ਰਹੇਗਾ। ਸੰਗਤ ਇਸ ਨਵੇਂ ਟਰੈਫਿਕ ਰੂਟ ਜਲੰਧਰ, ਕਰਤਾਰਪੁਰ, ਸੁਭਾਨਪੁਰ, ਨਡਾਲਾ, ਰੜਾ ਮੋੜ, ਸ੍ਰੀ ਹਰਗੋਬਿੰਦਪੁਰ, ਘੁਮਾਣ, ਸਠਿਆਲਾ ਹੁੰਦੇ ਹੋਏ ਡੇਰਾ ਬਿਆਸ ਪਹੁੰਚੇਗੀ। ਸਾਵਧਾਨੀ ਵਜੋਂ ਸੰਗਤ ਆਪਣਾ ਸਹੀ ਸਮਾਂ-ਸੀਮਾ ਨਿਰਧਾਰਤ ਕਰਕੇ ਚੱਲੇ, ਤਾਂ ਜੋ ਰਸਤੇ 'ਚ ਕਿਸੇ ਭੀੜ ਅਤੇ ਟਰੈਫਿਕ ਦੀ ਸਮੱਸਿਆ ਤੋਂ ਬਚਿਆ ਜਾ ਸਕੇ। ਜ਼ਿਕਰਯੋਗ ਹੈ ਕਿ 30 ਅਗਸਤ ਨੂੰ ਬਿਆਸ ਦਰਿਆ ਪੁਲ 'ਤੇ ਉਸਾਰੀ ਦਾ ਕੰਮ ਚਲਦਿਆਂ ਕਾਫੀ ਵੱਡਾ ਜਾਮ ਦੇਖਣ ਨੂੰ ਮਿਲਿਆ। ਇਸ ਜਾਮ 'ਚ ਬਹੁਤ ਸਾਰੇ ਰਾਹਗੀਰਾਂ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ।

## ਜਨਮ ਅਸ਼ਟਮੀ ਮੌਕੇ ਬੈਂਸ ਨੇ ਵੱਖ-ਵੱਖ ਧਾਰਮਿਕ ਸਮਾਗਮਾਂ 'ਚ ਭਰੀ ਹਾਜ਼ਰੀ

**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)**- ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰ ਮੌਕੇ ਕੈਬਨਿਟ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੇ ਨੰਗਲ ਅਤੇ ਨਯਾ ਨੰਗਲ ਵਿਖੇ ਆਯੋਜਿਤ ਵੱਖ-ਵੱਖ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕਰਕੇ ਭਗਵਾਨ ਸ੍ਰੀ ਕ੍ਰਿਸ਼ਨ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਨੇ ਗੀਤਾ ਮੰਦਿਰ ਸੈਕਟਰ-2 ਨਯਾ ਨੰਗਲ, ਸ਼ਿਵ ਸ਼ਕਤੀ ਮੰਦਿਰ ਫੇਜ਼-1ਬੀ ਨੰਗਲ ਅਤੇ ਸ਼ਿਵਾਲਿਕ ਐਵਨਿਊ ਨਯਾ ਨੰਗਲ ਵਿਖੇ ਪਹੁੰਚ ਕੇ ਸੰਗਤਾਂ ਨਾਲ ਮਿਲ ਕੇ ਜਨਮ ਅਸ਼ਟਮੀ ਦੇ ਸਮਾਗਮਾਂ ਵਿੱਚ ਭਾਗ ਲਿਆ। ਇਸ ਮੌਕੇ ਮੰਦਿਰ ਪ੍ਰਬੰਧਕ ਕਮੇਟੀਆਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਕੈਬਨਿਟ ਮੰਤਰੀ ਦਾ ਨਿੱਘਾ ਸਵਾਗਤ ਕੀਤਾ ਗਿਆ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਧਾਰਮਿਕ ਸਮਾਗਮਾਂ ਦੌਰਾਨ ਭਗਵਾਨ ਸ੍ਰੀ ਕ੍ਰਿਸ਼ਨ ਦੀ ਪੂਜਾ-ਅਰਚਨਾ ਕੀਤੀ ਅਤੇ ਚਰਨਾਂ ਵਿੱਚ ਨਤਮਸਤਕ ਹੋ ਕੇ ਸਰਬੱਤ ਦੇ ਭਲੇ, ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਸੰਤ ਗੋਪਾਲਾ ਨੰਦ ਮਹਾਰਾਜ ਪੱਸੀਵਾਲਿਆਂ ਕੋਲ ਵੀ ਪਹੁੰਚੇ ਅਤੇ ਉਨ੍ਹਾਂ ਤੋਂ ਆਸ਼ੀਰਵਾਦ ਲਿਆ। ਉਨ੍ਹਾਂ ਸੰਤ ਮਹਾਪੁਰਸ਼ਾਂ ਨਾਲ ਮੁਲਾਕਾਤ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ਹਮੇਸ਼ਾਂ ਹੀ ਸੰਤਾਂ, ਮਹਾਪੁਰਸ਼ਾਂ ਅਤੇ ਗੁਰੂਆਂ-ਪੀਰਾਂ ਦੀਆਂ ਸਿੱਖਿਆਵਾਂ ਨਾਲ ਰੌਸ਼ਨ ਰਹੀ ਹੈ। ਇਸ ਦੌਰਾਨ ਮੰਦਿਰਾਂ ਵਿੱਚ ਭਗਤਾਂ ਵੱਲੋਂ ਭਜਨ-ਕੀਰਤਨ, ਪੂਜਾ-ਅਰਚਨਾ ਅਤੇ ਹੋਰ ਧਾਰਮਿਕ ਸਮਾਗਮ ਵੀ ਕਰਵਾਏ ਗਏ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਰਧਾ ਨਾਲ ਹਾਜ਼ਰੀ ਭਰੀ।



# ਪੰਜਾਬ 'ਵਰਸਟੀ ਦੀ ਸੈਨੇਟ ਚੋਣ 'ਚ ਲੈਕਚਰਾਰ ਬਲਜੀਤ ਸਿੰਘ ਦੀ ਮੁਹਿੰਮ ਜ਼ੋਰਾਂ 'ਤੇ

**ਦਸੂਹਾ (ਕਰਨੈਲ ਮਾਂਗਟ)**- ਪੰਜਾਬ ਯੂਨੀਵਰਸਿਟੀ ਸੈਨਟ ਚੋਣ 2026 ਲਈ ਲੈਕਚਰਾਰ ਬਲਜੀਤ ਸਿੰਘ ਅਸ਼ਰਫ਼ਪੁਰ ਦਸੂਹਾ ਦੀ ਚੋਣ ਮੁਹਿੰਮ ਲਗਾਤਾਰ ਜਾਰੀ ਹੈ। ਸਕੂਲ ਆਫ ਐਮੀਨੈਂਸ ਦਸੂਹਾ ਦੇ ਲੈਕਚਰਾਰ ਬਲਜੀਤ ਸਿੰਘ ਪੰਜਾਬ ਯੂਨੀਵਰਸਿਟੀ ਚੰਡੀਗੜ ਦੀਆਂ ਸੈਨਟ ਚੋਣਾਂ 2026 ਲਈ ਗ੍ਰੈਜੂਏਟ ਹਲਕੇ ਤੋਂ ਉਮੀਦਵਾਰ ਹਨ ।ਉਨ੍ਹਾਂ ਨੂੰ ਲੜੀ ਨੰਬਰ 9 ਅਲਾਟ ਕੀਤਾ ਗਿਆ ਹੈ ਅਤੇ ਵੱਖ ਵੱਖ ਮੁਲਾਜ਼ਮ ਜਥੇਬੰਦੀਆਂ, ਵਿੱਦਿਆਰਥੀ ਜਥੇਬੰਦੀਆਂ ਅਤੇ ਸਮਾਜਿਕ ਸੰਗਠਨ ਲੈਕਚਰਾਰ ਬਲਜੀਤ ਸਿੰਘ ਦੀ ਉਮੀਦਵਾਰੀ ਦਾ ਸਮੱਰਥਨ ਕਰ ਰਹੀਆਂ ਹਨ। ਚੋਣਾਂ ਮਿਤੀ 20 ਸਤੰਬਰ ਨੂੰ ਪੰਜਾਬ, ਹਰਿਆਣਾ,ਹਿਮਾਚਲ ਪ੍ਰਦੇਸ਼,ਦਿੱਲੀ ਆਦਿ ਵਿੱਚ ਬਣੇ ਵੱਖ ਵੱਖ ਪੋਲਿੰਗ ਬੂਥਾਂ ਤੇ ਹੋਣਗੀਆਂ। ਇਨ੍ਹਾਂ ਚੋਣਾਂ ਵਿੱਚ ਪੰਜਾਬ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਰਜਿਸਟਰਡ ਵੋਟਰ ਆਪਣੀ ਵੋਟ ਦੇ ਸਕਦੇ ਹਨ ।



# ਸਾਲਾਨਾ ਛਿੰਝ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

**ਬੰਗਾ (ਅਵਤਾਰ ਕਲੇਰ)**- ਧੰਨ ਧੰਨ ਗੁੱਗਾ ਜਾਹਰ ਪੀਰ ਨੂੰ ਸਮਰਪਤ ਬਾਪੂ ਬੇਲੀ ਰਾਮ ਝੰਮਟ ਯਾਦਗਾਰੀ ਸਾਲਾਨਾ ਛਿੰਝ ਮੇਲਾ, ਗੁੱਗਾ ਜ਼ਾਹਰ ਪੀਰ ਛਿੰਝ ਕਮੇਟੀ, ਗ੍ਰਾਮ ਪੰਚਾਇਤ, ਨਗਰ ਨਿਵਾਸੀਆਂ ਅਤੇ ਝੰਮਟ ਪਰਵਾਰ ਦੇ ਸਹਿਯੋਗ ਨਾਲ ਪਿੰਡ ਖੇੜਾ (ਫਗਵਾੜਾ) ਵਿਖੇ ਕਰਵਾਇਆ ਗਿਆ। ਇਹ ਛਿੰਝ ਮੇਲਾ ਮੁੱਖ ਪ੍ਰਬੰਧਕ ਸੁਖਵਿੰਦਰ ਬਿੱਲੂ ਖੇੜਾ, ਮੁੱਖ ਸੇਵਾਦਾਰ ਬਾਬਾ ਗੁਰਮੀਤ ਰਾਮ, ਪ੍ਰਵਾਸੀ ਭਾਰਤੀਆਂ ਮਨੋਜ ਸਿੰਘ ਹੈਪੀ ਯੂ ਐਸ ਏ, ਰਾਜੇਸ਼ ਸਪੀਡੋ ਯੂ ਐਸ ਏ, ਚਰਨਜੀਤ ਝੱਲੀ ਯੂ ਐਸ ਏ, ਹਰਮੇਲ ਹੈਰੀ ਯੂ ਐਸ ਏ, ਰੋਹਿਤ ਮਾਹੀ ਯੂ ਐਸ ਏ, ਡਾ ਬੀ ਆਰ ਅੰਬੇਡਕਰ ਕਲੱਬ ਯੂ ਐਸ ਏ, ਏ ਆਰ ਹੈਲਪਿੰਗ ਹੈਂਡਜ਼ ਯੂ ਐਸ ਏ ਦੇ ਸਹਿਯੋਗ ਨਾਲ ਕਰਵਾਇਆ ਗਿਆ। ਛਿੰਝ ਮੇਲੇ 'ਚ 200 ਦੇ ਕਰੀਬ ਪਹਿਲਵਾਨਾਂ ਨੇ ਹਿੱਸਾ ਲਿਆ। ਇੱਕ ਨੰਬਰ ਪਟਕੇ ਦੀ ਕੁਸ਼ਤੀ ਸ਼ਾਨਵੀਰ ਕੋਹਾਲੀ ਅਤੇ ਹਾਮਿਦ ਇਰਾਨੀ ਵਿਚਕਾਰ ਹੋਈ ਜਿਸ ਵਿਚ ਸ਼ਾਨਵੀਰ ਕੋਹਾਲੀ ਜੇਤੂ ਰਿਹਾ। ਦੋ ਨੰਬਰ ਪਟਕੇ ਦੀ ਕੁਸ਼ਤੀ ਰਾਜੂ ਰਾਈਏਵਾਲ ਅਤੇ ਪੁਸ਼ਪਿੰਦਰ ਆਲਮਗੀਰ ਵਿਚਕਾਰ ਹੋਈ ਜਿਸ ਵਿਚ ਰਾਜੂ ਰਾਈਏਵਾਲ ਜੇਤੂ ਰਿਹਾ। ਜੇਤੂ ਅਤੇ ਉੱਪ ਜੇਤੂ ਪਹਿਲਵਾਨਾਂ ਨੂੰ ਨਗਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ। ਪਹਿਲਵਾਨ ਜਸਵਿੰਦਰ ਸਿੰਘ ਢੇਸੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਛਿੰਝ ਮੇਲੇ 'ਚ ਬਲਵਿੰਦਰ ਸਿੰਘ ਧਾਲੀਵਾਲ ਵਿਧਾਇਕ ਫਗਵਾੜਾ, ਕਮਲਜੀਤ ਬੰਗਾ,ਜੱਸੀ ਤੱਲ੍ਹਣ,ਯਸ਼ ਬਰਨਾ,ਰਣਜੀਤ ਸਿੰਘ ਖੁਰਾਣਾ, ਰਜਿੰਦਰ ਸਿੰਘ ਚੰਦੀ, ਸੁਰਜੀਤ ਸਿੰਘ ਖੇੜਾ, ਕਰਨ ਕਲੇਰ ਖੇੜਾ, ਹਨੀ ਧਾਲੀਵਾਲ , ਹਰਪਾਲ ਸਿੰਘ ਮੌਲੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਬਲਵਿੰਦਰ ਸਿੰਘ ਧਾਲੀਵਾਲ ਨੇ ਛਿੰਝ ਮੇਲੇ ਦੀਆਂ ਪ੍ਰਬੰਧਕਾਂ ਨੂੰ ਵਧਾਈਆਂ ਦਿੱਤੀਆਂ।ਪ੍ਰਬੰਧਕਾਂ ਵੱਲੋਂ ਸਕੂਲੀ ਬੱਚਿਆਂ ਨੂੰ ਕਾਪੀਆਂ, ਕਿਤਾਬਾਂ, ਵਰਦੀਆਂ ਅਤੇ ਸਕੂਲ ਬੈਗ ਦਿੱਤੇ ਗਏ। ਸਾਲਾਨਾ ਛਿੰਝ ਮੇਲਾ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ। ਮੁੱਖ ਪ੍ਰਬੰਧਕ ਸੁਖਵਿੰਦਰ ਬਿੱਲੂ ਖੇੜਾ ਨੇ ਪਹੁੰਚੇ ਹੋਏ ਮਹਿਮਾਨਾਂ, ਪਹਿਲਵਾਨਾਂ ਨੂੰ ਸਨਮਾਨਤ ਕੀਤਾ।



# ਅਧਿਆਪਕ ਦਿਵਸ ਮਨਾਇਆ

**ਆਦਮਪੁਰ, (ਪਰਮਜੀਤ ਸਿੰਘ)**- ਰੇਨਬੋ ਪਬਲਿਕ ਸਕੂਲ ਸਤੋਵਾਲੀ ਆਦਮਪੁਰ ਅਤੇ ਰੇਨਬੋ ਸਟਾਰਸ ਵਿੱਚ ਪ੍ਰਬੰਧਕ ਸ੍ਰੀ ਅਨਿਲ ਕੁਮਾਰ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਾਰਤ ਦੇ ਪਹਿਲੇ ਉਪ ਰਾਸ਼ਟਰਪਤੀ ਅਤੇ ਦੂਸਰੇ ਰਾਸ਼ਟਰਪਤੀ ਡਾਕਟਰ ਸਰਵਪੱਲੀ ਰਾਧਾ ਕ੍ਰਿਸ਼ਨ ਦਾ ਜਨਮ ਦਿਨ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਮੈਨੇਜਰ ਜੋਧ ਸਿੰਘ ਡੋਗਰਾ ਤੇ ਪ੍ਰਿੰਸੀਪਲ ਸੰਧਿਆ ਮਹਿਤਾ ਦੇ ਦੁਆਰਾ ਕੀਤੀ ਗਈ। ਇਸ ਸਮਾਗਮ ਦੇ ਸ਼ੁਰੂਆਤ ਵਿੱਚ ਮਾਂ ਸਰਸਵਤੀ ਦੀ ਪੂਜਾ ਕੀਤੀ ਗਈ ਤੇ ਡਾਕਟਰ ਰਾਧਾ ਕ੍ਰਿਸ਼ਨ ਦੀ ਫੋਟੋ ਉੱਪਰ ਫੁੱਲਾਂ ਦਾ ਹਾਰ ਪਾ ਕੇ ਅਤੇ ਜੋਤ ਜਗਾ ਕੇ ਉਹਨਾਂ ਨੂੰ ਯਾਦ ਕੀਤਾ ਗਿਆ।




ਵਿਦਿਆਰਥੀਆਂ ਦੁਆਰਾ ਪ੍ਰੋਗਰਾਮ ਦੇ ਦੌਰਾਨ ਅਧਿਆਪਕ ਦੀ ਮਹੱਤਤਾ ਉੱਪਰ ਵਿਚਾਰ ਪ੍ਰਗਟ ਕਰਦੇ ਹੋਏ ਰੰਗਾਰੰਗ ਪ੍ਰੋਗਰਾਮ (ਕਵਿਤਾ ਉਚਾਰਨ, ਗੀਤ,ਨਾਚ) ਪੇਸ਼ ਕੀਤਾ ਗਿਆ ਤੇ ਮੈਨੇਜਰ ਸ੍ਰੀ ਯੋਧ ਸਿੰਘ ਡੋਗਰਾ ਨੂੰ ਉਹਨਾਂ ਦੀ ਵਧੀਆ ਕਾਰਗੁਜ਼ਾਰੀ ਲਈ ਸਨਮਾਨਤ ਕੀਤਾ ਗਿਆ। ਇਸ ਤੋਂ ਬਾਅਦ ਪ੍ਰਿੰਸੀਪਲ ਸੰਧਿਆ ਮਹਿਤਾ ਨੂੰ ਉਹਨਾਂ ਦੀ ਕਾਰਗੁਜ਼ਾਰੀ ਦੇ ਲਈ ਸਨਮਾਨਤ ਕੀਤਾ ਗਿਆ ਅਤੇ ਸਰਵ ਉੱਤਮ ਅਧਿਆਪਿਕਾ ਦਾ ਇਨਾਮ ਵਾਈਸ ਪ੍ਰਿੰਸੀਪਲ ਮੰਜੂ ਸ਼ਰਮਾ ਨੂੰ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਰੇਨਬੋ ਸਟਾਰਸ ਦੇ ਸੈਂਟਰ ਹੈਡ ਸ੍ਰੀਮਤੀ ਹਰਪ੍ਰੀਤ ਕੌਰ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਲਈ ਸਨਮਾਨਿਤ ਕੀਤਾ ਗਿਆ।ਇਸ ਦੇ ਨਾਲ ਹੀ ਵੱਖ-ਵੱਖ ਵਿਸ਼ਿਆਂ ਵਿੱਚ ਵਧੀਆ ਪ੍ਰਦਰਸ਼ਨ ਦੇ ਲਈ ਮੀਨੂ (ਹਿੰਦੀ ਅਧਿਆਪਕਾ), ਛਾਇਆ (ਪੰਜਾਬੀ ਅਧਿਆਪਕਾ), ਮਨਦੀਪ (ਕੰਪਿਊਟਰ ਅਧਿਆਪਕਾ), ਨੇਹਾ (ਸਾਇੰਸ ਅਧਿਆਪਕਾ ) ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਪਾਠ ਸਹਾਇਕ ਕਿਰਿਆਵਾਂ ਦੇ ਲਈ ਹਰਵਿੰਦਰ ਕੌਰ ਅਤੇ ਕੁਮਾਰੀ ਮਨਪ੍ਰੀਤ ਨੂੰ ਸਨਮਾਨਤ ਕੀਤਾ ਗਿਆ। ਸਕੂਲ ਦੇ ਮੈਨੇਜਰ, ਪ੍ਰਿੰਸੀਪਲ ਅਤੇ ਰੇਨਬੋ ਸਟਾਰਸ ਦੇ ਸੈਂਟਰ ਹੈਡ ਦੁਆਰਾ ਮੀਨਾਕਸ਼ੀ ਪਾਠਕ ਨੂੰ ਸੌ ਪ੍ਰਤੀਸ਼ਤ ਹਾਜ਼ਰੀ ਲਈ ਸਨਮਾਨਤ ਕੀਤਾ ਗਿਆ ਤੇ ਰੇਨਬੋ ਸਟਾਰਸ ਦੀ ਅਧਿਆਪਿਕਾ ਨੀਲਮ ਸ਼ਰਮਾ ਅਤੇ ਕੁਮਾਰੀ ਹਰਜੀਤ ਕੌਰ ਨੂੰ ਵੀ ਉਹਨਾਂ ਦੇ ਕਾਰਜਾਂ ਦੀ ਪ੍ਰਸ਼ੰਸਾ ਕਰਦੇ ਹੋਏ ਸਨਮਾਨਤ ਕੀਤਾ ਗਿਆ।

## ਲਟਕਦੇ ਖੰਭੇ ਨਾਲ ਵਾਪਰ ਸਕਦਾ ਵੱਡਾ ਹਾਦਸਾ, ਵਿਭਾਗ ਮੂਕ-ਦਰਸ਼ਕ

**ਲਾਲੜੂ ਮੰਡੀ (ਵਿਨੈ ਕੁਮਾਰ ਜੈਨ)**- ਧਰਮਗੜ੍ਹ ਰੋਡ 'ਤੇ ਸਥਿਤ ਨਾਨਕ ਚੰਦ ਮਾਰਕੀਟ ਦੇ ਨੇੜੇ ਲੱਗਿਆ ਇੱਕ ਬਿਜਲੀ ਦਾ ਖੰਭਾ ਲੋਕਾਂ ਦੀ ਜਾਨ ਲਈ ਖ਼ਤਰਾ ਬਣਿਆ ਹੋਇਆ ਹੈ। ਜਾਣਕਾਰੀ ਮੁਤਾਬਕ ਇਹ ਖੰਭਾ ਪਹਿਲਾਂ ਕਿਸੇ ਕ੍ਰੇਨ ਦੀ ਟੱਕਰ ਨਾਲ ਬੁਰੀ ਤਰ੍ਹਾਂ ਟੁੱਟ ਗਿਆ ਸੀ, ਜੋ ਹੁਣ ਬਹੁਤ ਹੀ ਖ਼ਸਤਾ ਹਾਲਤ ਵਿੱਚ ਲਟਕ ਰਿਹਾ ਹੈ ਅਤੇ ਕਿਸੇ ਵੀ ਵੇਲੇ ਸੜਕ 'ਤੇ ਡਿੱਗ ਸਕਦਾ ਹੈ। ਇਸ ਸੜਕ ਤੇ ਹਰ ਸਮੇਂ ਭਾਰੀ ਆਵਾਜਾਈ ਰਹਿੰਦੀ ਹੈ ਅਤੇ ਆਸ ਪਾਸ ਛੋਟੇ ਬੱਚੇ ਵੀ ਖੇਡਦੇ ਰਹਿੰਦੇ ਹਨ। ਖੰਭੇ ਦੀ ਖਰਾਬ ਹਾਲਤ ਕਾਰਨ ਇੱਥੇ ਜਾਨੀ ਜਾਂ ਮਾਲੀ ਹਾਦਸਾ ਵਾਪਰਨ ਦਾ ਡਰ ਲੱਗਿਆ ਰਹਿੰਦਾ ਹੈ। ਇਲਾਕਾ ਨਿਵਾਸੀਆਂ ਦੁਆਰਾ ਬਿਜਲੀ ਬੋਰਡ ਦੇ ਹੈਲਪਲਾਈਨ ਨੰਬਰ 1912 ਤੇ ਵੀ ਕਈ ਬਾਰ ਸ਼ਿਕਾਇਤਾਂ ਦਰਜ ਕਰਵਾਈਆਂ ਜਾ ਚੁੱਕੀਆਂ ਹਨ ਅਤੇ ਸਥਾਨਕ ਅਧਿਕਾਰੀਆਂ ਨੂੰ ਵੀ ਸੂਚਿਤ ਕੀਤਾ ਗਿਆ ਹੈ। ਪਰ ਪ੍ਰਸ਼ਾਸਨ ਵੱਲੋਂ ਅਜੇ ਤੱਕ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਕੀਤਾ ਗਿਆ। ਲੋਕਾਂ ਨੇ ਮੰਗ ਕੀਤੀ ਹੈ ਕਿ ਵਿਭਾਗ ਤੁਰੰਤ ਇਸ ਟੁੱਟੇ ਹੋਏ ਖੰਭੇ ਨੂੰ ਬਦਲੇ।



# ਇਨੋਸੈਂਟ ਹਾਰਟਸ 'ਚ ਅਧਿਆਪਕ ਦਿਵਸ ਮਨਾਇਆ

**ਜਲੰਧਰ ( ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵੱਲੋਂ ਅਧਿਆਪਕ ਦਿਵਸ ਬੜੇ ਉਤਸ਼ਾਹ, ਉਮੰਗ ਅਤੇ ਗਰਿਮਾਮਈ ਵਾਤਾਵਰਨ ਵਿੱਚ ਮਨਾਇਆ ਗਿਆ।ਇਹ ਵਿਸ਼ੇਸ਼ ਆਯੋਜਨ ਅਧਿਆਪਕਾਂ ਦੇ ਸਮਰਪਣ, ਮਿਹਨਤ ਅਤੇ ਸਮਾਜ ਨਿਰਮਾਣ ਵਿੱਚ ਉਨ੍ਹਾਂ ਦੇ ਅਮੁੱਲੇ ਯੋਗਦਾਨ ਨੂੰ ਸਨਮਾਨਤ ਕਰਨ ਲਈ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਵਾਗਤੀ ਸੰਬੋਧਨ ਨਾਲ ਹੋਈ, ਜਿਸ ਵਿੱਚ ਅਧਿਆਪਕਾਂ ਦੀ ਭੂਮਿਕਾ ਨੂੰ ਉਜਾਗਰ ਕਰਦਿਆਂ ਉਨ੍ਹਾਂ ਪ੍ਰਤੀ ਧੰਨਵਾਦ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਗਈ। ਸਮਾਰੋਹ ਦਾ ਮੁੱਖ ਆਕਰਸ਼ਨ 94.3 ਮਾਈ ਐਫ਼ ਐਮ ਦੀ ਪ੍ਰਸਿੱਧ ਆਰ ਜੇ ਗੀਤ ਨਾਲ ਕਰਵਾਇਆ ਗਿਆ ਇੰਟਰਐਕਟਿਵ ਸੈਸ਼ਨ ਰਿਹਾ। ਆਪਣੇ ਜੀਵੰਤ ਅੰਦਾਜ਼, ਦਿਲਚਸਪ ਗਤੀਵਿਧੀਆਂ ਅਤੇ ਮਨੋਰੰਜਕ ਗੱਲਬਾਤ ਰਾਹੀਂ ਉਨ੍ਹਾਂ ਨੇ ਹਾਜ਼ਰ ਅਧਿਆਪਕਾਂ ਦਾ ਭਰਪੂਰ ਮਨੋਰੰਜਨ ਕੀਤਾ। ਅਧਿਆਪਕਾਂ ਨੇ ਵੀ ਪੂਰੇ ਜੋਸ਼ ਨਾਲ ਵੱਖ-ਵੱਖ ਖੇਡਾਂ ਅਤੇ ਗਤੀਵਿਧੀਆਂ ਵਿੱਚ ਭਾਗ ਲਿਆ। ਪ੍ਰੋਗਰਾਮ ਨੂੰ ਹੋਰ ਵੀ ਯਾਦਗਾਰ ਬਣਾਉਂਦਿਆਂ 'ਅਰਸਾ ਲਾਈਵ ਬੈਂਡ' ਨੇ ਆਪਣੀ ਸ਼ਾਨਦਾਰ ਸੰਗੀਤਮਈ ਪੇਸ਼ਕਾਰੀ ਨਾਲ ਸਮਾਂ ਬੰਨ੍ਹ ਦਿੱਤਾ। ਮਧੁਰ ਗੀਤਾਂ ਅਤੇ ਊਰਜਾਵਾਨ ਪੇਸ਼ਕਾਰੀਆਂ ਨੇ ਸਾਰਿਆਂ ਨੂੰ ਮੰਤਰਮੁਗਧ ਕਰ ਦਿੱਤਾ। ਸਮਾਰੋਹ ਦੇ ਅੰਤਿਮ ਪੜਾਅ ਵਿੱਚ ਸ਼੍ਰੀ ਜ਼ੁਬਿਨ ਦੀ ਅਗਵਾਈ ਹੇਠ ਡੀਜੇ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿੱਥੇ ਅਧਿਆਪਕਾਂ ਨੇ ਸੰਗੀਤ ਦੀਆਂ ਧੁਨਾਂ 'ਤੇ ਖੂਬ ਆਨੰਦ ਮਾਣਿਆ ਅਤੇ ਇਸ ਉਤਸਵ ਨੂੰ ਯਾਦਗਾਰ ਬਣਾ ਦਿੱਤਾ। ਇਸ ਮੌਕੇ ਡਾਇਰੈਕਟਰ ਅਕੈਡਮਿਕਸ ਤੇ ਐੱਚ ਆਰ ਸ਼ੈਲੀ ਬੌਰੀ ਨੇ ਸਮੂਹ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਸਮਰਪਣ ਅਤੇ ਨਿਸ਼ਠਾ ਦੀ ਸ਼ਲਾਘਾ ਕੀਤੀ।




# ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਧੂਮਧਾਮ ਨਾਲ ਮਨਾਈ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਫਗਵਾੜਾ ਦੇ ਚਾਹਲ ਨਗਰ ਚੌਕ ਸਥਿਤ ਪ੍ਰਸਿੱਧ ਮਾਨਾ ਰਾਮ ਬੌਲੀ ਮੰਦਰ ਵਿੱਚ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਮੰਦਰ ਮਾਨਾ ਰਾਮ ਸੁਧਾਰ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਅਤੇ ਸ਼੍ਰੋਮਣੀ ਵਿਸ਼ਵਕਰਮਾ ਮੰਦਰ ਫਗਵਾੜਾ ਦੇ ਸਾਬਕਾ ਪ੍ਰਧਾਨ ਬਲਵੰਤ ਰਾਏ ਧੀਮਾਨ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਜਨਮ ਅਸ਼ਟਮੀ ਸਮਾਗਮ ਵਿੱਚ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਤੇ ਸ੍ਰੀ ਕ੍ਰਿਸ਼ਨ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਮੇਅਰ ਰਾਮਪਾਲ ਉੱਪਲ, ਮਾਰਕੀਟ ਕਮੇਟੀ ਦੇ ਚੇਅਰਮੈਨ ਅਨੁਰਾਗ ਕੁਮਾਰ ਮਨਖੰਡ, ਡਿਪਟੀ ਮੇਅਰ ਵਿੱਕੀ ਸੂਦ, ਕੌਂਸਲਰ ਹਰਪ੍ਰੀਤ ਸਿੰਘ ਭੋਗਲ ਅਤੇ ਅਰਜੁਨ ਸੁਧੀਰ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਮੰਦਰ ਕਮੇਟੀ ਵੱਲੋਂ ਪ੍ਰਧਾਨ ਬਲਵੰਤ ਰਾਏ ਧੀਮਾਨ ਨੇ ਸਾਰੇ ਪਤਵੰਤੇ ਸੱਜਣਾਂ ਨੂੰ ਆਸ਼ੀਰਵਾਦ ਵਜੋਂ ਪ੍ਰਸ਼ਾਦ ਭੇਟ ਕੀਤਾ। ਇਸ ਮੌਕੇ ਮੰਦਰ ਦੇ ਸਮੁੱਚੇ ਪਰਿਸਰ ਨੂੰ ਆਕਰਸ਼ਕ ਢੰਗ ਨਾਲ ਰੌਸ਼ਨੀਆਂ ਅਤੇ ਫੁੱਲਾਂ ਨਾਲ ਸਜਾਇਆ ਗਿਆ ਸੀ। ਪ੍ਰਧਾਨ ਬਲਵੰਤ ਰਾਏ ਧੀਮਾਨ ਨੇ ਕਿਹਾ ਕਿ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਹਿੰਦੂ ਧਰਮ ਦਾ ਇੱਕ ਮਹੱਤਵਪੂਰਨ ਅਤੇ ਪਵਿੱਤਰ ਤਿਉਹਾਰ ਹੈ, ਜਿਸ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਉਤਸਵ ਵਜੋਂ ਪੂਰੇ ਦੇਸ਼ ਵਿੱਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਨੇ ਮਾਨਾ ਰਾਮ ਬੌਲੀ ਮੰਦਰ ਵਿੱਚ ਜਨਮ ਅਸ਼ਟਮੀ ਸਮਾਗਮ ਨੂੰ ਸਫਲ ਬਣਾਉਣ ਲਈ ਵੱਧ-ਚੜ੍ਹ ਕੇ ਸਹਿਯੋਗ ਦੇਣ ਵਾਲੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਜਨਮ ਅਸ਼ਟਮੀ ਸਮਾਗਮ ਦੌਰਾਨ ਮੰਦਰ ਵਿੱਚ ਵਿਸ਼ੇਸ਼ ਪੂਜਾ-ਅਰਚਨਾ ਅਤੇ ਭਜਨ-ਕੀਰਤਨ ਕਰਵਾਇਆ ਗਿਆ। ਧਾਰਮਿਕ ਪ੍ਰੋਗਰਾਮ ਦੌਰਾਨ ਕਿਆਦ ਸਿੰਘ ਅਤੇ ਵੀਰ ਕ੍ਰਾਂਤੀ ਵੱਲੋਂ ਭਗਵਾਨ ਸ੍ਰੀ ਕ੍ਰਿਸ਼ਨ ਦੀਆਂ ਬਾਲ ਲੀਲਾਵਾਂ ਦਾ ਗੁਣਗਾਨ ਕੀਤਾ ਗਿਆ। ਮੰਦਰ ਕਮੇਟੀ ਦੇ ਪ੍ਰਧਾਨ ਬਲਵੰਤ ਰਾਏ ਧੀਮਾਨ ਨੇ ਦੱਸਿਆ ਕਿ 9 ਸਤੰਬਰ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸੰਬੰਧ ਵਿੱਚ ਵਿਸ਼ਾਲ ਭੰਡਾਰਾ ਲਗਾਇਆ ਜਾਵੇਗਾ। ਇਸ ਮੌਕੇ ਜਿੰਮੀ ਧੀਮਾਨ, ਸੂਰਜ ਧੀਮਾਨ, ਪ੍ਰੇਮਦੀਪ ਚੱਗਰ, ਕਮਲ ਕਨੌਜੀਆ, ਤਰੁਣ ਦੁੱਗਲ, ਗੋਵਰਧਨ ਬੱਸੀ, ਰਾਜ ਕੁਮਾਰ ਜੰਬੂ, ਅਮਿਤ ਗੋਗਨਾ, ਅੰਕੁਸ਼ ਧੀਮਾਨ, ਵਿਸ਼ਾਲ ਭੋਗਲ, ਅਮਰ ਸ਼ਰਮਾ, ਪੰਡਿਤ ਸ਼ਿਵਨਾਰਾਇਣ ਸ਼ਰਮਾ, ਦੀਪਕ ਸਹਿਦੇਵ, ਰਵਿੰਦਰ ਮੱਲਣ, ਭੰਡਾਰੀ ਸਮੇਤ ਮੰਦਰ ਕਮੇਟੀ ਦੇ ਮੈਂਬਰ, ਪਤਵੰਤੇ ਸੱਜਣ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।



# ਧਾਰਮਿਕ ਸਮਾਗਮ ਤੇ ਮੈਡੀਕਲ ਕੈਂਪ 8 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਡਾਂਡੀਆਂ ਵਿਖੇ ਦਰਬਾਰ ਗੁੱਗਾ ਜਾਹਰ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਬਾਬਾ ਗੁੱਗਾ ਜਾਹਰ ਪੀਰ ਜੀ ਦੀ ਯਾਦ ਵਿੱਚ ਗੁੱਗਾ ਨੌਮੀ ਸਾਲਾਨਾ ਧਾਰਮਿਕ ਅਤੇ ਮੁਫ਼ਤ ਮੈਡੀਕਲ ਕੈਂਪ 8 ਸਤੰਬਰ ਨੂੰ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਮੋਹਣ ਸਿੰਘ ਡਾਂਡੀਆਂ ਲਗਾਇਆ ਜਾ ਰਿਹਾ ਹੈ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਮੋਹਣ ਸਿੰਘ ਡਾਡੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 8 ਸਤੰਬਰ ਨੂੰ ਦਸਵੰਧ ਗਰੀਬਾਂ ਲਈ ਐੱਨ ਜੀ ਓ ਦੇ ਮੁੱਖ ਸੇਵਾਦਾਰ ਸੁਖਜੀਤ ਸਿੰਘ ਡਰੋਲੀ ਕਲਾਂ ਜਲੰਧਰ ਦੇ ਸ਼ਲਾਘਾਯੋਗ ਉਪਰਾਲੇ ਦੇ ਨਾਲ ਪਿਮਸ ਹਸਪਤਾਲ ਜਲੰਧਰ ਵੱਲੋਂ ਫ੍ਰੀ ਮੈਡੀਸਨ ਕੈਂਪ ਅਤੇ ਛਾਤੀ ਦੇ ਫ੍ਰੀ ਐਕਸਰੇ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਕੈਂਪ ਬਾਰੇ ਜਾਣਕਾਰੀ ਦਿੰਦੇ ਹੋਏ ਸੁਖਜੀਤ ਸਿੰਘ ਡਰੋਲੀ ਕਲਾਂ ਨੇ ਦੱਸਿਆ ਕਿ ਇਸ ਫ੍ਰੀ ਮੈਡੀਸਿਨ ਕੈਂਪ ਵਿੱਚ ਮਰੀਜ਼ਾਂ ਦਾ ਚੈੱਕਅਪ ਕਰਕੇ ਫਰੀ ਦਵਾਈਆਂ ਦਿੱਤੀਆਂ ਜਾਣਗੀਆਂ ਅਤੇ ਛਾਤੀ ਦੇ ਚੈੱਕਅਪ ਦੇ ਫ੍ਰੀ ਐਕਸਰੇ ਵੀ ਕੀਤੇ ਜਾਣਗੇ।

## ਜਨਮ ਅਸ਼ਟਮੀ ਸ਼ਰਧਾ ਭਾਵਨਾ ਨਾਲ ਮਨਾਈ

**ਫਿਲੌਰ (ਨਿਰਮਲ)**- ਪ੍ਰਚੀਨ ਸ਼ਿਵ ਮੰਦਿਰ ਬਗੀਚੀ ਨਾਥਾ ਦੀ ਰਾਮਗੜ੍ਹ ਬਾਈਪਾਸ ਫਿਲੌਰ ਵਿਖੇ ਜਨਮ ਅਸ਼ਟਮੀ ਪ੍ਰਬੰਧਕ ਕਮੇਟੀ ਤੇ ਇਲਾਕੇ ਦੀਆਂ ਸ਼ਰਧਾਲੂਆਂ ਨੇ ਧੂਮ ਧਾਮ ਨਾਲ ਮਨਾਈ। ਇਸ ਮੌਕੇ ਭਜਨ ਨੂੰ ਮੰਡਲੀਆਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੀ ਲੀਲਾ ਸੁਣਾਈ ਤੇ ਸ਼ਰਧਾਲੂਆਂ ਨੇ ਖੁਸ਼ੀ ਦੇ ਵਿੱਚ ਭੰਗੜਾ ਪਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਰਾਜਨੀਤਿਕ, ਧਾਰਮਿਕ ਆਗੂਆਂ ਨੇ ਸ਼ਿਰਕਤ ਕਰਕੇ ਭਗਵਾਨ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਗੁਲਸ਼ਨ ਕੁਮਾਰ ਅਹੂਜਾ ਤੇ ਮੰਦਰ ਦੀ ਪ੍ਰਬੰਧਕ ਕਮੇਟੀ ਵੱਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ ਇਸ ਮੌਕੇ ਵਿਕਰਮਜੀਤ ਸਿੰਘ ਚੌਧਰੀ ਵਿਧਾਇਕ ਫਿਲੌਰ, ਹਰਜੋਤ ਕੌਰ ਲੋਹਟੀਆ ਹਲਕਾ ਇੰਚਾਰਜ ਫਿਲੌਰ, ਮੋਹਨ ਲਾਲ ਸਹਿਗਲ, ਰਾਜਾ ਧੀਮਾਨ, ਪੰਡਿਤ ਦੇਵਾਨੰਦ ਸ਼ਾਸਤਰੀ, ਇੰਦਰਜੀਤ ਪੰਡਿਤ, ਸੋਫੀ ਧੀਮਾਨ, ਬਾਲੀ ਬਹਾਦਰ, ਨਰਿੰਦਰ ਮਿੱਤਲ ਤੇ ਇਲਾਕੇ ਭਾਰੜਦੀਆਂ ਸੰਗਤਾਂ ਤੇ ਵਿਸ਼ੇਸ਼ ਸ਼ਖਸ਼ੀਅਤਾਂ ਹਾਜ਼ਰ ਸਨ।



# ਪੰਜਾਬ ਪ੍ਰੈੱਸ ਕਲੱਬ ਵੱਲੋਂ ਦੋ ਮਹਿਲਾ ਪੱਤਰਕਾਰਾਂ ਨਾਲ ਕਥਿਤ ਕੁੱਟਮਾਰ ਦੀ ਸਖ਼ਤ ਨਿੰਦਾ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਪ੍ਰੈੱਸ ਕਲੱਬ ਗਵਰਨਿੰਗ ਕੌਂਸਲ ਨੇ ਦਿੱਲੀ ਵਿੱਚ ਦੋ ਮਹਿਲਾ ਪੱਤਰਕਾਰਾਂ ਸ਼ਾਹੀਨ ਖ਼ਾਨ ਅਤੇ ਨਫ਼ੀਸਾ ਖ਼ਾਨ, ਨਾਲ ਦਿੱਲੀ ਪੁਲਿਸ ਵੱਲੋਂ ਕਥਿਤ ਤੌਰ 'ਤੇ ਕੀਤੀ ਗਈ ਕੁੱਟਮਾਰ ਅਤੇ ਦੁਰਵਿਵਹਾਰ ਦੀ ਸਖ਼ਤ ਨਿੰਦਾ ਕੀਤੀ ਹੈ। ਪ੍ਰਾਪਤ ਰਿਪੋਰਟਾਂ ਅਨੁਸਾਰ ਦੋਵੇਂ ਪੱਤਰਕਾਰ ਦਿੱਲੀ ਦੇ ਸਾਕੇਤ ਇਲਾਕੇ ਵਿੱਚ ਇੱਕ ਸਰਕਾਰੀ ਸਮਾਗਮ ਦੀ ਕਵਰੇਜ ਕਰ ਰਹੀਆਂ ਸਨ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਸਵਾਲ ਪੁੱਛਣ ਦੀ ਕੋਸ਼ਿਸ਼ ਕੀਤੀ। ਪੱਤਰਕਾਰਾਂ ਵੱਲੋਂ ਦੋਸ਼ ਲਗਾਇਆ ਗਿਆ ਹੈ ਕਿ ਇਸ ਤੋਂ ਬਾਅਦ ਉਨ੍ਹਾਂ ਨੂੰ ਪੁਲਸ ਨੇ ਹਿਰਾਸਤ ਵਿੱਚ ਲਿਆ ਅਤੇ ਸਾਕੇਤ ਥਾਣੇ ਵਿੱਚ ਉਨ੍ਹਾਂ ਨਾਲ ਕੁੱਟਮਾਰ ਕੀਤੀ ਗਈ। ਉਨ੍ਹਾਂ ਨੇ ਇਹ ਵੀ ਦੋਸ਼ ਲਗਾਇਆ ਕਿ ਪੁਲਸ ਮੁਲਾਜ਼ਮਾਂ ਵੱਲੋਂ ਉਨ੍ਹਾਂ ਦੇ ਧਰਮ ਬਾਰੇ ਪੁੱਛਗਿੱਛ ਕੀਤੀ ਗਈ ਅਤੇ ਮੁਸਲਿਮ ਹੋਣ ਕਾਰਨ ਉਨ੍ਹਾਂ ਨਾਲ ਕਥਿਤ ਤੌਰ 'ਤੇ ਹੋਰ ਵੀ ਬਦਸਲੂਕੀ ਕੀਤੀ ਗਈ। ਪੰਜਾਬ ਪ੍ਰੈੱਸ ਕਲੱਬ ਗਵਰਨਿੰਗ ਕੌਂਸਲ ਨੇ ਕਿਹਾ ਕਿ ਪੱਤਰਕਾਰ ਦਾ ਕੰਮ ਸਵਾਲ ਪੁੱਛਣਾ, ਸੱਚ ਸਾਹਮਣੇ ਲਿਆਉਣਾ ਅਤੇ ਲੋਕਾਂ ਦੀ ਆਵਾਜ਼ ਨੂੰ ਸਰਕਾਰ ਤੱਕ ਪਹੁੰਚਾਉਣਾ ਹੈ। ਸਵਾਲ ਪੁੱਛਣਾ ਕੋਈ ਜੁਰਮ ਨਹੀਂ ਹੈ। ਕਿਸੇ ਵੀ ਪੱਤਰਕਾਰ ਨਾਲ ਉਸਦੇ ਧਰਮ, ਜਾਤ, ਲਿੰਗ ਜਾਂ ਵਿਚਾਰਧਾਰਾ ਦੇ ਆਧਾਰ 'ਤੇ ਭੇਦਭਾਵ ਜਾਂ ਹਿੰਸਕ ਵਿਵਹਾਰ ਲੋਕਤੰਤਰ ਅਤੇ ਪ੍ਰੈੱਸ ਦੀ ਆਜ਼ਾਦੀ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ, ਜਨਰਲ ਸਕੱਤਰ ਪੁਨੀਤ ਸਹਿਗਲ, ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਥਾਪਾ, ਖਜਾਨਚੀ ਸ਼ਿਵ ਸ਼ਰਮਾ, ਮੀਤ ਪ੍ਰਧਾਨ ਤੇਜਿੰਦਰ ਕੌਰ ਥਿੰਦ, ਪਰਮਜੀਤ ਸਿੰਘ ਰੰਗਪੁਰੀ, ਮਨਦੀਪ ਸ਼ਰਮਾ, ਸਕੱਤਰ ਰਜੇਸ਼ ਯੋਗੀ ਤੇ ਸੰਯੁਕਤ ਸਕੱਤਰ ਸੁਕਰਾਂਤ ਸਫਰੀ ਨੇ ਕੇਂਦਰ ਸਰਕਾਰ ਅਤੇ ਦਿੱਲੀ ਪੁਲਿਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਪੂਰੇ ਮਾਮਲੇ ਦੀ ਨਿਰਪੱਖ, ਪਾਰਦਰਸ਼ੀ ਅਤੇ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਜੇਕਰ ਜਾਂਚ ਦੌਰਾਨ ਪੱਤਰਕਾਰਾਂ ਨਾਲ ਕੁੱਟਮਾਰ ਜਾਂ ਧਾਰਮਿਕ ਪੱਖਪਾਤ ਦੇ ਦੋਸ਼ ਸਹੀ ਪਾਏ ਜਾਂਦੇ ਹਨ ਤਾਂ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਅਤੇ ਵਿਭਾਗੀ ਕਾਰਵਾਈ ਕੀਤੀ ਜਾਵੇ।

# ਜਨਮ ਅਸ਼ਟਮੀ ਸ਼ਰਧਾ ਨਾਲ ਮਨਾਈ

**ਹੁਸ਼ਿਆਰਪੁਰ (ਓ ਪੀ ਰਾਣਾ)**- ਸਰਕਾਰੀ ਐਲੀਮੈਂਟਰੀ ਸਕੂਲ ਚੜਿਆਲ ਵਿੱਚ ਜਨਮ ਅਸ਼ਟਮੀ ਦਾ ਤਿਉਹਾਰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਪਰਿਸਰ ਨੂੰ ਆਕਰਸ਼ਕ ਢੰਗ ਨਾਲ ਸਜਾਇਆ ਗਿਆ ਅਤੇ ਵਿਦਿਆਰਥੀਆਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ, ਉਨ੍ਹਾਂ ਦੇ ਆਦਰਸ਼ਾਂ ਅਤੇ ਭਾਰਤੀ ਸੱਭਿਆਚਾਰ ਨਾਲ ਜੁੜੇ ਪ੍ਰਸੰਗਾਂ 'ਤੇ ਆਧਾਰਿਤ ਕਾਰਜਕ੍ਰਮ ਪੇਸ਼ ਕੀਤੇ। ਕਾਰਜਕ੍ਰਮ ਦੌਰਾਨ ਬੱਚਿਆਂ ਨੇ ਭਜਨ, ਗੀਤ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਸਭ ਦਾ ਮਨ ਮੋਹ ਲਿਆ। ਸਕੂਲ ਤੋਂ ਸ਼ੋਭਾ ਯਾਤਰਾ ਵੀ ਕੱਢੀ ਗਈ। ਸ਼ੋਭਾ ਯਾਤਰਾ ਵਿੱਚ ਵਿਦਿਆਰਥੀਆਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਅਤੇ ਰਾਧਾ ਦਾ ਰੂਪ ਧਾਰ ਕੇ ਭਾਗ ਲਿਆ। ਬੱਚਿਆਂ ਨੇ ਰਵਾਇਤੀ ਪਹਿਰਾਵੇ ਵਿੱਚ ਸਜ ਕੇ ਧਾਰਮਿਕ ਅਤੇ ਸੱਭਿਆਚਾਰਕ ਝਾਕੀਆਂ ਪੇਸ਼ ਕੀਤੀਆਂ। ਸ਼ੋਭਾ ਯਾਤਰਾ ਦੌਰਾਨ ਵਿਦਿਆਰਥੀਆਂ ਨੇ ਭਜਨ ਗਾਉਂਦੇ ਹੋਏ ਲੋਕਾਂ ਨੂੰ ਤਿਉਹਾਰ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਸਕੂਲ ਸਟਾਫ਼ ਅਤੇ ਪਿੰਡ ਵਾਸੀਆਂ ਨੇ ਵੀ ਸ਼ੋਭਾ ਯਾਤਰਾ ਵਿੱਚ ਉਤਸ਼ਾਹਪੂਰਵਕ ਸਹਿਯੋਗ ਦਿੱਤਾ। ਸ਼ੋਭਾ ਯਾਤਰਾ ਤੋਂ ਬਾਅਦ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮੰਦਰ ਜਾ ਕੇ ਪੂਜਾ-ਅਰਚਨਾ ਕੀਤੀ। ਇਸ ਦੌਰਾਨ ਭਗਵਾਨ ਸ੍ਰੀ ਕ੍ਰਿਸ਼ਨ ਅੱਗੇ ਸਭ ਦੀ ਸੁਖ-ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ ਗਈ। ਅਧਿਆਪਕਾ ਵੰਦਨਾ ਹੀਰ ਨੇ ਕਿਹਾ ਕਿ ਜਨਮਅ ਸ਼ਟਮੀ ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਦਾ ਤਿਉਹਾਰ ਹੈ, ਜੋ ਸਾਨੂੰ ਸੱਚ, ਧਰਮ, ਪ੍ਰੇਮ, ਦਇਆ ਅਤੇ ਕਰਤੱਵ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੰਦਾ ਹੈ।ਸਕੂਲ ਮੁਖੀ ਨੇ ਕਿਹਾ ਕਿ ਭਾਰਤੀ ਤਿਉਹਾਰ ਸਾਡੀ ਸਮ੍ਰਿੱਧ ਸੱਭਿਆਚਾਰਕ ਵਿਰਾਸਤ ਦਾ ਹਿੱਸਾ ਹਨ। ਕਾਰਜਕ੍ਰਮ ਦੇ ਅੰਤ 'ਚ ਵਿਦਿਆਰਥੀਆਂ ਨੂੰ ਪ੍ਰਸ਼ਾਦ ਵੰਡਿਆ ਗਿਆ।



# ਸੀ ਟੀ ਗਰੁੱਪ ਦੇ ਕੈਂਪਸ 'ਚ ਸ਼ਰਧਾ ਨਾਲ ਮਨਾਈ ਜਨਮ ਅਸ਼ਟਮੀ




**ਜਲੰਧਰ (ਸ਼ੈਲੀ ਐਲਬਰਟ)** ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਸੀ ਟੀ ਵਰਲਡ ਸਕੂਲ ਅਤੇ ਸੀ ਟੀ ਪਬਲਿਕ ਸਕੂਲ ਦੇ ਕੈਂਪਸਾਂ ਵਿੱਚ ਜਨਮ ਅਸ਼ਟਮੀ ਦਾ ਤਿਉਹਾਰ ਸ਼ਰਧਾ, ਖੁਸ਼ੀ ਅਤੇ ਸੱਭਿਆਚਾਰਕ ਉਤਸ਼ਾਹ ਨਾਲ ਮਨਾਇਆ ਗਿਆ। ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿੱਚ ਜਨਮ ਅਸ਼ਟਮੀ ਸਮਾਗਮ ਦਾ ਆਯੋਜਨ ਇਸਕਾਨ ਜਲੰਧਰ ਦੇ ਸਹਿਯੋਗ ਨਾਲ ਕੀਤਾ ਗਿਆ। ਕੈਂਪਸ ਵਿੱਚ ਕੀਰਤਨ, ਭਜਨਾਂ ਅਤੇ ਭਗਤੀਮਈ ਪੇਸ਼ਕਾਰੀਆਂ ਨੇ ਰੂਹਾਨੀ ਮਾਹੌਲ ਬਣਾਇਆ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਪਵਿੱਤਰ ਨਾਂਅ ਦਾ ਸਿਮਰਨ ਕਰਦਿਆਂ ਭਗਤੀ ਵਿੱਚ ਭਾਗ ਲਿਆ। ਸਮਾਗਮ ਦਾ ਮੁੱਖ ਆਕਰਸ਼ਣ 'ਦਹੀਂ-ਹਾਂਡੀ ਮੁਕਾਬਲਾ' ਰਿਹਾ, ਜਿਸ ਵਿੱਚ ਵਿਦਿਆਰਥੀਆਂ ਨੇ ਟੀਮ ਭਾਵਨਾ, ਉਤਸ਼ਾਹ ਅਤੇ ਸ਼ਾਨਦਾਰ ਸਾਂਝੇ ਯਤਨਾਂ ਦਾ ਪ੍ਰਦਰਸ਼ਨ ਕੀਤਾ।ਸੀ ਟੀ ਪਬਲਿਕ ਸਕੂਲ ਵਿੱਚ ਵੀ ਜਨਮ ਅਸ਼ਟਮੀ ਦਾ ਤਿਉਹਾਰ ਪੂਰੇ ਉਤਸ਼ਾਹ ਅਤੇ ਭਗਤੀ ਭਾਵਨਾ ਨਾਲ ਮਨਾਇਆ ਗਿਆ। ਸੀ ਟੀ ਵਰਲਡ ਸਕੂਲ ਵਿੱਚ ਵਿਦਿਆਰਥੀਆਂ ਨੇ ਸੱਭਿਆਚਾਰਕ ਪੇਸ਼ਕਾਰੀਆਂ ਅਤੇ ਵੱਖ-ਵੱਖ ਤਿਉਹਾਰੀ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਸੀ ਟੀ ਵਰਲਡ ਸਕੂਲ ਦੀ ਪ੍ਰਿੰਸੀਪਲ ਆਰਤੀ ਜਸਵਾਲ ਨੇ ਕਿਹਾ ਕਿ ਜਨਮ ਅਸ਼ਟਮੀ ਵਰਗੇ ਤਿਉਹਾਰ ਵਿਦਿਆਰਥੀਆਂ ਨੂੰ ਆਪਣੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਦੇ ਨਾਲ-ਨਾਲ ਪਿਆਰ, ਦਇਆ ਅਤੇ ਸੱਚਾਈ ਵਰਗੀਆਂ ਜੀਵਨ ਕਦਰਾਂ-ਕੀਮਤਾਂ ਨੂੰ ਸਮਝਣ ਦਾ ਮੌਕਾ ਦਿੰਦੇ ਹਨ। ਸੀ ਟੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਮਨੀਸ਼ ਬਸਨੇਟ ਨੇ ਕਿਹਾ ਕਿ ਤਿਉਹਾਰ ਅਨੁਭਵ ਆਧਾਰਿਤ ਸਿੱਖਿਆ ਦਾ ਅਹਿਮ ਹਿੱਸਾ ਹਨ ਅਤੇ ਬੱਚਿਆਂ ਨੂੰ ਕਿਤਾਬਾਂ ਤੋਂ ਪਰੇ ਆਪਣੀ ਸੰਸਕ੍ਰਿਤੀ ਅਤੇ ਪਰੰਪਰਾਵਾਂ ਨੂੰ ਸਮਝਣ ਦਾ ਮੌਕਾ ਦਿੰਦੇ ਹਨ।ਸਮਾਗਮਾਂ ਦਾ ਸਮਾਪਨ ਭਗਤੀ ਅਤੇ ਖੁਸ਼ੀ ਭਰੇ ਮਾਹੌਲ ਵਿੱਚ ਹੋਇਆ।

## ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਨਾਈ

**ਜ਼ੀਰਕਪੁਰ (ਜਤਿੰਦਰ ਕੁਮਾਰ)**- ਢਕੋਲੀ ਸਥਿਤ ਸੁਸ਼ਮਾ ਅਰਬਨ ਵਿਊਜ਼ ਸੁਸਾਇਟੀ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦਾ ਜਨਮ ਉਤਸਵ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸੁਸਾਇਟੀ ਦੇ ਪਤਵੰਤੇ ਵਿਅਕਤੀਆਂ ਅਤੇ ਵਸਨੀਕਾਂ ਵੱਲੋਂ ਸਾਂਝੇ ਤੌਰ 'ਤੇ ਕੇਲਿਆਂ ਦਾ ਪ੍ਰਸਾਦ ਵੰਡ ਕੇ ਜਨਮ ਅਸ਼ਟਮੀ ਦੀ ਖੁਸ਼ੀ ਸਾਂਝੀ ਕੀਤੀ ਗਈ। ਸੁਸਾਇਟੀ ਵਾਸੀਆਂ ਨੇ ਸੇਵਾ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦਿਆਂ ਇੱਕ-ਦੂਜੇ ਨੂੰ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਗੁਲਸ਼ਨ ਮੱਕੜ, ਨਵਲ ਅਰੋੜਾ, ਰਾਕੇਸ਼ ਚੱਢਾ, ਇਕਬਾਲ ਸਿੰਘ, ਨੰਦ ਲਾਲ ਦੁਆ, ਅਮੂਲਿਆ ਸ੍ਰੀਵਾਸਤਵ, ਮਨਜੀਤ ਉੱਪਲ, ਸਤਵਿੰਦਰ ਚਾਵਲਾ ਅਤੇ ਪੁਨੀਤ ਸ਼ਰਮਾ ਸਮੇਤ ਸੁਸਾਇਟੀ ਦੇ ਹੋਰ ਪਤਵੰਤੇ ਵਸਨੀਕ ਮੌਜੂਦ ਰਹੇ। ਸੁਸਾਇਟੀ ਵਾਸੀਆਂ ਨੇ ਕਿਹਾ ਕਿ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਪ੍ਰੇਮ, ਸੇਵਾ, ਸਦਭਾਵਨਾ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੰਦੀ ਹੈ।



## Court Notice

(U/o 5 Rule 20 CPC)
In the Court of
**Ms. Gurpreet Kaur-II,**
Civil Judge Junior Division Zira-2, Zira
CNR NO. PBFZA0 -000362-2026
Next Date : 15.09.2026
Sushil Kumar Alias Sunil Kumar
Vs.
Kuldeep Singh etc.

Publication issued to : Kuldeep Singh etc., Father : Gian Singh, Makhu Road Zira, Teh. Zira, Distt. FZR. (2) Paramjit Singh S/o Pritam Singh (3) Gurmit Kaur W/o Bhupinder Singh (4) Harwinder Kaur W/o Gurbans Jaswinder Singh (5) Gurbans Jaswinder Singh S/o Gurwaryam Singh (7) Mukhtiar Singh (8) Bohar Singh S/o Mohinder Singh (9) Surjit Kaur W/o Rupinder Singh (10) Bhupinder Singh S/o Gurwaryam Singh (12) Jasbir Singh S/o Pritam Singh (15) Kuldeep Singh S/o Suba Singh (19) Buta Singh S/o Piara Singh (23) Usha Rani W/o Bharat Bhushan Singh (24) Puja Rani w/o Gapta (25) Jatinder Singh S/o Didar Singh (26) Ashish Monga S/o Vijay Kumar All R/o Makhu Road, Zira, Tehsil Zira, Distt. Ferozepur.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 15-09-2026 at 10:00 a.m.

For details logon to https://highcourtchd.gov.in/?mod=district_notice&district=mogacourt

Civil Judge Junior Division Zira-2, Zira
Dated, this day of 20-08-2026

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਨਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਲੜੀ ਨੰਬਰ | ਕੈਟਲਾਗ ਨੰਬਰ | ਕੰਮ ਦਾ ਨਾਮ |
|---|---|---|
| ਈ-ਨੀਲਾਮੀ ਦੀ ਮਿਤੀ : 15.09.2026 | | |
| 1 | EAFZR-ADVT26-21 | ਟ੍ਰੇਨ ਨੰਬਰ 22488/22487 ਵੰਦੇ ਭਾਰਤ ਐਕਸਪ੍ਰੈਸ ਦੇ ਸਾਰੇ ਡੱਬਿਆਂ ਵਿਚ ਫੈਕਟਰੀ ਫਿਟੇਡ ਐਲਈਡੀ ਟੀਵੀ ਸਕਰੀਨ ਦੇ ਮਾਧਿਅਮ ਨਾਲ ਵਾਨਿਜ ਇਸ਼ਤਿਹਾਰ ਅਧਿਕਾਰਾਂ ਠੇਕੇ ਦਾ ਅਲਾਟਮੈਂਟ। |
| ਈ-ਨੀਲਾਮੀ ਦੀ ਮਿਤੀ : 22.09.2026 | | |
| 2 | EAFZR-CTG26-10 | ਖੇਮਕਰਨ, ਕੋਟਕਪੁਰਾ, ਫਾਜਿਲਕਾ ਅਤੇ ਮਖੂ ਰੇਲਵੇ ਸਟੇਸ਼ਨਾਂ ਉਤੇ ਕਾਂਟਰੈਕਟ ਉਤੇ ਕੈਟਰਿੰਗ ਸਟਾਲ ਦਾ ਠੇਕੇ ਦਾ ਅਲਾਟਮੈਂਟ। |
| 3 | EAFZR-MIS26-19 | ਕ) ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਯਾਤਰਾ ਹੈਲਪ ਡੇਸਕ ਦੀ ਸਥਾਪਨਾ ਦਾ ਸੰਚਾਲਨ। ਖ) ਅੰਮ੍ਰਿਤਸਰ, ਢੰਡਾਰੀ ਕਲਾਂ, ਫਗਵਾੜਾ ਅਤੇ ਫਿਰੋਜਪੁਰ ਕੈਂਟ ਰੇਲਵੇ ਸਟੇਸ਼ਨਾਂ ਉਤੇ ਵਾਟਰ ਵੇਂਡਿੰਗ ਮਸ਼ੀਨਾਂ ਦੀ ਸਥਾਪਨਾ ਅਤੇ ਸੰਚਾਲਨ। ਗ) ਕਾਲੋਨੀ ਨੰਬਰ 10 ਵਿਚ ਜਗਰਾਊਂ ਪੁਲ ਦੀ ਦੀਵਾਰ ਦੇ ਨਾਲ ਲੁਧਿਆਣਾ ਰੇਲਵੇ ਪਰਿਸਰ ਵਿਚ ਫੂਡ ਵੈਨ ਅਤੇ ਲੁਧਿਆਣਾ ਰੇਲਵੇ ਸਟੇਸ਼ਨਾਂ ਤੇ ਟੀਟੀਈ ਰੇਸਟ ਹਾਊਸ ਦੇ ਕੋਲ ਛੋਟੇ ਫੂਡ ਵੈਨ ਦੀ ਸਥਾਪਨਾ ਅਤੇ ਸੰਚਾਲਨ |
| ਈ-ਨੀਲਾਮੀ ਦੀ ਮਿਤੀ : 23.09.2026 | | |
| 4 | EAFZR-CTG26-10 | ਤਰਨ ਤਾਰਨ, ਸਾਹਨੇਵਾਲ, ਗੰਗਸਰ ਜੈਤੋਂ, ਗੋਨੇਆਨਾ ਭਾਈ ਜਗਤਾ, ਫਗਵਾੜਾ, ਮੋਗਾ, ਜਗਰਾਊਂ, ਵੇਰਕਾ, ਕੋਟਕਪੁਰਾ, ਫਿਰੋਜਪੁਰ ਸ਼ਹਿਰ ਅਤੇ ਛੇਹਰਟਾ/2 ਰੇਲਵੇ ਸਟੇਸ਼ਨਾਂ ਉਤੇ ਕੈਟਰਿੰਗ ਸਟਾਲ ਦਾ ਠੇਕੇ ਦਾ ਅਲਾਟਮੈਂਟ। |
| 5 | EAFZR-MPS26-6 | ਅੰਮ੍ਰਿਤਸਰ ਅਤੇ ਫਗਵਾੜਾ ਰੇਲਵੇ ਸਟੇਸ਼ਨਾਂ ਉਤੇ ਵੇਟਿੰਗ ਹਾਲ ਵਿਚ ਬਹੁਉਦੇਸ਼ੀ ਸਟਾਲ ਨੰਬਰ 3 ਦੀ ਸਥਾਪਨਾ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ। |
| ਈ-ਨੀਲਾਮੀ ਦੀ ਮਿਤੀ : 24.09.2026 | | |
| 6 | EAFZR-ADVT26-22 | ਟ੍ਰੇਨ ਨੰਬਰ 14680 / 79 / 82 / 81, 14622 / 21 / 26 / 25 & 20424 / 23 ਦੇ ਡੱਬਿਆਂ ਦੇ ਬਾਹਰੀ ਹਿਸੇ ਉਤੇ ਵਿਨਾਇਲ ਰੈਪਿੰਗ ਦੁਆਰਾ ਇਸ਼ਤਿਹਾਰ ਅਧਿਕਾਰ ਲਈ ਠੇਕੇ ਦਾ ਅਲਾਟਮੈਂਟ। |
| 7 | EAFZR-PnU26-10 | ਬਟਾਲਾ, ਕੋਟਕਪੁਰਾ ਅਤੇ ਮੁਕਤਸਰ ਰੇਲਵੇ ਸਟੇਸ਼ਨਾਂ ਉਤੇ ਪੇ ਐਂਡ ਯੂਜ ਪਖਾਨਿਆਂ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਠੇਕੇ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

ਨੰ. NR-FZR0COML(NFR)/18/2024 ਤਾਰੀਕ : 04.09.2026 3054/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਸ਼੍ਰੇਯਾਂਸ ਫਾਈਨੈਂਸ਼ੀਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ

ਰਜਿ ਦਫਤਰ ਸ਼੍ਰੀ ਰਿਸ਼ਭ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522.
Tel.+91-1881-273627, 273628, 98761-00948
CIN : L65921PB1984PLC005967
E-mail : sfcsl141@gmail.com, Website: www.sfcsl.co.in

ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 41ਵੀਂ ਸਲਾਨਾ ਜ਼ਨਰਲ ਮੀਟਿੰਗ (AGM) ਮੰਗਲਵਾਰ 29 ਸਤੰਬਰ, 2026 ਨੂੰ ਸਵੇਰੇ 11:00 ਵਜੇ ਕੰਪਨੀ ਦੇ ਰਜਿ ਦਫਤਰ ਸ਼੍ਰੀ ਰਿਸ਼ਭ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522, ਵਿਖੇ ਨਿਰਧਾਰਤ ਕੀਤੀ ਗਈ ਹੈ।

ਸੂਚਿਤ ਕੀਤਾ ਜਾਂਦਾ ਹੈ ਕੇ ਬੁੱਧਵਾਰ, 23 ਸਤੰਬਰ 2026 ਤੋਂ ਮੰਗਲਵਾਰ, 29 ਸਤੰਬਰ 2026 (ਦੋਵੇਂ ਦਿਨ ਸਮੇਤ) ਕੰਪਨੀ ਦੇ ਮੈਂਬਰ ਰਜਿਸਟਰ ਅਤੇ ਸ਼ੇਅਰ ਟ੍ਰਾਂਸਫਰ ਬੁਕਸ ਉਪਰੋਕਤ AGM ਦੇ ਸਬੰਧ ਵਿੱਚ ਬੰਦ ਰਹਿਣਗੇ।

41ਵੀਂ ਸਲਾਨਾ ਜਨਰਲ ਮੀਟਿੰਗ (AGM) ਦੇ ਨੋਟਿਸ ਵਿੱਚ ਦਿੱਤਾ ਗਿਆ ਬਿਜ਼ਨੈਸ ਈ-ਵੋਟਿੰਗ ਦੇ ਮਾਧਿਅਮ ਰਾਹੀ ਪਾਸ ਕੀਤਾ ਜਾ ਸਕਦਾ ਹੈ। ਰਿਮੋਟ ਈ-ਵੋਟਿੰਗ ਸ਼ੁੱਕਰਵਾਰ, 25 ਸਤੰਬਰ, 2026 ਨੂੰ ਸਵੇਰੇ 9.00 ਵਜੇ ਸ਼ੁਰੂ ਹੋਵੇਗੀ ਅਤੇ ਸੋਮਵਾਰ, 28 ਸਤੰਬਰ, 2026 ਨੂੰ ਸ਼ਾਮ 5.00 ਵਜੇ ਬੰਦ ਹੋ ਜਾਵੇਗੀ। ਕੰਪਨੀ ਦੇ ਮੈਂਬਰ ਜਿਨਾਂ ਕੋਲ ਕੱਟ ਆਫ ਮਿਤੀ ਮੰਗਲਵਾਰ, 22 ਸਤੰਬਰ, 2026 ਨੂੰ ਭੌਤਿਕ ਜਾਂ ਡੀਮੈਟੀਰੀਅਲਾਈਜ਼ਡ ਰੂਪ ਵਿੱਚ ਕੰਪਨੀ ਦੇ ਸ਼ੇਅਰ ਹੋਣਗੇ ਉਹ ਆਪਣੀ ਵੋਟ ਸੈਂਟ੍ਰਲ ਡਿਪਾਜ਼ਟਰੀ ਸਰਵਿਸਜ਼ (ਇੰਡੀਆ) ਲਿਮ. (CDSL) ਜਾਂ ਮੀਟਿੰਗ ਵਿੱਚ ਬੈਲਟ ਪੇਪਰ ਰਾਹੀਂ ਪਾ ਸਕਦੇ ਹਨ।

ਕੋਈ ਵਿਅਕਤੀ ਜੋ ਕੰਪਨੀ ਦੁਆਰਾ AGM ਦੇ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਪ੍ਰਾਪਤ ਕਰਦਾ ਹੈ ਅਤੇ ਕੱਟ ਆਫ ਮਿਤੀ 22 ਸਤੰਬਰ, 2026 ਤੱਕ ਰੱਖਦਾ ਹੈ ਉਹ sfcsl141@gmail.com ਤੇ ਸੰਪਰਕ ਕਰਕੇ ਈ-ਵੋਟਿੰਗ ਲਈ ਆਪਣੀ ਲਾਗਿਨ ਆਈਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਉਪਰੋਕਤ ਦਿੱਤੀ ਟਾਈਮ ਲਾਈਨ ਤੋਂ ਬਾਅਦ CDSL ਦੁਆਰਾ ਈ-ਵੋਟਿੰਗ ਬੰਦ ਕਰ ਦਿੱਤੀ ਜਾਵੇਗੀ ਅਤੇ ਈ-ਵੋਟਿੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

AGM ਵਿੱਚ ਬੈਲਟ ਪੇਪਰ ਰਾਹੀਂ ਵੋਟਿੰਗ ਕਰਨ ਦੀ ਸੁਵਿਧਾ ਹੋਵੇਗੀ। ਜਿਨਾਂ ਮੈਂਬਰਾਂ ਨੇ ਰਿਮੋਟ ਈ-ਵੋਟਿੰਗ ਦੁਆਰਾ ਵੋਟਿੰਗ ਨਹੀਂ ਕੀਤੀ ਉਹ ਮੀਟਿੰਗ ਵਿੱਚ ਵੋਟਿੰਗ ਕਰ ਸਕਦੇ ਹਨ। ਜਿਨ੍ਹਾਂ ਮੈਂਬਰਾਂ ਨੇ ਪਹਿਲਾਂ ਹੀ ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾ ਦਿੱਤੀ ਹੋਵੇਗੀ ਉਹ AGM ਵਿੱਚ ਹਿੱਸਾ ਲੈ ਸਕਦੇ ਹਨ ਪਰ ਉਹਨਾਂ ਨੂੰ ਦੋਬਾਰਾ ਵੋਟ ਪਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਕੱਟ ਆਫ ਮਿਤੀ ਨੂੰ ਜਿਨ੍ਹਾਂ ਵਿਅਕਤੀਆਂ ਦੇ ਨਾਮ ਮੈਂਬਰ ਰਜਿਸਟਰ ਜਾਂ ਡਿਪਾਜ਼ਟਰੀ ਦੇ ਬੈਨੇਫ਼ਿਸ਼ੀਅਲ ਓਨਰਜ਼ ਰਜਿਸਟਰ ਵਿੱਚ ਦਰਜ ਹੋਣਗੇ ਕੇਵਲ ਉਹਨਾਂ ਨੂੰ ਹੀ ਰਿਮੋਟ ਈ-ਵੋਟਿੰਗ ਅਤੇ ਬੈਲਟ ਪੇਪਰ ਰਾਹੀਂ ਵੋਟਿੰਗ ਦਾ ਅਧਿਕਾਰ ਹੋਵੇਗਾ।

AGM ਨੋਟਿਸ, ਵੋਟਿੰਗ ਸੰਬੰਧੀ ਵੇਰਵਾ ਅਤੇ ਸਲਾਨਾ ਰਿਪੋਰਟ 2025-26 ਈ-ਮੇਲ ਰਾਹੀਂ ਉਹਨਾਂ ਮੈਂਬਰਾਂ ਨੂੰ ਭੇਜੀ ਗਈ ਹੈ ਜਿਨ੍ਹਾਂ ਦੀਆਂ ਈ-ਮੇਲ ID ਕੰਪਨੀ ਦੇ ਨਾਲ ਰਜਿਸਟਰਡ ਹਨ। ਇਸ ਤੋਂ ਇਲਾਵਾ ਲਿਸਟਿੰਗ ਰੈਗੂਲੇਸ਼ਨ ਦੇ ਰੈਗੂਲੇਸ਼ਨ 36(1)(b) ਦੇ ਅਨੁਸਾਰ ਵਿੱਤੀ ਸਾਲ 2025-26 ਲਈ ਸਲਾਨਾ ਰਿਪੋਰਟ ਤੱਕ ਪਹੁੰਚ ਕਰਨ ਲਈ ਵੈਬਲਿੰਕ ਅਤੇ ਸਹੀ ਮਾਰਗ ਵਾਲਾ ਇੱਕ ਪੱਤਰ ਉਨ੍ਹਾਂ ਸ਼ੇਅਰਧਾਰਕਾਂ ਨੂੰ ਭੇਜਿਆ ਜਾਵੇਗਾ ਜਿਨ੍ਹਾਂ ਨੇ ਆਪਣਾ ਈ-ਮੇਲ ਪਤਾ ਕੰਪਨੀ, ਡਿਪਜ਼ਟਰੀ, ਜਾਂ RTA ਨਾਲ ਰਜਿਸਟਰ ਨਹੀਂ ਕੀਤਾ ਹੈ। AGM ਨੋਟਿਸ ਅਤੇ ਸਲਾਨਾ ਰਿਪੋਰਟ ਕੰਪਨੀ ਦੀ ਵੈਬਸਾਈਟ www.sfcsl.co.in, ਸਟਾਕ ਐਕਸਚੇਂਜ ਦੀ ਵੈਬਸਾਈਟ i.e. MSEI Limited at www.msei.in ਅਤੇ CDSL ਦੀ ਵੈਬਸਾਈਟ www.evotingindia.com ਤੇ ਉਪਲੱਬਧ ਹੈ।

ਰਿਮੋਟ ਈ-ਵੋਟਿੰਗ ਸੰਬੰਧੀ ਕਿਸੇ ਜਾਣਕਾਰੀ / ਸ਼ਿਕਾਇਤ ਲਈ ਉਪਰੋਕਤ ਈ-ਮੇਲ ਆਈਡੀ ਜਾਂ ਪਤੇ ਤੇ ਸੰਪਰਕ ਕੀਤਾ ਜਾ ਸਕਦਾ ਹੈ।

ਬਾ ਹੁਕਮ ਬੋਰਡ
ਲਈ ਸ਼੍ਰੇਯਾਂਸ ਫਾਈਨੈਂਸ਼ੀਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ
ਸਹੀ/-
ਬਲਵਾਨ ਸਿੰਘ
ਸਥਾਨ : ਲੁਧਿਆਣਾ ਕੰਪਨੀ ਸਕੱਤਰ
ਮਿਤੀ : 05-09-2026 ACS 70536

## ਚੱਠਾ ਫੂਡਜ਼ ਲਿਮਿਟਿਡ

ਰਜਿ. ਦਫਤਰ : 272, ਮੋਹਾ ਸਿੰਘ ਨਗਰ, ਜਲੰਧਰ, ਪੰਜਾਬ, ਪਿਨ ਕੋਡ-144001
ਫੋਨ ਨੰ. 0181-4616381, CIN : L15310PB1997PLC020578,
ਈ-ਮੇਲ : cs@cfpl.net.in, ਵੈਬਸਾਈਟ : https://cfpl.net.in

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਚੱਠਾ ਫੂਡਜ਼ ਲਿਮਿਟਿਡ ਦੇ ਸ਼ੇਅਰਧਾਰਕਾਂ ਦੀ 29ਵੀਂ ਸਾਲਾਨਾ ਜਨਰਲ ਮੀਟਿੰਗ (ਏ ਜੀ ਐਮ) ਕਾਰੋਬਾਰ ਦੇ ਨਿਪਟਾਰੇ ਲਈ ਏ ਜੀ ਐਮ ਬੁਲਾਉਣ ਦੇ ਨੋਟਿਸ 'ਚ ਦਰਸਾਏ ਅਨੁਸਾਰ ਸੋਮਵਾਰ, 28 ਸਤੰਬਰ 2026 ਨੂੰ ਦੁਪਹਿਰ 12.30 ਵਜੇ (ਆਈ ਐਸ ਟੀ) ਵੀਡੀਓ ਕਾਨਫਰੰਸਿੰਗ (ਵੀ ਸੀ)/ਹੋਰ ਆਡੀਓ ਵਿਜ਼ੂਅਲ ਸਾਧਨਾਂ (ਓ ਏ ਵੀ ਐਮ) ਰਾਹੀਂ ਕੀਤੀ ਜਾਵੇਗੀ। ਕੰਪਨੀ ਦੇ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਅਤੇ ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ ਦੁਆਰਾ ਜਾਰੀ ਕੀਤੇ ਗਏ ਸਰਕੂਲਰਾਂ ਅਨੁਸਾਰ ਪਹਿਲਾਂ ਹੀ ਵਿੱਤੀ ਸਾਲ 2025-26 ਲਈ ਏਕੀਕ੍ਰਿਤ ਸਾਲਾਨਾ ਰਿਪੋਰਟ ਦੇ ਨਾਲ ਏ ਜੀ ਐਮ ਬੁਲਾਉਣ ਦੇ ਨੋਟਿਸ ਨਾਲ ਇਲੈਕਟ੍ਰਾਨਿਕ ਢੰਗ ਰਾਹੀਂ ਉਨ੍ਹਾਂ ਸ਼ੇਅਰ ਧਾਰਕਾਂ ਨੂੰ ਭੇਜ ਦਿੱਤੇ ਹੈ, ਜਿਨ੍ਹਾਂ ਦੇ ਈਮੇਲ ਪਤੇ ਕੰਪਨੀ ਅਤੇ ਡਿਪਾਜ਼ਟਰੀਜ਼ ਕੋਲ ਰਜਿਸਟਰਡ ਹਨ।

ਇਸ ਤੋਂ ਇਲਾਵਾ, ਸੇਬੀ ਲਿਸਟਿੰਗ ਰੈਗੂਲੇਸ਼ਨਜ਼ ਦੇ ਰੈਗੂਲੇਸ਼ਨ 36(1)(ਬੀ) ਅਨੁਸਾਰ, ਇੱਕ ਪੱਤਰ ਵੈੱਬ ਲਿੰਕ ਪ੍ਰਦਾਨ ਕਰਦਾ ਹੈ, ਜਿਸ ਵਿੱਚ ਏਕੀਕ੍ਰਿਤ ਸਾਲਾਨਾ ਰਿਪੋਰਟ ਤੱਕ ਪਹੁੰਚ ਕਰਨ ਦਾ ਸਹੀ ਮਾਰਗ ਸ਼ਾਮਲ ਹੈ, ਉਨ੍ਹਾਂ ਮੈਂਬਰਾਂ ਨੂੰ ਭੇਜਿਆ ਜਾ ਰਿਹਾ ਹੈ ਜਿਨ੍ਹਾਂ ਨੇ ਆਪਣੇ ਈ-ਮੇਲ ਆਈ ਡੀ ਰਜਿਸਟਰ ਨਹੀਂ ਕੀਤੇ।

ਏ ਜੀ ਐਮ ਦੇ ਨੋਟਿਸ ਦੇ ਨਾਲ ਏਕੀਕ੍ਰਿਤ ਸਲਾਨਾ ਰਿਪੋਰਟ ਕੰਪਨੀ ਦੀ ਵੈਬਸਾਈਟ https://www.cfpl.net.in, ਸਟਾਕ ਐਕਸਚੇਂਜ ਯਾਨੀ ਬੀ ਐਸ ਈ ਇੰਡੀਆ ਲਿਮਿਟਿਡ ਦੀ ਵੈਬਸਾਈਟ www.bseindia.com, ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਸੀ ਡੀ ਐਸ ਐਲ) ਦੀ ਵੈਬਸਾਈਟ https://www.evotingindia.com/ ਅਤੇ ਆਰ ਟੀ ਏ ਦੀ ਵੈਬਸਾਈਟ https://www.skylinerta.com/ 'ਤੇ ਵੀ ਉਪਲਬਧ ਹੈ।

ਏ ਜੀ ਐਮ ਦੇ ਨੋਟਿਸ ਦੇ ਨਾਲ ਏਕੀਕ੍ਰਿਤ ਸਲਾਨਾ ਰਿਪੋਰਟ ਕੰਪਨੀ ਦੀ ਵੈਬਸਾਈਟ [illegible]

1. ਕੰਪਨੀਜ਼ ਐਕਟ, 2013 ਦੀ ਧਾਰਾ 108 ਅਤੇ ਨਿਯਮ 20 ਦੇ ਉਪਬੰਧਾਂ ਅਨੁਸਾਰ ਕੰਪਨੀਜ਼ (ਪ੍ਰਬੰਧਨ ਅਤੇ ਪ੍ਰਸ਼ਾਸਨ) ਨਿਯਮ, 2014, ਜਿਵੇਂ ਕਿ ਸੋਧਿਆ ਗਿਆ ਹੈ ਅਤੇ ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਨਿਯਮ, 2015 ਦੇ ਨਿਯਮ 44 ਦੇ ਅਨੁਸਾਰ, [illegible]
2. ਸ਼ੇਅਰਧਾਰਕਾਂ ਦੇ ਵੋਟਿੰਗ ਅਧਿਕਾਰ ਸੋਮਵਾਰ, 21 ਸਤੰਬਰ, 2026 ('ਕਟ-ਆਫ ਮਿਤੀ') ਨੂੰ ਕੰਪਨੀ ਦੀ ਅਦਾਇਗੀਸ਼ੁਦਾ ਇਕੁਇਟੀ ਸ਼ੇਅਰ ਪੂੰਜੀ ਵਿੱਚ ਉਨ੍ਹਾਂ ਦੁਆਰਾ ਰੱਖੇ ਗਏ ਸ਼ੇਅਰਾਂ ਦੇ ਅਨੁਪਾਤ ਵਿੱਚ ਹੋਣਗੇ।
3. ਰਿਮੋਟ ਈ-ਵੋਟਿੰਗ ਦਾ ਸ਼ੁੱਕਰਵਾਰ, 25 ਸਤੰਬਰ, 2026 ਨੂੰ ਸਵੇਰੇ 9.00 ਵਜੇ (ਆਈ ਐਸ ਟੀ) ਸ਼ੁਰੂ ਹੋਵੇਗਾ ਅਤੇ ਐਤਵਾਰ, 27 ਸਤੰਬਰ, 2026 ਨੂੰ ਸ਼ਾਮ 5:00 ਵਜੇ (ਆਈ ਐਸ ਟੀ) ਖਤਮ ਹੋਵੇਗਾ। [illegible]
4. ਸੀ ਐਸ ਕੋਮਲ ਗੁਪਤਾ, ਪ੍ਰੈਕਟਿਸਿੰਗ ਕੰਪਨੀ ਸਕੱਤਰੀ (ਸੋਂ. ਨੰ. ਏ ਸੀ ਐਸ 77133 ਅਤੇ ਸੀ ਓ ਪੀ ਨੰ. 28703) ਨੂੰ ਈ-ਵੋਟਿੰਗ ਅਤੇ ਰਿਮੋਟ ਈ-ਵੋਟਿੰਗ ਪ੍ਰਕਿਰਿਆ ਦੀ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਜਾਂਚ ਕਰਨ ਲਈ ਸਕ੍ਰਟੀਨਾਈਜ਼ਰ ਵਜੋਂ ਨਿਯੁਕਤ ਕੀਤਾ ਗਿਆ ਹੈ।
5. ਘੋਸ਼ਿਤ ਨਤੀਜੇ ਸਕ੍ਰਟੀਨਾਈਜ਼ਰ ਰਿਪੋਰਟ ਦੇ ਨਾਲ ਕੰਪਨੀ ਦੀ ਵੈਬਸਾਈਟ https://www.cfpl.net.in/ ਅਤੇ ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ ਇੰਡੀਆ ਲਿਮਿਟਿਡ (ਸੀ ਡੀ ਐਸ ਐਲ) ਦੀ ਵੈਬਸਾਈਟ https://www.evotingindia.com 'ਤੇ ਪਾਏ ਜਾਣਗੇ।
6. ਕੋਈ ਵੀ ਵਿਅਕਤੀ, ਜੋ ਕੰਪਨੀ ਦੇ ਸ਼ੇਅਰ ਪ੍ਰਾਪਤ ਕਰਦਾ ਹੈ ਅਤੇ ਕੰਪਨੀ ਦੁਆਰਾ ਇਲੈਕਟ੍ਰਾਨਿਕ ਤੌਰ 'ਤੇ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦਾ ਮੈਂਬਰ ਬਣ ਜਾਂਦਾ ਹੈ ਅਤੇ ਕੱਟ-ਆਫ ਮਿਤੀ ਨੂੰ ਸ਼ੇਅਰ ਰੱਖਦਾ ਹੈ, ਉਹ https://www.evotingindia.com/ ਤੋਂ ਲੌਗਇਨ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। [illegible] ਈ-ਵੋਟਿੰਗ ਮੈਨੂਅਲ ਦਾ ਹਵਾਲਾ ਲੈ ਸਕਦੇ ਹਨ। ਇਲੈਕਟ੍ਰਾਨਿਕ ਸਾਧਨਾਂ ਦੁਆਰਾ ਵੋਟਿੰਗ ਨਾਲ ਜੁੜੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਜ਼ਿੰਮੇਵਾਰ ਵਿਅਕਤੀ ਦੇ ਵੇਰਵੇ ਹੇਠ ਦਰਸਾਏ ਹਨ:

| ਵੇਰਵੇ | ਕੇਂਦਰੀ ਡਿਪਾਜ਼ਟਰੀ ਸਰਵਿਸਿਜ਼ ਲਿਮਿਟਿਡ | ਚੱਠਾ ਫੂਡਜ਼ ਲਿਮਿਟਿਡ |
|---|---|---|
| ਨਾਂਅ ਅਤੇ ਅਹੁਦਾ | ਸ੍ਰੀ ਰਾਕੇਸ਼ ਡਾਲਵੀ, ਸੀਨੀਅਰ ਮੈਨੇਜਰ | ਸ੍ਰੀਮਤੀ ਪ੍ਰਿਯੰਕਾ ਓਬਰਾਏ, ਕੰਪਨੀ ਸਕੱਤਰ ਅਤੇ ਪਾਲਣਾ ਅਧਿਕਾਰੀ |
| ਟੈਲੀਫੋਨ/ਮੋਬਾਇਲ ਨੰ. | 1800 21 09911 (ਟੋਲ ਫ੍ਰੀ) | 9875970905 |
| ਪਤਾ | ਡੀ-153 ਏ, ਪਹਿਲੀ ਮੰਜ਼ਲ, ਓਖਲਾ ਇੰਡਸਟਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ-110020, ਭਾਰਤ | ਪਿੰਡ ਚੌਂਦੀ ਡਾਕ. ਢੱਪਰ, ਜ਼ਿਲ੍ਹਾ ਮੋਹਾਲੀ, ਢੱਪਰ ਦੇ ਡੀ ਸੀ, ਮੋਹਾਲੀ, ਡੇਰਾ ਬੱਸੀ, ਪੰਜਾਬ, ਭਾਰਤ 140506 |
| ਈਮੇਲ ਆਈ ਡੀ | helpdesk.evoting@cdslindia.com | cs@cfpl.net.in |

ਏ ਜੀ ਐਮ ਦੇ ਵੇਰਵੇ ਕੰਪਨੀ ਦੀ ਵੈਬਸਾਈਟ https://www.cfpl.net.in/ ਸੀ ਡੀ ਐਸ ਐਲ ਦੀ ਵੈਬਸਾਈਟ https://www.evotingindia.com/ ਅਤੇ ਬੀ ਐਸ ਈ ਲਿਮਿਟਿਡ ਦੀ ਵੈਬਸਾਈਟ www.bseindia.com 'ਤੇ ਉਪਲੱਬਧ ਹਨ।

ਵਾਸਤੇ ਚੱਠਾ ਫੂਡਜ਼ ਲਿਮਿਟਿਡ
ਸਹੀ/-
ਮਿਤੀ : 06.09.2026 ਪ੍ਰਿਯੰਕਾ ਓਬਰਾਏ
ਸਥਾਨ : ਮੋਹਾਲੀ ਕੰਪਨੀ ਸਕੱਤਰ ਅਤੇ ਪਾਲਣਾ ਅਧਿਕਾਰੀ

## ਨਾਂਅ ਦੀ ਬਦਲੀ

ਮੈਂ, ਅਜੈ ਕੁਮਾਰ ਪੁੱਤਰ ਮੰਗਤ ਰਾਮ ਵਾਸੀ ਮੁਹੱਲਾ ਰਿਸ਼ੀ ਨਗਰ, ਸ਼ਾਹਕੋਟ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਦਾ ਨਾਂਅ ਅਧਾਰ ਕਾਰਡ ਵਿੱਚ ਅਰਪਿਤਾ ਲਿਖਿਆ ਹੋਇਆ ਹੈ। ਮੈਂ ਆਪਣੀ ਲੜਕੀ ਦਾ ਨਾਂਅ ਅਰਪਿਤਾ ਤੋਂ ਬਦਲ ਕੇ ਅਰਪਿਤਾ ਸਹੋਤਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ ਸਰਬਜੀਤ, ਪੁੱਤਰ ਮਹਿੰਦਰ ਪਾਲ, ਵਾਸੀ ਪਿੰਡ ਸੋਫੀ ਪਿੰਡ, ਜਲੰਧਰ, ਪੰਜਾਬ-144024, ਇਹ ਐਲਾਨ ਕਰਦਾ ਹਾਂ ਕਿ ਸਕੂਲ ਦੇ ਰਿਕਾਰਡ ਵਿੱਚ ਮੇਰੇ ਪੁੱਤਰ ਦਾ ਨਾਮ ਗਲਤੀ ਨਾਲ ਤਰਨਜੀਤ ਦਰਜ ਹੋ ਗਿਆ ਸੀ। ਉਸਦਾ ਸਹੀ ਨਾਮ ਤਰਨਜੀਤ ਸਾਂਪਲਾ ਹੈ।

## A B COTSPIN INDIA LIMITED

CIN : L17111PB1997PLC020118
Registered Address : NH-54, Goniana Road, Near Lake-3 Bathinda, Punjab-151001
Factory Address : Bathinda Road, Jaitu, Faridkot, Punjab-151202
Email : info@abcotspin.in, Website: www.abcotspin.co.in, Phone : 01635232670

### ਵੀਡੀਓ ਕਾਨਫਰੰਸਿੰਗ ('ਵੀ ਸੀ')/ਹੋਰ ਆਡੀਓ-ਵਿਜ਼ੂਅਲ ਮੀਨਜ਼ ('ਓ ਏ ਵੀ ਐੱਮ') ਅਤੇ ਈ-ਵੋਟਿੰਗ ਜਾਣਕਾਰੀ ਲਈ ਹੋ ਰਹੀ 29ਵੀਂ ਸਾਲਾਨਾ ਜਨਰਲ ਮੀਟਿੰਗ ਦੇ ਸੰਬੰਧ 'ਚ ਜਾਣਕਾਰੀ

ਕਾਰਪੋਰੇਟ ਮਾਮਲੇ ਮੰਤਰਾਲਾ ਵੱਲੋਂ ਜਾਰੀ ਅਤੇ ਕੰਪਨੀਜ਼ ਐਕਟ 2013 ਦੀਆਂ ਯੋਗ ਵਿਵਸਥਾਵਾਂ ਅਤੇ ਜਨਰਲ ਸਰਕੁਲਰ ਨਾਲ ਪੜ੍ਹੇ ਜਾਂਦੇ ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਰੈਗੂਲੇਸ਼ਨਜ਼, 2015 ("ਦਾ ਲਿਸਟਿੰਗ ਰੈਗੂਲੇਸ਼ਨਜ਼") ਜਨਰਲ ਸਰਕੁਲਰ ਨੰ. 14/2020 ਮਿਤੀ 08 ਅਪ੍ਰੈਲ 2020 ਅਤੇ ਇਸ ਦੇ ਸੰਬੰਧ 'ਚ ਜਾਰੀ ਬਾਅਦ ਦੇ ਸਰਕੁਲਰਾਂ ਦੇ ਸੰਬੰਧ 'ਚ ਅਤੇ ਤਾਜ਼ਾ ਜਨਰਲ ਸਰਕੁਲਰ ਨੰ. 3/2025 ਮਿਤੀ 22 ਸਤੰਬਰ 2025 ਅਨੁਸਾਰ ਅਤੇ ਇਸ ਸੰਬੰਧ 'ਚ ਸੇਬੀ ਵੱਲੋਂ ਜਾਰੀ ਢੁਕਵੇਂ ਸਰਕੁਲਰ ਮੁਤਾਬਕ ("ਸਰਕੁਲਰਜ਼ ਵਜੋਂ ਸਾਂਝੇ ਤੌਰ 'ਤੇ ਹਵਾਲਾ") ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਰੈਗੂਲੇਸ਼ਨਜ਼ 2015 ("ਸੇਬੀ ਲਿਸਟਿੰਗ ਰੈਗੂਲੇਸ਼ਨਜ਼") ਅਤੇ ਇਸ ਸੰਬੰਧ 'ਚ ਜਾਰੀ ਹੋਰ ਸਰਕੁਲਰਾਂ ਅਨੁਸਾਰ ਕੰਪਨੀ ਨੇ 29ਵੀਂ ਏ ਜੀ ਐੱਮ ਦੇ ਨੋਟਿਸ ਸਮੇਤ ਵਿੱਤੀ ਸਾਲ ('ਐਫ ਵਾਈ') 2025-26 ਦੀ ਸਾਲਾਨਾ ਰਿਪੋਰਟ ਉਨ੍ਹਾਂ ਸਾਰੇ ਸ਼ੇਅਰ ਧਾਰਕਾਂ ਜਿਨ੍ਹਾਂ ਦੇ ਈ-ਮੇਲ ਪਤੇ ਕੰਪਨੀ/ਇਸ ਦੇ ਰਜਿਸਟਰਾਰ ਅਤੇ ਸ਼ੇਅਰ ਟਰਾਂਸਫਰ ਏਜੰਟ ਅਰਥਾਤ ਐਮ ਯੂ ਐਫ ਜੀ ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ (ਪਹਿਲਾਂ ਲਿੰਕ, ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ ਵਜੋਂ ਜਾਣੇ ਜਾਂਦੇ) ('ਆਰ ਟੀ ਏ')/ਡਿਪਾਜ਼ਟਰੀਜ਼ ਪਾਰਟੀਸਿਪੈਂਟਸ (ਡੀ ਪੀਜ਼)/ਡਿਪਾਜ਼ਟਰੀ ਕੋਲ ਰਜਿਸਟਰਡ ਹਨ, ਨੂੰ ਇਲੈਕਟ੍ਰਾਨਿਕ ਕਾਪੀਆਂ ਭੇਜੀਆਂ ਜਾ ਚੁੱਕੀਆਂ ਹਨ।

ਅੱਗੇ ਲਿਸਟਿੰਗ ਰੈਗੂਲੇਸ਼ਨਜ਼ ਦੇ ਰੈਗੂਲੇਸ਼ਨ 36(1) ਬੀ ਦੀਆਂ ਵਿਵਸਥਾਵਾਂ ਦੀ ਪਾਲਣਾ ਹਿੱਤ ਵੈੱਬ ਲਿੰਕ ਮੁਹੱਈਆ ਕਰਵਾਉਂਦਾ ਇਕ ਪੱਤਰ ਜਿਸ 'ਚ ਸਹੀ ਢੰਗ ਜਿਸ 'ਚ ਵਿੱਤੀ ਸਾਲ 2025-26 ਦੀ ਸਾਲਾਨਾ ਰਿਪੋਰਟ ਦੇ ਪੂਰੇ ਵੇਰਵੇ ਹੋਣਗੇ। ਉਨ੍ਹਾਂ ਸ਼ੇਅਰ ਧਾਰਕਾਂ ਜਿਨ੍ਹਾਂ ਦੇ ਈ-ਮੇਲ ਪਤੇ ਕੰਪਨੀ/ਆਰ ਟੀ ਏ/ ਡੀਪੀਜ਼/ਡਿਪਾਜ਼ਟਰੀਜ਼ ਕੋਲ ਰਜਿਸਟਰਡ ਨਹੀਂ ਹਨ, ਭੇਜਿਆ ਜਾਵੇਗਾ। ਏ ਜੀ ਐੱਮ ਦਾ ਨੋਟਿਸ ਅਤੇ ਵਿੱਤੀ ਸਾਲ 2025-26 ਦੀ ਸਾਲਾਨਾ ਰਿਪੋਰਟ ਹੇਠ ਲਿਖੀਆਂ ਵੈੱਬਸਾਈਟਾਂ 'ਤੇ ਉਪਲੱਬਧ ਹੈ।

(ਏ) ਕੰਪਨੀ www.abcotspin.co.in (ਬੀ) ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ ਲਿਮਟਿਡ www.nseindia.com ਅਤੇ (ਸੀ) ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ ਲਿਮਟਿਡ ('ਸੀ ਡੀ ਐੱਸ ਐੱਲ/ਈ-ਵੋਟਿੰਗ ਸਰਵਿਸ ਪ੍ਰੋਵਾਈਡਰ') www.evotingindia.com ਕੰਪਨੀਜ਼ (ਪ੍ਰਬੰਧਨ ਅਤੇ ਪ੍ਰਸ਼ਾਸਨ) ਰੂਲਜ਼ 2014, ਰੈਗੂਲੇਸ਼ਨ 44 ਆਫ ਦਾ ਲਿਸਟਿੰਗ ਰੈਗੂਲੇਸ਼ਨਜ਼ (ਵਿਧਾਨਕ ਸੋਧ (ਸੋਧਾਂ) ਜਾਂ ਪੁਨਰ ਨਿਯਮ (ਨਿਯਮਾਂ) ਜਿੱਥੇ ਹਾਲ ਦੇ ਸਮੇਂ ਲਾਗੂ ਹੈ), ਸੇਬੀ ਸਰਕੂਲਰ ਨੰ. ਸੇਬੀ/ਐੱਚ ਓ/ਸੀ ਐੱਫ ਡੀ/ਸੀ ਐੱਮ ਡੀ/ਸੀ ਆਈ ਆਰ/ਪੀ/2020/242 ਮਿਤੀ 09 ਦਸੰਬਰ 2020 ਅਤੇ ਕੰਪਨੀ ਸੈਕਟਰੀਜ਼ ਆਫ ਇੰਡੀਆ ("ਐੱਸ ਐੱਸ-2") ਦੀ ਸੰਸਥਾ ਵੱਲੋਂ ਜਾਰੀ ਕੰਪਨੀਜ਼ ਐਕਟ 2013 ਦੇ ਸੈਕਸ਼ਨ 108 ਨਾਲ ਪੜ੍ਹੇ ਜਾਂਦੇ ਸੈਕਸ਼ਨ ਦੀਆਂ ਵਿਵਸਥਾਵਾਂ ਅਧੀਨ ਕੰਪਨੀ ਆਪਣੇ ਮੈਂਬਰਾਂ ਸੀ ਡੀ ਐੱਸ ਐੱਲ ਅਤੇ ਇਲੈਕਟ੍ਰਾਨਿਕ ਵੋਟਿੰਗ ("ਈ-ਵੋਟਿੰਗ") ਮੁਹੱਈਆ ਕਰਵਾਉਣ ਦੀ ਖੁਸ਼ੀ ਪ੍ਰਾਪਤ ਕਰ ਰਹੀ ਹੈ। ਮੈਂਬਰ ਏ ਜੀ ਐੱਮ ਨੋਟਿਸ ਦੇ ਸਾਰੇ ਮਤਿਆਂ 'ਤੇ ਏ ਜੀ ਐੱਮ ਦੌਰਾਨ ਰਿਮੋਟ ਈ-ਵੋਟਿੰਗ ਸਹੂਲਤ ਜਾਂ ਈ-ਵੋਟਿੰਗ ਰਾਹੀਂ ਆਪਣੀ ਵੋਟ ਪਾ ਸਕਦੇ ਹਨ। ਸੰਬੰਧਤ ਰਿਮੋਟ-ਈ-ਵੋਟਿੰਗ ਦਾ ਸਮਾਂ ਅਤੇ ਕੱਟ-ਆਫ-ਡੇਟ ਹੇਠ ਲਿਖੇ ਅਨੁਸਾਰ ਹੈ:

| | |
|---|---|
| ਏ ਜੀ ਐੱਮ ਦੌਰਾਨ ਰਿਮੋਟ ਈ-ਵੋਟਿੰਗ/ਵੋਟਿੰਗ ਲਈ ਯੋਗ ਮੈਂਬਰਾਂ ਦੀ ਨਿਰਧਾਰਤ ਕੱਟ-ਆਫ ਡੇਟ | ਮੰਗਲਵਾਰ 22 ਸਤੰਬਰ 2026 |
| ਰਿਮੋਟ ਈ-ਵੋਟਿੰਗ ਦੇ ਸ਼ੁਰੂ ਹੋਣ ਦਾ ਸਮਾਂ | ਸ਼ਨੀਵਾਰ, 26 ਸਤੰਬਰ 2026 |
| ਰਿਮੋਟ ਈ-ਵੋਟਿੰਗ ਦੇ ਖਤਮ ਹੋਣ ਦਾ ਸਮਾਂ | ਸੋਮਵਾਰ, 28 ਸਤੰਬਰ 2026 |

ਮੈਂਬਰ (ਜਿਨ੍ਹਾਂ ਕੋਲ ਭੌਤਿਕ ਰੂਪ 'ਚ ਜਾਂ ਡੀਮੈਟਰੀਲਾਈਜ਼ਡ ਰੂਪ 'ਚ ਸ਼ੇਅਰ ਹਨ), ਜਿਨ੍ਹਾਂ ਦੇ ਨਾਂਅ ਮੈਂਬਰਾਂ ਦੇ ਰਜਿਸਟਰ/ਡਿਪਾਜ਼ਟਰੀਜ਼ ਕੋਲ ਲਾਭਕਾਰੀ ਮਾਲਕਾਂ ਦੀ ਸੂਚੀ 'ਚ ਦਰਜ ਹਨ, ਜੋ ਮੰਗਲਵਾਰ 22 ਸਤੰਬਰ 2026 ('ਕੱਟ-ਆਫ ਡੇਟ') ਮੁਤਾਬਕ ਏ ਜੀ ਐੱਮ 'ਚ ਸ਼ਾਮਲ ਹੋ ਸਕਦੇ ਹਨ ਅਤੇ ਏ ਜੀ ਐੱਮ ਦੌਰਾਨ ਰਿਮੋਟ ਈ-ਵੋਟਿੰਗ/ਈ ਵੋਟਿੰਗ ਰਾਹੀਂ ਵੋਟ ਪਾ ਸਕਦੇ ਹਨ, ਜੋ ਉਪਰੋਕਤ ਟਾਈਮ ਲਾਈਨਜ਼ ਮੁਤਾਬਕ ਹੋਵੇਗਾ। ਇਸ ਤੋਂ ਬਾਅਦ ਰਿਮੋਟ-ਈ ਵੋਟਿੰਗ ਦੀ ਸਹੂਲਤ ਰੱਦ ਹੋ ਜਾਵੇਗੀ ਅਤੇ ਸਮੇਂ ਅਤੇ ਮਿਤੀ ਤੋਂ ਬਾਅਦ ਵੋਟਿੰਗ ਦੀ ਆਗਿਆ ਨਹੀਂ ਹੋਵੇਗੀ। ਮੈਂਬਰ ਵੱਲੋਂ ਮਤੇ 'ਤੇ ਇੱਕ ਵਾਰ ਪਾਈ ਵੋਟ, ਮੈਂਬਰ ਨੂੰ ਇਸ ਨੂੰ ਬਦਲਣ ਦੀ ਦੁਬਾਰਾ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ। ਮੈਂਬਰਾਂ ਕੋਲ ਵੋਟ ਪਾਉਣ ਦਾ ਹੱਕ ਕੰਪਨੀ ਦੀ ਸ਼ੇਅਰ ਕੈਪੀਟਲ ਕੱਟ-ਆਫ-ਡੇਟ 'ਚ ਇਕੁਇਟੀ ਸ਼ੇਅਰ ਅਦਾ ਕਰਨ 'ਚ ਉਨ੍ਹਾਂ ਦੇ ਸ਼ੇਅਰ ਦੇ ਅਨੁਪਾਤ ਅਨੁਸਾਰ ਹੋਵੇਗਾ, ਜਿਹੜੇ ਏ ਜੀ ਐੱਮ ਤੋਂ ਪਹਿਲਾਂ ਰਿਮੋਟ ਈ-ਵੋਟਿੰਗ ਢੰਗ ਰਾਹੀਂ ਮਤਿਆਂ 'ਤੇ ਪਹਿਲਾਂ ਹੀ ਵੋਟ ਪਾ ਚੁੱਕੇ ਹੋਣਗੇ, ਏ ਜੀ ਐੱਮ 'ਚ ਵੀ ਹਿੱਸਾ ਲੈਣ ਦੇ ਯੋਗ ਹੋਣਗੇ, ਪਰ ਆਪਣੀ ਵੋਟ ਦੁਬਾਰਾ ਪਾਉਣ ਦੇ ਹੱਕਦਾਰ ਨਹੀਂ ਹੋਣਗੇ।

ਕੋਈ ਵੀ ਵਿਅਕਤੀ, ਜੋ ਕੰਪਨੀ ਦੇ ਸ਼ੇਅਰ ਰੱਖਦਾ ਹੈ ਅਤੇ ਕੰਪਨੀ ਦੁਆਰਾ 29ਵੀਂ ਏ ਜੀ ਐੱਮ ਦਾ ਨੋਟਿਸ ਈ-ਮੇਲ ਰਾਹੀਂ ਭੇਜਣ ਤੋਂ ਬਾਅਦ ਕੰਪਨੀ ਦਾ ਮੈਂਬਰ ਬਣ ਜਾਂਦਾ ਅਤੇ ਕੱਟ ਆਫ ਮਿਤੀ 'ਤੇ ਸ਼ੇਅਰ ਰੱਖਦਾ ਹੈ helpdesk.evoting @cdslindia.com 'ਤੇ ਬੇਨਤੀ ਭੇਜ ਕੇ ਯੂਜ਼ਰ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਹਾਲਾਂਕਿ ਪਹਿਲਾਂ ਹੀ ਸੀ ਡੀ ਐੱਸ ਐੱਲ ਕੋਲ ਰਿਮੋਟ ਈ-ਵੋਟਿੰਗ ਲਈ ਰਜਿਸਟਰਡ ਹੈ ਤਾਂ ਉਹ ਵੋਟ ਪਾਉਣ ਲਈ ਆਪਣੀ ਮੌਜੂਦਾ ਯੂਜ਼ਰ ਆਈ ਡੀ ਅਤੇ ਪਾਸਵਰਡ ਦੀ ਵਰਤੋਂ ਕਰ ਸਕਦਾ ਹੈ।

ਈ-ਵੋਟਿੰਗ ਰਾਹੀਂ ਵੋਟ ਪਾਉਣ ਅਤੇ ਵੀ ਸੀ/ਓ ਏ ਵੀ ਐੱਮ ਰਾਹੀਂ ਏ ਜੀ ਐੱਮ 'ਚ ਸ਼ਾਮਲ ਹੋਣ ਦੀ ਵਿਸਤ੍ਰਿਤ ਪ੍ਰਕਿਰਿਆ, ਜਿਸ 'ਚ ਇਹ ਵੀ ਸ਼ਾਮਲ ਹੈ ਕਿ ਭੌਤਿਕ ਰੂਪ 'ਚ /ਡੀਮੈਟ ਰੂਪ 'ਚ ਸ਼ੇਅਰ ਰੱਖਣ ਵਾਲੇ ਮੈਂਬਰ ਜਿਨ੍ਹਾਂ ਦੇ ਆਪਣੇ ਈ-ਮੇਲ ਪਤੇ ਰਜਿਸਟਰਡ ਨਹੀਂ ਕਰਵਾਏ ਏ ਜੀ ਐੱਮ ਨੋਟਿਸ 'ਚ ਮੁਹੱਈਆ ਜਾਣਕਾਰੀ ਅਨੁਸਾਰ ਏ ਜੀ ਐੱਮ 'ਚ ਆਪਣੀ ਵੋਟ ਰਿਮੋਟ-ਈ-ਵੋਟਿੰਗ/ਈ-ਵੋਟਿੰਗ ਰਾਹੀਂ ਪਾ ਸਕਦੇ ਹਨ। ਈ-ਵੋਟਿੰਗ ਦੇ ਸੰਬੰਧ 'ਚ ਕਿਸੇ ਪੁੱਛਗਿੱਛ/ਜਾਂ ਮੁਸ਼ਕਲ ਲਈ ਤੁਸੀਂ ਸੀ ਡੀ ਐੱਸ ਐੱਲ ਦੇ ਡਾਊਨਲੋਡ ਸੈਕਸ਼ਨ 'ਤੇ ਉਪਲੱਬਧ ਸ਼ੇਅਰਧਾਰਕਾਂ ਲਈ ਅਕਸਰ ਪੁੱਛੇ ਜਾਂਦੇ ਸੁਆਲ (ਐੱਫ ਏ ਕਿਊਜ਼) ਅਤੇ ਈ-ਵੋਟਿੰਗ ਯੂਜ਼ਰ ਮੈਨੂਅਲ ਦਾ ਹਵਾਲਾ ਲੈ ਸਕਦੇ ਹੋ ਜਾਂ ਸ੍ਰੀ ਰਾਕੇਸ਼ ਦਾਲਵੀ, ਸੀਨੀਅਰ ਮੈਨੇਜਰ (ਸੀ ਡੀ ਐੱਸ ਐੱਲ), ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ, ਏ ਵਿੰਗ, 26ਵੀਂ ਮੰਜ਼ਲ, ਮੈਰਾਥਨ ਫਿਊਟਰੈਕਸ, ਮਫਤਲਾਲ ਮਿੱਲ ਕੰਪਾਊਂਡਸ, ਐੱਨ ਐੱਮ ਜੋਸ਼ੀ ਮਾਰਗ, ਲੋਅਰ ਪਾਰੇਲ (ਪੂਰਬੀ) ਮੁੰਬਈ-400013 ਨੂੰ ਬੇਨਤੀ ਭੇਜ ਕੇ ਜਾਂ helpdesk.evoting@cdslindia.com ਨੂੰ ਈ-ਮੇਲ ਭੇਜ ਕੇ ਜਾਂ ਟੋਲ ਫ੍ਰੀ ਨੰ. : 18002109911 'ਤੇ ਜਾਣਕਾਰੀ ਲੈ ਸਕਦੇ ਹੋ।

ਮੈਂਬਰ ਕੰਪਨੀ ਦੇ ਕੰਪਨੀ ਸੈਕਟਰੀ ਅਤੇ ਕੰਪਲਾਇੰਸ ਅਫਸਰ cs@abcotspin 'ਤੇ ਲਿਖ ਕੇ ਜਾਣਕਾਰੀ ਲੈ ਸਕਦੇ ਹਨ।

ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਏ ਜੀ ਐੱਮ ਨੋਟਿਸ ਨੂੰ ਧਿਆਨ ਨਾਲ ਪੜ੍ਹ ਲੈਣ ਅਤੇ ਖਾਸ ਕਰ ਏ ਜੀ ਐੱਮ 'ਚ ਸ਼ਾਮਲ ਹੋਣ ਦੀਆਂ ਹਦਾਇਤਾਂ, ਰਿਮੋਟ ਈ-ਵੋਟਿੰਗ/ਈ-ਵੋਟਿੰਗ ਰਾਹੀਂ ਵੋਟ ਪਾਉਣ ਦੇ ਤਰੀਕੇ ਨੂੰ ਧਿਆਨ ਨਾਲ ਪੜ੍ਹਨ।

ਵਾਸਤੇ ਏ ਬੀ ਕਾਟਸਪਿੰਨ ਇੰਡੀਆ ਲਿਮਿਟਿਡ
ਸਹੀ/-
ਦੀਪਕ ਗਰਗ
ਸਥਾਨ : ਬਠਿੰਡਾ, ਪੰਜਾਬ ਮੈਨੇਜਿੰਗ ਡਾਇਰੈਕਟਰ
ਮਿਤੀ : 05.09.2026 ਡੀ ਆਈ ਐਨ : 00843929

## LUDHIANA STOCK AND CAPITAL LIMITED

CIN:- U67120PB1981PLC004696
Regd. Office: Feroze Gandhi Market, Ludhiana
Ph: 0161-2405756, 4662014,4663014
E-mail ID: lse_cs@rediffmail.com, website:- www.lse.co.in

### NOTICE OF 44TH AGM, CUT-OFF, RECORD DATES AND BOOK CLOSURE PERIOD

Members please may note that the 44th Annual General Meeting ("AGM") of the Shareholders of the Company will be held on 28.09.2026 at 03:00 P.M. (IST) at First Floor, Ludhiana Stock Exchange Building, Feroze Gandhi Market, Ludhiana (Pb.)-141001, Registered Office of the Company.

Notice is hereby given pursuant to Section 91 of the Companies Act, 2013, as amended, that, the Register of Members & Share Transfer Books of the Company for fully paid-up Equity Shares will remain closed from 19.09.2026 to 28.09.2026 (both days inclusive) for the purpose of AGM and payment of dividend.

The final dividend of Rs. 15/- (150%) per Equity Shares of Rs. 10/- each as recommended by the Board of Directors at its meeting held on 27.08.2026, if approved, by the Shareholders at the ensuing AGM, will be paid after deduction of TDS, if applicable, to those Shareholders, whose names appear in the Register of Members of the Company as on 18.09.2026. In respect of Equity Shares held on electronic form, the dividend will be paid to the Beneficial Owners of shares as at the end of business hours on 18.09.2026, as per details furnished by the Depositories for this purpose.

**Members are requested to kindly take note of the following important dates:**

| Sr. No. | Particulars | Date |
|---|---|---|
| 1. | Date of Annual General Meeting (AGM) | 28.09.2026 (Monday) |
| 2. | Cut-off date for determining the Members entitled to receive the Notice of AGM | 28.08.2026 (Friday) |
| 3. | Last date for receipt of nominations from Members for election to the office of Director | 13.09.2026 (Sunday) Up to 03:00 P.M |
| 4. | Last date for withdrawal of Nomination by Candidate | 16.09.2026 (Wednesday) Up to 06.00 P.M |
| 5. | Cut Off date for determining the Members entitled to participate in and vote at the AGM | 18.09.2026 (Friday) |
| 6. | Record date for determining the Members entitled to receive dividend, if declared/ approved at the AGM | 18.09.2026 (Friday) |
| 7. | Book Closure Period | 19.09.2026-28.09.2026 (both days inclusive) |
| 8. | Last date for intimation to Members regarding the nominations received for election to the office of Director | 20.09.2026 (Sunday) |
| 9. | Last date up to which written Notice for Inspection of Proxies can be submitted with the Company | 23.09.2026 (Wednesday) Up to 06:00 P.M. |
| 10. | Last date for deposit of Proxy Forms | 26.09.2026 (Saturday) Up to 03:00 P.M. |
| 11. | Commencement of inspection of Proxies | 27.09.2026 (Sunday) From 10:00 A.M. |
| 12. | End of inspection of Proxies | Till conclusion of AGM on 28.09.2026 (Monday) |

For LUDHIANA STOCK AND CAPITAL LIMITED
ATUL CHIKERSAL
Place : Ludhiana (AUTHORISED SIGNATORY)
Date : 06-09-2026

## ਏ ਆਈ ਪਲੱਸ ਨੇ ਨੈਕਸਟ ਕਵਾਂਟਮ ਓ ਐੱਸ ਵੀ 1.1 ਕੀਤਾ ਪੇਸ਼

ਲੁਧਿਆਣਾ: ਏ ਆਈ ਪਲੱਸ ਸਮਾਰਟਫੋਨ ਨੇ ਨੈਕਸਟ ਕਵਾਂਟਮ ਓ ਐੱਸ ਵੀ 1.1 ਪੇਸ਼ ਕੀਤਾ ਹੈ, ਜੋ ਪ੍ਰਾਈਵੇਸੀ ਅਤੇ ਡਾਟਾ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਦਾ ਹੈ। ਕੰਪਨੀ ਮੁਤਾਬਕ ਓ ਐੱਸ ਵਿੱਚ ਐਪਲੀਕੇਸ਼ਨਾਂ ਦੀ ਡਿਵਾਇਸ ਅਤੇ ਡਾਟਾ ਤੱਕ ਪਹੁੰਚ ਬਾਰੇ ਯੂਜ਼ਰਾਂ ਨੂੰ ਵਧੇਰੇ ਜਾਣਕਾਰੀ ਤੇ ਕੰਟਰੋਲ ਮਿਲਦਾ ਹੈ। ਨੈਕਸਟ ਕਵਾਂਟਮ ਵੀ ਸਾਰਾ ਡਾਟਾ ਬਾਊਂਡ ਤਹਿਤ ਐਪ ਡਾਟਾ ਟ੍ਰੈਫਿਕ 100 ਫੀਸਦੀ ਭਾਰਤ ਵਿੱਚ ਹੋਸਟ ਕੀਤੇ ਇਨਫ੍ਰਾਸਟ੍ਰਕਚਰ ਰਾਹੀਂ ਰੂਟ ਕੀਤਾ ਜਾਂਦਾ ਹੈ। ਸਿਸਟਮ 1,000 ਤੋਂ ਵੱਧ ਕਨੈਕਸ਼ਨਾਂ ਅਤੇ 172 ਵਿਲੱਖਣ ਡੈਸਟੀਨੇਸ਼ਨ ਆਈਪੀਜ਼ ਦਾ ਆਟੋਮੈਟਿਕ ਵਿਸ਼ਲੇਸ਼ਣ ਕਰਦਾ ਹੈ। ਏਆਈ ਪਲੱਸ ਦੇ ਸੀ ਈ ਓ ਮਾਧਵ ਸੇਠ ਨੇ ਕਿਹਾ ਕਿ ਤਕਨਾਲੋਜੀ ਵਿੱਚ ਲੋਕਾਂ ਦਾ ਭਰੋਸਾ ਸਭ ਤੋਂ ਮਹੱਤਵਪੂਰਨ ਹੈ।

## ਪਬਲਿਕ ਨੋਟਿਸ

ਇਸ ਦੁਆਰਾ ਇਹ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੇਰੇ ਕਲਾਇੰਟ AU SMALL FINANCE BANK LIMITED [illegible] (18942 SQ. FEET), [illegible] 24883/16652 (9-1), 24884/16652-16655 (1-11), 24888/16653-16654 (6-0), 28889/16659 Kh. 2599, 2842, 2844, [illegible] 3016, 3260, 3269 [illegible] 26.06.2025 ਨੂੰ ਦੁਪਹਿਰ 3.00 ਵਜੇ ਜਲੰਧਰ ਦੇ ਨਿਊ ਕੋਰਟ ਏਰੀਆ ਦੇ ਨੇੜੇ, ਅਸਲ ਟਾਂਸਫਰ ਡੀਡ ਨੰਬਰ 1892/1 ਮਿਤੀ 28.09.2018 ਅਤੇ ਅਸਲ ਸੇਲ ਡੀਡ ਨੰਬਰ 7193 ਮਿਤੀ 28.02.2019 ਗੁਆ ਦਿੱਤੀ ਸੀ। ਦੋਵੇਂ ਦਸਤਾਵੇਜ਼ ਗੁੰਮ ਹੋ ਗਏ ਸਨ ਅਤੇ ਡੀ ਡੀ ਆਰ, ਜਿਸ ਬਾਰੇ ਡੀ ਡੀ ਆਰ ਨੰਬਰ 3417/ਜੇ ਏ ਐੱਲ ਮਿਤੀ 02.07.2025 ਵਿੱਚ ਦੱਸਿਆ ਗਿਆ ਹੈ। ਮਾਲਕ ਵਿੱਚ ਕੋਈ ਤੀਜੀ ਧਿਰ ਦਾ ਹਿੱਤ ਸ਼ਾਮਲ ਨਹੀਂ ਹੈ ਅਤੇ ਸਿਰਲੇਖ ਸਪੱਸ਼ਟ ਹੈ। ਜੇਕਰ ਕਿਸੇ ਨੂੰ ਹੇਠਾਂ ਦੱਸੀ ਜਾਇਦਾਦ ਦੀ ਮਾਲਕੀ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਹੇਠਾਂ ਹਸਤਾਖਰ ਕਰਨ ਵਾਲੇ ਨਾਲ ਸੰਪਰਕ ਕਰ ਸਕਦਾ ਹੈ ਅਤੇ ਕੋਈ ਵੀ ਵਿਅਕਤੀ ਜਿਸ ਕੋਲ ਇਸ ਜਾਇਦਾਦ 'ਤੇ ਕਿਸੇ ਵੀ ਤਰੀਕੇ ਨਾਲ ਪਹਿਲਾਂ ਤੋਂ ਕੋਈ ਅਧਿਕਾਰ ਜਾਂ ਹਿੱਤ ਹੈ ਜਾਂ ਕਿਸੇ ਵੀ ਵਿਅਕਤੀ/ਬੈਂਕ/ਕਾਰਪੋਰੇਸ਼ਨ/ਵਿੱਤੀ ਸੰਸਥਾ ਨੂੰ ਉਪਰੋਕਤ ਦਸਤਾਵੇਜ਼ ਜਮ੍ਹਾਂ ਕਰਵਾ ਕੇ ਕਰਜ਼ਾ ਲਿਆ ਹੈ, ਉਹ ਲਲਿਤ ਕੱਕੜ (ਐਡਵੋਕੇਟ) ਦਫਤਰ 91, ਨਿਊ ਹਰਬੰਸ ਨਗਰ, ਚੈਂਬਰ ਨੰਬਰ 24, ਮੰਨਤ ਹਸਪਤਾਲ ਦੇ ਸਾਹਮਣੇ, ਨਿਊ ਕੋਰਟਸ, ਜਲੰਧਰ-144002 ਐੱਮ ਨੰਬਰ 98761-07449 'ਤੇ ਸੰਪਰਕ ਕਰ ਸਕਦਾ ਹੈ ਅਤੇ ਇਸ ਨੋਟਿਸ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ ਇਤਰਾਜ਼ ਕਰਵਾ ਸਕਦਾ ਹੈ। ਇਸ ਮਿਆਦ ਦੀ ਸਮਾਪਤੀ ਤੋਂ ਬਾਅਦ ਕੋਈ ਵੀ ਦਾਅਵਾ ਵਿਚਾਰਿਆ ਨਹੀਂ ਜਾਵੇਗਾ ਅਤੇ ਅਜਿਹੇ ਦਾਅਵੇ ਨੂੰ ਝੂਠਾ, ਜਾਲ੍ਹੀ, ਬੇਤੁਕਾ, ਧੋਖਾਧੜੀ ਅਤੇ ਬੇਬੁਨਿਆਦ ਦਾਅਵਾ ਮੰਨਿਆ ਜਾਵੇਗਾ ਅਤੇ ਕਾਨੂੰਨ ਦੀਆਂ ਨਜ਼ਰਾਂ ਵਿੱਚ ਇਸ ਦਾ ਕੋਈ ਮੁੱਲ ਨਹੀਂ ਹੋਵੇਗਾ।

## VALLABH STEELS LIMITED

Regd. Off.: G.T. Road, Village Pawa, Sahnewal, Ludhiana-141 120(Punjab), India,
CIN: L27109PB1980PLC004327 Tel.:+91-161-2511413, Fax: +91-161-2511414,
E-mail: fin.ho@vallabhgroup.com website: www.vallabhsteelsltd.in

### 46ਵੀਂ ਸਾਲਾਨਾ ਜਨਰਲ ਮੀਟਿੰਗ ਅਤੇ ਈ-ਵੋਟਿੰਗ ਪ੍ਰਕਿਰਿਆਵਾਂ ਦਾ ਨੋਟਿਸ

ਇੱਥੇ ਇਹ ਸੂਚਨਾ ਦਿੱਤੀ ਜਾਂਦੀ ਹੈ ਕਿ ਵੱਲਭ ਸਟੀਲਜ਼ ਲਿਮਟਿਡ ਦੇ ਮੈਂਬਰਾਂ ਦੀ 46ਵੀਂ ਸਾਲਾਨ ਜਨਰਲ ਮੀਟਿੰਗ ('ਏ ਜੀ ਐਮ') ਬੁੱਧਵਾਰ, 30 ਸਤੰਬਰ, 2026 ਨੂੰ ਸਵੇਰੇ 10.00 ਵਜੇ ਕੰਪਨੀ ਦੇ ਰਜਿਸਟਰਡ ਦਫ਼ਤਰ ਜੀ.ਟੀ. ਰੋਡ, ਪਿੰਡ ਪਾਵਾ, ਸਾਹਨੇਵਾਲ, ਲੁਧਿਆਣਾ-141 120, ਪੰਜਾਬ ਵਿਖੇ ਏ ਜੀ ਐੱਮ ਦੇ 05 ਸਤੰਬਰ 2026, ਜੋ ਨੋਟਿਸਾਂ 'ਚ ਵੇਰਵੇ ਮੁਤਾਬਕ ਕਾਰੋਬਾਰਾਂ ਦੇ ਨਿਪਟਾਰੇ ਸੰਬੰਧੀ ਹੋਵੇਗੀ।

ਕੰਪਨੀ ਨੇ ਵਿੱਤੀ ਸਾਲ 2025-26 ਲਈ ਸਾਲਾਨਾ ਰਿਪੋਰਟ, 46ਵੀਂ ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ ਅਤੇ ਹਾਜ਼ਰੀ ਸਲਿੱਪ ਦੀਆਂ ਇਲੈਕਟ੍ਰਾਨਿਕ ਕਾਪੀਆਂ ਉਨ੍ਹਾਂ ਮੈਂਬਰਾਂ ਨੂੰ ਭੇਜੀਆਂ ਹਨ, ਜਿਨ੍ਹਾਂ ਨੇ ਆਪਣੇ ਈ-ਮੇਲ ਪਤੇ ਰਜਿਸਟਰ ਕੀਤੇ ਹਨ। ਵਿੱਤੀ ਸਾਲ 2025-26 ਲਈ ਸਾਲਾਨਾ ਰਿਪੋਰਟ ਦੀ ਇਲੈਕਟ੍ਰਾਨਿਕ ਕਾਪੀ ਅਤੇ 46ਵੀਂ ਏ ਜੀ ਐੱਮ ਲਈ ਨੋਟਿਸ ਕੰਪਨੀ ਦੀ ਵੈੱਬਸਾਈਟ www.vallabhsteelsltd.in 'ਤੇ ਵੀ ਉਪਲਬਧ ਹਨ। ਕੰਪਨੀ ਨੇ ਇਨ੍ਹਾਂ ਦਸਤਾਵੇਜ਼ਾਂ ਦੀਆਂ ਭੌਤਿਕ ਕਾਪੀਆਂ ਨੂੰ ਬਾਕੀ ਸਾਰੇ ਮੈਂਬਰਾਂ ਨੂੰ ਉਨ੍ਹਾਂ ਦੇ ਰਜਿਸਟਰਡ ਪਤੇ 'ਤੇ ਮਨਜ਼ੂਰਸ਼ੁਦਾ ਢੰਗ ਨਾਲ ਭੇਜਣ ਦਾ ਕੰਮ ਪੂਰਾ ਕਰ ਲਿਆ ਹੈ। ਇਸ ਦਾ ਈ-ਸੰਚਾਰ/ਡਿਸਪੈਚ 05 ਸਤੰਬਰ, 2026 ਸ਼ਨੀਵਾਰ ਨੂੰ ਪੂਰਾ ਹੋ ਗਿਆ ਹੈ।

ਧਾਰਾ 108 ਅਤੇ ਕੰਪਨੀਜ਼ ਐਕਟ, 2013 ਦੇ ਹੋਰ ਲਾਗੂ ਉਪਬੰਧਾਂ ਦੀ ਪਾਲਣਾ ਵਿੱਚ, ਜੋ ਕਿ ਕੰਪਨੀਜ਼ (ਪ੍ਰਬੰਧਨ ਅਤੇ ਪ੍ਰਸ਼ਾਸਨ) ਨਿਯਮਾਂ, 2014 ਦੇ ਨਿਯਮ 20 ਦੇ ਨਾਲ ਪੜ੍ਹੇ ਜਾਂਦੇ ਹਨ, ਜਿਵੇਂ ਕਿ ਸੋਧਿਆ ਗਿਆ ਹੈ ਅਤੇ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਨਿਯਮਾਂ, 2015 ਦੇ ਨਿਯਮ 44 ਦੀ ਪਾਲਣਾ ਵਿੱਚ, ਕੰਪਨੀ ਆਪਣੇ ਮੈਂਬਰਾਂ ਨੂੰ ਬੁੱਧਵਾਰ, 23 ਸਤੰਬਰ, 2026 ਤੱਕ ਭੌਤਿਕ ਜਾਂ ਡੀਮੈਟੀਰੀਅਲਾਈਜ਼ਡ ਰੂਪ ਵਿੱਚ ਸ਼ੇਅਰ ਰੱਖਣ ਦੀ ਸਹੂਲਤ ਪ੍ਰਦਾਨ ਕਰਕੇ ਖੁਸ਼ੀ ਪ੍ਰਾਪਤ ਕਰ ਰਹੀ ਹੈ, ਤਾਂ ਜੋ ਉਹ ਨੈਸ਼ਨਲ ਸਿਕਿਓਰਿਟੀਜ਼ ਡਿਪਾਜ਼ਟਰੀ ਲਿਮਟਿਡ (ਐਨ ਐਸ ਡੀ ਐਲ) ਦੁਆਰਾ ਪ੍ਰਦਾਨ ਕੀਤੇ ਗਏ ਈ-ਵੋਟਿੰਗ ਪਲੇਟਫਾਰਮ ਇਲੈਕਟ੍ਰੋਨਿਕ ਸਾਧਨਾਂ ਰਾਹੀਂ, ਏ ਜੀ ਐੱਮ ਵਿੱਚ ਵਿਚਾਰੇ ਜਾਣ ਵਾਲੇ ਪ੍ਰਸਤਾਵਾਂ 'ਤੇ ਵੋਟ ਪਾਉਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰ ਸਕਣ। ਮੈਂਬਰਾਂ ਨੂੰ ਈ-ਵੋਟਿੰਗ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਏ ਜੀ ਐੱਮ ਲਈ ਨਿਰਧਾਰਤ ਏਜੰਡੇ ਲਈ ਈ-ਵੋਟਿੰਗ ਦਾ ਸਮਾਂ ਐਤਵਾਰ, 27 ਸਤੰਬਰ, 2026 ਨੂੰ ਸਵੇਰੇ 9.00 ਵਜੇ (ਆਈ ਐੱਸ ਟੀ) ਤੋਂ ਸ਼ੁਰੂ ਹੋਵੇਗਾ ਅਤੇ ਮੰਗਲਵਾਰ, 29 ਸਤੰਬਰ, 2026 ਨੂੰ ਸ਼ਾਮ 5.00 ਵਜੇ (ਆਈ ਐੱਸ ਟੀ) 'ਤੇ ਖਤਮ ਹੋਵੇਗਾ। ਮੈਂਬਰ ਸ਼ਾਮ 5:00 ਵਜੇ ਆਈ ਐਸ ਟੀ ਤੋਂ ਬਾਅਦ ਮਤਿਆਂ 'ਤੇ ਈ-ਵੋਟਿੰਗ ਨਹੀਂ ਕਰ ਸਕਦੇ। ਰਿਮੋਟ ਈ-ਵੋਟਿੰਗ ਦੇ ਨਿਰਦੇਸ਼ਾਂ ਅਤੇ ਢੰਗ ਲਈ ਲੌਗਇਨ ਆਈ ਡੀ ਅਤੇ ਪਾਸਵਰਡ ਰਿਮੋਟ ਈ-ਵੋਟਿੰਗ ਲਈ ਕਿਰਪਾ ਕਰਕੇ ਏ ਜੀ ਐੱਮ ਦੇ ਨੋਟਿਸ ਵਿੱਚ ਨੋਟਸ ਸੈਕਸ਼ਨ ਦਾ ਹਵਾਲਾ ਲਓ।

ਬੈਲਟ ਪੇਪਰ ਰਾਹੀਂ ਵੋਟ ਪਾਉਣ ਦੀ ਸਹੂਲਤ ਏ ਜੀ ਐੱਮ ਵਿੱਚ ਉਨ੍ਹਾਂ ਮੈਂਬਰਾਂ ਲਈ ਉਪਲਬਧ ਕਰਵਾਈ ਜਾਵੇਗੀ, ਜਿਨ੍ਹਾਂ ਨੇ ਰਿਮੋਟ ਈ-ਵੋਟਿੰਗ ਰਾਹੀਂ ਆਪਣੀ ਵੋਟ ਨਹੀਂ ਪਾਈ ਅਤੇ ਏ ਜੀ ਐੱਮ ਵਿੱਚ ਮੌਜੂਦ ਹਨ। ਜਿਨ੍ਹਾਂ ਮੈਂਬਰਾਂ ਨੇ ਏ ਜੀ ਐੱਮ ਤੋਂ ਪਹਿਲਾਂ ਰਿਮੋਟ ਈ-ਵੋਟਿੰਗ ਰਾਹੀਂ ਆਪਣੀ ਵੋਟ ਪਾਈ ਹੈ, ਉਹ ਏ ਜੀ ਐੱਮ ਵਿੱਚ ਸ਼ਾਮਲ ਹੋ ਸਕਦੇ ਹਨ ਪਰ ਏ ਜੀ ਐੱਮ ਵਿੱਚ ਦੁਬਾਰਾ ਵੋਟ ਪਾਉਣ ਦੇ ਹੱਕਦਾਰ ਨਹੀਂ ਹੋਣਗੇ।

ਕੰਪਨੀ ਨੇ ਈ-ਵੋਟਿੰਗ ਪ੍ਰਕਿਰਿਆ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਚਲਾਉਣ ਲਈ ਸ੍ਰੀਮਤੀ ਕਾਜਲ ਰਾਏ, ਪ੍ਰੈਕਟਿਸਿੰਗ ਕੰਪਨੀ ਸੈਕਟਰੀ (ਮੈਸਰਜ਼ ਕਾਜਲ ਰਾਏ ਐਂਡ ਐਸੋਸੀਏਟਸ, ਲੁਧਿਆਣਾ ਦੀ ਮਾਲਕ) ਨੂੰ 'ਸਕਰੂਟੀਨਾਈਜ਼ਰ' ਵਜੋਂ ਨਿਯੁਕਤ ਕੀਤਾ ਹੈ। ਸਕਰੂਟੀਨਾਈਜ਼ਰ ਆਪਣੀ ਰਿਪੋਰਟ ਕੰਪਨੀ ਨੂੰ ਸੌਂਪੇਗਾ ਅਤੇ ਇਲੈਕਟ੍ਰਾਨਿਕ ਸਾਧਨਾਂ ਰਾਹੀਂ / ਜਾਂ ਬੈਲਟ ਪੇਪਰ ਰਾਹੀਂ ਵੋਟਿੰਗ ਦਾ ਨਤੀਜਾ ਕੰਪਨੀ ਦੇ ਏ ਜੀ ਐੱਮ 'ਤੇ ਜਾਂ ਬਾਅਦ ਵਿੱਚ ਘੋਸ਼ਿਤ ਕੀਤਾ ਜਾਵੇਗਾ। ਨਤੀਜਾ ਕੰਪਨੀ ਦੀ ਵੈੱਬਸਾਈਟ www.vallabhsteelsltd.in 'ਤੇ ਵੀ ਪੋਸਟ ਕੀਤਾ ਜਾਵੇਗਾ।

ਕਿਸੇ ਵੀ ਪੁੱਛਗਿੱਛ ਜਾਂ ਸ਼ਿਕਾਇਤ ਦੇ ਮਾਮਲੇ ਵਿੱਚ, ਤੁਸੀਂ www.evoting.nsdl.com 'ਤੇ ਉਪਲਬਧ ਅਕਸਰ ਪੁੱਛੇ ਜਾਂਦੇ ਸਵਾਲ (ਐਫ ਏ ਕਿਊ) ਅਤੇ ਰਿਮੋਟ ਈ-ਵੋਟਿੰਗ ਮੈਨੂਅਲ ਦਾ ਹਵਾਲਾ ਦੇ ਸਕਦੇ ਹੋ ਜਾਂ ਟੋਲ ਫ੍ਰੀ ਨੰਬਰ 1800-222-990 'ਤੇ ਕਾਲ ਕਰ ਸਕਦੇ ਹੋ।

ਵਾਸਤੇ ਵੱਲਭ ਸਟੀਲਜ਼ ਲਿਮਟਿਡ
ਸਹੀ/-
ਸਥਾਨ: ਲੁਧਿਆਣਾ (ਚਰਨਜੀਤ ਕੌਰ)
ਮਿਤੀ: 05-09-2026 ਕੰਪਨੀ ਸਕੱਤਰ

## Midland Microfin Limited

CIN: U65921PB1988PLC008430
Registered Office: The AXIS, Plot No.1, R.B. Badri Dass Colony, BMC Chowk, G.T. Road, Jalandhar-144001 (Punjab), Tel.:0181-5074000, Toll Free: 0181-5076000
E-mail: cs@midlandmicrofin.com | Website:www.midlandmicrofin.com

### ਕੰਪਨੀ ਦੇ ਮੈਂਬਰਾਂ ਦੇ ਧਿਆਨ ਹਿਤ ਸੂਚਨਾ

38ਵੀਂ (ਅਠੱਤੀਵੀਂ) ਸਾਲਾਨਾ ਜਨਰਲ ਮੀਟਿੰਗ (ਏ ਜੀ ਐਮ) ਅਤੇ ਈ-ਵੋਟਿੰਗ ਸੰਬੰਧੀ ਜਾਣਕਾਰੀ

ਇਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਮਿਡਲੈਂਡ ਮਾਈਕ੍ਰੋਫਿਨ ਲਿਮਿਟਿਡ ("ਕੰਪਨੀ") ਦੇ ਮੈਂਬਰਾਂ ਦੀ 38ਵੀਂ ਸਾਲਾਨਾ ਮੀਟਿੰਗ ("ਏ ਜੀ ਐਮ") ਮੰਗਲਵਾਰ, 29 ਸਤੰਬਰ, 2026 ਨੂੰ ਦੁਪਹਿਰ 3:00 ਵਜੇ (ਆਈ ਐਸ ਟੀ) ਵੀਡੀਓ ਕਾਨਫਰੰਸਿੰਗ/ਹੋਰ ਆਡੀਓ-ਵਿਜ਼ੂਅਲ ਮਾਧਿਅਮ ("ਵੀ ਸੀ/ਓ ਏ ਵੀ ਐਮ") ਸਹੂਲਤ ਰਾਹੀਂ ਆਯੋਜਿਤ ਕੀਤੀ ਜਾਵੇਗੀ।ਇਹ ਮੀਟਿੰਗ ਕੰਪਨੀਜ਼ ਐਕਟ, 2013 ਅਤੇ ਇਸ ਅਧੀਨ ਬਣਾਏ ਗਏ ਨਿਯਮਾਂ, ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਅਤੇ ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ ('ਸੇਬੀ') ਵੱਲੋਂ ਜਾਰੀ ਲਾਗੂ ਸਰਕੂਲਰਾਂ ਅਤੇ ਸੇਬੀ (ਲਿਸਟਿੰਗ ਆਬਲੀਗੇਸ਼ਨਰ ਐਂਡ ਸਿਡਕਲੋਜ਼ਰ ਰਿਕਵਾਇਰਮੈਂਟਸ) ਨਿਯਮਾਂਵਲੀ, 2015 ਦੇ ਲਾਗੂ ਪ੍ਰਬੰਧਾਂ ਦੀ ਪਾਲਣਾ ਕਰਦੇ ਹੋਏ ਕਰਵਾਈ ਜਾ ਰਹੀ ਹੈ।38ਵੀਂ ਏ ਜੀ ਐਮ ਬੁਲਾਉਣ ਵਾਲੀ ਸੂਚਨਾ, ਜਿਸ ਵਿੱਚ ਏ ਜੀ ਐਮ ਦੌਰਾਨ ਕੀਤੇ ਜਾਣ ਵਾਲੇ ਕਾਰੋਬਾਰਾਂ ਦਾ ਵੇਰਵਾ ਦਿੱਤਾ ਗਿਆ ਹੈ, ਅਤੇ ਵਿੱਤੀ ਵਰ੍ਹੇ 2025-26 ਦੀ ਸਾਲਾਨਾ ਰਿਪੋਰਟ ਉਨ੍ਹਾਂ ਸਾਰੇ ਮੈਂਬਰਾਂ ਨੂੰ ਈ-ਮੇਲ ਰਾਹੀਂ ਭੇਜ ਦਿੱਤੀ ਗਈ ਹੈ ਜਿਨ੍ਹਾਂ ਦਾ ਈ-ਮੇਲ ਪਤਾ ਉਨ੍ਹਾਂ ਦੇ ਸੰਬੰਧਤ ਡਿਪਾਜ਼ਟਰੀ ਭਾਗੀਦਾਰ ('ਡੀ ਪੀ')/ਕੰਪਨੀ ਦੇ ਰਜਿਸਟਰਾਰ ਅਤੇ ਸ਼ੇਅਰ ਟਰਾਂਸਫ਼ਰ ਏਜੰਟ (ਆਰ ਟੀ ਏ) ਕੋਲ ਰਜਿਸਟਰਡ ਹੈ ਅਤੇ ਜਿਨ੍ਹਾਂ ਨੇ ਸ਼ੁੱਕਰਵਾਰ, 28 ਅਗਸਤ, 2026 ਤੱਕ ਕੰਪਨੀ/ ਆਰ ਟੀ/ਡਿਪਾਜ਼ਟਰੀ ਕੋਲ ਆਪਣੇ ਈ-ਮੇਲ ਆਈ ਡੀ ਰਜਿਸਟਰ ਕਰਵਾਏ ਹੋਏ ਸਨ।ਈ-ਮੇਲ ਰਾਹੀਂ ਦਸਤਾਵੇਜ਼ ਭੇਜਣ ਦੀ ਪ੍ਰਕਿਰਿਆ 5 ਸਤੰਬਰ, 2026 ਨੂੰ ਪੂਰੀ ਕਰ ਲਈ ਗਈ ਸੀ।ਉਕਤ ਦਸਤਾਵੇਜ਼ ਕੰਪਨੀ ਦੀ ਵੈੱਬਸਾਈਟ www.midlandmicrofin.com, ਬੀ ਐਸ ਈ ਲਿਮਿਟਿਡ ਦੀ ਵੈੱਬਸਾਈਟ www.bseindia.com, ਇੰਡੀਆ ਇੰਟਰਨੈਸ਼ਨਲ ਐਕਸਚੇਂਜ (ਆਈ ਐਫ ਐਸ ਸੀ) ਦੀ ਵੈੱਬਸਾਈਟ www.indiainx.com ਅਤੇ ਸੀ ਡੀ ਐਸ ਐਲ ਦੀ ਵੈੱਬਸਾਈਟ www.evotingindia.com ਉੱਤੇ ਵੀ ਉਪਲਬਧ ਹਨ।

ਰਿਮੋਟ ਈ-ਵੋਟਿੰਗ : ਐਕਟ ਦੀ ਧਾਰਾ 108 ਨੂੰ ਕੰਪਨੀਜ਼ (ਮੈਨੇਜਮੈਂਟ ਐਂਡ ਐਡਮਿਨਸਟ੍ਰੇਸ਼ਨ) ਰੂਲਜ਼, 2014 ਦੇ ਰੂਲਜ਼ 20 ਅਤੇ ਸੇਬੀ (ਲਿਸਟਿੰਗ ਆਬਲੀਗੇਸ਼ਨ ਅਤੇ ਡਿਸਕਲੋਜ਼ਰ ਰਿਕਊਰਮੈਂਟਸ) ਨਿਯਮਾਂਵਾਲੀ, 2015 (ਸੇਬੀ ਲਿਸਟਿੰਗ ਨਿਯਮਾਂਵਾਲੀ) ਦੇ ਲਾਗੂ ਨਿਯਮਾਂ ਦੇ ਨਾਲ ਪੜ੍ਹਦੇ ਹੋਏ, ਕੰਪਨੀ 38ਵੀਂ ਏ ਜੀ ਐਮ ਦੀ ਸੂਚਨਾ ਵਿੱਚ ਦਰਜ ਸਾਰੇ ਮਤਿਆਂ ਉੱਤੇ ਈ-ਵੋਟਿੰਗ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ।ਕੰਪਨੀ ਨੇ ਰਿਮੋਟ ਈ-ਵੋਟਿੰਗ ਦੇ ਨਾਲ-ਨਾਲ ਏ ਜੀ ਐਮ ਦੌਰਾਨ ਈ-ਵੋਟਿੰਗ ਦੀ ਸਹੂਲਤ ਪ੍ਰਦਾਨ ਕਰਨ ਲਈ ਸੀ ਡੀ ਐਸ ਐਲ ਦੀਆਂ ਸੇਵਾਵਾਂ ਲਈਆਂ ਹਨ।ਮੈਂਬਰ ਵੀ ਸੀ/ਓ ਏ ਵੀ ਐਮ ਸਹੂਲਤ ਰਾਹੀਂ ਏ ਜੀ ਐਮ ਵਿੱਚ ਸ਼ਾਮਲ ਹੋ ਸਕਦੇ ਹਨ।ਇਸ ਲਈ ਸੀ ਡੀ ਐਸ ਐਲ ਦੀ ਈ-ਵੋਟਿੰਗ ਵੈੱਬਸਾਈਟ www.evotingindia.com ਉੱਤੇ ਉਪਲਬਧ ਲਾਈਵ ਸਟ੍ਰੀਮਿੰਗ ਲਿੰਕ ਰਾਹੀਂ ਆਪਣੇ ਲੌਗਇਨ ਵੇਰਵਿਆਂ ਦੀ ਵਰਤੋਂ ਕਰਕੇ ਅਤੇ ਕੰਪਨੀ ਦਾ ਈ ਵੀ ਐਸ ਐਨ ਚੁਣ ਕੇ ਏ ਜੀ ਐਮ ਵਿੱਚ ਸ਼ਾਮਲ ਹੋ ਸਕਦੇ ਹਨ।

ਵੀ ਸੀ/ਓ ਏ ਵੀ ਐਮ ਸਹੂਲਤ ਅਤੇ ਈ-ਵੋਟਿੰਗ ਸੰਬੰਧੀ ਮਹੱਤਵਪੂਰਨ ਵੇਰਵੇ (ਏ) ਰਿਮੋਟ ਈ-ਵੋਟਿੰਗ ਦਾ ਸਮਾਂ ਸ਼ੁੱਕਰਵਾਰ, 25 ਸਤੰਬਰ, 2026 ਨੂੰ ਸਵੇਰੇ 9:00 ਵਜੇ (ਆਈ ਐਸ ਟੀ) ਸ਼ੁਰੂ ਹੋਵੇਗਾ ਅਤੇ ਸੋਮਵਾਰ, 28 ਸਤੰਬਰ, 2026 ਨੂੰ ਸ਼ਾਮ 5:00 ਵਜੇ (ਆਈ ਐਸ ਟੀ) ਸਮਾਪਤ ਹੋਵੇਗਾ।ਇਸ ਤੋਂ ਬਾਅਦ ਸੀ ਡੀ ਐਸ ਐਲ ਵੱਲੋਂ ਰਿਮੋਟ ਈ-ਵੋਟਿੰਗ ਮਡਿਊਲ ਨੂੰ ਵੋਟਿੰਗ ਲਈ ਬੰਦ ਕਰ ਦਿੱਤਾ ਜਾਵੇਗਾ ਅਤੇ ਮੈਂਬਰ ਉਕਤ ਮਿਤੀ ਅਤੇ ਸਮੇਂ ਤੋਂ ਬਾਅਦ ਇਲੈਕਟ੍ਰਾਨਿਕ ਤਰੀਕੇ ਨਾਲ ਵੋਟ ਨਹੀਂ ਪਾ ਸਕਣਗੇ।(ਬੀ) ਮੈਂਬਰਾਂ ਦੇ ਵੋਟਿੰਗ ਅਧਿਕਾਰ ਕੰਪਨੀ ਦੀ ਭੁਗਤਾਨ ਕੀਤੀ ਇਕਵਿਟੀ ਸ਼ੇਅਰ ਪੂੰਜੀ ਵਿੱਚ ਉਨ੍ਹਾਂ ਦੀ ਹਿੱਸੇਦਾਰੀ ਦੇ ਅਨੁਪਾਤ ਵਿੱਚ ਹੋਣਗੇ, ਜਿਸ ਦੀ ਗਣਨਾ ਕੱਟ-ਆਫ ਮਿਤੀ, ਅਰਥਾਤ ਮੰਗਲਵਾਰ, 22 ਸਤੰਬਰ, 2026 ਦੇ ਆਧਾਰ 'ਤੇ ਕੀਤੀ ਜਾਵੇਗੀ।ਰਿਮੋਟ ਈ-ਵੋਟਿੰਗ ਦੀ ਸਹੂਲਤ ਏ ਜੀ ਐਮ ਦੌਰਾਨ ਵੀ ਉਪਲਬਧ ਰਹੇਗੀ।ਏ ਜੀ ਐਮ ਵਿੱਚ ਸ਼ਾਮਲ ਹੋਣ ਵਾਲੇ ਉਹ ਮੈਂਬਰ, ਜਿਨ੍ਹਾਂ ਨੇ ਪਹਿਲਾਂ ਰਿਮੋਟ ਈ-ਵੋਟਿੰਗ ਰਾਹੀਂ ਆਪਣੀ ਵੋਟ ਨਹੀਂ ਪਾਈ, ਉਹ ਏ ਜੀ ਐਮ ਦੌਰਾਨ ਆਪਣਾ ਵੋਟਿੰਗ ਅਧਿਕਾਰ ਵਰਤ ਸਕਣਗੇ।ਕੇਵਲ ਉਹੀ ਵਿਅਕਤੀ ਰਿਮੋਟ ਈ-ਵੋਟਿੰਗ ਦੀ ਸਹੂਲਤ ਲੈਣ ਦਾ ਹੱਕਦਾਰ ਹੋਵੇਗਾ, ਜਿਸ ਦਾ ਨਾਂਅ ਕੱਟ-ਆਫ ਮਿਤੀ ਨੂੰ ਮੈਂਬਰਾਂ ਦਾ ਰਜਿਸਟਰ/ਲਾਭਕਾਰੀ ਮਾਲਕਾਂ ਦੇ ਰਜਿਸਟਰ ਵਿੱਚ ਦਰਜ ਹੋਵੇਗਾ। (ਸੀ) ਕੋਈ ਗੈਰ-ਵਿਅਕਤੀਗਤ ਸ਼ੇਅਰਧਾਰਕ ਜਾਂ ਭੌਤਿਕ ਰੂਪ ਵਿੱਚ ਸਕਿਉਰਿਟੀਜ਼ ਰੱਖਣ ਵਾਲਾ ਸ਼ੇਅਰਧਾਰਕ, ਜੋ ਏ ਜੀ ਐਮ ਦੀ ਸੂਚਨਾ ਭੇਜੇ ਜਾਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਹਾਸਲ ਕਰਦਾ ਹੈ ਅਤੇ ਮੈਂਬਰ ਬਣਦਾ ਹੈ ਅਤੇ ਕੱਟ-ਆਫ ਮਿਤੀ ਨੂੰ ਸ਼ੇਅਰ ਰੱਖਦਾ ਹੈ, ਈ-ਵੋਟਿੰਗ ਲਈ ਯੂਜ਼ਰ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰਨ ਵਾਸਤੇ helpdesk.evoting@cdsl.com 'ਤੇ ਬੇਨਤੀ ਭੇਜ ਸਕਦਾ ਹੈ।ਹਾਲਾਂਕਿ, ਜੇਕਰ ਸ਼ੇਅਰਧਾਰਕ ਪਹਿਲਾਂ ਹੀ ਸੀ ਡੀ ਐਸ ਐਲ ਦੀ ਰਿਮੋਟ ਈ-ਵੋਟਿੰਗ ਪ੍ਰਣਾਲੀ ਨਾਲ ਰਜਿਸਟਰਡ ਹੈ, ਤਾਂ ਉਹ ਆਪਣੀ ਮੌਜੂਦਾ ਯੂਜ਼ਰ ਆਈ ਡੀ ਅਤੇ ਪਾਸਵਰਡ ਦੀ ਵਰਤੋਂ ਕਰਕੇ ਵੋਟ ਪਾ ਸਕਦਾ ਹੈ।ਇਲੈਕਟ੍ਰਾਨਿਕ ਰੂਪ ਵਿੱਚ ਸਕਿਉਰਿਟੀਜ਼ ਰੱਖਣ ਵਾਲੇ ਵਿਅਕਤੀਗਤ ਸ਼ੇਅਰਧਾਰਕ, ਜੋ ਏ ਜੀ ਐਮ ਦੀ ਸੂਚਨਾ ਭੇਜੇ ਜਾਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਹਾਸਲ ਕਰਦੇ ਹਨ, ਮੈਂਬਰ ਬਣਦੇ ਹਨ ਅਤੇ ਕੱਟ-ਆਫ ਮਿਤੀ ਨੂੰ ਸ਼ੇਅਰ ਰੱਖਦੇ ਹਨ, ਉਨ੍ਹਾਂ ਨੂੰ ਏ ਜੀ ਐਮ ਦੀ ਸੂਚਨਾ ਵਿੱਚ ਦਿੱਤੇ ਗਏ ਕਦਮਾਂ ਦੀ ਪਾਲਣਾ ਕਰਨੀ ਹੋਵੇਗੀ।ਜਿਸ ਵਿਅਕਤੀ ਦਾ ਨਾਂ ਕੱਟ-ਆਫ ਮਿਤੀ ਨੂੰ ਮੈਂਬਰ ਵਜੋਂ ਦਰਜ ਨਹੀਂ ਹੈ, ਉਹ ਏ ਜੀ ਐਮ ਦੀ ਸੂਚਨਾ ਨੂੰ ਕੇਵਲ ਜਾਣਕਾਰੀ ਲਈ ਮੰਨੇ।(ਡੀ) ਜਿਨ੍ਹਾਂ ਮੈਂਬਰਾਂ ਨੇ ਏ ਜੀ ਐਮ ਤੋਂ ਪਹਿਲਾਂ ਰਿਮੋਟ ਈ-ਵੋਟਿੰਗ ਰਾਹੀਂ ਆਪਣੀ ਵੋਟ ਪਾ ਦਿੱਤੀ ਹੈ, ਉਹ ਇਲੈਕਟ੍ਰਾਨਿਕ ਮਾਧਿਅਮ ਰਾਹੀਂ ਏ ਜੀ ਐਮ ਵਿੱਚ ਸ਼ਾਮਲ ਤਾਂ ਹੋ ਸਕਦੇ ਹਨ, ਪਰ ਉਹ ਦੁਬਾਰਾ ਵੋਟ ਪਾਉਣ ਦੇ ਹੱਕਦਾਰ ਨਹੀਂ ਹੋਣਗੇ।

ਰਿਮੋਟ ਈ-ਵੋਟਿੰਗ ਅਤੇ ਵੀ ਸੀ ਸਹੂਲਤ ਸੰਬੰਧੀ ਕੁਝ ਮਹੱਤਵਪੂਰਨ ਵੇਰਵੇ ਹੇਠਾਂ ਦਿੱਤੇ ਗਏ ਹਨ :

| | |
|---|---|
| ਰਿਮੋਟ ਈ-ਵੋਟਿੰਗ ਅਤੇ ਵੀ ਸੀ ਲਈ ਲਿੰਕ | www.evotingindia.com |
| ਈ ਵੀ ਐੱਸ ਐੱਨ (ਈ-ਵੋਟਿੰਗ ਕ੍ਰਮ ਨੰਬਰ) | 260901021 |
| ਰਿਮੋਟ ਈ-ਵੋਟਿੰਗ ਜਾਂ ਏ ਜੀ ਐੱਮ ਦੌਰਾਨ ਵੋਟ ਪਾਉਣ ਵਾਲੇ ਮੈਂਬਰਾਂ ਦੀ ਨਿਰਧਾਰਤ ਕੱਟ-ਆਫ ਡੇਟ | ਮੰਗਲਵਾਰ 22 ਸਤੰਬਰ 2026 |
| ਰਿਮੋਟ ਈ-ਵੋਟਿੰਗ ਸਮੇਂ ਦੀ ਆਰੰਭਤਾ | ਸ਼ੁੱਕਰਵਾਰ 25 ਸਤੰਬਰ 2026 (9.00 ਵਜੇ ਸਵੇਰੇ ਆਈ ਐੱਸ ਟੀ) |
| ਰਿਮੋਟ ਈ-ਵੋਟਿੰਗ ਸਮੇਂ ਦੀ ਸਮਾਪਤੀ | ਸੋਮਵਾਰ 28 ਸਤੰਬਰ 2026 (5.00 ਵਜੇ ਸ਼ਾਮ ਆਈ ਐੱਸ ਟੀ) |

ਏ ਜੀ ਐਮ ਦੌਰਾਨ ਵੀ ਈ-ਵੋਟਿੰਗ ਦੀ ਸਹੂਲਤ ਉਪਲਬਧ ਕਰਵਾਈ ਜਾਵੇਗੀ, ਤਾਂ ਜੋ ਉਹ ਮੈਂਬਰ, ਜਿਨ੍ਹਾਂ ਨੇ ਰਿਮੋਟ ਈ-ਵੋਟਿੰਗ ਰਾਹੀਂ ਆਪਣੀ ਵੋਟ ਨਹੀਂ ਪਾਈ ਹੈ, ਆਪਣੇ ਵੋਟਿੰਗ ਅਧਿਕਾਰ ਦੀ ਵਰਤੋਂ ਕਰ ਸਕਣ। ਜਿਨ੍ਹਾਂ ਮੈਂਬਰਾਂ ਨੇ ਏ ਜੀ ਐਮ ਤੋਂ ਪਹਿਲਾਂ ਰਿਮੋਟ ਈ-ਵੋਟਿੰਗ ਰਾਹੀਂ ਆਪਣੀ ਵੋਟ ਪਾ ਦਿੱਤੀ ਹੈ, ਉਹ ਏ ਜੀ ਐਮ ਵਿੱਚ ਸ਼ਾਮਲ ਹੋ ਸਕਦੇ ਹਨ, ਪਰ ਉਹ ਦੁਬਾਰਾ ਆਪਣੀ ਵੋਟ ਪਾਉਣ ਦੇ ਹੱਕਦਾਰ ਨਹੀਂ ਹੋਣਗੇ। ਕਿਸੇ ਮੈਂਬਰ ਵੱਲੋਂ ਕਿਸੇ ਮਤੇ ਉੱਤੇ ਇੱਕ ਵਾਰ ਵੋਟ ਪਾ ਦਿੱਤੇ ਜਾਣ ਤੋਂ ਬਾਅਦ, ਉਸ ਨੂੰ ਬਾਅਦ ਵਿੱਚ ਆਪਣੀ ਵੋਟ ਬਦਲਣ ਜਾਂ ਦੁਬਾਰਾ ਵੋਟ ਪਾਉਣ ਦੀ ਇਜਾਜ਼ਤ ਨਹੀਂ ਹੋਵੇਗੀ।

ਜਿਨ੍ਹਾਂ ਮੈਂਬਰਾਂ ਨੇ ਅਜੇ ਤੱਕ ਆਪਣਾ ਈ-ਮੇਲ ਪਤਾ ਰਜਿਸਟਰ ਨਹੀਂ ਕਰਵਾਇਆ, ਉਨ੍ਹਾਂ ਨੂੰ ਈ-ਵੋਟਿੰਗ ਲਈ ਲੌਗਇਨ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰਨ ਵਾਸਤੇ ਆਪਣਾ ਈ-ਮੇਲ ਪਤਾ ਰਜਿਸਟਰ ਕਰਵਾਉਣ ਲਈ ਹੇਠਾਂ ਦਿੱਤੀ ਪ੍ਰਕਿਰਿਆ ਬੁੱਧਵਾਰ, 23 ਸਤੰਬਰ, 2026 ਨੂੰ ਸ਼ਾਮ 5:00 ਵਜੇ (ਆਈ ਐਸ ਟੀ) ਜਾਂ ਇਸ ਤੋਂ ਪਹਿਲਾਂ ਪੂਰੀ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਨਿੱਜੀ ਵੇਰਵੇ ਰਜਿਸਟਰ/ਅਪਡੇਟ ਕਰਨ ਦੀ ਵਿਧੀ:

I) ਭੌਤਿਕ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਉਹ ਮੈਂਬਰ, ਜਿਨ੍ਹਾਂ ਨੇ ਆਪਣਾ ਈ-ਮੇਲ ਪਤਾ ਜਾਂ ਹੋਰ ਵੇਰਵੇ, ਜਿਵੇਂ ਕਿ ਬੈਂਕ ਖਾਤੇ ਦੀ ਜਾਣਕਾਰੀ, ਰਜਿਸਟਰ/ਅਪਡੇਟ ਨਹੀਂ ਕਰਵਾਏ ਹਨ, ਉਹ ਲੋੜੀਂਦੇ ਦਸਤਾਵੇਜ਼ਾਂ ਸਮੇਤ ਇਹ ਵੇਰਵੇ ਕੰਪਨੀ ਦੇ ਰਜਿਸਟਰਾਰ ਅਤੇ ਸ਼ੇਅਰ ਟ੍ਰਾਂਸਫਰ ਏਜੰਟ (ਆਰ ਟੀ ਏ) ਕੋਲ ਰਜਿਸਟਰ/ਅਪਡੇਟ ਕਰਵਾਉਣ।

II) ਇਲੈਕਟ੍ਰਾਨਿਕ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਉਹ ਮੈਂਬਰ, ਜਿਨ੍ਹਾਂ ਨੇ ਆਪਣਾ ਈ-ਮੇਲ ਪਤਾ ਅਤੇ ਹੋਰ ਵੇਰਵੇ ਰਜਿਸਟਰ/ਅਪਡੇਟ ਨਹੀਂ ਕਰਵਾਏ, ਉਹ ਆਪਣੇ ਸੰਬੰਧਤ ਡਿਪਾਜ਼ਟਰੀ ਭਾਗੀਦਾਰ (ਡੀ ਪੀ) ਕੋਲ ਇਹ ਵੇਰਵੇ ਰਜਿਸਟਰ/ਅਪਡੇਟ ਕਰਵਾਉਣ।

ਰਿਮੋਟ ਈ-ਵੋਟਿੰਗ ਨਾਲ ਸੰਬੰਧਤ ਕਿਸੇ ਵੀ ਸਵਾਲ/ਸ਼ਿਕਾਇਤ (ਏ ਜੀ ਐਮ ਤੋਂ ਪਹਿਲਾਂ ਜਾਂ ਏ ਜੀ ਐਮ ਦੌਰਾਨ) ਲਈ ਸ਼ੇਅਰਧਾਰਕ ਅਕਸਰ ਪੁੱਛੇ ਜਾਣ ਵਾਲੇ ਸਵਾਲ (ਐਫ ਏ ਕਿਊਜ਼) ਦਾ ਹਵਾਲਾ ਲੈ ਸਕਦੇ ਹਨ ਅਤੇ helpdesk.evoting@cdslindia.com 'ਤੇ ਈ-ਮੇਲ ਕਰ ਸਕਦੇ ਹਨ ਜਾਂ ਟੋਲ-ਫ੍ਰੀ ਨੰਬਰ 1800 21 09911 'ਤੇ ਸੰਪਰਕ ਕਰ ਸਕਦੇ ਹਨ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਐਕਟ ਦੀ ਧਾਰਾ 91 ਅਨੁਸਾਰ, ਕੰਪਨੀ ਦੇ ਮੈਂਬਰਾਂ ਦਾ ਰਜਿਸਟਰ ਬੁੱਧਵਾਰ, 23 ਸਤੰਬਰ, 2026 ਤੋਂ ਮੰਗਲਵਾਰ, 29 ਸਤੰਬਰ, 2026 ਤੱਕ (ਦੋਵੇਂ ਦਿਨ ਸ਼ਾਮਲ) ਬੰਦ ਰਹੇਗਾ।ਇਸ ਦਾ ਉਦੇਸ਼ ਉਹਨਾਂ ਮੈਂਬਰਾਂ ਦੇ ਨਾਂ ਨਿਰਧਾਰਤ ਕਰਨਾ ਹੈ, ਜੋ 31 ਮਾਰਚ, 2026 ਨੂੰ ਸਮਾਪਤ ਹੋਏ ਵਿੱਤੀ ਵਰ੍ਹੇ ਲਈ ਪਹਿਲਾਂ ਤੋਂ ਨਿਰਧਾਰਤ ਦਰਾਂ ਅਨੁਸਾਰ ਤਰਜੀਹੀ ਸ਼ੇਅਰਾਂ ਉੱਤੇ ਲਾਭਅੰਸ਼ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ।

ਬੋਰਡ ਦੇ ਨਿਰਦੇਸ਼ ਅਨੁਸਾਰ
ਵਾਸਤੇ ਮਿਡਲੈਂਡ ਮਾਈਕਰੋਫਿਨ ਲਿਮਟਿਡ
ਸਹੀ/-
ਮਿਤੀ :05 ਸਤੰਬਰ 2026 ਕਪਿਲ ਕੁਮਾਰ ਰੁਹੇਲਾ
ਸਥਾਨ : ਜਲੰਧਰ ਕੰਪਨੀ ਸਕੱਤਰ ਅਤੇ ਮੁੱਖ ਪਾਲਣਾ ਅਧਿਕਾਰੀ

## ਜਸਬੀਰ ਸਿੰਘ ਝੁੱਗੀਆਂ ਤੇ ਜਸਵਿੰਦਰ ਸਿੰਘ ਝੁੱਗੀਆਂ ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ, ਸਕੱਤਰ ਚੁਣੇ ਗਏ



ਵਲਟੋਹਾ, (ਰਣਜੀਤ ਸਿੰਘ) ਦਿਹਾਤੀ ਮਜ਼ਦੂਰ ਸਭਾ ਵੱਲੋਂ ਪਿੰਡ ਕਾਲੂ ਦੀਆਂ ਝੁੱਗੀਆਂ ਵਿਖੇ ਜਨਰਲ ਬਾਡੀ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਔਰਤਾਂ ਅਤੇ ਮਰਦਾਂ ਨੇ ਹਿੱਸਾ ਲਿਆ, ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ ਨੇ ਬੋਲਦਿਆਂ ਕਿਹਾ ਕਿ ਕੇਂਦਰ ਅਤੇ ਪੰਜਾਬ ਦੀ ਸਰਕਾਰ ਵੱਲੋਂ ਮਨਰੇਗਾ ਸਕੀਮ ਨੂੰ ਖ਼ਤਮ ਕਰਕੇ ਵੀ ਬੀ ਜੀ ਰਾਮ ਜੀ ਵਰਗੇ ਨਵੇਂ ਕਾਨੂੰਨ ਲਿਆਂਦੇ ਗਏ ਹਨ, ਜੋ ਕਿ ਮਜ਼ਦੂਰਾਂ ਦੀ ਕਿਰਤ ਉੱਤੇ ਡਾਕਾ ਮਾਰਿਆ ਗਿਆ ਹੈ।ਉਹਨਾਂ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਮਨਰੇਗਾ ਸਕੀਮ ਦਾ ਪਹਿਲਾ ਸਰੂਪ ਬਹਾਲ ਕੀਤਾ ਜਾਵੇ ਅਤੇ ਗਰੀਬ ਲੋਕਾਂ ਨੂੰ ਮਨਰੇਗਾ ਸਕੀਮ ਤਹਿਤ ਸਾਲ ਵਿੱਚ ਪੂਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਦਿਹਾੜੀ 700 ਰੁਪਏ ਕੀਤੀ ਜਾਵੇ, ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨ ਘੱਟ- ਘੱਟ 5 ਹਜ਼ਾਰ ਕੀਤੀ ਜਾਵੇ ਅਤੇ ਪੰਚਾਇਤੀ ਜ਼ਮੀਨਾਂ ਵਿੱਚੋਂ ਪੰਜ-ਪੰਜ ਮਰਲੇ ਦੇ ਪਲਾਟ ਦਿੱਤੇ ਜਾਣ ਅਤੇ ਪੰਜ ਲੱਖ ਦੀ ਗ੍ਰਾਂਟ ਜਾਰੀ ਕੀਤੀ ਜਾਵੇ, ਜੇਕਰ ਇਹਨਾਂ ਹੱਕੀ ਤੇ ਵਾਜਿਬ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਦਿਹਾਤੀ ਮਜ਼ਦੂਰ ਸਭਾ ਵੱਲੋਂ ਮਿਤੀ 11, 12 ਅਕਤੂਬਰ ਨੂੰ ਮੁੱਖ ਮੰਤਰੀ ਦੇ ਸੰਗਰੂਰ ਵਾਲੇ ਘਰ ਦੇ ਅੱਗੇ 2 ਦਿਨ ਰਾਤ-ਦਿਨ ਦਾ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਜਾਵੇਗਾ।ਮੀਟਿੰਗ ਦੇ ਅੰਤ ਵਿੱਚ ਦਿਹਾਤੀ ਮਜ਼ਦੂਰ ਸਭਾ ਬ੍ਰਾਂਚ ਕਾਲੂ ਦੀਆਂ ਝੁੱਗੀਆਂ ਦੀ ਚੋਣ ਕੀਤੀ ਗਈ ਜਿਸ ਵਿੱਚ ਜਸਬੀਰ ਸਿੰਘ ਪ੍ਰਧਾਨ, ਜਸਵਿੰਦਰ ਸਿੰਘ ਸਕੱਤਰ, ਜਸਪਾਲ ਸਿੰਘ ਮੀਤ ਪ੍ਰਧਾਨ ਚੁਣੇ ਜਾਣ ਤੋਂ ਇਲਾਵਾ 11 ਮੈਂਬਰੀ ਕਮੇਟੀ ਚੁਣੀ ਗਈ।

## ਬਲਾਕ ਪੱਧਰੀ ਟੂਰਨਾਮੈਂਟ ਭਲਕ ਤੋਂ

ਬਟਾਲਾ (ਤਰਲੋਕ ਬੱਗਾ) ਪੰਜਾਬ ਸਰਕਾਰ ਵਲੋਂ ਖੇਡਾਂ ਵਤਨ ਪੰਜਾਬ ਦੀਆਂ-2026 ਕਰਵਾਈਆਂ ਜਾ ਰਹੀ ਹਨ, ਜਿਸ ਸਬੰਧੀ ਜ਼ਿਲ੍ਹਾ ਗੁਰਦਾਸਪੁਰ ਵਿੱਚ ਬਲਾਕ ਪੱਧਰੀ ਟੂਰਨਾਮੈਂਟ 7 ਸਤੰਬਰ ਤੋਂ 16 ਸਤੰਬਰ ਤੱਕ ਅਤੇ ਜ਼ਿਲ੍ਹਾ ਪੱਧਰੀ ਮੁਕਾਬਲੇ 22 ਸਤੰਬਰ ਤੋਂ 1 ਅਕਤੂਬਰ ਤੱਕ ਹੋਣਗੇ। ਚਾਹਵਾਨ ਨੌਜਵਾਨ ਪੋਰਟਲ 'ਤੇ ਰਜ਼ਿਸਟਰੇਸ਼ਨ ਕਰ ਸਕਦੇ ਹਨ ਜ਼ਿਲ੍ਹਾ ਖੇਡ ਅਫਸਰ ਗੁਰਦਾਸਪੁਰ ਸਿਮਰਨਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਦੀਆਂ ਵਿਖੇ 7 ਸਤੰਬਰ ਤੋਂ 9 ਸਤੰਬਰ ਨੂੰ ਬਾਬਾ ਰਾਮ ਥੰਮਣ ਯਾਦਗਾਰੀ ਸਟੇਡੀਅਮ, ਖੁਜਾਲਾ ਵਿਖੇ, 7 ਸਤੰਬਰ ਤੋਂ 9 ਸਤੰਬਰ ਨੂੰ ਆਈ.ਟੀ.ਆਈ. ਬਟਾਲਾ, 7 ਸਤੰਬਰ ਤੋਂ 9 ਸਤੰਬਰ ਨੂੰ ਹਾਕੀ ਸੈਂਟਰ, ਘੁੰਮਣ ਕਲਾਂ, 7 ਸਤੰਬਰ ਤੋਂ 9 ਸਤੰਬਰ ਤੱਕ ਸ੍ਰੀ ਹਰਗੋਬਿੰਦਪੁਰ ਸਾਹਿਬ ਬਾਬਾ ਨਾਮਦੇਵ ਜੀ ਸਪੋਰਟਸ ਸਟੇਡੀਅਮ, ਘੁਮਾਣ ਵਿਖੇ ਟੂਰਨਾਮੈਂਟ ਹੋਣਗੇ। ਇਸੇ ਤਰ੍ਹਾ 10 ਸਤੰਬਰ ਤੋ 12 ਸਤੰਬਰ ਨੂੰ ਕਾਹਨੂੰਵਾਨ,ਗ੍ਰਾਮ ਪੰਚਾਇਤ, ਖੇਡ ਗਰਾਊਂਡ, ਪਿੰਡ ਸਠਿਆਲੀ, 10 ਸਤੰਬਰ ਤੋ 12 ਸਤੰਬਰ ਨੂੰ ਗੁਰਦਾਸਪੁਰ, ਸਰਕਾਰੀ ਕਾਲਜ, ਗੁਰਦਾਸਪੁਰ, 10 ਸਤੰਬਰ ਤੋ 12 ਸਤੰਬਰ ਨੂੰ ਦੋਰਾਂਗਲਾ,ਨਵੋਦਿਆ ਸਕੂਲ, ਪਿੰਡ ਦਬੁਰੀ ਅਤੇ ਸਰਕਾਰੀ ਸ.ਸ ਸਕੂਲ, ਝਬਕਰਾਂ, 10 ਸਤੰਬਰ ਤੋ 12 ਸਤੰਬਰ ਨੂੰ ਦੀਨਾਨਗਰ ਐਸ.ਐਸ.ਐਮ ਕਾਲਜ, ਦੀਨਾਨਗਰ ਅਤੇ ਸਰਕਾਰੀ ਸ.ਸ.ਸਕੂਲ ਲੜਕੀਆਂ, ਵਿਖੇ ਟੂਰਨਾਮੈਂਟ ਹੋਣਗੇ। ਉਨ੍ਹਾਂ ਦੱਸਿਆ ਕਿ 14 ਸਤੰਬਰ ਤੋਂ 16 ਸਤੰਬਰ ਨੂੰ ਡੇਰਾ ਬਾਬਾ ਨਾਨਕ, ਸ਼ਹੀਦ ਭਗਤ ਸਿੰਘ ਖੇਡ ਸਟੇਡੀਅਮ, ਡੇਰਾ ਬਾਬਾ ਨਾਨਕ, 14 ਸਤੰਬਰ ਤੋ 16 ਸਤੰਬਰ ਨੂੰ ਫਤਿਹਗੜ੍ਹ ਚੂੜੀਆ, ਸਰਕਾਰੀ ਸ.ਸ. ਸਕੂਲ, ਕਾਲਾ ਅਫਗਾਨਾਂ (ਆਜਮਪੁਰ), 14 ਸਤੰਬਰ ਤੋ 16 ਸਤੰਬਰ ਤੱਕ ਕਲਾਨੌਰ ਸ਼ਹੀਦ ਭਗਤ ਸਿੰਘ ਸਟੇਡੀਅਮ, ਅਗਵਾਨ ਰੋਡ, ਕਲਾਨੌਰ ਵਿਖੇ ਬਲਾਕ ਪੱਧਰੀ ਟੂਰਨਾਮੈਂਟ ਕਰਵਾਏ ਜਾ ਰਹੇ ਹਨ।

## ਕਲਾਸੀਫਾਈਡ ਇਸ਼ਤਿਹਾਰ

### ਜਨਤਕ ਸੂਚਨਾ

ਮੈਂ, ਸ਼ੌਰਿਆ ਮਹਿਰਾ, ਅੰਮ੍ਰਿਤਸਰ, ਸੂਚਿਤ ਕਰਦਾ ਹਾਂ ਕਿ ਪ੍ਰਾਪਰਟੀ ਨੰ. 91, 92, 93, 94, 95, 96, 100, 101, 102, 103 ਅਤੇ 104, ਡੀ.ਆਰ. ਐਨਕਲੇਵ, ਏਅਰਪੋਰਟ ਰੋਡ, ਅੰਮ੍ਰਿਤਸਰ; ਪਿੰਡ ਰੱਖ ਸ਼ਿਕਾਰਗਾਹ, ਅੰਮ੍ਰਿਤਸਰ ਵਿਖੇ ਜ਼ਮੀਨ; ਅਤੇ ਸਬ ਅਰਬਨ ਬਟਾਲਾ ਰੋਡ, ਅੰਮ੍ਰਿਤਸਰ ਵਿਖੇ ਪ੍ਰਾਪਰਟੀ ਨਾਲ ਸਬੰਧਤ ਅਸਲ ਦਸਤਾਵੇਜ਼, ਜੋ ਆਪਣੇ-ਆਪਣੇ ਮਾਲਕਾਂ ਨਾਲ ਸਬੰਧਤ ਹਨ, 30.08.2026 ਨੂੰ ਲਾਰੈਂਸ ਰੋਡ, ਅੰਮ੍ਰਿਤਸਰ ਵਿਖੇ ਗੁੰਮ ਹੋ ਗਏ ਸਨ। ਜੇਕਰ ਕਿਸੇ ਨੂੰ ਮਿਲਣ ਤਾਂ ਕਿਰਪਾ ਕਰਕੇ 99142 15599 'ਤੇ ਸੰਪਰਕ ਕਰਕੇ ਵਾਪਸ ਕਰ ਦਿਓ।

### ਆਮ ਸੂਚਨਾ

ਮੈਂ, ਅਮਰੀਕ ਸਿੰਘ ਪੁੱਤਰ ਸ਼ੰਗਾਰਾ ਸਿੰਘ ਵਾਸੀ ਪਿੰਡ ਅਤੇ ਡਾਕਖਾਨਾ, ਨਾਗ ਕਲਾਂ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਗੁਰਮੀਤ ਕੌਰ ਦੀ ਮੌਤ ਹੋ ਚੁੱਕੀ ਹੈ, ਉਸਦੀ ਇੱਕ ਐੱਲ. ਆਈ. ਸੀ ਪਾਲਸੀ ਬਾਂਡ ਨੰਬਰ- 1677-26635 ਗੁੰਮ ਹੋ ਗਈ ਹੈ। ਜਿਸ ਨੂੰ ਮਿਲੇ ਮੇਰੇ ਪਤੇ ਤੇ ਸੂਚਿਤ ਕਰੋ।

ਮੈਂ ਭਜਨ ਕੌਰ ਪਤਨੀ ਸਵਰਗੀ ਸ੍ਰੀ ਰੋਸ਼ਨ ਲਾਲ, ਵਾਸੀ ਮਕਾਨ ਨੰਬਰ 1252, ਸਟ੍ਰੀਟ ਨੰਬਰ 5, ਅਜੀਤ ਨਗਰ, ਜਲੰਧਰ, ਆਪਣੇ ਹਲਫ਼ਨਾਮਾ ਮਿਤੀ 31/08/2026 ਰਾਹੀਂ ਆਮ ਜਨਤਾ ਨੂੰ ਸੂਚਿਤ ਕਰਦੀ ਹਾਂ ਕਿ ਮੇਰੀਆਂ ਧੀਆਂ ਪ੍ਰਿਆ (ਪਤਨੀ ਤਜਿੰਦਰ ਕੁਮਾਰ) ਅਤੇ ਪੂਨਮ ਰਾਣੀ (ਪਤਨੀ ਅਵਤਾਰ ਸਿੰਘ) ਦਾ ਮੇਰੀ ਕਿਸੇ ਵੀ ਚੱਲ-ਅਚੱਲ ਜਾਇਦਾਦ ਵਿੱਚ ਕੋਈ ਹੱਕ ਜਾਂ ਦਾਅਵਾ ਨਹੀਂ ਹੋਵੇਗਾ। ਮੇਰੇ ਤੋਂ ਬਾਅਦ ਮੇਰੀ ਜਾਇਦਾਦ ਦੇ ਮਾਲਕ ਮੇਰੇ ਪੁੱਤਰ ਅਮਨ ਸਹੋਤਾ ਹੋਣਗੇ।

### ਬੇਦਖਲੀ ਨੋਟਿਸ

ਮੈਂ, ਬਲਬੀਰ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਖਵਾਜਾ ਵਰਦੱਗ ਡਾਕਖਾਨਾ ਧਿਆਨਪੁਰ ਤਹਿ. ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ । ਮੇਰਾ ਲੜਕਾ ਸੁਖਪਾਲ ਸਿੰਘ ਅਤੇ ਨੂੰਹ ਨਵਜੋਤ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ । ਮੈਂ ਇਹਨਾਂ ਨੂੰ ਆਪਣੀ ਚੱਲ -ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ । ਇਨ੍ਹਾਂ ਨਾਲ ਕਿਸੇ ਪ੍ਰਕਾਰ ਦਾ ਲੈਣ ਦੇਣ ਕਰੇਗਾ ਉਹ ਖੁਦ ਜਿੰਮੇਵਾਰ ਹੋਵੇਗਾ । ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੈ । ਸੰਬੰਧਤ ਨੋਟ ਕਰਨ ।

ਮੈਂ ਸਵਰਨ ਕੌਰ ਪਤਨੀ ਲੇਟ ਬਲਜੀਤ ਸਿੰਘ, ਵਾਸੀ ਪਿੰਡ ਕਕਰਾਲੀ ਡਾਕ. ਤੇ ਤਹਿਸੀਲ ਮੋਰਿੰਡਾ ਜ਼ਿਲ੍ਹਾ ਰੂਪਨਗਰ ਆਪਣੀ ਲੜਕੀ ਜਸਵੀਰ ਕੌਰ ਪਤਨੀ ਮੇਹਰ ਸਿੰਘ ਹਾਲ ਵਾਸੀ ਪਿੰਡ ਬਡਵਾਲੀ ਡਾਕ ਤੇ ਤਹਿਸੀਲ ਮੋਰਿੰਡਾ ਜ਼ਿਲ੍ਹਾ ਰੂਪਨਗਰ ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਅੱਜ ਤੋਂ ਬਾਅਦ ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੋਵੇਗਾ। ਇਸ ਨਾਲ ਲੈਣ ਦੇਣ ਕਰਨ ਵਾਲਾ ਅਤੇ ਲੜਾਈ ਝਗੜਾ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਜਿੰਦਰ ਸਿੰਘ ਪੁੱਤਰ ਛੋਟਾ ਸਿੰਘ, ਪਿੰਡ ਰਾਜੋਮਾਜਰਾ (ਸੰਗਰੂਰ) ਆਪਣੇ ਲੜਕੇ ਤਰਨਦੀਪ ਸਿੰਘ, ਨੂੰਹ ਜਸਦੀਪ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਅਸੀਂ ਦਰਸ਼ਨ ਸਿੰਘ ਪੁੱਤਰ ਸੇਵਾ ਸਿੰਘ ਅਤੇ ਲਖਵਿੰਦਰ ਕੌਰ ਪਤਨੀ ਦਰਸ਼ਨ ਸਿੰਘ ਵਾਸੀਅਨ ਵਾਰਡ ਨੰਬਰ 17 ਨੇੜੇ ਗਿਰਜਾ ਘਰ ਸਮਾਣਾ ਹਾਲ ਵਾਸੀ ਨਾਮਧਾਰੀ ਕਾਲੋਨੀ ਸਮਾਣਾ ਜ਼ਿਲ੍ਹਾ ਪਟਿਆਲਾ ਆਪਣੇ ਲੜਕੇ ਗੁਰਜੀਤ ਸਿੰਘ ਉਰਫ ਬੱਬੂ ਜੋ ਸਾਡੇ ਕਹਿਣੇ ਤੋਂ ਬਾਹਰ ਅਤੇ ਬੁਰੀ ਸੰਗਤ ਦਾ ਸ਼ਿਕਾਰ ਹੈ ਇਸ ਕਰਕੇ ਅਸੀਂ ਉਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਸਾਡਾ ਕੋਈ ਰਿਸ਼ਤਾ ਨਾਤਾ ਨਹੀਂ ਰਿਹਾ।ਉਹ ਕਿਸੇ ਨਾਲ ਲੈਣ ਦੇਣ ਕਰਦਾ ਹੈ, ਤਾਂ ਖੁਦ ਜਿੰਮੇਵਾਰ ਹੋਵੇਗਾ।

ਮੈਂ ਗੁਰਮੁਖ ਸਿੰਘ ਪੁੱਤਰ ਸੇਤ ਸਿੰਘ ਵਾਸੀ 94, ਕਾਲੇ ਰੋਡ, ਗਲੀ ਨੰਬਰ 6, ਮਿਲਾਪ ਐਵੀਨਿਊ, ਕਾਲੇ ਘਨੂੰਪੁਰ, ਤਹਿਸੀਲ ਜਿਲਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਤਰਸੇਮ ਸਿੰਘ, ਉਸਦੀ ਪਤਨੀ ਅਮਨਦੀਪ ਕੌਰ ਅਤੇ ਇਹਨਾਂ ਦੇ ਬੱਚੇ ਤਮੰਨਾ ਅਤੇ ਇਮਾਨਿਊਲ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਿਵਾਰ ਇਹਨਾਂ ਦੀ ਕਿਸੇ ਕਥਨੀ ਕਰਨੀ ਅਤੇ ਲੈਣ ਦੇਣ ਦਾ ਜਿੰਮੇਵਾਰ ਨਹੀਂ ਹੋਵੇਗਾ।

### ਨਾਂਅ ਦੀ ਬਦਲੀ

ਮੈਂ, ਸਨਵੀਰ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਪਿੰਡ ਕਸਬਾ ਭੁਰਾਲ ਡਾਕਖਾਨਾ ਮਿੱਠੇਵਾਲ ਜ਼ਿਲਾਂ ਮਲੇਰਕੋਟਲਾ ਨੇ ਆਪਣਾ ਨਾਮ ਸਨਵੀਰ ਸਿੰਘ ਤੋਂ ਬਦਲ ਕੇ ਸਨਵੀਰ ਸਿੰਘ ਚੀਮਾ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ, ਰਾਜਵੀਰ ਕੌਰ ਪਤਨੀ ਮਨਜੀਤ ਸਿੰਘ ਵਾਸੀ ਪਿੰਡ ਕਸਬਾ ਭੁਰਾਲ ਡਾਕਖਾਨਾ ਮਿੱਠੇਵਾਲ ਜ਼ਿਲਾਂ ਮਲੇਰਕੋਟਲਾ ਨੇ ਆਪਣੇ ਲੜਕੇ ਦਾ ਨਾਮ ਫਤਿ ਸਿੰਘ ਤੋਂ ਬਦਲ ਕੇ ਫਤਿਹ ਸਿੰਘ ਚੀਮਾ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ, ਗਗਨਪ੍ਰੀਤ ਕੌਰ ਪੁੱਤਰੀ ਮਨਜੀਤ ਸਿੰਘ ਵਾਸੀ ਪਿੰਡ ਕਸਬਾ ਭੁਰਾਲ ਡਾਕਖਾਨਾ ਮਿੱਠੇਵਾਲ ਜ਼ਿਲਾਂ ਮਲੇਰਕੋਟਲਾ ਨੇ ਆਪਣਾ ਨਾਮ ਗਗਨਪ੍ਰੀਤ ਕੌਰ ਤੋਂ ਬਦਲ ਕੇ ਗਗਨਪ੍ਰੀਤ ਕੌਰ ਚੀਮਾ ਰੱਖ ਲਿਆ ਹੈ। ਸਬੰਧਤ ਨੋਟ ਕਰਨ।

### Change of Name

I Harmanpreet Singh S/O Harpal Singh, Village Chak Yaqub Post Office Kahnuwan Distt Gurdaspur, Punjab 143528 have changed my given Name Harmanpreet and Surname is Singh.

I Sunil Singh S/O Tilak Raj, Baharali Mandi, VPO Kahnuwan, Distt Gurdaspur, Punjab 143528 have changed my given Name Sunil and Surname is Singh.

I, Rockiy Masih S/O Manjur Masih R/O.village.lopa , Po: Pakiwan , Tehsil Kalanaur, District Gurdaspur, Punjab, India Pin Code 143604, I Have Changed My Name From Choki Masih To Rockiy Masih Please Note . One And Same Person I.e , Surname As Masih And Given Name As Rockiy.

I, Palwinder Singh S/O Jagir Singh R/O Village Qila Nathu Singh. Po. Bhikhariwal, District Gurdaspur, Punjab, India Pin Code 143520, I Have Changed My Name From Palwinder Singh To Singh Palwinder Please Note. Surname As Singh And Given Name As Palwinder.

I, Mandeep Singh S/O Lakhwinder Singh R/O Village Manepur Po. Bhikhariwal, District Gurdaspur, Punjab, India Pin Code 143520, I Have Changed My Name From Mandeep Singh To Singh Mandeep Please Note . Surname As Singh And Given Name As Mandeep.

I Jashandeep S/O Lakhwinder Singh R/O Village Mallian Pakkian P/O Dehriwal Distt Gurdaspur Have Changed My Name From Jashandeep To Jashandeep Singh. Givan Name Jashandeep And Surname Singh.

I, Jashdeep Singh S/o Harbhajan Singh R/o Village Khurdan, PO Garhdiwala Distt. Hoshiarpur, 144207, Punjab declare that my surname is Singh and my given name is Jashdeep. Concerned note.

I, Satinder Kaur Arora W/o Harpreet Singh Arora R/o 4557 (2701), Gali No. 2, Ram Nagar, Sultanwind Road, Amritsar, Punjab have changed my name from Satinder Kaur Arora to Satinder.

I, Prince son of Bal Kishan resident of House No. 447, Ward No. 9, Loharan Chahrke Road, Bhogpur, District Jalandhar, Punjab have changed my name Prince to Prince Arora. Now my given name is Prince and Surname is Arora. All concerned note.

I, Shimbo W/o Resham R/o House No. 553/32, New Santokhpura, Jalandhar, Punjab-144004 have changed my name from Shimbo to Simro. All concerned please note.

I, Gurpreet Singh S/o Dilbagh Singh R/o Village Purian Kalan, Post Office Balpurian, Tehsil Batala, District Gurdaspur, Punjab-143505 have changed my name from Gurpreet Singh to Given Name Gurpreet & Surname as Singh. Concerned Note.

I, Abhijeet Singh S/o Gurjit Singh R/o Gali No. 2, Friends Colony, Phagwara, Kapurthala, Punjab-144401 have changed my name to Given Name Abhijeet & Surname as Singh. All concerned please note.

I, Sukhwinder S/o Roop Lal R/o Village Singriwala, PO Piplanwala, Tehsil and Distt. Hoshiarpur Punjab 146022, Punjab have changed my name from Sukhwinder to Sukhwinder Mahey. Concerned note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।



ਅਰੁੰਧਤੀ ਰਾਏ ਨਾਲ ਮੁਲਾਕਾਤ
(ਆਖਰੀ ਸਫ਼ੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਖ਼ੂਨ ਪੀਣੀਆਂ ਧੁੱਪਾਂ ਵੀ ਸਨ,
ਮਾਵਾਂ ਵਰਗੀਆਂ ਛਾਵਾਂ ਵੀ।
ਜੀਵਨ-ਰਾਹ ਵਿੱਚ ਖ਼ੰਜਰ ਵੀ ਸਨ,
ਵੀਰਾਂ ਵਰਗੀਆਂ ਬਾਹਵਾਂ ਵੀ।
- ਬਲਦੇਵ ਸਿੰਘ 'ਬੱਦਨ'

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 6 ਸਤੰਬਰ 2026 www.nawanzamana.in ਕੀਮਤ 5.00 ਰੁਪਏ


# ਬਦਲਾਅ ਲਈ ਸੰਘਰਸ਼ ਕਰੋ

ਇਸ ਸਾਲ ਜਨਵਰੀ-ਫਰਵਰੀ ਵਿੱਚ ਬਿਹਾਰ ਦੇ ਬਰੌਨੀ ਰਿਫਾਇਨਰੀ ਖੇਤਰ ਵਿੱਚ ਹਜ਼ਾਰਾਂ ਠੇਕਾ ਮਜ਼ਦੂਰਾਂ ਨੇ ਅੰਦੋਲਨ ਕੀਤਾ। ਉਨ੍ਹਾਂ ਵਿੱਚੋਂ ਜ਼ਿਆਦਾਤਰ ਠੇਕੇ 'ਤੇ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਦੇ ਸਿਰ ਉੱਤੇ ਨੌਕਰੀ ਗੁਆਉਣ ਦੀ ਤਲਵਾਰ ਲਟਕ ਰਹੀ ਸੀ। ਫਿਰ ਵੀ ਉਹ ਇਨਸਾਫ਼ ਦੀ ਮੰਗ ਲਈ ਸੜਕਾਂ 'ਤੇ ਉਤਰੇ। ਉਨ੍ਹਾਂ ਦੀਆਂ ਮੰਗਾਂ ਵਿੱਚ 8 ਘੰਟੇ ਦਾ ਕੰਮ-ਦਿਨ, ਵਾਧੂ ਕੰਮ ਲਈ ਦੁੱਗਣੀ ਓਵਰਟਾਈਮ ਮਜ਼ਦੂਰੀ, ਘੱਟੋ-ਘੱਟ ਮਜ਼ਦੂਰੀ ਵਿੱਚ ਵਾਧਾ, ਕੰਮ ਵਾਲੀ ਥਾਂ 'ਤੇ ਸੁਰੱਖਿਆ ਅਤੇ ਸਨਮਾਨ, ਰੈਗੂਲਰ ਮਜ਼ਦੂਰਾਂ ਦੇ ਬਰਾਬਰ ਛੁੱਟੀਆਂ, ਸਾਰਿਆਂ ਲਈ ਸਮਾਜਿਕ ਸੁਰੱਖਿਆ, ਜੌਬ ਕਾਰਡ ਅਤੇ ਤਨਖ਼ਾਹ ਪਰਚੀ ਆਦਿ ਸ਼ਾਮਲ ਸਨ।

ਇਸ ਤੋਂ ਬਾਅਦ ਪਾਣੀਪਤ ਵਿੱਚ ਹਜ਼ਾਰਾਂ ਮਜ਼ਦੂਰਾਂ ਨੇ ਅੰਦੋਲਨ ਕੀਤਾ। ਉਨ੍ਹਾਂ ਦੀਆਂ ਮੰਗਾਂ ਵਿੱਚ ਵੀ ਘੱਟੋ-ਘੱਟ ਮਜ਼ਦੂਰੀ ਵਿੱਚ ਵਾਧਾ, 8 ਘੰਟੇ ਦਾ ਕੰਮ-ਦਿਨ, ਵਾਧੂ ਕੰਮ ਲਈ ਵਾਧੂ ਭੁਗਤਾਨ ਅਤੇ ਮਜ਼ਦੂਰੀ ਦੀ ਗਣਨਾ ਲਈ ਸ਼ਹਿਰ ਦੀ ਸ਼੍ਰੇਣੀ/ਗ੍ਰੇਡ ਵਧਾਉਣਾ ਆਦਿ ਸ਼ਾਮਲ ਸਨ।

ਇਸ ਤੋਂ ਬਾਅਦ ਸੂਰਤ ਵਿੱਚ ਵੀ ਇਸੇ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨ ਹੋਏ। ਉੱਥੇ ਵੀ ਕਈ ਹਜ਼ਾਰ ਮਜ਼ਦੂਰ ਸਮਾਨ ਮੰਗਾਂ ਲਈ ਸੜਕਾਂ 'ਤੇ ਉਤਰੇ। ਇਨ੍ਹਾਂ ਵਿੱਚੋਂ ਜ਼ਿਆਦਾਤਰ ਦੂਜੇ ਸੂਬਿਆਂ ਤੋਂ ਆਏ ਪ੍ਰਵਾਸੀ ਮਜ਼ਦੂਰ ਸਨ।


## ਅਮਰਜੀਤ ਕੌਰ

**ਅਨੁਵਾਦ : ਐੱਮ ਐੱਸ ਭਾਟੀਆ**


ਮਾਨੇਸਰ ਵਿੱਚ ਮਜ਼ਦੂਰ ਆਪਣੀਆਂ ਫੈਕਟਰੀਆਂ ਦੇ ਗੇਟਾਂ ਉੱਤੇ ਘੱਟੋ-ਘੱਟ ਮਜ਼ਦੂਰੀ ਵਿੱਚ ਵਾਧੇ ਦੀ ਮੰਗ ਲਈ ਬਾਹਰ ਆਏ। ਇਹ ਮੰਗ ਦਸ ਸਾਲਾਂ ਦੇ ਵਕਫ਼ੇ ਤੋਂ ਬਾਅਦ ਬਣੇ ਸੂਬਾਈ ਘੱਟੋ-ਘੱਟ ਮਜ਼ਦੂਰੀ ਬੋਰਡ ਦੀਆਂ ਸਿਫ਼ਾਰਸ਼ਾਂ ਅਨੁਸਾਰ ਸੀ। ਹੋਰ ਮੁੱਦਿਆਂ ਵਿੱਚ ਕੰਮ ਦੇ ਘੰਟੇ, ਓਵਰਟਾਈਮ, ਕੰਮ ਵਾਲੀ ਥਾਂ ਦੀ ਸੁਰੱਖਿਆ, ਮਜ਼ਦੂਰਾਂ ਨਾਲ ਬਦਸਲੂਕੀ ਖ਼ਤਮ ਕਰਨਾ ਅਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਸ਼ਾਮਲ ਸੀ। ਜਦੋਂ ਪ੍ਰਬੰਧਕਾਂ ਅਤੇ ਕਿਰਤ ਪ੍ਰਸ਼ਾਸਨ ਵੱਲੋਂ ਕੋਈ ਹੁੰਗਾਰਾ ਨਾ ਮਿਲਿਆ ਤਾਂ ਮਜ਼ਦੂਰ ਸੜਕਾਂ 'ਤੇ ਉਤਰ ਆਏ। ਪੁਲਸ ਨੇ ਵੀ ਹਮਲਾਵਰ ਰਵੱਈਆ ਅਪਣਾਇਆ, ਜਿਸ ਨਾਲ ਹਾਲਾਤ ਹੋਰ ਤਣਾਅਪੂਰਨ ਹੋ ਗਏ। ਸੈਂਕੜੇ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ ਕੁਝ ਉੱਤੇ ਬਹੁਤ ਸਖ਼ਤ ਧਾਰਾਵਾਂ ਲਗਾਈਆਂ ਗਈਆਂ।

ਇਸ ਤੋਂ ਬਾਅਦ ਹੀ ਹਰਿਆਣਾ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕੀਤਾ, ਹਾਲਾਂਕਿ ਇਸ ਵਿੱਚ ਸੂਬਾਈ ਘੱਟੋ-ਘੱਟ ਮਜ਼ਦੂਰੀ ਬੋਰਡ ਦੀ ਸਿਫ਼ਾਰਸ਼ ਨਾਲੋਂ ਘੱਟ ਰਕਮ ਤੈਅ ਕੀਤੀ ਗਈ।

ਨੋਇਡਾ ਦੀਆਂ ਫੈਕਟਰੀਆਂ ਦੇ ਮਜ਼ਦੂਰਾਂ ਨੇ ਵੀ ਇਸੇ ਤਰ੍ਹਾਂ ਅੰਦੋਲਨ ਕੀਤਾ। ਉਨ੍ਹਾਂ ਦੀਆਂ ਮੰਗਾਂ ਵਿੱਚ ਘੱਟੋ-ਘੱਟ ਮਜ਼ਦੂਰੀ ਵਿੱਚ ਵਾਧਾ, 8 ਘੰਟੇ ਦਾ ਕੰਮ-ਦਿਨ, ਵਾਧੂ ਕੰਮ ਲਈ ਕਾਨੂੰਨ ਅਨੁਸਾਰ ਦੁੱਗਣਾ ਓਵਰਟਾਈਮ, ਸਮਾਜਿਕ ਸੁਰੱਖਿਆ, ਬੁਨਿਆਦੀ ਸਹੂਲਤਾਂ ਅਤੇ ਕੰਮ ਵਾਲੀ ਥਾਂ 'ਤੇ ਮਜ਼ਦੂਰਾਂ ਦੇ ਉਤਪੀੜਨ ਨੂੰ ਖ਼ਤਮ ਕਰਨਾ ਸ਼ਾਮਲ ਸੀ। ਮਹਿਲਾ ਮਜ਼ਦੂਰਾਂ ਨੇ ਉਤਪੀੜਨ ਦੀਆਂ ਸ਼ਿਕਾਇਤਾਂ ਵੀ ਕੀਤੀਆਂ। ਬੁਨਿਆਦੀ ਜ਼ਰੂਰੀ ਵਸਤਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਭਾਰੀ ਵਾਧੇ ਦੇ ਬਾਵਜੂਦ ਉੱਤਰ ਪ੍ਰਦੇਸ਼ ਵਿੱਚ 2012 ਤੋਂ ਬਾਅਦ ਘੱਟੋ-ਘੱਟ ਮਜ਼ਦੂਰੀ ਵਿੱਚ ਕੋਈ ਸੋਧ ਨਹੀਂ ਹੋਈ ਸੀ। ਪੁਲਸ ਵੱਲੋਂ ਬੇਰਹਿਮੀ ਨਾਲ ਬਲ ਵਰਤਿਆ ਗਿਆ ਅਤੇ ਇੱਕ ਹਜ਼ਾਰ ਤੋਂ ਵੱਧ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਕਈ ਮਜ਼ਦੂਰ ਅਜੇ ਵੀ ਜੇਲ੍ਹਾਂ ਵਿੱਚ ਬੰਦ ਹਨ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਇਸ ਅੰਦੋਲਨ ਤੋਂ ਬਾਅਦ ਹੀ ਘੱਟੋ-ਘੱਟ ਮਜ਼ਦੂਰੀ ਵਧਾਉਣ ਦਾ ਐਲਾਨ ਕੀਤਾ, ਪਰ ਹਕੀਕਤ ਇਹ ਹੈ ਕਿ ਜ਼ਿਆਦਾਤਰ ਮਾਲਕਾਂ ਨੇ ਇਸ ਨੂੰ ਲਾਗੂ ਕਰਨ ਦੀ ਕੋਈ ਪਰਵਾਹ ਨਹੀਂ ਕੀਤੀ।

ਭਿਵਾੜੀ, ਫਰੀਦਾਬਾਦ, ਨੀਮਰਾਨਾ, ਪੀਤਮਪੁਰਾ ਅਤੇ ਕੁਝ ਹੋਰ ਥਾਵਾਂ ਦੀਆਂ ਫੈਕਟਰੀਆਂ ਦੇ ਮਜ਼ਦੂਰ ਵੀ ਇਸੇ ਤਰ੍ਹਾਂ ਦੇ ਮੁੱਦਿਆਂ ਨੂੰ ਲੈ ਕੇ ਵਿਰੋਧ ਪ੍ਰਦਰਸ਼ਨਾਂ ਵਿੱਚ ਉੱਤਰੇ।

ਸਰਕਾਰੀ ਅਦਾਰੇ ਏ ਆਈ ਈ ਐੱਸ ਐੱਲ ਦੇ ਇੰਜੀਨੀਅਰਾਂ/ਤਕਨੀਸ਼ੀਅਨਾਂ ਨੇ ਵੀ, ਜੋ ਕਈ ਸਾਲਾਂ ਤੋਂ ਮੁੱਖ ਹਵਾਈ ਅੱਡਿਆਂ 'ਤੇ ਠੇਕੇ ਦੇ ਆਧਾਰ 'ਤੇ ਕੰਮ ਕਰ ਰਹੇ ਹਨ, ਇਸ ਦੌਰਾਨ ਆਪਣੇ ਨਾਲ ਬਰਾਬਰੀ ਵਾਲੇ ਵਿਹਾਰ ਦੀ ਮੰਗ ਲਈ ਦੇਸ਼ ਭਰ ਵਿੱਚ ਕਈ ਦਿਨਾਂ ਤੱਕ ਵਿਰੋਧ ਪ੍ਰਦਰਸ਼ਨ ਕੀਤੇ।

ਇਨ੍ਹਾਂ ਤਿੰਨ-ਚਾਰ ਮਹੀਨਿਆਂ ਵਿੱਚ ਮਜ਼ਦੂਰਾਂ ਦੀ ਜੋ ਨਿਰਾਸ਼ਾ ਅਸੀਂ ਵੇਖੀ ਹੈ, ਉਹ ਉਸ ਸਮੇਂ ਬੇਚੈਨੀ ਅਤੇ ਅਸੰਤੋਸ਼ ਵਿੱਚ ਬਦਲ ਜਾਂਦੀ ਹੈ ਜਦੋਂ ਯੂਨੀਅਨਾਂ ਨੂੰ ਕੰਮ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ ਅਤੇ ਸੰਵਾਦ ਦੀ ਕੋਈ ਵਿਵਸਥਾ ਨਹੀਂ ਰਹਿੰਦੀ। ਇਸ ਦਾ ਨਤੀਜਾ ਉਦਯੋਗਿਕ ਅਸ਼ਾਂਤੀ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਸਰਕਾਰ ਦੇਸ਼ ਨੂੰ ਉਦਯੋਗਿਕ ਸ਼ਾਂਤੀ ਭੰਗ ਹੋਣ ਅਤੇ ਅਰਾਜਕਤਾ ਵੱਲ ਧੱਕ ਰਹੀ ਹੈ।

**'ਸ਼੍ਰਮ ਸ਼ਕਤੀ ਨੀਤੀ-2025'-ਕਿਰਤ ਨੂੰ ਅਧਿਕਾਰ ਤੋਂ 'ਫ਼ਰਜ਼' ਬਣਾਉਣ ਵੱਲ**

ਇਸ ਤੋਂ ਇਲਾਵਾ, ਇਸ ਆਰ ਐੱਸ ਐੱਸ-ਬੀ ਜੇ ਪੀ ਸਰਕਾਰ ਨੇ 'ਸ਼੍ਰਮ ਸ਼ਕਤੀ ਨੀਤੀ-2025' ਨਾਂਅ ਦੀ ਇੱਕ ਖਰੜਾ ਕਿਰਤ ਨੀਤੀ ਪੇਸ਼ ਕੀਤੀ ਹੈ। ਇਹ ਕਿਰਤ ਨੂੰ ਗੁਲਾਮ ਬਣਾਉਣ ਦਾ ਏਜੰਡਾ ਹੈ।

ਸਰਕਾਰ ਨੇ 8 ਅਕਤੂਬਰ 2025 ਨੂੰ 'ਸ਼੍ਰਮ ਸ਼ਕਤੀ ਨੀਤੀ-2025' ਨਾਂਅ ਦੀ ਖਰੜਾ ਕਿਰਤ ਨੀਤੀ ਜਾਰੀ ਕੀਤੀ। ਇਸ ਦੇ ਪਿੱਛੇ ਅਜਿਹੀ ਵਿਚਾਰਧਾਰਕ ਦ੍ਰਿਸ਼ਟੀ ਹੈ, ਜੋ ਦੇਸ਼ ਅਤੇ ਉਸ ਦੇ ਮਿਹਨਤਕਸ਼ ਲੋਕਾਂ ਨੂੰ ਮਾਲਕ ਅਤੇ ਨੌਕਰ ਦੇ ਸੰਬੰਧਾਂ ਵਾਲੀਆਂ ਬਹੁਤ ਹੀ ਸ਼ੋਸ਼ਣਕਾਰੀ ਹਾਲਤਾਂ ਵੱਲ ਲੈ ਜਾਂਦੀ ਹੈ, ਜਿੱਥੇ ਨੌਕਰ ਨੂੰ ਬਿਨਾਂ ਸਵਾਲ ਕੀਤੇ ਮਾਲਕ ਦੀ ਸੇਵਾ ਕਰਨੀ ਹੁੰਦੀ ਹੈ। ਇਸ ਮਕਸਦ ਨੂੰ ਪ੍ਰਾਪਤ ਕਰਨ ਲਈ ਨੀਤੀ ਦੇ ਅਧਿਆਇ 3-'ਸਭਿਅਤਾਗਤ (ਈਥੋਜ) ਅਤੇ ਮਾਰਗਦਰਸ਼ਕ ਸਿਧਾਂਤ'-ਵਿੱਚ 'ਕਿਰਤ ਇੱਕ ਪਵਿੱਤਰ ਅਤੇ ਨੈਤਿਕ ਫ਼ਰਜ਼' ਦੀ ਧਾਰਨਾ ਪੇਸ਼ ਕੀਤੀ ਗਈ ਹੈ।



ਇਹ ਨੀਤੀ ਮੁੜ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਕਿਰਤ ਇੱਕ ਧਰਮ (ਨਿਆਂਸੰਗਤ ਫ਼ਰਜ਼) ਹੈ। ਇਸ ਨੀਤੀ ਵਿੱਚ ਮਜ਼ਦੂਰ ਅਧਿਕਾਰਾਂ ਜਾਂ ਕਿਸੇ ਵੀ ਮੰਗ ਨੂੰ ਉਠਾਉਣ ਦੀ ਕੋਈ ਧਾਰਨਾ ਨਹੀਂ ਹੈ। ਇਹ ਨਾ ਤਾਂ ਅੰਤਰਰਾਸ਼ਟਰੀ ਕਿਰਤ ਮਿਆਰਾਂ ਦਾ ਸਤਿਕਾਰ ਕਰਦੀ ਹੈ ਅਤੇ ਨਾ ਹੀ ਭਾਰਤੀ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰਾਂ ਅਤੇ ਰਾਜ ਦੇ ਨੀਤੀ-ਨਿਰਦੇਸ਼ਕ ਸਿਧਾਂਤਾਂ ਦਾ। ਇਸ ਦਾ ਮਕਸਦ ਕਿਰਤ ਨੂੰ ਕਾਬੂ ਕਰਨਾ ਅਤੇ ਟਰੇਡ ਯੂਨੀਅਨ ਅੰਦੋਲਨ ਨੂੰ ਕਮਜ਼ੋਰ ਕਰਨਾ ਹੈ।

ਇਸ ਵਿੱਚ ਟਰੇਡ ਯੂਨੀਅਨਾਂ ਦਾ ਕੋਈ ਜ਼ਿਕਰ ਨਹੀਂ ਹੈ ਅਤੇ ਇਸ ਲਈ ਸਮੂਹਿਕ ਸੌਦੇਬਾਜ਼ੀ ਵਿੱਚ ਉਨ੍ਹਾਂ ਦੀ ਕੋਈ ਭੂਮਿਕਾ ਵੀ ਨਹੀਂ ਸੋਚੀ ਗਈ, ਇੱਥੋਂ ਤੱਕ ਕਿ ਨਿਗਰਾਨੀ ਦੀ ਭੂਮਿਕਾ ਵੀ ਮਾਲਕਾਂ ਜਾਂ ਨਿੱਜੀ ਖੇਤਰ ਦੇ ਖਿਡਾਰੀਆਂ ਨੂੰ ਦੇਣ ਦੀ ਤਜਵੀਜ਼ ਹੈ।

ਇਹ ਨੀਤੀ ਭਾਰਤੀ ਸੰਵਿਧਾਨ ਵਿੱਚ ਦਰਜ ਸੰਘੀ (ਫੈਡਰਲ) ਅਤੇ ਸਥਾਨਕ ਸ਼ਾਸਨ ਦੇ ਸਿਧਾਂਤਾਂ ਦੀ ਕਸੌਟੀ 'ਤੇ ਵੀ ਅਸਫ਼ਲ ਰਹਿੰਦੀ ਹੈ। ਇਸ ਦਾ ਮਕਸਦ ਸਾਰੀਆਂ ਸ਼ਕਤੀਆਂ ਕੇਂਦਰ ਸਰਕਾਰ ਦੇ ਹੱਥਾਂ ਵਿੱਚ ਕੇਂਦਰਤ ਕਰਨਾ ਹੈ।

ਕਿਰਤ ਸੰਵਿਧਾਨ ਦੀ ਸਮਵਰਤੀ ਸੂਚੀ ਵਿੱਚ ਆਉਂਦੀ ਹੈ, ਪਰ ਖਰੜਾ ਨੀਤੀ ਸੂਬਾ ਸਰਕਾਰਾਂ ਦੇ ਅਧਿਕਾਰਾਂ ਨੂੰ ਘਟਾਉਂਦੀ ਹੈ, ਕਿਉਂਕਿ ਸੂਬਿਆਂ ਨੂੰ ਕੇਵਲ ਕੇਂਦਰ ਵੱਲੋਂ ਬਣਾਈਆਂ ਨੀਤੀਆਂ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਵਜੋਂ ਪੇਸ਼ ਕੀਤਾ ਗਿਆ ਹੈ।

**ਇਸ ਵਿੱਚ ਕਿਹਾ ਗਿਆ ਹੈ :**

ਕਿਰਤ ਅਤੇ ਰੁਜ਼ਗਾਰ ਮੰਤਰਾਲੇ ਅਧੀਨ ਸਿਖਰਲਾ ਅੰਤਰ-ਸਰਕਾਰੀ ਅਦਾਰਾ ਰਣਨੀਤਕ ਦਿਸ਼ਾ ਪ੍ਰਦਾਨ ਕਰੇਗਾ, ਸਾਲਾਨਾ ਕਾਰਜ-ਯੋਜਨਾਵਾਂ ਨੂੰ ਮਨਜ਼ੂਰੀ ਦੇਵੇਗਾ ਅਤੇ ਕੇਂਦਰ ਤੇ ਸੂਬਾਈ ਪ੍ਰੋਗਰਾਮਾਂ ਵਿਚਕਾਰ ਤਾਲਮੇਲ ਯਕੀਨੀ ਬਣਾਏਗਾ।

ਅੱਗੇ ਕਿਹਾ ਗਿਆ ਹੈ :

ਹਰੇਕ ਸੂਬਾ ਸੁਧਾਰਾਂ ਨੂੰ ਲਾਗੂ ਕਰਨ, ਨਤੀਜਿਆਂ ਦੀ ਨਿਗਰਾਨੀ ਕਰਨ ਅਤੇ ਸਥਾਨਕ ਸਰਕਾਰਾਂ ਨਾਲ ਤਾਲਮੇਲ ਕਰਨ ਲਈ ਇੱਕ ਸਮਰਪਿਤ ਵਿਜ਼ਨ ਤਿਆਰ ਕਰੇਗਾ।

**ਨੀਤੀ ਵਿੱਚ ਇੱਕ ਨਵਾਂ ਪ੍ਰਸ਼ਾਸਕੀ ਪੱਧਰ ਵੀ ਜੋੜਿਆ ਗਿਆ ਹੈ :**

ਜ਼ਿਲ੍ਹਾ ਕਿਰਤ ਅਤੇ ਰੁਜ਼ਗਾਰ ਸਰੋਤ ਕੇਂਦਰ ਮਜ਼ਦੂਰ ਰਜਿਸਟ੍ਰੇਸ਼ਨ, ਹੁਨਰ ਵਿਕਾਸ, ਸ਼ਿਕਾਇਤ ਨਿਵਾਰਣ ਅਤੇ ਭਲਾਈ ਸਕੀਮਾਂ ਦੀ ਵੰਡ ਲਈ ਸਿੰਗਲ-ਵਿੰਡੋ ਸੇਵਾ ਕੇਂਦਰ ਵਜੋਂ ਕੰਮ ਕਰਨਗੇ।

ਧਿਆਨ ਦੇਣਯੋਗ ਹੈ ਕਿ ਸਥਾਨਕ ਸੰਸਥਾਵਾਂ ਪਹਿਲਾਂ ਕਦੇ ਵੀ ਕਿਰਤ ਪ੍ਰਸ਼ਾਸਨ ਦਾ ਹਿੱਸਾ ਨਹੀਂ ਰਹੀਆਂ, ਪਰ ਇਹ ਖਰੜਾ ਨੀਤੀ ਸਥਾਨਕ ਸੰਸਥਾਵਾਂ ਦੀ ਭੂਮਿਕਾ ਦੀ ਗੱਲ ਕਰਦੀ ਹੈ। ਇਨ੍ਹਾਂ ਨਵੇਂ ਕੇਂਦਰਾਂ ਦੀ ਬਣਤਰ, ਸਟਾਫ਼ ਜਾਂ ਜਵਾਬਦੇਹੀ ਦੀ ਪ੍ਰਣਾਲੀ ਬਾਰੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਗਿਆ।

ਨੀਤੀ ਦਾਅਵਾ ਕਰਦੀ ਹੈ ਕਿ ਇਹ ਚਾਰ ਢਾਂਚਾਗਤ ਥੰਮ੍ਹਾਂ 'ਤੇ ਆਧਾਰਤ ਹੈ, ਪਰ ਅਸਲ ਵਿੱਚ ਇਸ ਦੀਆਂ ਤਜਵੀਜ਼ਾਂ ਕੇਂਦਰੀਕਰਨ ਵੱਲ ਲੈ ਜਾਂਦੀਆਂ ਹਨ। ਨੀਤੀ ਦਾ ਸਿਰਲੇਖ 'ਮਾਣ-ਮਰਿਆਦਾ' ਅਤੇ 'ਸਮਾਨਤਾ' ਦਾ ਵਾਅਦਾ ਕਰਦਾ ਹੈ, ਪਰ ਮਜ਼ਦੂਰਾਂ ਲਈ ਇਨ੍ਹਾਂ ਦੋਵਾਂ ਨੂੰ ਯਕੀਨੀ ਬਣਾਉਣ ਦੇ ਠੋਸ ਉਪਾਵਾਂ ਬਾਰੇ ਬਹੁਤ ਘੱਟ ਕਿਹਾ ਗਿਆ ਹੈ।

ਇਹ ਰਸਮੀ, ਗੈਰ-ਰਸਮੀ ਅਤੇ ਪ੍ਰਵਾਸੀ ਮਜ਼ਦੂਰਾਂ ਨੂੰ ਇੱਕਜੁੱਟ ਕਰਨ ਦੀ ਗੱਲ ਕਰਦੀ ਹੈ, ਪਰ ਕਿਵੇਂ ? ਰਸਮੀ ਖੇਤਰ ਦੇ ਮਜ਼ਦੂਰਾਂ ਨੂੰ ਰੁਜ਼ਗਾਰ ਸੁਰੱਖਿਆ, ਤਨਖ਼ਾਹ ਸੁਰੱਖਿਆ ਅਤੇ ਸਮਾਜਿਕ ਸੁਰੱਖਿਆ ਮਿਲਦੀ ਹੈ-ਕੀ ਇਹ ਸਹੂਲਤਾਂ ਗੈਰ-ਰਸਮੀ ਅਤੇ ਪ੍ਰਵਾਸੀ ਮਜ਼ਦੂਰਾਂ ਤੱਕ ਵੀ ਪਹੁੰਚਾਈਆਂ ਜਾਣਗੀਆਂ ? ਅਸਲ ਵਿੱਚ ਸਰਕਾਰ ਰਸਮੀ ਅਰਥਚਾਰੇ ਨੂੰ ਹੀ ਗੈਰ-ਰਸਮੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਨਾਲ ਕਿਰਤ-ਸ਼ਕਤੀ ਨੂੰ ਅਸੁਰੱਖਿਅਤ ਅਤੇ ਅਸਥਿਰ ਹਾਲਤਾਂ ਵਿੱਚ ਧੱਕਿਆ ਜਾ ਰਿਹਾ ਹੈ।

ਡਾਟਾ ਇਕੱਠਾ ਕਰਨ ਦੀ ਬਹੁਤ ਗੱਲ ਕੀਤੀ ਗਈ ਹੈ। ਸ਼ਾਸਨ ਹਮੇਸ਼ਾ ਤੋਂ ਡਾਟੇ 'ਤੇ ਨਿਰਭਰ ਰਿਹਾ ਹੈ। ਆਧੁਨਿਕ ਤਕਨੀਕ ਦੀ ਵਰਤੋਂ ਕੋਈ ਨਵੀਂ ਗੱਲ ਨਹੀਂ ਹੈ, ਪਰ ਇਨ੍ਹਾਂ ਯਤਨਾਂ ਨੂੰ ਨੀਤੀ ਦੇ ਢਾਂਚੇ ਵਿੱਚ ਸ਼ਾਮਲ ਕਰਨ ਦੀ ਇੰਨੀ ਲੋੜ ਕਿਉਂ ਹੈ ? ਇਹ ਸਰਕਾਰ ਦੀ ਮੰਦੀ ਨੀਅਤ ਨੂੰ ਦਰਸਾਉਂਦਾ ਹੈ, ਕਿਉਂਕਿ ਸਰਕਾਰ ਭਾਰਤੀ ਨਾਗਰਿਕਾਂ ਦੇ ਹਿੱਤਾਂ ਦੇ ਵਿਰੁੱਧ ਡਾਟੇ ਦੀ ਵਰਤੋਂ/ਵਪਾਰ ਕਰਦੀ ਰਹੀ ਹੈ।

ਸਰਕਾਰ ਇਸ ਤੱਥ ਤੋਂ ਜਾਣੂ ਹੈ ਕਿ ਜਿੱਥੇ ਕੁਝ ਲੋਕ ਲਗਾਤਾਰ ਬੇਹਿਸਾਬ ਦੌਲਤ ਇਕੱਠੀ ਕਰ ਰਹੇ ਹਨ, ਉੱਥੇ ਆਪਣੇ ਕਿਰਤ ਰਾਹੀਂ ਯੋਗਦਾਨ ਪਾਉਣ ਵਾਲੇ ਲੋਕ ਲਗਾਤਾਰ ਹੇਠਾਂ ਵੱਲ ਧੱਕੇ ਜਾ ਰਹੇ ਹਨ। ਨੀਤੀ ਖੁਦ ਇੱਕ ਸਪੱਸ਼ਟ ਵਾਕ ਵਿੱਚ ਇਸ ਨੂੰ ਸਵੀਕਾਰ ਕਰਦੀ ਹੈ :

ਉਤਪਾਦਕਤਾ ਅਤੇ ਉੱਦਮਾਂ ਦਾ ਵਾਧਾ ਲਗਾਤਾਰ ਹੋਇਆ ਹੈ, ਫਿਰ ਵੀ ਵੇਤਨ ਅਸਮਾਨਤਾ, ਲਿੰਗ ਅਸੰਤੁਲਨ ਅਤੇ ਹੁਨਰ-ਅਸੰਗਤੀ ਕਾਇਮ ਹੈ।

ਇਨ੍ਹਾਂ ਅਸਮਾਨਤਾਵਾਂ ਨੂੰ ਦੂਰ ਕਰਨ ਲਈ ਨੀਤੀ ਜਾਇਜ਼ਤਾ ਹਾਸਲ ਕਰਨ ਦੇ ਮਕਸਦ ਨਾਲ ਭਾਰਤੀ ਸੰਵਿਧਾਨ ਦਾ ਜ਼ਿਕਰ ਕਰਦੀ ਹੈ, ਪਰ ਇਸ ਦੇ ਐਲਾਨੇ ਉਦੇਸ਼ਾਂ ਅਤੇ ਅਸਲ ਦਿਸ਼ਾ ਵਿੱਚ ਵਿਰੋਧਾਭਾਸ ਹੈ। ਇਸ ਵਿੱਚ ਕਿਹਾ ਗਿਆ ਹੈ :

ਕੰਮ ਸਿਰਫ਼ ਰੋਜ਼ੀ-ਰੋਟੀ ਦਾ ਸਾਧਨ ਨਹੀਂ ਹੈ, ਸਗੋਂ ਧਰਮ (ਨਿਆਂਸੰਗਤ ਫ਼ਰਜ਼) ਦੀ ਵਿਆਪਕ ਵਿਵਸਥਾ ਵਿੱਚ ਯੋਗਦਾਨ ਹੈ।

ਇਸ ਦਾ ਅੰਦਰੂਨੀ ਅਰਥ ਇਹ ਹੈ ਕਿ ਕਿਰਤ ਨੂੰ ਅਧਿਕਾਰ ਦੀ ਬਜਾਏ ਨੈਤਿਕ ਫਰਜ਼ ਮੰਨਿਆ ਜਾ ਰਿਹਾ ਹੈ, ਜਿਸ ਨਾਲ ਮਜ਼ਦੂਰ ਦੇ ਵੇਤਨ, ਸੁਰੱਖਿਆ ਅਤੇ ਹੋਰ ਲਾਭਾਂ ਉੱਤੇ ਉਸ ਦੇ ਅਧਿਕਾਰ ਨੂੰ ਕਮਜ਼ੋਰ ਕੀਤਾ ਜਾਂਦਾ ਹੈ।

**ਨੀਤੀ ਦੀਆਂ ਵਿਚਾਰਧਾਰਕ ਜੜ੍ਹਾਂ : ਪ੍ਰਾਚੀਨ ਗ੍ਰੰਥਾਂ ਵੱਲ ਵਾਪਸੀ**

ਹੈਰਾਨੀ ਦੀ ਗੱਲ ਹੈ ਕਿ ਨੀਤੀ ਐਲਾਨ ਕਰਦੀ ਹੈ ਕਿ ਇਸ ਦੀ ਨੈਤਿਕ ਬੁਨਿਆਦ ਪ੍ਰਾਚੀਨ ਭਾਰਤੀ ਧਰਮ-ਗ੍ਰੰਥਾਂ ਵਿੱਚ ਹੈ। ਕੇਂਦਰ ਸਰਕਾਰ ਪਿਛਲੇ ਸੌ ਸਾਲਾਂ ਵਿੱਚ ਬਣੇ ਕਾਨੂੰਨਾਂ ਨੂੰ ਪੁਰਾਣੇ ਦੱਸਦੀ ਹੈ, ਜਦਕਿ ਲੱਗਭੱਗ ਇੱਕ ਹਜ਼ਾਰ ਸਾਲ ਪਹਿਲਾਂ ਲਿਖੇ ਗ੍ਰੰਥਾਂ ਨੂੰ ਆਧੁਨਿਕ, ਇੱਥੋਂ ਤੱਕ ਕਿ ਅੱਜ ਦੇ ਸਮੇਂ ਨਾਲੋਂ ਵੀ ਵੱਧ ਆਧੁਨਿਕ ਮੰਨਦੀ ਹੈ।

**ਨੀਤੀ ਵਿੱਚ ਕਿਹਾ ਗਿਆ ਹੈ :**

ਮਨੂੰਸਮ੍ਰਿਤੀ, ਯਾਜਨਵਲਕਯ ਸਮ੍ਰਿਤੀ, ਸ਼ੁਕਰ ਨੀਤੀ ਅਤੇ ਅਰਥਸ਼ਾਸਤਰ ਵਰਗੇ ਪ੍ਰਾਚੀਨ ਗ੍ਰੰਥਾਂ ਨੇ ਰਾਜ ਧਰਮ ਦੀ ਧਾਰਨਾ ਰਾਹੀਂ ਇਸ ਈਥੋਜ ਨੂੰ ਪ੍ਰਗਟ ਕੀਤਾ, ਜਿਸ ਵਿੱਚ ਸ਼ਾਸਕ ਦੇ ਫ਼ਰਜ਼ਾਂ ਵਜੋਂ ਨਿਆਂ ਯਕੀਨੀ ਬਣਾਉਣਾ, ਉਚਿੱਤ ਮਜ਼ਦੂਰੀ ਦੇਣਾ ਅਤੇ ਮਜ਼ਦੂਰਾਂ ਨੂੰ ਸ਼ੋਸ਼ਣ ਤੋਂ ਬਚਾਉਣਾ ਸ਼ਾਮਲ ਸੀ।

ਮਨੂੰਸਮ੍ਰਿਤੀ ਤੋਂ ਮਜ਼ਦੂਰ (ਸ਼ੂਦਰ) ਸੇਵਾ ਕਰਨ ਲਈ ਪੈਦਾ ਹੋਇਆ ਹੈ; ਉਸ ਤੋਂ ਮਜ਼ਦੂਰੀ ਦੇ ਕੇ ਜਾਂ ਬਿਨਾਂ ਮਜ਼ਦੂਰੀ ਦੇ ਕੰਮ ਕਰਵਾਇਆ ਜਾ ਸਕਦਾ ਹੈ। ਸੇਵਾ ਕਰਨਾ ਉਸ ਦਾ ਆਤਮਿਕ ਫ਼ਰਜ਼ ਹੈ। ਜੇ ਉਹ ਜਾਇਦਾਦ ਹਾਸਲ ਕਰਦਾ ਹੈ ਤਾਂ ਉੱਚ ਜਾਤੀਆਂ ਵੱਲੋਂ ਉਸ ਨੂੰ ਜ਼ਬਤ ਕੀਤਾ ਜਾ ਸਕਦਾ ਹੈ। ਕੰਮ ਪੂਰਾ ਨਾ ਕਰਨ 'ਤੇ ਮਜ਼ਦੂਰੀ ਤੋਂ ਵਾਂਝਾ ਕਰਨਾ ਅਤੇ ਸਰੀਰਕ ਸਜ਼ਾ ਦੇਣਾ ਉਚਿੱਤ ਮੰਨਿਆ ਗਿਆ ਹੈ।

ਸ਼ੁਕਰ ਨੀਤੀ ਤੋਂ ਸੇਵਾ ਨੀਵਾਂ ਜਨਮ ਹੈ। ਮਜ਼ਦੂਰਾਂ ਨੂੰ ਕੇਵਲ ਭੋਜਨ ਅਤੇ ਕੱਪੜਿਆਂ ਲਈ ਕਾਫ਼ੀ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ; ਵਾਧੂ ਭੁਗਤਾਨ ਕਰਨ ਨਾਲ ਮਾਲਕ ਉੱਤੇ ਪਾਪ ਆਉਂਦਾ ਹੈ। ਮਜ਼ਦੂਰ ਕਦੇ ਵਪਾਰੀ ਜਾਂ ਆਗੂ ਬਣਨ ਦੀ ਸਥਿਤੀ ਤੱਕ ਨਹੀਂ ਪਹੁੰਚ ਸਕਦੇ।

**ਯਾਜਨਵਲਕਯ ਸਮ੍ਰਿਤੀ ਤੋਂ**

ਜੇ ਕੋਈ ਵਾਹਕ ਸਾਮਾਨ ਗੁਆ ਲੈਂਦਾ ਹੈ ਤਾਂ ਉਸ ਨੂੰ ਮਾਲਕ ਦੇ ਹੁਕਮ ਅਨੁਸਾਰ ਉਸ ਦੀ ਭਰਪਾਈ ਕਰਨੀ ਪਵੇਗੀ ਅਤੇ ਉਹ ਇਸ 'ਤੇ ਕੋਈ ਸਵਾਲ ਨਹੀਂ ਕਰ ਸਕਦਾ। ਮਾਲਕ ਗ਼ਲਤੀਆਂ ਲਈ ਮਜ਼ਦੂਰਾਂ ਨੂੰ ਕੁੱਟ ਜਾਂ ਜੁਰਮਾਨਾ ਕਰ ਸਕਦੇ ਹਨ। ਜੇ ਨੀਵੀਂ ਜਾਤੀ ਦਾ ਕੋਈ ਮਜ਼ਦੂਰ ਉੱਚ ਜਾਤੀ ਦੇ ਮਾਲਕ ਦਾ ਅਪਮਾਨ ਕਰਦਾ ਹੈ ਤਾਂ ਉਸ ਦੇ ਬੁੱਲ੍ਹ ਕੱਟੇ ਜਾ ਸਕਦੇ ਹਨ ਅਤੇ ਉਸ ਦੀ ਜਾਇਦਾਦ ਜ਼ਬਤ ਕੀਤੀ ਜਾ ਸਕਦੀ ਹੈ।

ਨਾਰਦ ਸਮ੍ਰਿਤੀ ਵਿੱਚ ਤਾਂ 'ਮਜ਼ਦੂਰੀ ਦਾ ਭੁਗਤਾਨ ਨਾ ਕਰਨਾ' ਨਾਂਅ ਦਾ ਇੱਕ ਵੱਖਰਾ ਅਧਿਆਇ ਵੀ ਹੈ। ਇਸ ਤੋਂ ਇਹ ਦ੍ਰਿਸ਼ਟੀਕੋਣ ਸਾਹਮਣੇ ਆਉਂਦਾ ਹੈ ਕਿ ਮਜ਼ਦੂਰੀ ਦਾ ਭੁਗਤਾਨ ਨਾ ਕਰਨਾ ਜਾਂ ਅਧੂਰਾ ਭੁਗਤਾਨ ਕੋਈ ਅਧਿਕਾਰ-ਉਲੰਘਣਾ ਨਹੀਂ, ਸਗੋਂ ਅਜਿਹੀ ਸਥਿਤੀ ਹੈ ਜਿਸ ਨੂੰ ਸਿਰਫ਼ ਨਿਯਮਤ ਕੀਤਾ ਜਾਣਾ ਚਾਹੀਦਾ ਹੈ।

ਜੇ ਅਜਿਹੇ ਗ੍ਰੰਥ ਸ਼੍ਰਮ ਸ਼ਕਤੀ ਨੀਤੀ-2025 ਦੀ ਵਿਚਾਰਧਾਰਕ ਬੁਨਿਆਦ ਬਣਦੇ ਹਨ ਤਾਂ ਇਹ ਭਾਰਤ ਦੀ ਕਿਰਤ ਨੀਤੀ ਦੀ ਦਿਸ਼ਾ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ।

**ਸੰਵਿਧਾਨ ਦੇ ਪ੍ਰਬੰਧਾਂ ਦੇ ਵਿਰੁੱਧ ਨੀਤੀ ਦੇ ਸਪੱਸ਼ਟ ਸੰਕੇਤ**

ਇਹ ਸਮਵਰਤੀ ਸੂਚੀ ਵਿੱਚੋਂ ਕਿਰਤ ਵਿਸ਼ੇ ਨੂੰ ਹੜੱਪਣ ਦੀ ਕੋਸ਼ਿਸ਼ ਕਰਦੀ ਹੈ।

ਅਸੰਗਠਿਤ ਖੇਤਰ ਦੇ ਮਜ਼ਦੂਰਾਂ ਦੀ ਲਾਜ਼ਮੀ ਡਿਜ਼ੀਟਲ ਰਜਿਸਟ੍ਰੇਸ਼ਨ ਸੰਵਿਧਾਨ ਦੇ ਅਨੁਛੇਦ 14 (ਸਮਾਨਤਾ) ਅਤੇ ਅਨੁਛੇਦ 21 (ਜੀਵਨ ਅਤੇ ਮਾਣ-ਮਰਿਆਦਾ) ਦੇ ਉਲਟ ਜਾ ਸਕਦੀ ਹੈ।

ਕਿਰਤ ਕਾਨੂੰਨਾਂ ਦੀ ਪਾਲਣਾ ਲਈ ਸਵੈ-ਪ੍ਰਮਾਣੀਕਰਨ ਸੰਵਿਧਾਨ ਦੇ ਅਨੁਛੇਦ 23 (ਬੇਗਾਰ/ਜਬਰੀ ਮਿਹਨਤ ਤੋਂ ਸੁਰੱਖਿਆ) ਅਤੇ ਅਨੁਛੇਦ 431 (ਮਜ਼ਦੂਰਾਂ ਦੀ ਭਾਗੀਦਾਰੀ) ਦੇ ਉਲਟ ਜਾ ਸਕਦਾ ਹੈ।

ਟਰੇਡ ਯੂਨੀਅਨਾਂ ਅਤੇ ਆਪਸੀ ਸਲਾਹ-ਮਸ਼ਵਰੇ ਨੂੰ ਦਰਕਿਨਾਰ ਕਰਨਾ ਅਨੁਛੇਦ 19(1)(ਸੀ) ਦੇ ਉਲਟ ਹੈ, ਜੋ ਜਥੇਬੰਦੀ ਬਣਾਉਣ ਦੇ ਅਧਿਕਾਰ ਦੀ ਗਾਰੰਟੀ ਦਿੰਦਾ ਹੈ।

ਸਮਾਜਿਕ ਸੁਰੱਖਿਆ ਦੀ ਗਾਰੰਟੀ ਤੋਂ ਬਿਨਾਂ ਨਿੱਜੀਕਰਨ, ਠੇਕੇਦਾਰੀ ਅਤੇ ਗਿਗ ਅਰਥਚਾਰੇ ਨੂੰ ਉਤਸ਼ਾਹਿਤ ਕਰਨਾ ਅਨੁਛੇਦ 14, 21 ਅਤੇ 23 ਦੇ ਉਲਟ ਜਾ ਸਕਦਾ ਹੈ।

ਮਜ਼ਦੂਰ ਅਧਿਕਾਰਾਂ ਨੂੰ 'ਈਜ਼ ਆਫ ਡੂਇੰਗ ਬਿਜ਼ਨਸ' ਉੱਤੇ ਨਿਰਭਰ ਬਣਾਉਣਾ ਅਨੁਛੇਦ 38, 39 ਅਤੇ 43 ਦੇ ਉਲਟ ਹੈ।

ਖਰੜਾ ਸ਼੍ਰਮ ਸ਼ਕਤੀ ਨੀਤੀ-2025 ਵਿੱਚ 2047 ਤੱਕ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਅਤੇ ਸਮਾਜਿਕ ਸੁਰੱਖਿਆ ਲਾਭਾਂ ਦੀ ਪੋਰਟੇਬਿਲਟੀ ਦੀ ਕਲਪਨਾ ਕੀਤੀ ਗਈ ਹੈ, ਜਦਕਿ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕੋਵਿਡ ਕਾਲ ਦੌਰਾਨ ਹੀ ਇਹ ਕੰਮ ਪੂਰਾ ਕਰਨ ਦਾ ਹੁਕਮ ਦਿੱਤਾ ਸੀ। ਇਹ ਅਦਾਲਤ ਦੀ ਅਵਮਾਨਨਾ ਦੇ ਸਮਾਨ ਹੈ ਅਤੇ ਇਸ ਲਈ ਅਸੰਵਿਧਾਨਕ ਹੈ।

**ਮਜ਼ਦੂਰਾਂ ਨੂੰ ਸ਼ਾਮਲ ਕਰਨ ਲਈ ਨੀਤੀ ਦੀ ਇੱਕੋ ਠੋਸ ਯੋਜਨਾ ਇਸ ਤਰ੍ਹਾਂ ਹੈ :**

ਈ ਪੀ ਐੱਫ ਓ, ਈ ਐੱਸ ਆਈ ਸੀ, ਪੀ ਐੱਮ-ਜੇ ਏ ਵਾਈ, ਈ-ਸ਼੍ਰਮ ਅਤੇ ਸੂਬਾਈ ਭਲਾਈ ਬੋਰਡਾਂ ਨੂੰ ਏਕੀਕ੍ਰਿਤ ਕਰਦਿਆਂ ਇੱਕ ਸਰਵਵਿਆਪੀ ਸਮਾਜਿਕ ਸੁਰੱਖਿਆ ਖਾਤਾ ਬਣਾਉਣਾ।

ਇਹ ਅਸੰਗਠਿਤ ਖੇਤਰ ਸਮਾਜਿਕ ਸੁਰੱਖਿਆ ਕਾਨੂੰਨ ਨੂੰ ਵੀ ਇਸ ਵਿੱਚ ਸ਼ਾਮਲ ਕਰ ਦਿੰਦੀ ਹੈ, ਪਰ ਇਸ ਨਾਲ ਕੇਂਦਰੀ ਅਤੇ ਸੂਬਾਈ ਕਾਨੂੰਨਾਂ ਵਿੱਚ ਸਥਾਪਤ ਸਮੁੱਚੀਆਂ ਸਮਾਜਿਕ ਸੁਰੱਖਿਆ ਵਿਵਸਥਾਵਾਂ ਵੀ ਕਮਜ਼ੋਰ ਹੋਣਗੀਆਂ।

ਈ ਪੀ ਐੱਫ ਓ ਅਤੇ ਈ ਐੱਸ ਆਈ ਸੀ ਕੇਂਦਰੀ ਸੰਸਥਾਵਾਂ ਹਨ, ਜੋ ਮਜ਼ਦੂਰਾਂ ਨੂੰ ਸਮਾਜਿਕ ਸੁਰੱਖਿਆ ਦਿੰਦੀਆਂ ਹਨ ਅਤੇ ਇਨ੍ਹਾਂ ਵਿੱਚ ਮਾਲਕਾਂ ਦਾ ਵੀ ਯੋਗਦਾਨ ਹੁੰਦਾ ਹੈ। ਦੂਜੇ ਪਾਸੇ ਸੂਬਾਈ ਭਲਾਈ ਬੋਰਡ ਵੱਖ-ਵੱਖ ਸੂਬਿਆਂ ਵਿੱਚ ਵੱਖ-ਵੱਖ ਢੰਗ ਨਾਲ ਕੰਮ ਕਰਦੇ ਹਨ, ਪਰ ਉਹ ਗੈਰ-ਰਸਮੀ ਅਰਥਚਾਰੇ ਦੇ ਖ਼ਾਸ ਖੇਤਰਾਂ ਨੂੰ ਸੰਬੋਧਿਤ ਕਰਦੇ ਰਹੇ ਹਨ। ਉਦਾਹਰਨ ਵਜੋਂ ਨਿਰਮਾਣ ਮਜ਼ਦੂਰ ਭਲਾਈ ਬੋਰਡ, ਬੀੜੀ ਮਜ਼ਦੂਰ ਭਲਾਈ ਬੋਰਡ ਅਤੇ ਖਣਿਜ ਮਜ਼ਦੂਰ ਭਲਾਈ ਬੋਰਡ ਆਦਿ ਲੰਮੇ ਸਮੇਂ ਤੋਂ ਮਜ਼ਦੂਰਾਂ ਲਈ ਕੰਮ ਕਰ ਰਹੇ ਹਨ। ਤਾਮਿਲਨਾਡੂ ਅਤੇ ਕੇਰਲ ਵਿੱਚ ਅਸੰਗਠਿਤ/ਗੈਰ-ਰਸਮੀ ਖੇਤਰ ਦੇ ਮਜ਼ਦੂਰਾਂ ਲਈ ਮੁਕਾਬਲਤਨ ਪ੍ਰਭਾਵਸ਼ਾਲੀ ਸਕੀਮਾਂ ਹਨ, ਜਦਕਿ ਹੋਰ ਸੂਬੇ ਪਿੱਛੇ ਹਨ।


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ


# ਦਿਮਾਗੀ ਨਕਸਲ : ਭਾਰਤ ਦੇ ਵਿਦਰੋਹੀ ਨੌਜਵਾਨਾਂ ਤੋਂ ਡਰਿਆ ਹੋਇਆ ਇੱਕ ਡਰਪੋਕ ਤਾਨਾਸ਼ਾਹ

ਨਰਿੰਦਰ ਮੋਦੀ ਨੇ ਇੱਕ ਵਾਰ ਫਿਰ ਲਾਲ ਕਿਲ੍ਹੇ ਦੀ ਫਸੀਲ ਤੋਂ ਆਜ਼ਾਦੀ ਦਿਵਸ ਦਾ ਭਾਸ਼ਣ ਦਿੱਤਾ। 2014 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਸ਼ੁਰੂਆਤੀ ਸਾਲਾਂ ਵਿੱਚ ਉਨ੍ਹਾਂ ਦੇ ਭਾਸ਼ਣਾਂ ਵਿੱਚ ਉਸ ਵੇਲੇ ਦੀਆਂ ਘਰੇਲੂ ਤੇ ਗਲੋਬਲ ਹਾਲਤਾਂ ਦਾ ਕੁਝ ਹਵਾਲਾ ਹੁੰਦਾ ਸੀ। ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਉਨ੍ਹਾਂ ਲਈ ਅਗਲਾ ਅਹਿਮ ਪੜਾਅ ਸੀ, ਪਰ 2022 ਤੋਂ ਬਾਅਦ ਉਨ੍ਹਾਂ ਆਪਣਾ ਨਿਸ਼ਾਨਾ ਸਿੱਧਾ 2047 ਨੂੰ ਬਣਾ ਲਿਆ ਅਤੇ ਹੁਣ ਉਹ ਉਨ੍ਹਾਂ ਸਭ ਚਿੰਤਾਵਾਂ ਬਾਰੇ ਸਾਫ਼ ਤੌਰ 'ਤੇ ਚੁੱਪ ਹਨ, ਜੋ ਆਮ ਲੋਕਾਂ ਦੇ ਮਨ ਵਿੱਚ ਸਭ ਤੋਂ ਉੱਤੇ ਹਨ ਤੇ ਜਿਨ੍ਹਾਂ ਨੂੰ ਹੁਣ ਉਨ੍ਹਾਂ ਦੀ ਸਰਕਾਰ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦੀ।

ਉਦਾਹਰਣ ਵਜੋਂ, ਜੰਤਰ-ਮੰਤਰ 'ਤੇ ਹੋਏ ਬੇਮਿਸਾਲ ਵਿਰੋਧ ਪ੍ਰਦਰਸ਼ਨਾਂ ਦਾ ਉਨ੍ਹਾਂ ਦੇ 80 ਮਿੰਟ ਦੇ ਭਾਸ਼ਣ ਵਿੱਚ ਕੋਈ ਜ਼ਿਕਰ ਨਹੀਂ ਸੀ। ਇਨ੍ਹਾਂ ਹੀ ਪ੍ਰਦਰਸ਼ਨਾਂ ਨੇ ਉਨ੍ਹਾਂ ਦੀ ਸਰਕਾਰ ਨੂੰ ਮਜਬੂਰ ਕਰ ਦਿੱਤਾ ਕਿ ਉਹ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਅਸਤੀਫਾ ਦੇਣ ਲਈ ਕਹਿਣ, ਜਦਕਿ ਉਨ੍ਹਾਂ ਨੇ ਹੰਕਾਰ ਨਾਲ ਇਹ ਐਲਾਨ ਕੀਤਾ ਸੀ ਕਿ ਸਾਡੀ ਪਾਰਟੀ ਵਿੱਚ ਮੰਤਰੀਆਂ ਦੇ ਅਸਤੀਫੇ ਨਹੀਂ ਹੁੰਦੇ, ਇਹ ਯੂ ਪੀ ਏ ਸਰਕਾਰ ਦੀ ਰਵਾਇਤ ਸੀ।

ਹਾਲਾਂਕਿ, ਜੰਤਰ-ਮੰਤਰ ਦਾ ਸਾਇਆ ਉਨ੍ਹਾਂ ਦੇ ਪੂਰੇ ਭਾਸ਼ਣ 'ਤੇ ਛਾਇਆ ਰਿਹਾ। ਪੂਰੇ ਭਾਰਤ ਵਿੱਚ ਜਨਤਕ ਚਰਚਾ ਉਤੇ ਛਾਏ 'Gen Z' ਸ਼ਬਦ ਦੀ ਵਰਤੋਂ ਕੀਤੇ ਬਿਨਾਂ ਵੀ ਮੋਦੀ ਨੇ ਆਪਣੇ ਭਾਸ਼ਨ ਵਿੱਚ ਨੌਜਵਾਨਾਂ ਦਾ ਜ਼ਿਕਰ 52 ਵਾਰ ਕੀਤਾ।

ਪਰ ਉਨ੍ਹਾਂ ਨੇ ਚਰਮਰਾ ਰਹੀ ਸਿੱਖਿਆ ਤੇ ਪ੍ਰੀਖਿਆ ਪ੍ਰਣਾਲੀ ਬਾਰੇ ਪੂਰੀ ਤਰ੍ਹਾਂ ਚੁੱਪ ਧਾਰੀ ਰੱਖੀ, ਜਿਸ ਨੇ ਹੁਣ Gen Alpha ਨੂੰ ਵੀ ਅੰਦੋਲਨ ਦੀ ਰਾਹ 'ਤੇ ਲਿਆ ਦਿੱਤਾ ਹੈ।

ਨੌਜਵਾਨਾਂ ਲਈ ਉਨ੍ਹਾਂ ਦਾ ਇੱਕੋ-ਇੱਕ ਵਾਅਦਾ ਸੀ-ਹਰ ਸਾਲ ਇੱਕ ਕਰੋੜ ਰੋਜ਼ਗਾਰ ਪੈਦਾ ਕਰਨ ਲਈ 19 ਬਾਰੇ ਸਿਖਲਾਈ ਦੇਣਾ, ਪਰ ਇਹ ਹਰ ਸਾਲ ਨੌਕਰੀਆਂ ਦੇਣ ਦੇ ਉਸੇ ਪੁਰਾਣੇ ਤੇ ਭੁਲਾ ਦਿੱਤੇ ਗਏ ਵਾਅਦੇ ਨੂੰ ਦੁਹਰਾਉਣ ਤੋਂ ਇਲਾਵਾ ਕੁਝ ਨਹੀਂ, ਜਦਕਿ ਅਸਲੀਅਤ ਇਹ ਹੈ ਕਿ ਵੱਖ-ਵੱਖ ਖੇਤਰਾਂ ਵਿੱਚ ਇਸ ਤੋਂ ਕਿਤੇ ਵੱਧ ਨੌਕਰੀਆਂ ਨਸ਼ਟ ਹੋ ਰਹੀਆਂ ਹਨ। ਦੂਜੇ ਪਾਸੇ ਰੋਜ਼ਗਾਰ ਦੇ ਮੌਕਿਆਂ ਨੂੰ ਲੱਗ ਰਹੇ ਇਸ ਚਿੰਤਾਜਨਕ ਖੋਰੇ ਨੂੰ 19 ਦੇ ਪ੍ਰਭਾਵ ਨਾਲ ਜੋੜਿਆ ਜਾ ਰਿਹਾ ਹੈ। ਮੋਦੀ ਜੀ ਨੇ ਮੁਫ਼ਤ ਆਨਲਾਈਨ ਕੋਚਿੰਗ ਦੀ ਗੱਲ ਕੀਤੀ, ਜਦਕਿ ਨੀਤੀ ਕਮਿਸ਼ਨ ਅਨੁਸਾਰ ਹਰ ਰੋਜ਼ ਔਸਤਨ 25 ਸਰਕਾਰੀ ਸਕੂਲ ਬੰਦ ਹੋ ਰਹੇ ਹਨ।

ਉਨ੍ਹਾਂ ਨੇ SIR ਤੇ ਇਸ ਨੂੰ ਲਾਗੂ ਕਰਨ ਦੀਆਂ ਗਲਤੀਆਂ ਅਤੇ ਨਾਵਾਂ ਦੇ ਮੇਲ ਨਾ ਖਾਣ ਵਰਗੇ ਤੁੱਛ ਆਧਾਰਾਂ 'ਤੇ ਲੱਖਾਂ ਵੋਟਰਾਂ ਨੂੰ ਵੋਟ ਪਾਉਣ ਦੇ ਹੱਕ ਤੋਂ ਵੰਚਿਤ ਕੀਤੇ ਜਾਣ ਬਾਰੇ ਇਕ ਸ਼ਬਦ ਵੀ ਨਹੀਂ ਕਿਹਾ।

ਉਨ੍ਹਾਂ ਨੇ ਉਸ ਜਾਤੀ ਜਨਗਣਨਾ ਬਾਰੇ ਵੀ ਕੁਝ ਨਹੀਂ ਕਿਹਾ, ਜਿਸ ਨੂੰ ਉਨ੍ਹਾਂ ਦੀ ਸਰਕਾਰ ਨੇ ਬਿਹਾਰ ਚੋਣਾਂ ਤੋਂ ਠੀਕ ਪਹਿਲਾਂ ਕਰਾਉਣ ਦਾ ਵਾਅਦਾ ਕੀਤਾ ਸੀ।

ਇਸ ਦੀ ਬਜਾਏ ਉਨ੍ਹਾਂ ਨੇ ਨੌਜਵਾਨਾਂ ਨੂੰ ਜਨਗਣਨਾ ਮੁਹਿੰਮ ਵਿੱਚ ਮਦਦ ਕਰਨ ਅਤੇ ਆਪਣੇ ਪਰਵਾਰ ਨਾਲ ਸੰਬੰਧਤ ਅੰਕੜਿਆਂ ਨੂੰ ਅੱਪਡੇਟ ਤੇ ਅਪਲੋਡ ਕਰਨ ਦੀ ਅਪੀਲ ਕੀਤੀ।

ਮੋਦੀ ਨੇ ਜੈਨ ਜ਼ੈੱਡ ਅਤੇ ਜੰਤਰ-ਮੰਤਰ ਬਾਰੇ ਪੂਰੀ ਤਰ੍ਹਾਂ ਚੁੱਪੀ ਧਾਰੀ ਰੱਖੀ, ਪਰ ਉਨ੍ਹਾਂ ਨੇ ਸੰਘ ਬ੍ਰਿਗੇਡ ਦੀ ਨਫ਼ਰਤ ਅਤੇ ਦੁਸ਼ਮਣੀ ਨਾਲ ਭਰੀ ਉਸ ਸ਼ਬਦਾਵਲੀ ਵਿੱਚ ਆਪਣੇ ਅੰਦਰੂਨੀ ਦੁਸ਼ਮਣਾਂ ਲਈ ਇੱਕ ਨਵਾਂ ਸ਼ਬਦ ਜ਼ਰੂਰ ਜੋੜ ਦਿੱਤਾ, ਜਿਸ ਵਿੱਚ ਪਹਿਲਾਂ ਹੀ 'ਟੁਕੜੇ-ਟੁਕੜੇ ਗੈਂਗ', 'ਅਰਬਨ ਨਕਸਲ', 'ਅੰਦੋਲਨਜੀਵੀ' ਅਤੇ 'ਰਾਸ਼ਟਰ ਵਿਰੋਧੀ' ਵਰਗੇ ਕਿੰਨੇ ਹੀ ਸ਼ਬਦ ਮੌਜੂਦ ਹਨ। ਹੁਣ ਇਸ ਵਿੱਚ 'ਦਿਮਾਗੀ ਨਕਸਲ', ਯਾਨੀ Intellectual Naxal ਦੀ ਨਵੀਂ ਵੰਨਗੀ ਵੀ ਸ਼ਾਮਲ ਕਰ ਦਿੱਤੀ ਗਈ ਹੈ।

ਬਾਅਦ ਵਿੱਚ ਕਿਰੇਨ ਰਿਜਿਜੂ ਨੇ ਸਪੱਸ਼ਟੀਕਰਨ ਦਿੰਦੇ ਹੋਏ 'ਦਿਮਾਗੀ ਨਕਸਲ' ਦੇ ਠੱਪੇ ਨੂੰ ਕੇਵਲ ਮਾਓਵਾਦੀ ਸਮਰਥਕਾਂ ਅਤੇ ਧਾਰਾ 370 ਦਾ ਸਮਰਥਨ ਕਰਨ ਵਾਲਿਆਂ ਤੱਕ ਸੀਮਿਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਮੋਦੀ ਨੇ ਆਪਣੇ ਭਾਸ਼ਣ ਵਿੱਚ ਇਸ 'ਦਿਮਾਗੀ ਨਕਸਲ' ਦੇ ਠੱਪੇ ਦਾ ਇਸਤੇਮਾਲ ਪਿਛਲੀਆਂ ਘਟਨਾਵਾਂ ਉੱਤੇ ਵੀ ਲਾਗੂ ਕਰਦੇ ਹੋਏ ਉਨ੍ਹਾਂ ਬੁੱਧੀਜੀਵੀਆਂ ਤੱਕ ਲਈ ਵੀ ਕੀਤਾ, ਜਿਨ੍ਹਾਂ ਨੇ ਯੂ ਪੀ ਏ ਦੇ ਦੌਰ ਵਿੱਚ ਸਰਕਾਰੀ ਨੀਤੀਆਂ ਬਾਰੇ ਸਲਾਹ-ਮਸ਼ਵਰਾ ਦਿੱਤਾ ਸੀ।

ਸਪੱਸ਼ਟ ਤੌਰ 'ਤੇ ਉਨ੍ਹਾਂ ਦਾ ਇਸ਼ਾਰਾ ਯੂ ਪੀ ਏ ਕਾਲ ਦੌਰਾਨ ਸੰਸਦ ਵਿੱਚ ਖੱਬੇਪੱਖੀ ਧੜੇ ਦੀ ਤਾਕਤ ਅਤੇ ਕੌਮੀ ਸਲਾਹਕਾਰ ਪਰਿਸ਼ਦ ਦੀ ਉਨ੍ਹਾਂ ਦੀ ਭੂਮਿਕਾ ਵੱਲ ਸੀ, ਜਿਸ ਰਾਹੀਂ ਲੋਕਾਂ ਦੇ ਕਲਿਆਣ ਅਤੇ ਨਾਗਰਿਕਾਂ ਦੇ ਅਧਿਕਾਰ, ਹਿੱਸੇਦਾਰੀ ਅਤੇ ਸ਼ਕਤੀਕਰਨ ਨਾਲ ਸੰਬੰਧਤ ਕਈ ਕਾਨੂੰਨ ਬਣਾਏ ਗਏ-ਜਿਵੇਂ ਮਨਰੇਗਾ (NREGA), ਵਣ ਅਧਿਕਾਰ ਕਾਨੂੰਨ, ਸੂਚਨਾ ਦਾ ਅਧਿਕਾਰ (RTI), ਖੁਰਾਕ ਸੁਰੱਖਿਆ ਕਾਨੂੰਨ ਅਤੇ ਭੂਮੀ ਅਧਿਗ੍ਰਹਿਣ, ਪੁਨਰਵਾਸ ਅਤੇ ਪੁਨਰਸਥਾਪਤੀ ਲਈ ਉਚਿਤ ਮੁਆਵਜ਼ਾ ਅਤੇ ਪਾਰਦਰਸ਼ਤਾ ਦਾ ਅਧਿਕਾਰ ਕਾਨੂੰਨ।

ਮੋਦੀ ਨੂੰ ਸਮੱਸਿਆ ਉਨ੍ਹਾਂ ਸਾਰੇ ਕਾਨੂੰਨਾਂ ਤੋਂ ਹੈ, ਜੋ ਨਾਗਰਿਕਾਂ ਦੇ ਅਧਿਕਾਰਾਂ ਦਾ ਵਿਸਥਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਨੀਤੀ-ਨਿਰਮਾਣ ਅਤੇ ਸ਼ਾਸਨ ਤੰਤਰ ਵਿੱਚ ਆਪਣੀ ਗੱਲ ਰੱਖਣ ਦਾ ਮੌਕਾ ਦਿੰਦੇ ਹਨ।

2014 ਵਿੱਚ ਸੱਤਾ ਵਿੱਚ ਆਉਣ ਤੋਂ ਤੁਰੰਤ ਬਾਅਦ ਉਨ੍ਹਾਂ ਨੇ 2013 ਦੇ ਭੂਮੀ ਅਧਿਗ੍ਰਹਿਣ ਕਾਨੂੰਨ ਨੂੰ ਕਮਜ਼ੋਰ ਕਰਨ ਦੀ ਅਸਫਲ ਕੋਸ਼ਿਸ਼ ਕੀਤੀ। ਇਸ ਕਾਨੂੰਨ ਨੇ ਬਸਤੀਵਾਦੀ ਦੌਰ ਦੇ 1894 ਦੇ ਕਾਨੂੰਨ ਨੂੰ ਬਦਲਿਆ ਸੀ ਅਤੇ ਕਿਸੇ ਵੀ ਜਗ੍ਹਾ ਜ਼ਮੀਨ ਐਕੁਵਾਇਰ ਕਰਨ ਤੋਂ ਪਹਿਲਾਂ ਉਸ ਦੇ ਸਮਾਜ ਅਤੇ ਵਾਤਾਵਰਣ ਉਤੇ ਪ੍ਰਭਾਵਾਂ ਬਾਰੇ ਆਡਿਟ, ਸਹਿਮਤੀ ਪ੍ਰਾਪਤ ਕਰਨ, ਮੁਆਵਜ਼ੇ ਦੇ ਭੁਗਤਾਨ ਅਤੇ


## ਦੀਪਾਂਕਰ ਭੱਟਾਚਾਰੀਆ

**ਅਨੁਵਾਦ : ਸੁਖਦਰਸ਼ਨ ਨੱਤ**


ਪੁਨਰਵਾਸ ਤੇ ਪੁਨਰਸਥਾਪਤੀ ਦਾ ਪ੍ਰਬੰਧ ਕੀਤੇ ਜਾਣ ਦੀਆਂ ਮੱਦਾਂ ਸ਼ਾਮਲ ਸਨ।

ਬੀਤੇ ਸਾਲਾਂ ਦੌਰਾਨ RTI ਨੂੰ ਗਿਣੇ-ਮਿੱਥੇ ਢੰਗ ਨਾਲ ਕਮਜ਼ੋਰ ਕੀਤਾ ਗਿਆ, ਵਣ ਅਧਿਕਾਰ ਕਾਨੂੰਨ ਜਾਣ-ਬੁੱਝ ਕੇ ਲਾਗੂ ਨਹੀਂ ਕੀਤਾ ਗਿਆ ਅਤੇ ਇਸ ਦੀਆਂ ਸਪੱਸ਼ਟ ਉਲੰਘਣਾਵਾਂ ਕੀਤੀਆਂ ਗਈਆਂ ਅਤੇ ਹੁਣ ਮਨਰੇਗਾ ਨੂੰ ਇੱਕ ਅਜਿਹੇ ਨਵੇਂ ਕਾਨੂੰਨ ਨਾਲ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ ਹੈ, ਜਿਸ ਨੇ ਰੋਜ਼ਗਾਰ ਗਾਰੰਟੀ ਕਾਨੂੰਨ ਦੇ ਸਾਰੇ ਬੁਨਿਆਦੀ ਉਪਬੰਧਾਂ ਨੂੰ ਹੀ ਉਲਟਾ ਦਿੱਤਾ ਹੈ।

ਐਸੇ ਸਮੇਂ ਵਿੱਚ ਜਦੋਂ ਹਿਮਾਲਿਆਈ ਖੇਤਰ ਚਟਾਨਾਂ ਤੇ ਮਲਬੇ ਦੇ ਖਿਸਕਣ ਦੀਆਂ ਲਗਾਤਾਰ ਵਧਦੀਆਂ ਘਟਨਾਵਾਂ ਅਤੇ ਜਲਵਾਯੂ ਤਬਦੀਲੀ ਨਾਲ ਜੁੜੀਆਂ ਆਫ਼ਤਾਂ ਦਾ ਸਾਹਮਣਾ ਕਰ ਰਿਹਾ ਹੈ, ਕੌਮੀ ਰਾਜਧਾਨੀ ਖੇਤਰ ਵਿੱਚ ਹਵਾ ਪ੍ਰਦੂਸ਼ਣ ਭਿਆਨਕ ਪੱਧਰ 'ਤੇ ਪਹੁੰਚ ਚੁੱਕਾ ਹੈ ਅਤੇ ਜੰਗਲਾਂ ਦੀ ਕਟਾਈ ਤੇ ਭਾਰਤ ਦੇ ਨਾਜ਼ੁਕ ਤਟੀ ਖੇਤਰਾਂ ਦੇ ਵਾਤਾਵਰਣ ਅਤੇ ਇਕੋਲੋਜੀਕਲ ਪ੍ਰਣਾਲੀ ਉਤੇ ਹਮਲਿਆਂ ਦੇ ਖਿਲਾਫ਼ ਜਨਤਾ ਦੇ ਅੰਦੋਲਨ ਤਿੱਖੇ ਹੋ ਰਹੇ ਹਨ, ਮੋਦੀ ਨੇ ਆਪਣੀ ਸਰਕਾਰ ਵੱਲੋਂ ਵਾਤਾਵਰਣ ਦੀ ਬਰਬਾਦੀ ਬਾਰੇ ਮਾਹਿਰਾਂ ਦੀ ਚਿੰਤਾ ਨੂੰ ਨਜ਼ਰ-ਅੰਦਾਜ਼ ਕਰਨ 'ਤੇ ਉਲਟਾ ਉਜੱਡਤਾ ਨਾਲ ਫ਼ਖ਼ਰ ਦਾ ਪ੍ਰਗਟਾਵਾ ਕੀਤਾ।

ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਭਾਰਤ ਦੀ 99 ਫੀਸਦੀ ਤੱਟ ਰੇਖਾ ਨੂੰ 'ਨੋ-ਗੋ ਜ਼ੋਨ' ਤੋਂ 'ਗੋ-ਅਹੈੱਡ ਜ਼ੋਨ' ਵਿੱਚ ਬਦਲ ਦਿੱਤਾ ਹੈ।

ਪਰ ਉਨ੍ਹਾਂ ਨੇ ਇਹ ਦੱਸਣ ਦੀ ਲੋੜ ਨਹੀਂ ਸਮਝੀ ਕਿ ਹੁਣ ਭਾਰਤ ਦੀ ਤੱਟ ਰੇਖਾ ਮੁੱਖ ਤੌਰ 'ਤੇ ਅਡਾਨੀ ਗਰੁੱਪ ਨੂੰ ਸੌਂਪੀ ਜਾ ਰਹੀ ਹੈ, ਤਾਂ ਜੋ ਭਾਰਤ ਦੇ ਬੁਨਿਆਦੀ ਢਾਂਚੇ ਅਤੇ ਬੰਦਰਗਾਹਾਂ ਉੱਤੇ ਉਸ ਦੀ ਪਕੜ ਅਤੇ ਕਬਜ਼ਾ ਮਜ਼ਬੂਤ ਹੋ ਸਕੇ।

'ਦਿਮਾਗੀ ਨਕਸਲ' ਸ਼ਬਦ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਮਾਮਲਿਆਂ ਵਿੱਚ 'ਦਿਮਾਗ' ਯਾਨੀ ਬੁੱਧੀ, ਵਿਵੇਕ ਅਤੇ ਬੁੱਧੀਜੀਵੀਆਂ ਦੀ ਮਹੱਤਵਪੂਰਨ ਭੂਮਿਕਾ ਵੱਲ ਸੰਕੇਤ ਕਰਦਾ ਹੈ ਅਤੇ ਮੋਦੀ ਸਰਕਾਰ ਇਸੇ ਭੂਮਿਕਾ ਤੋਂ ਬਹੁਤ ਡਰਦੀ ਹੈ ਅਤੇ ਹਰ ਸੰਭਵ ਤਰੀਕੇ ਨਾਲ ਇਸ ਨੂੰ ਰੋਕਣਾ ਚਾਹੁੰਦੀ ਹੈ।

ਇਸ ਸ਼ਬਦ ਦੇ ਘੜੇ ਜਾਣ ਤੋਂ ਪਹਿਲਾਂ ਵੀ ਅਸੀਂ ਸਨਾਤਨੀ ਫਾਸਿਸ਼ਟਾਂ ਵੱਲੋਂ ਕੀਤੇ ਨਰੇਂਦਰ ਦਾਭੋਲਕਰ, ਗੋਵਿੰਦ ਪਨਸਾਰੇ, ਐੱਮ.ਐੱਮ. ਕਲਬੁਰਗੀ ਅਤੇ ਗੌਰੀ ਲੰਕੇਸ਼ ਵਰਗੇ ਉੱਘੇ ਤਰਕਵਾਦੀ ਲੇਖਕਾਂ ਅਤੇ ਐਕਟਵਿਸਟਾਂ ਦੇ ਵਹਿਸ਼ੀਆਨਾ ਕਤਲਾਂ ਦੇ ਗਵਾਹ ਰਹੇ ਹਾਂ।

ਭਾਰਤ ਦੇ ਜਾਣੇ-ਪਛਾਣੇ ਜਨਤਕ ਬੁੱਧੀਜੀਵੀਆਂ, ਸੱਭਿਆਚਾਰਕ ਹਸਤੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ ਨੂੰ ਲੰਬੇ ਸਮੇਂ ਤੱਕ ਜੇਲ੍ਹਾਂ ਵਿੱਚ ਰੱਖਣ, ਬੱਝਵੇਂ ਢੰਗ ਨਾਲ ਉਨ੍ਹਾਂ ਦੇ ਦਮਨ ਅਤੇ ਅਪਮਾਨ ਦਾ ਸਿਲਸਿਲਾ ਵੀ ਸਾਡੇ ਸਾਹਮਣੇ ਹੈ।

ਮੋਦੀ ਦੇ ਆਜ਼ਾਦੀ ਦਿਵਸ ਭਾਸ਼ਣ ਵਿੱਚ 'ਦਿਮਾਗੀ ਨਕਸਲੀਆਂ' ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਅਲੱਗ-ਥਲੱਗ ਕਰਨ ਦੀ ਅਪੀਲ, ਅਸਹਿਮਤੀ ਰੱਖਣ ਵਾਲੀਆਂ ਆਵਾਜ਼ਾਂ ਅਤੇ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਉਣ ਲਈ ਸਟੇਟ ਅਤੇ ਸੰਘ ਬ੍ਰਿਗੇਡ ਦੀਆਂ ਗੁੰਡਾ ਟੋਲੀਆਂ ਨੂੰ ਦਿੱਤਾ ਗਿਆ ਇੱਕ ਖਤਰਨਾਕ 'ਡੌਗ-ਵਿਸਲ' ਹੈ।

ਮੋਦੀ ਵੱਲੋਂ 'ਸਿਵਲ ਡਿਫੈਂਸ ਦਾ ਇੱਕ ਸਰਗਰਮ ਨੈੱਟਵਰਕ' ਬਣਾਉਣ ਉੱਤੇ ਜ਼ੋਰ ਸ਼ਾਇਦ ਜਨਤਾ ਖਿਲਾਫ ਹੋਰ ਵੱਧ ਦਮਨਕਾਰੀ ਤਾਕਤ ਵਰਤਣ ਲਈ ਇੱਕ ਨਵੀਂ ਮਿਲੀਸ਼ੀਆ ਖੜ੍ਹੀ ਕਰਨ ਅਤੇ ਲੋਕਾਂ ਦੇ ਸੰਘਰਸ਼ਾਂ ਅਤੇ ਅੰਦੋਲਨਾਂ ਨਾਲ ਨਿਪਟਣ ਲਈ ਹੋਰ ਵਿਆਪਕ ਸਰਕਾਰੀ+ਨਿੱਜੀ ਗੱਠਜੋੜ ਵਿਕਸਤ ਕਰਨ ਦੀ ਚੇਤਾਵਨੀ ਹੈ।

ਇਸ ਦੇ ਤਹਿਤ ਸੇਵਾਮੁਕਤ ਅਗਨੀਵੀਰਾਂ ਦਾ ਇਸਤੇਮਾਲ ਅਤੇ ਸੰਘ ਬ੍ਰਿਗੇਡ ਦੀਆਂ ਗੁੰਡਾ ਗਰੋਹਾਂ ਨੂੰ ਕਾਨੂੰਨੀ ਸ਼ਕਲ ਦੇਣ ਦੀ ਕੋਸ਼ਿਸ਼ ਕਰਨਾ ਵੀ ਸ਼ਾਮਲ ਹੋ ਸਕਦਾ ਹੈ। ਲੋਕਾਂ ਦੇ ਦਿਮਾਗ ਦੀ ਪੁਲਿਸਿੰਗ ਕਰਨ ਦਾ ਇਹ ਬੇਤੁੱਕਾ ਵਿਚਾਰ ਸੰਘ ਬ੍ਰਿਗੇਡ ਦੀ ਉਸ ਪ੍ਰਥਾ ਤੋਂ ਨਿਕਲਦਾ ਹੈ, ਜਿਸ ਵਿੱਚ ਲੋਕਾਂ ਦੇ ਵਿਚਾਰਾਂ ਨੂੰ ਕੰਟਰੋਲ ਕਰਨਾ, ਉਨ੍ਹਾਂ ਦੀਆਂ ਭਾਵਨਾਵਾਂ ਨਾਲ ਖੇਡਣਾ ਅਤੇ ਉਨ੍ਹਾਂ ਨੂੰ ਵਿਰੋਧ ਤੇ ਅਸਹਿਮਤੀ ਲਈ ਸਜ਼ਾ ਦੇਣਾ ਸ਼ਾਮਲ ਹੈ।

ਇਹ ਕਾਰਜ ਵਿਚਿਤਰ ਰੂਪ ਵਿੱਚ ਜਾਰਜ ਆਰਵੈੱਲ ਦੇ ਮਸ਼ਹੂਰ ਨਾਵਲ '1984' ਵਿੱਚ ਨਿਰੰਕੁਸ਼ ਤਾਨਾਸ਼ਾਹੀ ਵਾਲੇ ਡਿਸਟੋਪੀਆ ਦੇ ਚਿੱਤਰਣ ਵਿੱਚ ਮੌਜੂਦ 'ਥਾਟ ਪੁਲਸ' (ਵਿਚਾਰ ਪੁਲਸ) ਦੀ ਯਾਦ ਦਿਵਾਉਂਦਾ ਹੈ।

ਪੱਛਮੀ ਬੰਗਾਲ ਦੇ ਬਾਂਕੁੜਾ ਜ਼ਿਲ੍ਹੇ ਵਿੱਚ ਸ਼ੇਖ ਮੁਹੰਮਦ ਹਾਫਿਜ਼ ਉੱਤੇ ਭਾਜਪਾ ਦੇ ਗੁੰਡਿਆਂ ਦਾ ਹਮਲਾ ਅਤੇ ਉਸ ਦੇ ਪਿਤਾ ਮੁਹੰਮਦ ਮਾਫਿਕ ਦੀ ਹੱਤਿਆ, ਜਿਨ੍ਹਾਂ ਨੇ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਦੀ ਤਰਸਯੋਗ ਸਥਿਤੀ ਨੂੰ ਉਜਾਗਰ ਕੀਤਾ ਸੀ-ਉਸ ਹਿੰਸਾ ਅਤੇ ਆਤੰਕ ਦੀ ਕੇਵਲ ਇੱਕ ਝਲਕ ਹੈ, ਜਿਸ ਨੂੰ ਸੰਘ-ਭਾਜਪਾ ਦਾ ਸਮੁੱਚਾ ਢਾਂਚਾ ਜੰਤਰ-ਮੰਤਰ ਦੀ ਉਸ ਹਿੰਮਤ ਤੇ ਅਵੱਗਿਆ ਨੂੰ ਕੁਚਲਣ ਲਈ ਸੰਗਠਿਤ ਕਰਨ ਦੀ ਸਾਜ਼ਿਸ਼ ਰਚ ਰਿਹਾ ਹੈ, ਪਰ ਹੁਣ ਵਿਰੋਧ ਦੀ ਭਾਵਨਾ ਪੂਰੇ ਦੇਸ਼ ਵਿੱਚ ਨੌਜਵਾਨਾਂ ਨੂੰ ਪ੍ਰੇਰਿਤ ਕਰ ਰਹੀ ਹੈ।

ਉਂਝ ਜਿਸ ਪੀੜ੍ਹੀ ਨੇ 'ਕਾਕਰੋਚ' ਵਰਗੇ ਅਪਮਾਨਜਨਕ ਸ਼ਬਦ ਨੂੰ ਗੌਰਵਪੂਰਨ ਪਛਾਣ ਅਤੇ ਵਿਰੋਧ ਦੇ ਪ੍ਰਤੀਕ ਵਿੱਚ ਬਦਲ ਦਿੱਤਾ ਹੈ, ਉਸ ਪੀੜ੍ਹੀ ਨੂੰ ਯਕੀਨਨ ਮੋਦੀ ਵੱਲੋਂ ਘੜੇ ਗਏ 'ਦਿਮਾਗੀ ਨਕਸਲ' ਵਰਗੇ ਇਸ ਨਵੇਂ ਸ਼ਬਦ ਤੋਂ ਨਾ ਤਾਂ ਡਰਾਇਆ ਜਾ ਸਕੇਗਾ ਅਤੇ ਨਾ ਹੀ ਜੱਦੋਜਹਿਦ ਕਰਨ ਤੋਂ ਰੋਕਿਆ ਜਾ ਸਕੇਗਾ।

ਫਾਸ਼ੀਵਾਦੀ ਲਗਾਤਾਰ ਅੰਦਰੂਨੀ ਦੁਸ਼ਮਣਾਂ ਦੀ ਤਲਾਸ਼ ਵਿੱਚ ਰਹਿੰਦੇ ਹਨ, ਪਰ ਦੁਸ਼ਮਣ ਦੀ ਪਛਾਣ ਲਈ ਉਨ੍ਹਾਂ ਨੂੰ ਵਾਰ-ਵਾਰ ਨਵੇਂ ਸ਼ਬਦ ਘੜਨ ਦੀ ਲੋੜ ਪੈਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਪੁਰਾਣੀ ਸ਼ਬਦਾਵਲੀ ਹੁਣ ਆਪਣਾ ਮੰਤਵ ਪੂਰਾ ਨਹੀਂ ਕਰ ਰਹੀ।

ਨਕਸਲਵਾਦ ਹੁਣ ਭਾਰਤੀ ਸੰਦਰਭ ਵਿੱਚ ਕਮਿਊਨਿਜ਼ਮ ਲਈ ਵਰਤਿਆ ਜਾਣ ਵਾਲਾ ਇੱਕ ਸਮਾਨਾਰਥੀ ਸ਼ਬਦ ਮਾਤਰ ਹੈ ਅਤੇ 'ਦਿਮਾਗ' ਨੂੰ ਨਕਸਲਵਾਦ ਨਾਲ ਜੋੜ ਕੇ ਮੋਦੀ ਨੇ ਇੱਕ ਅਰਥ ਵਿੱਚ ਇਹ ਸਵੀਕਾਰ ਕਰ ਲਿਆ ਹੈ ਕਿ ਦਰਅਸਲ ਫਾਸ਼ੀਵਾਦੀ ਹਮਲਾਵਰੀ, ਅਸਫਲ ਸ਼ਾਸਨ ਅਤੇ ਕਾਰਪੋਰੇਟ ਲੁੱਟ ਵਾਲੇ ਅਜੋਕੇ ਮਾਹੌਲ ਦੇ ਖਿਲਾਫ਼ ਦੇਸ਼ ਦੀ ਜਨਤਾ ਵਿੱਚ ਕਮਿਊਨਿਸਟ ਵਿਚਾਰਾਂ ਪ੍ਰਤੀ ਖਿੱਚ ਅਤੇ ਪ੍ਰਭਾਵ ਵਧ ਰਿਹਾ ਹੈ।

'ਕੱਟੜਤਾ ਅਤੇ 'ਅੰਧ ਭਗਤੀ' ਉਤੇ ਬੁੱਧੀ ਅਤੇ ਵਿਵੇਕ ਦੀ ਜਿੱਤ ਹੋਵੇ !'

'ਦੇਸ਼ ਦੀ ਜਨਤਾ ਸੱਚਮੁੱਚ ਹਰ ਪ੍ਰਕਾਰ ਦੇ ਭੈਅ ਤੋਂ ਮੁਕਤ ਹੋਵੇ!'

# ਭਾਰਤ ਹੁਣ ਹਿੰਦੂਤਵ ਤੋਂ ਅਗਾਂਹ ਦੀ ਸਿਆਸਤ ਵੱਲ ਤੁਰਨ ਲਈ ਤਿਆਰ

ਜੰਤਰ-ਮੰਤਰ 'ਤੇ ਜੋ ਕੁਝ ਵਾਪਰਿਆ, ਉਸ ਨੂੰ ਕਿਸੇ ਵੀ ਤਰ੍ਹਾਂ ਟਾਲਿਆ ਨਹੀਂ ਜਾ ਸਕਦਾ ਸੀ। ਇਸ ਨੇ ਰਾਸ਼ਟਰੀ ਚੇਤਨਾ ਵਿੱਚ ਇਸ ਲਈ ਜਗ੍ਹਾ ਬਣਾਈ, ਕਿਉਂਕਿ ਪਿਛਲੇ 12 ਸਾਲਾਂ ਦੌਰਾਨ ਮੋਦੀ ਨੇ ਆਪਣੇ ਨਾਂਅ ਅਤੇ ਲੋਕ ਫਤਵੇ ਦਾ ਇਸਤੇਮਾਲ ਕੌਮੀ ਟੀਚਿਆਂ ਨੂੰ ਬੁਰੀ ਤਰ੍ਹਾਂ ਵਿਗਾੜਨ ਲਈ ਕੀਤਾ ਹੈ।

'ਦਿਮਾਗੀ ਭਗਤਾਂ' ਦੀ ਇੱਕ ਬਹੁਤ ਹੀ ਛੋਟੀ ਗਿਣਤੀ ਨੂੰ ਛੱਡ ਕੇ, ਹੁਣ ਦੇਸ਼ ਭਰ ਵਿੱਚ ਇੱਕ ਨਵੀਂ ਸਮਝ ਪੈਦਾ ਹੋ ਰਹੀ ਹੈ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੇ ਹਿੰਦੂਤਵ ਪ੍ਰੋਜੈਕਟ ਦੀ ਹਵਾ ਨਿਕਲ ਚੁੱਕੀ ਹੈ। ਜੈਨ-ਜ਼ੀ (Gen Z - ਨਵੀਂ ਪੀੜ੍ਹੀ) ਦਾ ਇਹ ਵਿਰੋਧ, ਜਿਸ ਦਾ ਕੇਂਦਰ ਨਵੀਂ ਦਿੱਲੀ ਦਾ ਜੰਤਰ-ਮੰਤਰ ਰਿਹਾ, ਹੁਣ ਇੱਕ ਦੇਸ਼-ਵਿਆਪੀ ਵਿਰੋਧ ਵਿੱਚ ਬਦਲ ਗਿਆ ਹੈ ਅਤੇ ਨੌਜਵਾਨਾਂ ਨੇ ਆਪਣੇ ਬਜ਼ੁਰਗਾਂ ਨੂੰ ਮੋਦੀ ਦੁਆਰਾ ਯੋਜਨਾਬੱਧ ਢੰਗ ਨਾਲ ਰਚਾਏ ਗਏ ਤਮਾਸ਼ੇ ਦੀ ਅਸਲੀਅਤ ਦਿਖਾ ਦਿੱਤੀ ਹੈ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਨੌਜਵਾਨ ਪ੍ਰਦਰਸ਼ਨਕਾਰੀਆਂ ਦੁਆਰਾ ਕੀਤੇ ਜਾ ਰਹੇ ਇਸ ਵਿਰੋਧ ਵਿੱਚ ਇੱਕ ਕੁਦਰਤੀ ਸੱਚਾਈ ਹੈ, ਕਿਉਂਕਿ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਆਪਣੇ ਲੰਮੇ ਕਾਰਜਕਾਲ ਦੌਰਾਨ ਆਪਣੇ ਪਤਨ ਦੇ ਬੀਜ ਆਪ ਹੀ ਬੀਜੇ ਹਨ। ਸਾਡੇ ਆਲੇ-ਦੁਆਲੇ ਦਿਖਾਈ ਦੇ ਰਿਹਾ ਇਹ ਵਿਰੋਧ ਉਸ ਅੰਤਿਮ ਸਿੱਟੇ ਦਾ ਕੁਦਰਤੀ ਰੂਪ ਹੈ, ਜਿਸ ਤੋਂ ਬਚਿਆ ਨਹੀਂ ਸੀ ਜਾ ਸਕਦਾ ਅਤੇ ਜਿਸ ਦੀ ਜ਼ਮੀਨ ਪਿਛਲੇ ਕੁਝ ਸਮੇਂ ਤੋਂ ਤਿਆਰ ਹੋ ਰਹੀ ਸੀ।

ਜੰਤਰ-ਮੰਤਰ 'ਤੇ ਹੋਏ ਇਸ ਰੋਹ ਦਾ ਫੁੱਟਣਾ ਲਾਜ਼ਮੀ ਹੀ ਸੀ। ਭਾਵੇਂ ਇਸ ਦੀ ਚੰਗਿਆੜੀ ਅਤੇ ਅਚਾਨਕ ਉੱਭਰਿਆ ਗੁੱਸਾ ਇੱਕ ਬੇਹੱਦ ਭ੍ਰਿਸ਼ਟ ਪ੍ਰੀਖਿਆ ਪ੍ਰਣਾਲੀ ਨਾਲ ਜੁੜਿਆ ਹੋਇਆ ਸੀ, ਜਿਸ ਨੂੰ ਬੇਹੱਦ ਭ੍ਰਿਸ਼ਟ ਹਿੰਦੂਤਵਵਾਦੀ ਪ੍ਰੀਖਿਆ-ਯੋਧਿਆਂ ਵੱਲੋਂ ਚਲਾਇਆ ਜਾ ਰਿਹਾ ਸੀ, ਪਰ ਜੰਤਰ-ਮੰਤਰ ਦਾ ਇਹ ਵਿਰੋਧ ਰਾਸ਼ਟਰੀ ਚੇਤਨਾ ਵਿੱਚ ਆਪਣੀ ਥਾਂ ਬਣਾਉਣ ਵਿੱਚ ਇਸ ਲਈ ਕਾਮਯਾਬ ਹੋਇਆ, ਕਿਉਂਕਿ ਪਿਛਲੇ 12 ਸਾਲਾਂ ਦੌਰਾਨ ਮੋਦੀ ਨੇ ਆਪਣੇ ਨਾਮ ਅਤੇ ਲੋਕ ਫਤਵੇ ਦੀ ਵਰਤੋਂ ਰਾਸ਼ਟਰੀ ਉਦੇਸ਼ ਨੂੰ ਪੂਰੀ ਤਰ੍ਹਾਂ ਵਿਗਾੜਨ ਲਈ ਕੀਤੀ ਹੈ।

ਸੰਚਾਰ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ ਬਾਰਾਂ ਸਾਲ ਕਿਸੇ ਵੀ ਸਰਕਾਰ ਲਈ ਬਹੁਤ ਲੰਮਾ ਸਮਾਂ ਹੁੰਦਾ ਹੈ ਕਿ ਉਹ ਆਪਣੇ ਬਿਆਨਾਂ ਅਤੇ ਹਕੀਕਤ ਵਿਚਕਾਰਲੇ ਫਰਕ ਨੂੰ ਲੁਕੋ ਸਕੇ। ਲੋਕ ਹੁਣ ਮੋਦੀ ਦੀਆਂ ਗੱਲਾਂ 'ਤੇ ਅੱਖਾਂ ਮੀਚ ਕੇ ਭਰੋਸਾ ਕਰਨ ਨੂੰ ਤਿਆਰ ਨਹੀਂ ਹਨ ਕਿ ਕਿਵੇਂ ਉਹ ਆਪਣੀ ਅਯੋਗਤਾ ਅਤੇ ਅਸਫ਼ਲਤਾਵਾਂ ਨੂੰ ਪਿਛਲੀਆਂ ਸਰਕਾਰਾਂ ਦੀਆਂ ਕਥਿਤ ਕਮੀਆਂ ਅਤੇ ਖਾਮੀਆਂ ਸਿਰ ਮੜ੍ਹਨ ਦੀ ਕੋਸ਼ਿਸ਼ ਕਰਦੇ ਹਨ। ਕੁਝ ਕੰਮ ਵੀ ਤਾਂ ਕਰਕੇ ਦਿਖਾਓ, ਜਨਾਬ!

'ਵਿਕਾਸ' ਅਤੇ 'ਵਿਕਸਿਤ ਭਾਰਤ' ਦੇ ਨਾਅਰੇ ਹੁਣ ਕੋਈ ਉਤਸ਼ਾਹ ਪੈਦਾ ਨਹੀਂ ਕਰਦੇ, ਕਿਉਂਕਿ ਇਸ ਏਜੰਡੇ ਨੇ ਸਿਰਫ਼ ਧਨਾਢ ਕਾਰੋਬਾਰੀਆਂ, ਠੇਕੇਦਾਰਾਂ ਅਤੇ ਥਾਣੇਦਾਰਾਂ ਦੇ ਇੱਕ ਅਜਿਹੇ ਗਠਜੋੜ ਨੂੰ ਜਨਮ ਦਿੱਤਾ ਹੈ, ਜਿਸ ਨੇ ਸਮਾਜ ਨੂੰ ਅੰਦਰੋਂ ਕਮਜ਼ੋਰ ਕਰ ਦਿੱਤਾ ਹੈ। ਅਸਲ ਵਿੱਚ ਇਹ ਭਾਈ-ਭਤੀਜਾਵਾਦ ਦਾ ਸੰਸਥਾਗਤੀਕਰਨ ਹੈ। ਰਾਸ਼ਟਰੀ ਸਵੈਮ ਸੇਵਕ ਸੰਘ (RSS) ਅਤੇ ਭਾਰਤੀ ਜਨਤਾ ਪਾਰਟੀ (BJP) ਦੇ ਬਹੁਤੇ ਸੀਨੀਅਰ ਅਹੁਦੇਦਾਰ ਜਾਂ ਤਾਂ-ਜਿਵੇਂ ਸ਼ਾਇਦ ਮੋਦੀ ਖ਼ੁਦ ਕਹਿਣਗੇ-ਇਸ ਗਠਜੋੜ ਦੇ 'ਲਾਭਾਰਥੀ' (ਲਾਭਪਾਤਰੀ) ਹਨ ਜਾਂ ਉਹ ਇਹ ਸਮਝੌਤਾ ਕਰ ਚੁੱਕੇ ਹਨ ਕਿ ਹਿੰਦੂਤਵ ਦਾ ਰਾਜ ਕਾਇਮ ਰੱਖਣ ਲਈ ਇਹ ਛੋਟੀ ਜਿਹੀ ਕੀਮਤ ਚੁਕਾਉਣੀ ਹੀ ਪਵੇਗੀ।

ਇੱਕ ਬਹੁਤ ਹੀ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਨੂੰ ਛੱਡ ਕੇ, ਭਾਰਤੀ ਨਾਗਰਿਕਾਂ ਅਤੇ ਖਪਤਕਾਰਾਂ ਦੀ ਇੱਕ ਵੱਡੀ ਗਿਣਤੀ, ਜਿਸ ਵਿੱਚ ਭਾਜਪਾ ਨੂੰ ਵੋਟ ਦੇਣ ਅਤੇ ਸਮਰਥਨ ਕਰਨ ਵਾਲੇ ਵੀ ਸ਼ਾਮਲ ਹਨ, ਨੂੰ ਇਹ ਸਮਝ ਆ ਚੁੱਕੀ ਹੈ ਕਿ ਇਸ ਧਨਾਢ ਕਾਰੋਬਾਰੀਆਂ, ਠੇਕੇਦਾਰਾਂ ਅਤੇ ਥਾਣੇਦਾਰਾਂ ਦੇ ਗਠਜੋੜ ਦੇ ਲਾਲਚ ਅਤੇ ਧਨ-ਲੋਭ ਨੇ ਸਾਡੀ ਰਾਸ਼ਟਰੀ ਹੋਂਦ ਦੀਆਂ ਮੁੱਖ ਨਸਾਂ ਨੂੰ ਜਾਮ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਕਦੇ ਵੀ ਸਾਂਝੀ ਲੋਕ-ਭਲਾਈ ਨੂੰ ਕਾਰਪੋਰੇਟ ਜਗਤ ਵਿੱਚ ਆਪਣੇ ਚਹੇਤਿਆਂ, ਸਮੁੱਚੇ ਠੇਕੇਦਾਰ ਵਰਗ ਅਤੇ ਅਪਰਾਧਿਕ ਤੱਤਾਂ ਕੋਲ ਇਸ ਤਰ੍ਹਾਂ ਸ਼ਰੇਆਮ ਗਿਰਵੀ ਨਹੀਂ ਰੱਖਿਆ ਗਿਆ। ਭਾਰਤੀ ਮਾਨਸਿਕਤਾ ਨੂੰ ਹੁਣ ਸਰਕਾਰੀ ਤੌਰ 'ਤੇ ਥੋਪੇ ਗਏ ਅੰਧ-ਵਿਸ਼ਵਾਸਾਂ ਅਤੇ ਨਾਅਰਿਆਂ ਬਾਰੇ ਸੋਚਣ ਜਾਂ ਉਨ੍ਹਾਂ 'ਤੇ ਸ਼ੰਕਾ ਕਰਨ ਦੀ ਖੁੱਲ੍ਹ ਨਹੀਂ ਰਹੀ। ਕਦੇ ਚੇਤੰਨ ਅਤੇ ਸਰਗਰਮ ਰਹਿੰਦੀ ਸਾਡੀ ਸਾਂਝੀ ਕਲਪਨਾ ਸ਼ਕਤੀ ਨੂੰ ਹੁਣ ਇੱਕ ਲਾਚਾਰ ਗ਼ੁਲਾਮ ਮਾਨਸਿਕਤਾ ਵਿੱਚ ਬਦਲ ਦਿੱਤਾ ਗਿਆ ਹੈ। ਮੱਧਵਰਗ ਅਤੇ ਹੇਠਲੇ ਮੱਧਵਰਗ ਦੇ ਉਨ੍ਹਾਂ ਸਾਰੇ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ, ਜਿਨ੍ਹਾਂ ਨੂੰ ਲੱਗਦਾ ਸੀ ਕਿ ਉਹ ਗ਼ਰੀਬੀ ਦੇ ਚੱਕਰਵਿਊ ਵਿੱਚੋਂ ਬਾਹਰ ਆ ਚੁੱਕੇ ਹਨ।

ਜੰਤਰ-ਮੰਤਰ ਦੇ ਪ੍ਰਦਰਸ਼ਨ ਨੇ ਜੋ ਸਭ ਤੋਂ ਵੱਡਾ ਕੰਮ ਕੀਤਾ, ਉਹ ਇਹ ਸੀ ਕਿ ਉਸ ਨੇ ਸਾਡੇ ਵਿੱਚੋਂ ਹਰ ਇੱਕ ਨੂੰ ਆਪਣੇ ਨਿੱਜੀ ਦੁੱਖ, ਅਸੰਤੁਸ਼ਟੀ ਅਤੇ ਨਿਰਾਸ਼ਾ ਨੂੰ ਦੂਜਿਆਂ ਦੁਆਰਾ

**ਹਰੀਸ਼ ਖਰੇ**

ਮਹਿਸੂਸ ਕੀਤੇ ਜਾ ਰਹੇ ਵਾਂਝੇਪਣ ਦੇ ਅਜਿਹੇ ਹੀ ਦਰਦ ਨਾਲ ਜੋੜਨ ਲਈ ਮਜਬੂਰ ਕਰ ਦਿੱਤਾ। ਸਾਰੀਆਂ ਤਾਨਾਸ਼ਾਹੀ ਹਕੂਮਤਾਂ ਆਪਣੇ ਨਾਗਰਿਕਾਂ ਨੂੰ ਅਲੱਗ-ਥਲੱਗ ਕਰਕੇ ਇਕੱਲੇ-ਇਕਹਿਰੇ ਵਿਅਕਤੀਆਂ ਵਿੱਚ ਵੰਡਣ ਦੀ ਕੋਸ਼ਿਸ਼ ਕਰਦੀਆਂ ਹਨ, ਤਾਂ ਜੋ ਉਨ੍ਹਾਂ ਨੂੰ ਇਕੱਠੇ ਹੋ ਕੇ ਆਪਣੇ ਨਿੱਜੀ ਤਜਰਬੇ ਅਤੇ ਦੁੱਖਾਂ ਦੀਆਂ ਕਹਾਣੀਆਂ ਸਾਂਝੀਆਂ ਕਰਨ ਤੋਂ ਰੋਕਿਆ ਜਾ ਸਕੇ। ਇੱਕ ਵਾਰ ਜਦੋਂ ਅਸੰਤੁਸ਼ਟ ਨਿੱਜੀ ਆਵਾਜ਼ਾਂ ਇੱਕਜੁੱਟ ਹੋ ਜਾਂਦੀਆਂ ਹਨ, ਤਾਂ ਊਰਜਾ ਦਾ ਇੱਕ ਨਵਾਂ ਹੜ੍ਹ ਆ ਜਾਂਦਾ ਹੈ। ਇਹੀ ਹਰ ਤਾਨਾਸ਼ਾਹ ਦਾ ਸਭ ਤੋਂ ਭਿਆਨਕ ਸੁਪਨਾ ਹੁੰਦਾ ਹੈ ਅਤੇ ਜੰਤਰ-ਮੰਤਰ ਵਿਖੇ ਬਿਲਕੁਲ ਇਹੀ ਕੁਝ ਹਾਸਲ ਕੀਤਾ ਗਿਆ ਸੀ। ਅਚਾਨਕ ਮੋਦੀ ਸਰਕਾਰ ਵੱਲੋਂ ਡਰ ਅਤੇ ਜ਼ੋਰ-ਜ਼ਬਰਦਸਤੀ ਦੀਆਂ ਬਹੁਤ ਹੀ ਸਾਵਧਾਨੀ ਨਾਲ ਖੜ੍ਹੀਆਂ ਕੀਤੀਆਂ ਕੰਧਾਂ ਢਹਿ-ਢੇਰੀ ਹੋਣ ਲੱਗ ਪਈਆਂ।

'ਵਿਕਾਸ' ਦਾ ਮੰਤਰ ਨਾ ਸਿਰਫ਼ ਇੱਕ ਸਰਾਪ ਸਾਬਤ ਹੋਇਆ ਹੈ, ਸਗੋਂ ਹਿੰਦੂਤਵ ਦਾ ਚੜ੍ਹਾਇਆ ਗਿਆ ਲੇਪ ਵੀ ਹਿੰਦੂ ਬਹੁਗਿਣਤੀ ਲਈ ਨਾ ਕੋਈ ਆਤਮਿਕ ਸ਼ਾਂਤੀ ਲਿਆ ਸਕਿਆ ਹੈ ਅਤੇ ਨਾ ਹੀ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਖਾਲਾ ਬਣਾ ਸਕਿਆ ਹੈ। ਹਿੰਦੂਤਵ ਦਾ ਅਸਲ ਲਾਲਚ ਇਹ ਵਾਅਦਾ ਸੀ ਕਿ ਪਹਿਲਾਂ ਮੁਸਲਮਾਨਾਂ ਨੂੰ ਸਿਆਸਤ ਵਿੱਚੋਂ ਲਾਂਭੇ ਕੀਤਾ ਜਾਵੇਗਾ ਅਤੇ ਫਿਰ ਰਸਮੀ ਨੌਕਰੀਆਂ ਵਿੱਚ ਉਨ੍ਹਾਂ ਕੋਲ ਮੌਜੂਦ ਮੁੱਠੀ ਭਰ ਥਾਵਾਂ ਤੋਂ ਵੀ ਉਨ੍ਹਾਂ ਨੂੰ ਬੇਦਖ਼ਲ ਕੀਤਾ ਜਾਵੇਗਾ। ਬਹੁਤ ਸਾਰੇ ਹਿੰਦੂ ਇਸ ਗੱਲ ਤੋਂ ਖ਼ੁਸ਼ ਹਨ ਕਿ ਮੋਦੀ ਸਰਕਾਰ ਨੇ ਮੁਸਲਮਾਨਾਂ ਨੂੰ ਉਨ੍ਹਾਂ ਦੀ 'ਔਕਾਤ' ਦਿਖਾ ਦਿੱਤੀ ਹੈ। ਚਲੋ, ਠੀਕ ਹੈ।

ਪਰ ਮੁਸਲਮਾਨਾਂ ਨੂੰ ਹਾਸ਼ੀਏ 'ਤੇ ਧੱਕਣ ਨਾਲ ਆਮ ਹਿੰਦੂ ਜਨਤਾ ਲਈ 'ਅੱਛੇ ਦਿਨ' ਨਾ ਤਾਂ ਆਏ ਹਨ ਅਤੇ ਨਾ ਹੀ ਆ ਸਕਦੇ ਹਨ। ਕਿਉਂਕਿ ਹਿੰਦੂ ਭਾਰੀ ਬਹੁਗਿਣਤੀ ਵਿੱਚ ਹਨ, ਇਸ ਲਈ ਇਹ ਸੁਭਾਵਿਕ ਹੀ ਹੈ ਕਿ ਧਨਾਢ ਕਾਰੋਬਾਰੀਆਂ-ਠੇਕੇਦਾਰਾਂ-ਥਾਣੇਦਾਰਾਂ ਦੇ ਗਠਜੋੜ ਦੇ ਸਭ ਤੋਂ ਵੱਡੇ ਸ਼ਿਕਾਰ ਵੀ ਉਹੀ ਬਣਨਗੇ। ਇਹ ਹਿੰਦੂ ਬਹੁਗਿਣਤੀ ਦੇ ਨੌਜਵਾਨ ਹੀ ਹਨ, ਜੋ ਬੇਰੁਜ਼ਗਾਰੀ ਦੀਆਂ ਕਤਾਰਾਂ ਵਿੱਚ ਸਭ ਤੋਂ ਵੱਧ ਖੜ੍ਹੇ ਹਨ। ਹਿੰਦੂਆਂ ਦੀ ਬਹੁਗਿਣਤੀ ਲਈ ਮੋਦੀ ਦਾ ਰਾਜ-ਪ੍ਰਬੰਧ ਹੁਣ ਆਪਣੇ ਚਹੇਤੇ ਪੂੰਜੀਪਤੀਆਂ ਵੱਲੋਂ ਲੁੱਟ-ਖਸੁੱਟ ਕਰਨ ਵਾਲੇ ਇੱਕ ਪ੍ਰਬੰਧ ਵਿੱਚ ਬਦਲ ਚੁੱਕਾ ਹੈ।

ਹਿੰਦੂ ਬਹੁਗਿਣਤੀ ਹੀ ਮੋਦੀ ਸਰਕਾਰ ਦੀ ਸਭ ਤੋਂ ਵੱਡੀ ਸ਼ਿਕਾਰ ਹੋਵੇਗੀ ਅਤੇ ਕਿਉਂਕਿ ਹਿੰਦੂਤਵ ਦੀ ਰਾਜਨੀਤੀ ਨੂੰ ਵੀ ਇੱਕ ਤਾਨਾਸ਼ਾਹੀ ਵਿਵਸਥਾ ਵਜੋਂ ਸੰਗਠਿਤ ਕੀਤਾ ਗਿਆ ਹੈ, ਇਸ ਲਈ ਇਹ ਸੁਭਾਵਿਕ ਹੀ ਹੈ ਕਿ ਸਰਕਾਰ ਦੀ ਹਰ ਕਿਸੇ ਨੂੰ ਆਪਣੇ ਅਨੁਸਾਰ ਢਾਲਣ ਅਤੇ ਅਧੀਨ ਕਰਨ ਦੀ ਭੁੱਖ ਦਾ ਸਭ ਤੋਂ ਵੱਡਾ ਨੁਕਸਾਨ ਹਿੰਦੂ ਬਹੁਗਿਣਤੀ ਨੂੰ ਹੀ ਹੋਵੇਗਾ। ਇਹ ਹਿੰਦੂ ਬਹੁਗਿਣਤੀ, ਖ਼ਾਸ ਕਰਕੇ ਇਸ ਦਾ ਖੁਸ਼ਹਾਲ ਵਰਗ ਹੀ ਹੈ, ਜਿਸ ਨੂੰ ਆਮਦਨ ਕਰ ਵਿਭਾਗ ਦੇ ਇੰਸਪੈਕਟਰਾਂ ਜਾਂ ਇਨਫੋਰਸਮੈਂਟ ਡਾਇਰੈਕਟੋਰੇਟ (54) ਦੇ ਅਧਿਕਾਰੀਆਂ ਵੱਲੋਂ ਧਮਕੀ ਭਰੀਆਂ ਕਾਲਾਂ ਅਤੇ ਛਾਪੇ ਝੱਲਣੇ ਪੈਂਦੇ ਹਨ। ਇਹ ਛੋਟਾ ਅਤੇ ਦਰਮਿਆਨਾ ਹਿੰਦੂ ਵਪਾਰੀ ਹੀ ਹੈ, ਜਿਸ ਨੂੰ ਬਾਜ਼ਾਰ ਵਿੱਚੋਂ ਬਾਹਰ ਧੱਕਿਆ ਜਾ ਰਿਹਾ ਹੈ ਅਤੇ ਇਹ ਵਾਹਨ ਮਾਲਕ ਵੀ ਹਿੰਦੂ ਹੀ ਹੈ, ਜਿਸ ਨੂੰ ਐਥਨਾਲ ਦੀ 'ਮਿਲਾਵਟ' ਵਾਲਾ ਪੈਟਰੋਲ ਖਰੀਦਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਭਾਵੇਂ ਉਹ ਵੰਦੇ ਮਾਤਰਮ ਦੇ ਸਾਰੇ ਬੰਦ ਜਾਂ ਸਾਰੀਆਂ ਪੰਕਤੀਆਂ ਹੀ ਕਿਉਂ ਨਾ ਸੁਣਾ ਸਕਦਾ ਹੋਵੇ। ਆਰਥਿਕ ਅਪਰਾਧ ਕਰਨ ਵਾਲਿਆਂ ਦਾ ਕੋਈ ਧਰਮ ਨਹੀਂ ਹੁੰਦਾ।

ਬਾਰਾਂ ਸਾਲਾਂ ਬਾਅਦ ਸਾਡੀ ਹਿੰਦੂਤਵ-ਆਧਾਰਤ ਸਿਆਸਤ ਦੀ ਪਛਾਣ ਹੁਣ ਇੱਕ ਹੇਰਾਫੇਰੀ-ਭਰੀ ਅਰਥਵਿਵਸਥਾ, ਲਗਾਤਾਰ ਹਿੰਸਕ ਹੁੰਦੇ ਜਾ ਰਹੇ ਸਮਾਜ ਅਤੇ ਪੂਰੀ ਤਰ੍ਹਾਂ ਭ੍ਰਿਸ਼ਟ ਰਾਜਨੀਤੀ ਨਾਲ ਹੁੰਦੀ ਹੈ। ਹਿੰਦੂ ਹੁਣ ਇਨ੍ਹਾਂ ਸੰਗਠਿਤ ਮਨਮਾਨੀਆਂ ਨੂੰ ਹੋਰ ਸਹਿਣ ਲਈ ਤਿਆਰ ਨਹੀਂ ਹਨ ਅਤੇ ਉਹ ਕਿਸੇ ਵੀ ਅਜਿਹੇ ਵਿਅਕਤੀ ਦੀ ਗੱਲ ਸੁਣਨ ਨੂੰ ਤਿਆਰ ਬੈਠੇ ਹਨ, ਜੋ ਕੋਈ ਵੱਖਰੀ ਬੋਲੀ ਬੋਲੇ।

ਇਹੀ ਉਹ ਗੱਲ ਸੀ, ਜਿਸ ਨੇ ਜੰਤਰ-ਮੰਤਰ 'ਤੇ ਇਕੱਠੇ ਹੋਏ ਨੌਜਵਾਨਾਂ ਬਾਰੇ ਹਿੰਦੂਆਂ ਦੀ ਬਹੁਗਿਣਤੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਇਨ੍ਹਾਂ ਨੌਜਵਾਨ ਲੜਕੇ-ਲੜਕੀਆਂ ਨੇ ਹਿੰਦੂਤਵ ਦੀ ਸਥਾਪਤ ਵਿਵਸਥਾ ਨੂੰ 'ਦੇਸ਼ਭਗਤੀ' 'ਤੇ ਆਪਣਾ ਏਕਾਧਿਕਾਰ ਮੰਨਣ ਤੋਂ ਇਨਕਾਰ ਕਰ ਦਿੱਤਾ। ਮੋਦੀ ਸਰਕਾਰ ਅਚਾਨਕ ਹੀ ਆਪਣੇ ਹਿੰਦੂਤਵੀ ਨਾਅਰਿਆਂ ਸਮੇਤ ਆਪਣਾ ਸਾਰਾ ਨੈਤਿਕ ਆਧਾਰ ਗੁਆ ਬੈਠੀ। ਉਸ ਦਾ 'ਇਕਬਾਲ' (ਰੋਹਬ-ਦਬਦਬਾ) ਹਵਾ ਵਿੱਚ ਘੁਲ ਕੇ ਗਾਇਬ ਹੋ ਗਿਆ। ਹਿੰਦੂਆਂ ਦੀ ਬਹੁਗਿਣਤੀ ਹੁਣ ਹਿੰਦੂਤਵ-ਆਧਾਰਤ ਰਾਜਨੀਤਕ ਵਿਵਸਥਾ ਤੋਂ ਅੱਗੇ ਵਧਣ ਲਈ ਤਿਆਰ ਹੈ।

ਜੰਤਰ-ਮੰਤਰ ਦੇ ਇਸ 'ਅੰਦੋਲਨ' ਦਾ ਭਵਿੱਖ ਤਾਂ ਹੀ ਸੁਰੱਖਿਅਤ ਹੋ ਸਕਦਾ ਹੈ, ਜੇਕਰ ਇਹ ਸੰਵਿਧਾਨਕ ਅਸੂਲਾਂ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦੀ ਬਹਾਲੀ ਦੀ ਮੰਗ ਕਰਨ ਵਾਲੀ ਇੱਕ ਸੰਗਠਿਤ ਸ਼ਕਤੀ ਬਣਿਆ ਰਹੇ। ਨਫ਼ਰਤ ਫੈਲਾਉਣ ਵਾਲੇ ਭੜਕਾਊ ਨੇਤਾਵਾਂ ਨੂੰ ਮੰਚਾਂ ਤੋਂ ਹੇਠਾਂ ਉਤਾਰਨਾ ਪਵੇਗਾ। ਇੱਕ ਰਾਸ਼ਟਰ ਵਜੋਂ, ਸਾਨੂੰ ਚੋਣਾਂ ਦੀਆਂ ਜਿੱਤਾਂ-ਹਾਰਾਂ ਤੋਂ ਪਰ੍ਹੇ ਜਾ ਕੇ ਆਪਣੇ ਸਾਂਝੇ ਵਜੂਦ ਲਈ ਇੱਕ ਨਵਾਂ ਸਾਂਝਾ ਮਕਸਦ ਤਲਾਸ਼ਣਾ ਪਵੇਗਾ। ਇਸ ਲੋਕਤੰਤਰ ਅੰਦਰ ਇਨਸਾਫ਼ ਅਤੇ ਖੁੱਲ੍ਹੇਪਣ ਦੀ ਭਾਵਨਾ ਮੁੜ ਜਗਾਉਣੀ ਪਵੇਗੀ। ਹਿੰਦੂਤਵੀ ਸਿਆਸਤ ਤੋਂ ਪਾਰ ਜਾਣ ਦਾ ਰਾਹ ਔਖਾ ਜ਼ਰੂਰ ਹੈ, ਪਰ ਏਨਾ ਮੁਸ਼ਕਲ ਵੀ ਨਹੀਂ।

# ਮਜ਼ਦੂਰ ਬੋਲਦਾ ਹਾਂ, ਕਿਰਸਾਨ ਬੋਲਦਾ ਹਾਂ, ਮੁਲਾਜ਼ਮ ?

ਮਸ਼ਹੂਰ ਸ਼ਾਇਰ ਰਾਹਤ ਇੰਦੌਰੀ ਸਾਅਬ ਦੀ ਸ਼ਾਇਰੀ ਦਾ ਵੀ ਕੋਈ ਜਵਾਬ ਨਹੀਂ। ਪੇਸ਼ਕਾਰੀ ਉਸ ਤੋਂ ਵੀ ਜ਼ਬਰਦਸਤ। ਤਿੱਖੀਆਂ ਚੋਭਾਂ। ਗਹਿਰਾ ਡੰਗ। ਡੂੰਘੇ ਨਸ਼ਤਰ, ਕਟਾਖਸ਼ ਤੇ ਪੋਟਿਆਂ ਵਿੱਚ ਚੁਭੇ ਕਸੀਰਾਂ ਤੋਂ ਮਿਲਿਆ ਮੱਠਾ ਮੱਠਾ ਦਰਦ ਛੇੜਨ ਵਾਲੇ ਸ਼ੇਅਰ ਉਹ ਅਕਸਰ ਕਹਿੰਦਾ। ਓਹਦੀ ਸ਼ਾਇਰੀ ਮਾਣਨ ਵਾਲੇ ਅਸ਼ ਅਸ਼ ਕਰ ਉੱਠਦੇ। ਵਾਹ ਵਾਹ ਆਖਣ ਲਈ ਮਜ਼ਬੂਰ ਹੋ ਜਾਂਦੇ ਤੇ ਉਹ ਪਾਰਖੂਆਂ ਦੇ ਮੂੰਹ ਵਿੱਚ ਉਂਗਲ਼ਾਂ ਪੁਆ ਦਿੰਦਾ। ਉਹ ਆਪਣੀ ਗ਼ਜ਼ਲ ਦੇ ਕਿਸੇ ਵੀ ਸ਼ੇਅਰ ਦੇ ਪਹਿਲੇ ਅੱਧ ਨੂੰ ਉਦੋਂ ਤੱਕ ਦੁਹਰਾਉਂਦਾ ਰਹਿੰਦਾ ਹੈ, ਜਦੋਂ ਤੱਕ ਸ਼ਬਦ ਸ਼ਬਦ ਸਰੋਤੇ ਜਾਂ ਦਰਸ਼ਕ ਨੂੰ ਯਾਦ ਨਾ ਹੋ ਜਾਵੇ। ਫਿਰ ਓਸੇ ਸ਼ੇਅਰ ਦਾ ਦੂਜਾ ਅੱਧ ਇਸ ਤਰ੍ਹਾਂ ਟੁਣਕਾ ਦੇ ਬੋਲਦੈ ਕਿ ਮੁਕੰਮਲ ਸ਼ੇਅਰ ਦੇ ਅਰਥ ਸਾਕਾਰ ਹੋ ਉੱਠਦੇ ਹਨ। ਸਰੋਤੇ/ ਦਰਸ਼ਕ ਅਸ਼ ਅਸ਼ ਕਰਨ ਲਗਦੇ ਹਨ। ਉਨ੍ਹਾਂ ਦੀ ਗ਼ਜ਼ਲ ਦਾ ਇੱਕ ਸ਼ੇਅਰ ਮਾਣੋ ਜ਼ਰਾ, 'ਸਰਹੱਦੋਂ ਪਰ ਬਹੁਤ ਤਨਾਵ ਹੈ ਕਿਆ/ ਕੁਛ ਪਤਾ ਕਰੋ ਚੁਨਾਵ ਹੈ ਕਿਆ।' ਉਨ੍ਹਾਂ ਦੇ ਇਸ ਸ਼ੇਅਰ ਨੇ ਸਿਆਸਤ ਤੇ ਸਿਆਸੀ ਲੋਕਾਂ ਬਾਰੇ ਜੋ ਨਿਵੇਕਲ਼ੇ ਤੇ ਗੁੱਝੇ ਸਪੱਸ਼ਟ ਅਰਥ ਸਿਰਜੇ, ਉਨ੍ਹਾਂ ਦਾ ਹਾਲੇ ਤੱਕ ਕੋਈ ਤੋੜ ਜਾਂ ਜਵਾਬ ਹਾਲੇ ਤੱਕ ਤਲਾਸ਼ਿਆ ਨਹੀਂ ਜਾ ਸਕਿਆ। ਅਕਸਰ ਕਿਸੇ ਵੀ ਸ਼ੇਅਰ ਦੇ ਸ਼ਬਦ ਉਨ੍ਹਾਂ ਦੇ ਮੂੰਹੋਂ ਫੁੱਲਾਂ ਵਾਂਗ ਝੜਦੇ। ਉਨ੍ਹਾਂ ਦੇ ਮੂੰਹੋਂ ਕਿਰਿਆ ਹਰ ਸ਼ਬਦ ਰਾਤ ਦੀ ਰਾਣੀ ਵਾਂਗ ਚੁਫੇਰੇ ਨੂੰ ਖ਼ੁਸ਼ਬੂ ਨਾਲ਼ ਭਰ ਜਾਂਦਾ, ਪਰੰਤੂ ਦੂਜੇ ਪਾਸੇ ਉਸ ਵਿੱਚੋਂ ਤਿੱਖਾ ਮਿਰਚੀ ਸੇਕ ਨਿਕਲ਼ਦਾ ਮਹਿਸੂਸ ਹੋਣ ਲਗਦਾ। ਇਸ ਸ਼ੇਅਰ ਦੇ ਅਰਥ ਜਿਨ੍ਹਾਂ ਜਿਨ੍ਹਾਂ ਦੇ ਵੀ ਠਾਹ ਕਰਕੇ ਲਗਦੇ, ਉਹ ਹੀਂਅ ਹੀਂਅ .. ਕਰਕੇ ਸ਼ਰਮਿੰਦੇ ਜਿਹੇ ਹੋਏ ਦੰਦ ਜਿਹੇ ਕੱਢਣ ਲਗਦੇ।

ਮੈਂ ਅੱਜ ਬਾਰੇ ਸੋਚਣ ਲਗਦਾ ਹਾਂ। ਇਹ ਸ਼ੇਅਰ ਅੱਜ 'ਤੇ ਬਹੁਤ ਢੁਕਦਾ ਹੈ। ਵਰਤਮਾਨ ਨੂੰ ਪਰਿਭਾਸ਼ਿਤ ਕਰਦਾ ਹੈ। ਜਿਵੇਂ ਜਿਵੇਂ ਪੰਜਾਬ ਦੀਆਂ ਫਿਜ਼ਾਵਾਂ ਵਿੱਚ ਚੋਣ ਨਾਦ ਦੀ ਸੁਰ ਦਿਨ-ਬ-ਦਿਨ ਉੱਚੀ ਹੁੰਦੀ ਜਾ ਰਹੀ ਹੈ, ਤਾਂ ਓਵੇਂ ਓਵੇਂ ਹੀ ਮੈਨੂੰ ਹਰ ਪਾਸੇ ਤਣਾਓ ਦਾ ਰੂਪ ਉਗਰ ਹੁੰਦਾ ਜਾ ਰਿਹਾ ਪ੍ਰਤੀਤ ਹੋ ਰਿਹਾ ਹੈ। ਮਜ਼ਦੂਰ-ਕਿਸਾਨ ਤਾਂ ਸਦੀਆਂ ਤੋਂ ਤਣਾਓ ਵਿੱਚ ਹਨ। ਜੈਂਨ ਜੀ ਦੀ ਹਾਲਤ ਪਤਲੀ ਹੈ। ਵਾਈਟ ਕਾਲਰ ਕੌਮ ਮੁਲਾਜ਼ਮ ਵੀ ਸੜਕਾਂ 'ਤੇ ਉਤਰੇ ਹੋਏ ਹਨ। ਬੇਸ਼ੱਕ ਅਗਲੇ ਵਰ੍ਹੇ 2027 ਵਿੱਚ ਦੇਸ਼ ਦੇ ਕਈ ਸੂਬਿਆਂ ਵਿੱਚ ਵੋਟਾਂ ਪੈਣਗੀਆਂ, ਪਰੰਤੂ ਪੰਜਾਬ ਵਿੱਚ ਚੋਣ ਮੁਹਿੰਮਾਂ ਦੀਆਂ ਵੱਖੋ-ਵੱਖ ਧੁਨੀਆਂ ਪਿਛਲੇ ਕੁਝ ਸਮੇਂ ਤੋਂ ਹੀ ਸੁਣਾਈ ਦੇਣ ਲਗ ਪਈਆਂ ਹਨ। ਹਰ ਸਿਆਸੀ ਪਾਰਟੀ ਵਿੱਚ ਇੱਕ ਕੋਹਰਾਮ ਜਿਹਾ ਮੱਚਦਾ ਸੁਣਾਈ ਦੇਣ ਲੱਗ ਪਿਆ ਹੈ। ਪੁਰਾਣੇ ਰਿਸ਼ਤੇ ਟੁੱਟ ਰਹੇ ਹਨ, ਨਵੇਂ ਬਣ ਰਹੇ ਹਨ। ਨਵੇਂ ਨਵੇਂ ਸਮੀਕਰਨ ਸਥਾਪਤ ਹੋ ਰਹੇ ਹਨ। ਜਿਹੜੇ ਪਿਛਲੇ ਸਮਿਆਂ ਵਿੱਚ ਆਪਣੇ ਆਕਾਵਾਂ ਨੂੰ ਪਿਓ ਕਹਿ ਕਹਿ ਕੇ ਵਡਿਆਉਂਦੇ ਸਨ, ਅੱਜ ਓਹੀ ਆਗੂ ਮਾਵਾਂ-ਭੈਣਾਂ ਦੀਆਂ ਗਾਲ਼ਾਂ ਦਿੰਦੇ ਨਹੀਂ ਥੱਕਦੇ। ਫਿਰ ਮੈਂ ਸੋਚਦਾ ਹਾਂ ਇਸ ਦੀ ਵਜ੍ਹਾ ? ਇਸ ਦੀ ਵਜ੍ਹਾ ਹੈ ਕਿ ਉਨ੍ਹਾਂ ਲੋਕਾਂ ਨੇ ਪਿਛਲੇ ਸਮਿਆਂ ਵਿੱਚ ਆਪਣੇ ਮਤਲਬ ਹੱਲ ਕਰ ਲਏ ਹਨ। ਭਵਿੱਖ ਵਿੱਚ ਉਨ੍ਹਾਂ ਨੂੰ ਆਪਣੇ ਮਸਲਿਆਂ ਦੀ ਪੂਰਤੀ ਹੁੰਦੀ ਦਿਖਾਈ ਨਹੀਂ ਦਿੰਦੀ। ਇਸ ਲਈ ਗੂੜ੍ਹੇ ਤੇ ਗਾੜ੍ਹ ਰਿਸ਼ਤਿਆਂ ਵਿੱਚ ਟੁੱਟ-ਭੱਜ ਹੋ ਰਹੀ ਹੈ। ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ ਸਿਆਸਤ ਵਿੱਚ ਕਿਸੇ ਦਾ ਕੋਈ ਸਕਾ ਨਹੀਂ।

ਮੈਨੂੰ ਤਾਇਆ ਆਤਮਾ ਸਿੰਘ ਦੀਆਂ ਗੱਲਾਂ ਚੇਤੇ ਆਉਣ ਲਗਦੀਆਂ ਹਨ। ਉਹ ਕਿਹਾ ਕਰਦੇ ਸਨ, 'ਬਈ ਹੋਰ ਜੀਹਦਾ ਮਰਜ਼ੀ ਇਤਬਾਰ ਕਰ ਲਿਓ ਪਰ ਕਿਸੇ ਸਿਆਸੀ ਜਾਂ ਵਪਾਰੀ ਬੰਦੇ ਦਾ ਇਤਬਾਰ ਨਾ ਕਰਿਓ।' ਫਿਰ ਜਦੋਂ ਅਸੀਂ ਪੁੱਛਦੇ, 'ਕਿਉਂ ?' ਤਾਂ ਉਹ ਆਖਦੇ,

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-80**

**ਸੁਰਜੀਤ ਸੁਮਨ**

'ਬਈ ਜਿਵੇਂ ਝੂਠ ਦੇ ਪੈਰ ਨਈਂ ਹੁੰਦੇ, ਓਸੇ ਤਰ੍ਹਾਂ ਇਨ੍ਹਾਂ ਦੀ ਜ਼ੁਬਾਨ ਨਈਂ ਹੁੰਦੀ। ਇਹ ਜੋ ਕੁਸ਼ ਕਹਿੰਦੇ ਨੇ, ਉਸ 'ਤੇ ਕਦੇ ਪੂਰਾ ਨਈਂ ਉਤਰਦੇ। ਕਹਿੰਦੇ ਕੁਸ਼ ਨੇ ਤੇ ਕਰਦੇ ਕੁਸ਼। ਵਾਅਦਾ ਕਰਨ ਤੇ ਵਾਅਦਾ ਤੋੜਨ ਲੱਗੇ ਮਿੰਟ ਨਈਂ ਲਾਉਂਦੇ। ਇਹ ਖੜ੍ਹੇ-ਖਲੋਤੇ ਈ ਓਸੇ ਅੱਡੀ 'ਤੇ ਘੁੰਮ ਜਾਂਦੇ ਹਨ, ਜਿਸ 'ਤੇ ਖੜ੍ਹਨ ਦਾ ਦਾਅਵਾ ਕਰਦੇ ਹਨ। ਜ਼ੁਬਾਨ ਦੀਆਂ ਕਲਾਬਾਜ਼ੀਆਂ ਨਾਲ਼ ਚਿੱਟੇ ਦਿਨ ਦਿਖਾਏ ਸੁਫਨੇ ਅੱਖ ਦੇ ਫੋਰ ਵਿੱਚ ਮਿੱਟੀ ਵਿੱਚ ਮਿਲ਼ਾ ਕੇ ਬੱਸ ਅਹ ਗਏ-ਅਹੁ ਗਏ।' ਮੇਰੇ ਜਾਣ ਤੋਂ ਪਹਿਲਾਂ ਤਾਏ ਦਾ ਕੰਧ 'ਤੇ ਟੰਗਿਆ ਰੇਡੀਓ ਖ਼ਬਰਾਂ ਸੁਣਾ ਰਿਹਾ ਸੀ। ਮੈਨੂੰ ਦੇਖ ਉਨ੍ਹਾਂ ਰੇਡੀਓ ਦੀ ਆਵਾਜ਼ ਕੁਝ ਹੌਲ਼ੀ ਕਰ ਦਿੱਤੀ ਸੀ। ਰੇਡੀਓ ਵੱਲ ਦੇਖ ਤਾਏ ਨੂੰ ਕੁਸ਼ ਯਾਦ ਜਿਹਾ ਆਇਆ। ਉਸ ਰੇਡੀਓ ਦੀ ਆਵਾਜ਼ ਪਹਿਲਾਂ ਨਾਲ਼ੋਂ ਥੋੜ੍ਹੀ ਜਿਹੀ ਉੱਚੀ ਕਰ ਦਿੱਤੀ। ਇੱਕ ਆਵਾਜ਼ ਉੱਭਰੀ, 'ਅਸੀਂ ਆਕਾਸ਼ਬਾਣੀ ਦੇ ਜਲੰਧਰ ਕੇਂਦਰ ਤੋਂ ਬੋਲ ਰਹੇ ਆਂ। ਸ਼ਾਮ ਦੇ ਤਿੰਨ ਵੱਜ ਰਹੇ ਨੇ। ਹੁਣ ਆਸਾ ਸਿੰਘ ਮਸਤਾਨਾ ਤੇ ਸੁਰਿੰਦਰ ਕੌਰ ਦੀਆਂ ਆਵਾਜ਼ਾਂ ਵਿੱਚ ਬਾਬਾ ਬੁੱਲ੍ਹੇ ਸ਼ਾਹ ਦੀ ਕਾਫੀ ਸੁਣੋ। ਮਿੱਠੀ ਜਿਹੀ ਧੁਨ ਉੱਭਰਨ ਲਗਦੀ ਹੈ ਤੇ ਫਿਰ ਆਸਾ ਸਿੰਘ ਮਸਤਾਨਾ ਦਾ ਬੋਲ ਉੱਚਾ ਹੋਣ ਲਗਦਾ ਹੈ। ਉਨ੍ਹਾਂ ਅਲਾਪ ਲਿਆ ਹੈ। 'ਖੁਦੀ ਕਰੇਂਦੀ ਯਾਰ ਮਾਟੀ ਖੁਦੀ ਕਰੇਂਦੀ।' ਤਾਇਆ ਵਾਣ ਵੱਟਣ ਵਾਲ਼ੀ ਮਸ਼ੀਨ ਰੋਕ ਮੰਜੇ ਕੋਲ਼ ਪਏ ਮੂਹੜੇ 'ਤੇ ਆ ਬੈਠਾ। ਉਹ ਪੂਰੇ ਦਾ ਪੂਰਾ ਵਜਦ ਵਿੱਚ ਆ ਗਿਆ ਸੀ। ਤਾਏ ਨੇ ਵੀ ਉੱਚੀ ਜਿਹੀ ਹੇਕ ਲਾਈ, 'ਮਾਟੀ ਮਾਟੀ ਨੂੰ ਮਾਰਨ ਲੱਗੀ/ ਮਾਟੀ ਦਾ ਹਥਿਆਰ/ ਜਿਸ ਮਾਟੀ ਪਰ ਬਹੁਤੀ ਮਾਟੀ/ ਤਿਸ ਮਾਟੀ ਹੰਕਾਰ/ ਮਾਟੀ ਖੁਦੀ ਕਰੇਂਦੀ/ ਖੁਦੀ ਕਰੇਂਦੀ ਯਾਰ ਮਾਟੀ ।' ਗੀਤ ਖ਼ਤਮ ਹੋਇਆ ਤਾਂ ਤਾਏ ਦੀਆਂ ਅੱਖਾਂ ਸਿੱਲ੍ਹੀਆਂ ਸਨ। ਓਹਦੇ ਪੈਰ ਬਾਬਾ ਬੁੱਲ੍ਹੇ ਸ਼ਾਹ ਦੇ ਪੈਰਾਂ ਵਾਂਗ ਥਿਰਕ ਰਹੇ ਸਨ। ਫਿਰ ਮੈਨੂੰ ਘੁੰਗਰੂਆਂ ਦੀ ਛਣਕਾਰ ਸੁਣਾਈ ਦੇਣ ਲੱਗੀ। ਮੈਂ ਆਪਣੇ ਆਪ ਨੂੰ ਕਿਸੇ ਹੋਰ ਸੰਸਾਰ ਵਿੱਚੋਂ ਮਸਾਂ ਈ ਧੂਅ ਕੇ ਬਾਹਰ ਕੱਢਦਿਆਂ ਸੋਚਣ ਲਗਦਾ ਹਾਂ, 'ਮਨਾਂ ਮਿੱਟੀ ਦਾ ਪੁਤਲਾ ਕਿਸ ਗੱਲ ਦਾ ਹੰਕਾਰ ਕਰਦੈ ? ਕਿਉਂ ਦੂਜਿਆਂ 'ਤੇ ਜ਼ੁਲਮ ਢਾਉਂਦੈ ? ਪਲ ਵਿੱਚ ਹੀ ਰਾਜੇ ਸੀਂਹ, ਮੁਕੱਦਮ ਕੁੱਤੇ ਕਿਉਂ ਹੋ ਜਾਂਦੇ ਹਨ ? ਕਿਉਂ ਗਰੀਬ-ਮਜ਼ਦੂਰਾਂ, ਕਿਸਾਨਾਂ 'ਤੇ ਨਿਆਸਰਿਆਂ ਤੇ ਜ਼ੁਲਮ ਢਾਉਂਦੇ ਹਨ ?'

ਇਹ ਸਭ ਸੋਚ ਸੋਚ ਮੇਰਾ ਸਿਰ ਜਦੋਂ ਭਾਰਾ ਭਾਰਾ ਜਿਹਾ ਹੋਣ ਲੱਗਿਆ ਤਾਂ ਮੈਂ ਉੱਠ ਕੇ ਪਾਰਕ ਵੱਲ ਤੁਰ ਪੈਂਦਾ ਹਾਂ। ਜਲਵਾਯੂ ਟਾਵਰ ਕੋਲ਼ੋਂ ਮਾਸਟਰ ਪਿਆਰਾ ਸਿੰਘ ਵੀ ਮੇਰੇ ਨਾਲ਼ ਰਲ਼ ਜਾਂਦੇ ਹਨ। ਮਾਸਟਰ ਜੀ ਬੋਲੇ, 'ਚੰਗਾ ਹੋ ਗਿਆ ਤੁਸੀਂ ਆ ਗਏ। ਮੈਂ ਥੋਨੂੰ ਫੋਨ ਕਰਨ ਈ ਲੱਗਿਆ ਤਾ। ਸਰਕਾਰ ਨੂੰ ਮੁਲਾਜ਼ਮਾਂ ਦੀਆਂ ਜਾਇਜ਼ ਹੱਕੀ ਮੰਗਾਂ ਮੰਨਣੀਆਂ ਚਾਹੀਦੀਆਂ ਨੇ। ਆਪਣੇ ਵਾਧੂ ਖਰਚਿਆਂ ਵਿੱਚ ਕਟੌਤੀ ਕਰਨੀ ਚਾਹੀਦੀ ਆ। ਨਵੀਂ ਭਰਤੀ ਵੱਲ ਬਹਤਾ ਧਿਆਨ ਈ ਨਹੀਂ। ਬੱਚੇ ਤਿਆਰੀਆਂ ਕਰਦੇ ਕਰਦੇ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਨੇ। ਭਲਾਂ, ਟਕਰਾਓ ਵਾਲ਼ੀ ਨੀਤੀ ਅੱਜ ਤੱਕ ਕਿਸ ਨੂੰ ਰਾਸ ਆਈ ਆ ? ਰਾਜੇ-ਮਹਾਰਾਜਿਆਂ ਦੇ ਮਹਿਲ ਖੰਡਰ ਹੋਏ ਪਏ ਨੇ। ਜ਼ਿੱਦ ਨਾਲ਼ ਮਸਲੇ ਵਿਗੜ ਜਾਂਦੇ ਨੇ। ਮਸਲਿਆਂ ਦਾ ਹੱਲ ਰਜ਼ਾਮੰਦੀ ਨਾਲ਼ ਈ ਹੁੰਦੈ। ਇਲਜ਼ਾਮਬਾਜ਼ੀ ਮੂੰਹਾਂ ਦਾ ਸੁਆਦ ਖਰਾਬ ਕਰਨ ਵਾਲ਼ੀ ਗੱਲ ਆ। ਦੇਖੋ ਕਿਆ ਬਣਦੈ ? ਹਾਲੇ ਤਾਂ ਸਾਰੇ ਈ ਉਬਾਲ਼ੇ ਮਾਰ ਰਹੇ ਨੇ। ਉਂ ਮੁਲਾਜ਼ਮ ਧਿਰਾਂ ਜੋਸ਼ 'ਚ ਨੇ। ਕਾਨੂੰਨੀ ਲੜਾਈ ਜਿੱਤ ਚੁੱਕੇ ਨੇ ਨਾ।'

ਫਿਰ ਉਸ ਨਵੇਂ ਸ਼ੁਰੂ ਹੋਏ ਕਿਸਾਨ ਅੰਦੋਲਨ ਦੀ ਬਾਤ ਛੋਹ ਲਈ। ਮੈਨੂੰ ਦਲੇਰ ਸਿੰਘ ਚੇਤੇ ਆਇਆ। ਉਹ ਵੀ ਪਹਿਲੇ ਦਿਨ ਈ ਟਰੈਕਟਰ-ਟਰਾਲੀ ਲੈ ਕੇ ਪਹੁੰਚ ਗਿਆ ਸੀ। ਗੋਪਾਲ ਸਵੀਟਸ ਕੋਲ਼ੋਂ ਮੈਂ ਓਹਦੇ ਟਰੈਕਟਰ 'ਤੇ ਜਾ ਬੈਠਾ ਸੀ। ਉਹਦੀ ਟਰਾਲੀ ਵਿੱਚ ਰਾਸ਼ਨ ਦੀਆਂ ਬੋਰੀਆਂ, ਪਿਆਜ, ਲਸਣ, ਹੋਰ ਸੀਧਾ-ਵਾਧਾ ਸੀ। ਕਿਸਾਨਾਂ-ਮਜ਼ਦੂਰਾਂ ਦਾ ਵੱਡਾ ਟੋਲਾ ਹੱਥਾਂ ਵਿੱਚ ਹਰੇ ਤੇ ਲਾਲ ਰੰਗ ਦੇ ਝੰਡੇ ਫੜੀ ਨਾਅਰੇ ਮਾਰਦੇ ਸਿਰਾਂ 'ਤੇ ਬੰਨ੍ਹੀਆਂ ਹਰੀਆਂ ਪੱਗਾਂ ਪਲ਼ੋਸਦੇ ਪੂਰੇ ਤਰਾਰੇ ਵਿੱਚ ਸਨ। ਸੋਹਾਣਾ ਗੁਰਦੁਆਰਾ ਚੌਂਕ ਤੋਂ ਅੱਗੇ ਟਰੈਫਿਕ ਵਧਣੀ ਸ਼ੁਰੂ ਹੋ ਗਈ ਸੀ। ਦਲੇਰ ਟਰੈਕਟਰ ਨੂੰ ਹੌਲ਼ੀ ਹੌਲ਼ੀ ਤੋਰਦਾ ਰਿਹਾ। ਏਅਰਪੋਰਟ ਤੋਂ ਚੰਡੀਗੜ੍ਹ ਦੇ ਸੰਤਾਲ਼ੀ-ਅਠਤਾਲ਼ੀ ਸੈਕਟਰ ਨੂੰ ਜਾਂਦੀ ਸੜਕ 'ਤੇ ਸਿਰੇ ਤੱਕ ਇੱਕ ਪਾਸੇ ਟਰੈਕਟਰ-ਟਰਾਲੀਆਂ ਖੜ੍ਹੀਆਂ ਦਿਖਾਈ ਦੇ ਰਹੀਆਂ ਸਨ। ਦਲੇਰ ਸਿੰਘ ਬੋਲਿਆ, 'ਛੋਟੇ ਭਾਈ ਸੰਘਰਸ਼ ਲੜੇ ਬਿਨਾਂ ਹੁਣ ਕੋਈ ਚਾਰਾ ਨਈਂ। ਸਰਕਾਰ ਕੋਈ ਵੀ ਆ ਜਾਵੇ, ਜਦੋਂ ਤੱਕ ਸਿਸਟਮ ਨਈਂ ਬਦਲਿਆ ਜਾਂਦਾ, ਉਦੋਂ ਤੱਕ ਕਿਸਾਨੀ ਦਾ ਪਾਰ-ਉਤਾਰਾ ਨਈਂ ਹੋਣਾ। ਕਿਸਾਨ-ਮਜ਼ਦੂਰ ਇਨ੍ਹਾਂ ਨੂੰ ਚੁਭਦੇ ਨੇ। ਸਿਆਸੀ ਤੇ ਕਾਰਪੋਰੇਟਰਾਂ ਦੇ ਲੱਖਾਂ ਕਰੋੜ ਮਿੰਟ ਵਿੱਚ ਮਾਫ ਹੋ ਜਾਂਦੇ ਨੇ। ਦੁੱਖ ਦੀ ਗੱਲ ਤਾਂ ਇਹ ਆ ਬਈ ਪੜ੍ਹ ਤੇ ਜੁੜ ਤਾਂ ਇਹੀ ਲੋਕ ਰਹੇ ਨੇ, ਸਾਡੇ ਪੱਲੇ ਤਾਂ ਸਿਰਫ ਸੰਘਰਸ਼ ਈ ਸੰਘਰਸ਼ ਬਚਿਆ। ਉਂ ਲੋਕ ਹਮੇਸ਼ਾ ਵੱਡੇ ਹੁੰਦੇ ਨੇ, ਸਰਕਾਰਾਂ ਨਈਂ। ਮੇਰੀ ਨਜ਼ਰ ਗਿਆਰਾਂ ਫੇਜ਼ ਦੇ ਬਹੁ-ਮੰਜ਼ਿਲੇ ਫਲੈਟਾਂ ਨਾਲ਼ ਜਾ ਟਕਰਾਈ ਤੇ ਫਿਰ ਐਕੁਆਇਰ ਹੋ ਰਹੀਆਂ ਜ਼ਮੀਨਾਂ ਮੇਰੀ ਨਜ਼ਰ ਅੱਗੇ ਫੈਲਦੀਆਂ ਚਲੇ ਜਾਂਦੀਆਂ ਹਨ। ਮੇਰੀ ਜ਼ੁਬਾਨ 'ਤੇ ਦਿੱਲੀ ਕਿਸਾਨ ਅੰਦੋਲਨ ਵੇਲ਼ੇ ਲਿਖੇ ਗੀਤ ਦੇ ਬੋਲ ਆ ਜਾਂਦੇ ਹਨ, 'ਮਜ਼ਦੂਰ ਬੋਲਦਾ ਹਾਂ/ ਕਿਰਸਾਨ ਬੋਲਦਾ ਹਾਂ/ ਮੈਂ ਬਾਬਾ ਨਾਨਕ ਦਿਆਂ ਖੇਤਾਂ ਦੀ ਸ਼ਾਨ ਬੋਲਦਾ ਹਾਂ/ ਮਜ਼ਦੂਰ।'

**ਸੰਪਰਕ : 98144 30874**

# ਬੱਬਰ ਅਕਾਲੀਆਂ ਦੀ ਅਣਮਿਣਵੀ ਕੁਰਬਾਨੀ ਦਾ ਮੂਕ ਗਵਾਹ : ਬਬੇਲੀ

ਬਬੇਲੀ (ਫਗਵਾੜਾ, ਕਪੂਰਥਲਾ), ਜਿਹੜਾ ਫਗਵਾੜਾ-ਹੁਸ਼ਿਆਰਪੁਰ ਸੜਕ ਦੀ ਲਹਿੰਦੀ ਬਾਹੀ, ਫਗਵਾੜੇ ਤੋਂ 15 ਕੁ ਕਿਲੋਮੀਟਰ ਦੂਰ ਘੁੱਗ ਵੱਸਦਾ ਹੈ ਦੀ ਪਛਾਣ ਅਕਸਰ ਦੁੱਗ-ਬਬੇਲੀ ਵਜੋਂ ਕਰਵਾਈ ਜਾਂਦੀ ਹੈ, ਹਾਲਾਂ ਕਿ ਇਸ ਨਾਂ ਦਾ ਪਿੰਡ ਪੂਰੇ ਪੰਜਾਬ ਵਿੱਚ ਨਹੀਂ। ਹਾਂ; ਇੱਕ ਬੰਬੇਲੀ (ਮਾਹਿਲਪੁਰ, ਹੁਸ਼ਿਆਰਪੁਰ) ਹੈ, ਪਰ ਇਸ ਪਿੰਡ ਦਾ ਉਸ ਨਾਲ ਕਿਸੇ ਵੀ ਤਰ੍ਹਾਂ ਦਾ, ਨਾਂ ਵਜੋਂ ਵੀ, ਕੋਈ ਵਾਹ-ਵਾਸਤਾ ਜਾਂ ਮੇਲ ਨਹੀਂ। ਪ੍ਰੰਤੂ, ਸੁਤੰਤਰਤਾ ਸੰਗਰਾਮ ਵਿੱਚ ਇਸ ਬਬੇਲੀ ਵਿੱਚ ਬੱਬਰ ਅਕਾਲੀਆਂ ਵਲੋਂ ਦਿੱਤੀ ਅਣਮਿਣਵੀਂ ਤੇ ਸਿਰ ਵਾਰਵੀਂ ਕੁਰਬਾਨੀ ਦਾ ਵਿਖਿਆਨ ਕਰਦਿਆਂ ਕਈ ਲਿਖਾਰੀ ਅਤੇ ਪਰਚੇ ਬਬੇਲੀ ਅਤੇ ਬੰਬੇਲੀ ਨੂੰ ਰਲਗੱਡ ਕਰ ਜਾਂਦੇ ਹਨ।

ਬਬੇਲੀ ਜਾਂ ਬਵੇਲੀ ਚਾਹਲ (ਚਹਿਲ) ਗੋਤ ਦੇ ਜੱਟਾਂ ਦਾ, ਅੰਦਾਜ਼ਨ 16ਵੀਂ ਸਦੀ 'ਚ, ਵਸਾਇਆ ਪਿੰਡ ਹੈ, ਜਿਹੜੇ ਕਿ ਜਲ ਸੋਮਿਆ, ਚਰਾਂਦਾ ਅਤੇ ਜਰਖੇਜ਼ ਜ਼ਮੀਨ ਦੀ ਭਾਲ ਵਿੱਚ ਗੂੜ੍ਹ ਮਾਲਵਾ ਵਿੱਚੋਂ, ਬਠਿੰਡਾ ਵਲੋਂ, ਇਧਰ ਆ ਪ੍ਰਸਥਾਨ ਹੋਏ ਸਨ। ਚਹਿਲ ਗੋਤਰੀਆਂ, ਜਿਹੜੇ 12ਵੀਂ ਸਦੀ ਵਿੱਚ ਪਹਿਲਾਂ ਅਜਮੇਰ (ਰਾਜਸਥਾਨ) ਤੋਂ ਹਾਂਸੀ-ਹਿਸਾਰ, ਫਿਰ ਬਠਿੰਡੇ ਕੰਨੀ ਆਏ ਸਨ, ਨੂੰ ਕੁੱਝ ਇਤਿਹਾਸ ਵੇਤਿਆ ਵਲੋਂ ਗੜ੍ਹ ਦਰੇੜੇ ਵਾਲੇ ਚੌਹਾਨਾਂ ਦੀ ਇੱਕ ਸ਼ਾਖ ਕਿਹਾ ਗਿਆ ਹੈ, ਜਿਹੜੇ 12ਵੀਂ ਸਦੀ ਵਿੱਚ ਪਹਿਲਾਂ ਰਾਜਸਥਾਨ ਤੋਂ ਹਾਂਸੀ-ਸਿਰ, ਫਿਰ ਬਠਿੰਡੇ ਕੰਨੀ ਆਏ ਸਨ। ਪਹਿਲਾਂ ਚਹਿਲ, ਮਗਰੋਂ ਚਾਹਿਲ, ਅੱਲ (ਗੋਤ) ਵੱਜਣ ਦਾ ਕਾਰਨ ਇਹਨਾਂ ਦੇ ਇੱਕ ਧੜਵੈਲ ਪੁਰਖੇ ਚਾਹੋ ਦੀ ਅੰਸ਼-ਬੰਸ਼ ਹੋਣਾ ਸੀ। ਗੋਰਾ ਇਤਿਹਾਸਕਾਰ ਮਿ. ਫਾਗਨ ਇਹਨਾਂ ਨੂੰ ਰਾਜਪੂਤ ਨਹੀਂ ਬਾਗੜੀ ਮੰਨਦਾ ਹੈ ਜਿਹੜੇ ਹਿਸਾਰ, ਬਾਗੜੀ ਖਿੱਤਾ, ਤੋਂ ਪੰਜਾਬ, ਜੱਟਕਾ ਖਿੱਤਾ, ਵੱਲ ਆਏ। ਇੱਕ ਹੋਰ ਰਿਵਾਇਤ ਇਹਨਾਂ ਨੂੰ ਰਾਜਪੂਤੀ ਤੰਬਰ ਬੰਸ਼ ਰਾਜਾ ਰਿੱਖ ਦੀ ਜੱਟ ਪਟਰਾਣੀ ਦੇ ਪੁੱਤ ਚਾਹਲ ਦਾ ਕੁਨਬਾ ਦੱਸਦੀ ਹੈ, ਜਿਸਦਾ ਪਿੱਛਾ ਸ੍ਰੀ ਰਾਮ ਚੰਦਰ ਦੇ ਪੁੱਤ ਕੁਸ਼ ਨਾਲ ਮੇਲਿਆ ਜਾਂਦਾ ਹੈ, ਇਸੇ ਕਰਕੇ ਬਹੁਤੇ ਚਾਹਲ ਜੱਟ ਆਪਣੇ-ਆਪ ਨੂੰ ਸੂਰਜਬੰਸ਼ੀ ਅਖਵਾਉਂਦੇ ਹਨ।

ਇਹਨਾਂ ਸੂਰਜਬੰਸ਼ੀਆਂ ਦੇ ਇਸ ਪਿੰਡ ਨੇ ਜਿਵੇਂ ਜੰਗ-ਏ-ਆਜ਼ਾਦੀ 'ਚ ਬੱਬਰ ਅਕਾਲੀ ਲਹਿਰ ਵਿੱਚ ਜਿਹੜਾ ਬੇਜੋੜ ਹਿੱਸਾ ਪਾਇਆ, ਉਸ ਦੀ ਹਾਥ ਨਹੀਂ ਪਾਈ ਜਾ ਸਕਦੀ। ਸਿਰਫ ਇਸ ਖੇੜੇ ਦੇ ਮਾਣਮੱਤੇ ਸਪੂਤ ਸ. ਮੇਹਰ ਸਿੰਘ ਅਤੇ ਸ਼ਿਵ ਸਿੰਘ ਚਾਹੁਲ, ਜਿਹੜੇ ਬੱਬਰ ਅਕਾਲੀਆਂ ਦੇ ਬੇਹੱਦ ਨੇੜੂ ਸਨ, ਨੇ ਹੀ ਨਹੀਂ ਸਗੋਂ ਇਸ ਸਮੁੱਚੇ ਪਿੰਡ ਨੇ ਵੀ ਬਬੇਲੀ ਸਾਕੇ ਉਪਰੰਤ ਬ੍ਰਿਟਿਸ਼ ਸਾਮਰਾਜ ਅਤੇ ਉਸਦੇ ਦੇਸੀ ਪਿੱਛਲੱਗਾ ਹੱਥੋਂ ਘੋਰ ਸੰਤਾਪ ਹੰਢਾਇਆਂ ਸੀ। ਇਹੀ ਨਹੀਂ ਬੱਬਰਾਂ ਨਾਲ ਹਮਦਰਦੀ ਰੱਖਣ ਵਾਲੇ ਅਤੇ ਮਗਰੋਂ ਇਹਨਾਂ ਦੋਹਾਂ ਪ੍ਰੀਵਾਰਾਂ ਦੀ ਮਦਦ ਕਰਨ ਵਾਲੇ, ਇਸੇ ਵਸੇਬ ਦੇ, ਲਾਲਾ ਸੂਰਜ ਭਾਨ ਅਤੇ ਚੌਂ.ਫਕੀਰ ਚੰਦ ਦੀ ਦੇਣ ਵੀ ਬੜੀ ਸੂਹੀ ਹੈ। ਇਸ ਲਹਿਰ ਦੇ ਚਾਰ ਸਿਰਲੱਥ ਸੂਰਮਿਆਂ ਵਲੋਂ ਇਸ ਮਾਣਮੱਤੇ ਪਿੰਡ ਵਿੱਚ, ਪਹਿਲੀ ਸਤੰਬਰ 1923 ਨੂੰ, ਬ੍ਰਿਟਿਸ਼ ਸਾਮਰਾਜ ਨਾਲ, ਬੇਹੱਦ ਅਣਸਾਂਵੇ ਪਰ ਰੱਤਡੋਲ੍ਹਵੇ ਅਤੇ ਹੈਰਤਅੰਗੇਜ਼ ਮੁਕਾਬਲੇ ਨੂੰ ਇਤਿਹਾਸਕਾਰ ਆਪੋ-ਆਪਣੇ ਲਹਿਜੇ ਵਿੱਚ ਅੰਗੀਕਾਰ ਕਰਦੇ ਹਨ, ਤੁਸੀਂ ਮੈਨੂੰ ਅੰਗਰੇਜ਼ ਅਹਿਲਕਾਰਾਂ ਦੇ ਵਿਖਿਆਨ ਬਿਆਨਣ ਦੀ ਆਗਿਆ ਦਿਓ:

ਵੇਲੇ ਦੇ ਡਿਪਟੀ ਕਮਿਸ਼ਨਰ ਜਲੰਧਰ, ਮਿ. ਸੀ ਡਬਲਿਉ ਜੈਕਵ, ਆਈ ਸੀ ਐਸ, ਹੁਣ ਡਿਪਟੀ

**ਖਿੰਡ ਵਸਿਆ-91**

**ਵਿਜੈ ਬੰਬੇਲੀ**

ਸੈਕਰੈਟਰੀ ਗਵਰਨਮਿੰਟ ਆਫ਼ ਇੰਡੀਆਂ, ਐਫੇਅਰਜ਼ ਆਫ਼ ਇੰਡੀਆਂ, ਹੋਮ ਡਿਪਾਰਟਮੈਂਟ, ਨਵੀਂ ਦਿੱਲੀ, ਸਰਕਾਰੀ ਗਵਾਹ ਨੰ. 434, 6 ਨਵੰਬਰ 1924 ਦੇ ਬਿਆਨ, ਜਿਹੜਾ ਮੁਕੱਦਮਾ ਬੱਬਰ ਸਾਜਿਸ਼ ਕੇਸ ਦੇ ਦਸਤਾਵੇਜ਼ 767 'ਤੇ ਇੰਜ ਦਰਜ਼ ਹੈ, " ੩ਮੈਨੂੰ ਸੀ ਆਈ ਡੀ ਦੇ ਮਿ. ਸਮਿਥ ਨੇ 1 ਸਤੰਬਰ ਦੇ ਵੱਡੇ-ਤੜਕੇ ਆਣ ਦੱਸਿਆ ਕਿ ਉਹਨੂੰ ਬੇਹੱਦ ਭਰੋਸੇਯੋਗਾ ਤੋਂ ਪੱਕੀ ਇਤਲਾਹ ਮਿਲੀ ਹੈ ਕਿ ਬਬਰ ਅਕਾਲੀ ਗਰੋਹ ਦੇ ਕੁੱਝ ਵੱਡੇ ਆਗੂ ਕਿਥੇ ਮੌਜੂਦ ਹਨ ਅਤੇ ਉਹ ਅੰਦਾਜ਼ਨ ਕਿੰਨਾ ਸਮਾਂ ਕਿਥੇ ਰਹਿਣਗੇ। ਬਿਨਾਂ ਸਮਾਂ ਗੁਆਇਆ,ਅਸੀਂ ਫੋਰਨ ਰਸਾਲੇ ਦੇ ਕਰਨਲ ਕਮਾਂਡਿੰਗ ਅਫਸਰ ਨਾਲ ਸੰਪਰਕ ਪੈਦਾ ਕੀਤਾ। ਕਿਹਾ, ਕਿ ਉਹ ਉਸੇ ਵੇਲੇ ਰਿਆਸਤ ਕਪੂਰਥਲਾ ਦੇ ਪਿੰਡ ਬਮੇਲੀ ਨੂੰ ਜਾ ਘੇਰੇ।ਉਸੇ ਵੇਲੇ ਹੀ ਮਿ. ਸਮਿਥ, ਕੈਪਟਨ ਮੈਕੈਲਰੀ ਅਤੇ ਮਿ.ਯੂਨਿਟ ਏ ਐਸ ਪੀ ਕਰੀਬ ਨੌਂ ਕੁ ਵਜੇ ਦਿਨੇ ਵੱਡੀ ਹਥਿਆਰਬੰਦ ਕੁਮਕ ਲੈ ਤੁਰ ਪਏ। ਉਸੇ ਦਿਨ ਲੌਢੇ ਵੇਲੇ ਮੈਨੂੰ ਇਤਲਾਹ ਮਿਲੀ, ਜਿਹੜੀ ਬਰੀਗੇਡ ਦੇ ਕਮਾਂਡਿੰਗ ਅਫ਼ਸਰ ਵਲੋਂ ਸੀ, ਕਿ ਉਹਨੂੰ ਮਿ. ਸਮਿਥ ਨੇ ਖ਼ਬਰ ਭੇਜੀ ਹੈ ਕਿ ਬਮੇਲੀ ਚੰਗੀ ਗੋਲਾਬਾਰੀ ਹੋਈ ਹੈ, ਜਿਸ ਵਿੱਚ ਦੂਜੇ ਬੰਨੇ ਮੌਤਾਂ ਹੋਈਆਂ ਹਨ ਪਰ ਸਾਡਾ ਕੋਈ ਨੁਕਸਾਨ ਨਹੀਂ ਹੋਇਆ।"

ਦਸਤਾਵੇਜ਼ਾ ਮੁਤਾਬਿਕ; ਡਿਪਟੀ ਕਮਿਸ਼ਨਰ ਨੂੰ ਸੀ ਆਈ ਡੀ ਦੇ ਕਪਤਾਨ ਅਤੇ ਕਪੂਰਥਲੇ ਦੇ ਅਫ਼ਸਰਾਂ ਨੂੰ ਫੋਰਨ ਮੌਕੇ ਉੱਤੇ ਪੁੱਜਣ ਦੀ ਸਖ਼ਤ ਹਦਾਇਤ ਹੋਈ ਸੀ।ਸੋ, ਡੀ ਸੀ ਉਸੇ ਵੇਲੇ ਖਾਨ ਬਹਾਦੁਰ ਸ਼ੇਖ ਅਬਦੁਲ ਅਜ਼ੀਜ਼ ਨੂੰ ਨਾਲ ਲੈ ਕੇ ਮੋਟਰ-ਕਾਰ ਵਿੱਚ ਬਵੇਲੀ ਨੂੰ ਤੁਰ ਪਿਆ। ਫਗਵਾੜੇ ਲਾਗੇ,ਉਹਨਾਂ ਨੂੰ ਕਪੂਰਥਲਾ ਰਿਆਸਤ ਦੇ ਦੀਵਾਨ ਦੁਰਗਾ ਦਾਸ ਟੱਕਰ ਪਏ,ਜਿਨ੍ਹਾਂ ਨੂੰ ਰੋਕ ਤੇ ਨਾਲ ਲੈ ਬਵੇਲੀ ਜਾ ਪੁੱਜੇ, ਜਿਥੇ ਚਾਰ ਬੱਬਰਾਂ ਦੀਆਂ ਲਾਸ਼ਾ ਪਈਆਂ ਸਨ। ਅਖੇ ! ਸਮਿਥ ਵਲੋਂ ਮਾਜ਼ਰਾ ਦੱਸਣ ਉਪਰੰਤ ਇੱਕ ਗੋਲਾ, ਦੋ ਡੈਨੇਟਰ, ਦੋ ਬੰਦੂਕਾਂ ਤੇ ਹੋਰ ਕਈ ਕਾਗ਼ਜ਼ਾਤ ਤੇ ਨਿੱਕ-ਸੁੱਕ ਡਿਪਟੀ ਕਮਿਸ਼ਨਰ ਨੂੰ ਦਿੱਤਾ।ਦਰ-ਹਕੀਕਤ: ਬੱਬਰਾਂ ਕੋਲੋਂ ਹਥਿਆਰਾਂ ਦੀ ਬਰਾਮਦਗੀ ਨਿਰਾ-ਝੂਠ ਸੀ।ਠੀਕ ਹੈ ਕਿ ਬੱਬਰ ਆਪਣੇ ਪਾਸ ਜਥਾ-ਸੰਭਵ ਹਥਿਆਰ ਰੱਖਦੇ ਸਨ, ਉਸ ਦਿਨ ਵੀ ਕੁੱਝ ਸਨ ਜਿਹੜੇ ਅਨੂਪੇ ਗ਼ਦਾਰ ਨੇ ਪਹਿਲਾਂ ਹੀ ਖਿਸਕਾਅ ਜਾਂ ਨਕਾਰਾ ਕਰ ਦਿੱਤੇ ਸਨ। ਕਿਵੇਂ, ਕਿਤੇ ਫੇਰ ਸਹੀ।ਪੁਸ਼ਟੀ ਵਜੋਂ, ਮੁਕਾਬਲਾ ਰਸਾਲੇ ਦੇ ਇੰਚਾਰਜ ਕਮਾਂਡਰ, ਸਰਕਾਰੀ ਗਵਾਹ ਨੰ. 334, ਦਰਜ਼ ਪੰਨਾ 648, ਫਤਿਹ ਖਾਂ ਐਕਸ ਰਸਾਲਦਾਰ ਵਾਲਦ ਖ਼ਾਨ ਮੁਹੰਮਦ, ਸਬ-ਇੰਸ. ਐਡਸ਼ਿਨਲ ਪੁਲਿਸ, ਜਲੰਧਰ ਤੇ ਹੁਸ਼ਿਆਰਪੁਰ 22 ਅਕਤੂਬਰ 1924 ਨੂੰ ਬਿਆਨ ਦਿੰਦਾ ਹੈ: "ਜੂਨ 23 ਤੋਂ ਮੇਰੀ ਕਮਾਂਡ ਹੇਠ ਵੀ ਹਥਿਆਰਬੰਦ ਦਸਤੇ ਬੱਬਰ ਅਕਾਲੀਆਂ ਨੂੰ ਫੜਨ ਵਿੱਚ ਲੱਗੇ ਹੋਏ ਸਨ। ਰਸਾਲੇ ਅਤੇ ਵਾਧੂ ਪੁਲਿਸ ਦੀਆਂ ਚੌਕੀਆਂ ਸਾਰੇ ਦੋਆਬੇ ਵਿੱਚ ਬਿਠਾ ਦਿੱਤੀਆਂ ਹੋਈਆਂ ਸਨ।ਪਹਿਲੀ ਸਤੰਬਰ ਨੂੰ ਮੂੰਹ-'ਨੇਰ੍ਹੇ ਕਪਤਾਨ ਸਮਿਥ ਦਾ ਸੁਨੇਹਾ ਮਿਲਿਆ ਕਿ ਤੁਰੰਤ ਕੁਮਕ ਸਣੇ ਫਗਵਾੜਾ-ਹੁਸ਼ਿਆਰਪੁਰ ਰੋਡ ਪਿੰਡ ਬਵੇਲੀ ਨਾਲ ਲੱਗਦੇ ਪਿੰਡ ਧੁੱਗਿਆਂ ਨੂੰ ਜਾ ਘੇਰਾ, ਉਹ ਖੁਦ ਬਵੇਲੀ ਨੂੰ ਘੇਰੇਗਾ। ਮੈਂ ਫਟਾਫਟ 84 ਜਵਾਨਾਂ ਸਮੇਤ ਧੁੱਗਾ ਘੇਰ ਲਿਆ। ਥੋੜ੍ਹੀ ਦੇਰ ਬਾਅਦ ਦੇਖਿਆ ਕਿ ਚਾਰ ਬੱਬਰ ਪੁਲਿਸ ਨਾਲ ਮੁਕਾਬਲਾ ਕਰਦੇ ਗੁਰਦੁਆਰਾ ਚੌਂਤਾ ਸਾਹਿਬ ਵੱਲ ਵੱਧ ਰਹੇ ਹਨ ਅਤੇ ਮਿ. ਸਮਿਥ ਦਾ ਦਸਤਾ ਉਨ੍ਹਾਂ ਦਾ ਪਿੱਛਾ ਕਰ ਰਿਹਾ ਹੈ। ਗੁਰਦੁਆਰੇ ਦੇ ਚਾਰੋਂ ਤਰਫ ਵਗਦਾ ਚੋਅ ਹੈ। ਜਾਪਦਾ ਸੀ ਕਿ ਉਹ ਉਥੇ, ਜਿਸਦੇ ਆਲੇ-ਦੁਆਲੇ ਸੰਘਣਾ ਝਾੜ-ਬੇਲਾ ਜਾਂ ਸਰਕੰਡਾ ਵਗੈਰਾ ਸੀ ਪਨਾਹ-ਮੋਰਚਾ ਦੇ ਤਰੱਦਦ ਵਿੱਚ ਹਨ।ਨੀਅਤ-ਤਾੜ, ਮੈਂ ਘੋੜੇ ਦੁੜਾ ਕੇ ਚੋਅ ਕੰਢੇ 50 ਕੁ ਗਜ਼ ਦੀ ਦੂਰੀ 'ਤੇ ਸਿਸਤ ਬੰਨ ਗੋਲੀ ਚਲਾਉਣ ਦਾ ਹੁਕਮ ਦਿੱਤਾ। ਸਿੱਟੇ ਵਜੋਂ ਦੋ ਬੱਬਰ ਪਾਣੀ ਵਿੱਚ ਡਿੱਗ ਪਏ, ਤੀਜਾ ਚੋਅ ਪਾਰ ਕਰਕੇ ਬੰਦੂਕ ਅਤੇ ਤਲਵਾਰ ਲੈ ਕੇ ਡਟ ਗਿਆ। ਮੈਂ, ਉਸਨੂੰ ਸਰੰਡਰ ਕਰਨ ਲਈ ਕਿਹਾ, ਉਸਨੇ ਗੋਲੀ ਦਾਗ ਦਿੱਤੀ। ਸਾਡਾ ਬਚਾਓ ਰਿਹਾ ਪਰ ਸਾਡੀਆਂ ਗੋਲੀਆਂ ਦੀ ਬੁਛਾੜ ਨਾਲ ਉਹ ਮਾਰਿਆ ਗਿਆ। ਚੌਥਾ ਬੱਬਰ ਚੋਅ ਪਾਰ ਕਰ ਬੂਝਿਆ ਵਿੱਚ ਜਾ ਲੁਕਿਆ।ਸਮਿਥ ਨੇ ਉਸਦੀ ਜੁਗਤੀ-ਭਾਲ ਕਰਨ ਦਾ ਹੁਕਮ ਦਿੱਤਾ। ਅਚਾਨਕ, ਉਸਨੇ ਕੋਲ ਜਾ ਪੁੱਜੇ ਦੋ ਜਵਾਨਾਂ 'ਤੇ ਲੋਹ-ਹਥਿਆਰ ਨਾਲ ਹਮਲਾ ਕਰ ਦਿੱਤਾ। ਉਸ ਹੱਥੋਂ, ਇੱਕ ਸਿਪਾਹੀ ਜ਼ਖ਼ਮੀ ਹੋਇਆ, ਦੂਜੇ ਦੀ ਗੋਲੀ ਨਾਲ ਉਹ ਮਾਰਿਆ ਗਿਆ। ਜਿਸ ਬੱਬਰ ਨੇ ਮੇਰੇ 'ਤੇ ਗੋਲੀ ਚਲਾਈ ਸੀ,ਉਹ ਕਰਮ ਸਿੰਘ ਦੌਲਤਪੁਰ ਸੀ ਅਤੇ ਜਿਸਨੇ ਜਵਾਨ ਫੱਟੜ ਕੀਤਾ ਸੀ, ਉਹ ਬਿਸ਼ਨ ਸਿੰਘ ਮਾਂਗਟ ਸੀ। ਦੂਜੇ ਦੋਵੇਂ, ਊਦੇ ਸਿੰਘ ਰਾਮਗੜ੍ਹ-ਝੂੰਗੀਆਂ ਅਤੇ ਮਹਿੰਦਰ ਸਿੰਘ ਸੈਣੀ ਪੰਡੋਰੀ ਗੰਗਾ ਸਿੰਘ ਸਨ।"

ਸਥਿਤੀਆਂ-ਪ੍ਰਸਥਿਤੀਆਂ, ਮੌਕਾ-ਮੁਕਾਬਲਾ ਅਤੇ ਚਸ਼ਮਦੀਦਾਂ ਅਨੁਸਾਰ ਬੱਬਰਾਂ ਕੋਲ ਮਾਰੂ ਹਥਿਆਰ ਨਹੀਂ ਸਨ, ਦਰ-ਹਕੀਕਤ; ਧ੍ਰੋਹੀ-ਸਾਜ਼ਿਸ ਤਹਿਤ ਉਹ ਪਹਿਲਾਂ ਹੀ ਅਗਲ-ਬਗਲ ਜਾਂ ਨਕਾਰਾ ਕਰ ਦਿੱਤੇ ਸਨ। ਬਾਜ਼ ਅਚੰਤੇ ਹੀ ਨਹੀਂ, ਮਕਾਰੀ ਭਰੀ ਯੁੱਗਤ ਨਾਲ ਪਏ ਸਨ, ਕਿਵੇਂ ਬੜੀ ਲੰਬੀ ਹੈ ਇਹ ਤ੍ਰਾਸਦੀ ਜਿਹੜੀ ਬੇਗਾਨਿਆਂ ਸੰਗ "ਆਪਣਿਆਂ" ਵੀ ਕਮਾਈ।

**ਸੰਪਰਕ : 94634-39075**

# .ਗਦਰੀ ਭਾਈ ਬਾਵਾ ਸਿੰਘ ਉੱਪਲ

ਬਾਵਾ ਸਿੰਘ ਉਰਫ ਬੀ ਐੱਸ ਇੰਦਰ ਸਿੰਘ ਦਾ ਜਨਮ 1888 ਨੂੰ ਜਗਤ ਸਿੰਘ ਉੱਪਲ ਦੇ ਘਰ ਬੀਰ ਪਿੰਡ ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਵਿੱਚ ਹੋਇਆ। ਆਪ ਦੋ ਭਰਾ ਸਨ, ਵੱਡੇ ਬਾਵਾ ਸਿੰਘ, ਛੋਟੇ ਜਿਉਣ ਸਿੰਘ। ਆਪ ਨੇ ਬਚਪਨ ਅਤੇ ਜਵਾਨੀ ਵਿੱਚ ਪੜ੍ਹਾਈ ਬਹੁਤ ਚੰਗੀ ਤਰ੍ਹਾਂ ਕੀਤੀ। ਪਿੰਡ ਵਿੱਚ ਪਰਵਾਰ ਸਮੇਤ ਖੇਤੀ ਦਾ ਕੰਮ ਕਰਦੇ ਸਨ। ਜ਼ਿੰਦਗੀ ਨੂੰ ਚੰਗਿਆਂ ਬਣਾਉਣ ਲਈ ਬਾਵਾ ਸਿੰਘ ਸੰਨ 1908 ਵਿੱਚ ਅਮਰੀਕਾ ਪਹੁੰਚ ਗਏ। ਆਪ ਨੇ ਰੇਲਵੇ ਲਾਈਨਾਂ ਬਣਾਉਣ ਵਾਲੀ ਕੰਪਨੀ ਅਤੇ ਖੇਤਾਂ ਵਿੱਚ ਮਜ਼ਦੂਰੀ ਦਾ ਕੰਮ ਕੀਤਾ। ਭਾਈ ਬਾਵਾ ਸਿੰਘ ਦੇ ਵੱਡਿਆਂ ਨੇ ਸਿੱਖ ਰਾਜ ਵਿੱਚ ਸੇਵਾ ਕੀਤੀ ਸੀ, ਜਿਸ ਦੇ ਮਾਲਕ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਪੰਜਾਬ ਵਿੱਚ ਹਾਲਾਤ ਪਹਿਲਾਂ ਜਿਹੇ ਨਾ ਰਹੇ। ਸੰਨ 1839 ਤੋਂ 1849 ਤੱਕ ਦਾ ਸਮਾਂ ਬਹੁਤ ਗਦਾਰੀਆਂ ਅਤੇ ਕਤਲੇਆਮ ਦਾ ਦੌਰ ਸੀ, ਜਿਸ ਨੇ ਸਿੱਖ ਰਾਜ ਨੂੰ ਖਤਮ ਕਰ ਦਿੱਤਾ ਅਤੇ ਪੰਜਾਬ ਉੱਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ।

**ਬਲਵੀਰ ਸਿੰਘ ਥਿੰਦ**

ਅੰਗਰੇਜ਼ ਹਕੂਮਤ ਦੀ ਨੀਤੀ ਇਹ ਸੀ ਕਿ ਸਿੱਖਾਂ ਦੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਦਖਲ ਦੇ ਕੇ ਇਨ੍ਹਾਂ ਨੂੰ ਆਪਣੇ ਅਨੁਸਾਰ ਚਲਾਇਆ ਜਾਵੇ ਅਤੇ ਅੰਗਰੇਜ਼ ਰਾਜ ਨੂੰ ਮਜ਼ਬੂਤ ਕੀਤਾ ਜਾਵੇ। ਗੁਰੂ ਘਰਾਂ ਦੀ ਜਾਇਦਾਦ ਦਾ ਪ੍ਰਬੰਧ ਅੰਗਰੇਜ਼ ਪੱਖੀ ਲੋਕ ਆਪਣੀ ਨਿੱਜੀ ਮਲਕੀਅਤ ਸਮਝਣ ਲੱਗ ਪਏ ਸਨ, ਜਿਸ ਨਾਲ ਬਹੁਤ ਸਾਰੇ ਸੰਕਟ ਪੈਦਾ ਹੋ ਗਏ। ਸਿੱਟੇ ਵਜੋਂ ਅੰਗਰੇਜ਼ ਹਕੂਮਤ ਦੇ ਵਿਰੋਧ ਵਿੱਚ ਲਹਿਰਾਂ ਅਤੇ ਸੰਘਰਸ਼ਾਂ ਦਾ ਦੌਰ ਸ਼ੁਰੂ ਹੁੰਦਾ ਹੈ। ਜਿਵੇਂ ਭਾਈ ਬਾਵਾ ਸਿੰਘ ਅਮਰੀਕਾ ਵਿੱਚ ਸਿੰਘ ਸਭਾ ਲਹਿਰ ਦਾ ਅਸਰ ਲੈ ਕੇ ਪਹੁੰਚੇ ਸਨ ਅਤੇ ਆਪ ਸਿੰਘ ਸਭਾ ਲਹਿਰ ਦੇ ਮਸ਼ਹੂਰ ਪ੍ਰਚਾਰਕ ਅਤੇ ਸਮਝਦਾਰ ਗ੍ਰੰਥੀ ਸਨ। ਆਪ ਦਾ ਸੁਭਾਅ ਬੜਾ ਧੀਰਾ, ਮਿੱਠਾ ਅਤੇ ਹਲੀਮੀ ਭਰਪੂਰ ਸੀ। ਦਸੰਬਰ 1911 ਪੋਹ ਸੁਦੀ ਸਤਵੀਂ ਵਾਲੇ ਦਿਨ ਸਟਾਕਟਨ ਤੋਂ ਥੋੜ੍ਹੀ ਦੂਰ ਭਾਈਆਂ ਦੇ ਡੇਰੇ ਵਿੱਚ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਜਨਮ ਦਿਨ 'ਤੇ ਸੰਗਤ ਵੱਲੋਂ ਸਟਾਕਟਨ ਸ਼ਹਿਰ ਵਿੱਚ ਗੁਰਦੁਆਰਾ ਸਾਹਿਬ ਬਣਾਉਣ ਵਾਸਤੇ ਗੁਰਮਤਾ ਪਾਸ ਹੋਇਆ। ਉਗਰਾਹੀ ਕਰਨ ਵਾਸਤੇ ਤਿੰਨ ਮੈਂਬਰੀ ਕਮੇਟੀ ਵਿੱਚ ਭਾਈ ਬਾਵਾ ਸਿੰਘ ਵੀ ਸ਼ਾਮਲ ਹੋਏ। ਸੰਨ 1912 ਨੂੰ ਸਟਾਕਟਨ ਸ਼ਹਿਰ ਵਿੱਚ ਗੁਰਦੁਆਰਾ ਸਾਹਿਬ ਦੀ ਸਥਾਪਤੀ ਹੋਈ।

ਮਈ 19 ਸੰਨ 1914 ਨੂੰ ਗੁਰਦੁਆਰਾ ਸਟਾਕਟਨ ਰਜਿਸਟਰ ਸਫ਼ਾ ਨੰਬਰ 21 'ਤੇ ਸਕੱਤਰ ਲਾਲ ਸਿੰਘ ਨੇ ਧਰਮ ਦਾ ਪ੍ਰਚਾਰ ਕਰਨ ਲਈ 'ਸ਼ਮਸ਼ੇਰ ਖ਼ਾਲਸਾ' ਅਖ਼ਬਾਰ ਸ਼ੁਰੂ ਕਰਨ ਦਾ ਮਤਾ ਪਾਇਆ। ਇਸ ਅਖ਼ਬਾਰ ਨੂੰ ਚਲਾਉਣ ਵਾਲੇ ਲਾਲ ਸਿੰਘ, ਬਿਸ਼ਨ ਸਿੰਘ, ਡਾਕਟਰ ਹਰੀ ਸਿੰਘ ਘਾਲੀ, ਸੰਤ ਤਾਰਾ ਸਿੰਘ ਤੇ ਬਾਵਾ ਸਿੰਘ ਸ਼ਾਮਲ ਸਨ। ਜਿਸ ਵਿੱਚ ਧਰਮ ਦੇ ਨਾਂਅ 'ਤੇ ਗ਼ਦਰ ਪਾਰਟੀ ਦਾ ਵਿਰੋਧ ਕੀਤਾ ਜਾਂਦਾ ਸੀ। ਇਸ ਅਖ਼ਬਾਰ ਨੂੰ ਬੰਦ ਕਰਾਉਣ ਵਾਸਤੇ ਸਟਾਕਟਨ ਗੁਰਦੁਆਰੇ ਵਿੱਚ ਜਨਵਰੀ 1915 ਨੂੰ ਗੁਰਮਤਾ ਪੇਸ਼ ਹੋਇਆ ਕਿ ਜੋ 25 ਜੁਲਾਈ ਸੰਨ 1914 ਨੂੰ 'ਸ਼ਮਸ਼ੇਰ ਖਾਲਸਾ' ਅਖ਼ਬਾਰ ਕੱਢਣਾ ਆਰੰਭ ਕੀਤਾ ਸੀ, ਨੂੰ ਬੰਦ ਕੀਤਾ ਜਾਵੇ ਅਤੇ ਸਰਬ-ਸੰਮਤੀ ਨਾਲ ਬੰਦ ਕੀਤਾ ਗਿਆ। ਰਜਿਸਟਰ ਸਫ਼ਾ ਨੰਬਰ 34 'ਤੇ ਪ੍ਰੈਜ਼ੀਡੈਂਟ ਭਾਈ ਧਰਮ ਸਿੰਘ (ਜਿਆਨ ਜ਼ਿਲ੍ਹਾ ਹੁਸ਼ਿਆਰਪੁਰ) ਅਤੇ ਸਕੱਤਰ ਭਾਈ ਬਾਵਾ ਬੀ ਐੱਸ ਇੰਦਰ ਸਿੰਘ ਨੇ ਉਸ ਦਿਨ ਬੜਾ ਕਰੜਾ ਭਾਸ਼ਣ ਦਿੱਤਾ। ਭਾਈ ਸਾਹਿਬ ਦੇ ਰਿਸ਼ਤੇ ਵਿੱਚੋਂ ਦੇਸ਼ ਭਗਤ ਜਥੇਦਾਰ ਸਰਦਾਰ ਬਾਲ ਸਿੰਘ ਉੱਪਲ ਕਨੇਡੀਅਨ ਬੀਰ ਪਿੰਡ ਨਾਲ ਬੀ ਐੱਸ ਇੰਦਰ ਸਿੰਘ ਦਾ ਦੇਸ਼ ਦੀ ਅਜ਼ਾਦੀ ਲਈ ਚਿੱਠੀ ਪੱਤਰ ਚੱਲਦਾ ਸੀ।



ਜਥੇਦਾਰ ਬਾਲ ਸਿੰਘ ਦਾ ਨਾਂਅ ਅਕਾਲੀ ਮੋਰਚਿਆਂ ਦਾ ਇਤਿਹਾਸ ਵਿੱਚ ਸੋਹਨ ਸਿੰਘ ਜੋਸ਼ ਅਤੇ ਹੋਰ ਲਿਖਾਰੀਆਂ ਨੇ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੈ। ਜਥੇਦਾਰ ਬਾਲ ਸਿੰਘ

'ਤੇ ਅੰਗਰੇਜ਼ ਸਰਕਾਰ ਵੱਲੋਂ ਚਲਾਏ ਮੁਕੱਦਮਿਆਂ ਦੀ ਅਦਾਲਤੀ ਕਾਰਵਾਈ ਰਿਪੋਰਟ ਦੀ ਨਕਲ ਸੰਨ 2025 ਤੋਂ ਲੇਖਕ ਨੂੰ ਸੀਤਾ ਰਾਮ ਮਾਧੋਪੁਰੀ ਅਤੇ ਸਤਨਾਮ ਸਿੰਘ ਚਾਨਾ ਬੀਰ ਪਿੰਡ ਕੋਲੋਂ ਮਿਲੀ ਹੈ। ਭਾਈ ਬਾਵਾ ਬੀ ਐੱਸ ਇੰਦਰ ਸਿੰਘ ਸੰਨ 1926 ਵਿੱਚ ਗ਼ਦਰ ਪਾਰਟੀ ਦੀ ਕਿਰਤੀ ਅਖ਼ਬਾਰ ਨਾਲ ਨਿਸ਼ਕਾਮ ਸੇਵਾ-ਭਾਵ ਨਾਲ ਚੱਲ ਰਹੇ ਸਨ।

ਆਪ ਸੰਨ 1928 ਵਿੱਚ ਕਿਰਤੀ ਅਖ਼ਬਾਰ ਨੂੰ ਫੰਡ ਮੁਹੱਈਆ ਕਰ ਰਹੇ ਸਨ। ਕੁਝ ਰੱਦੀ ਆਦਮੀ ਕੈਲੀਫੋਰਨੀਆ ਵਿੱਚ ਝੂਠੀਆਂ ਖ਼ਬਰਾਂ ਫੈਲਾ ਰਹੇ ਸਨ। ਤੇਜਾ ਸਿੰਘ ਸੁਤੰਤਰ ਦੇ ਸੰਨ 1929 ਵਿੱਚ ਅਮਰੀਕਾ ਆਉਣ ਨਾਲ ਗ਼ਦਰ ਪਾਰਟੀ ਦੇ ਨਵੇਂ ਮੈਂਬਰਾਂ ਵਿੱਚ ਭਾਰਤ ਜਾ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਫਿਰ ਨਵੇਂ ਸਿਰਿਓਂ ਜੋਸ਼ ਆ ਗਿਆ। ਗ਼ਦਰ ਪਾਰਟੀ ਦੀ ਆਗਿਆ ਨਾਲ ਭਾਈ ਬਾਵਾ ਬੀ ਐੱਸ ਇੰਦਰ ਸਿੰਘ ਬੱਬਰ ਅਕਾਲੀਆਂ ਦੀ ਮਦਦ ਕਰਨ ਲਈ ਸੰਨ 1929 ਵਿੱਚ ਅਮਰੀਕਾ ਤੋਂ ਭਾਰਤ ਆਪ ਦੇ ਘਰ ਬੀਰ ਪਿੰਡ ਪਹੁੰਚ ਗਏ। ਭਾਈ ਸਾਹਿਬ ਨੂੰ ਪਿੰਡ ਵਿੱਚ ਅੰਗਰੇਜ਼ ਪੁਲਸ ਨੇ ਬਹੁਤ ਪਰੇਸ਼ਾਨ ਕੀਤਾ ਅਤੇ ਆਪ ਤਖ਼ਤ ਹਜ਼ੂਰ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਕਰਨ ਲੱਗ ਪਏ। ਸੰਨ 1937 ਨੂੰ ਪੰਜਾਬ ਅਸੰਬਲੀ ਦੀਆਂ ਚੋਣਾਂ ਦੇ ਆਉਣ ਨਾਲ ਸਿਆਸੀ ਹਾਲਾਤ ਬਦਲਣ ਲੱਗੇ। ਭਾਈ ਬਾਵਾ ਸਿੰਘ ਬੀਰ ਪਿੰਡ ਆਪਦੇ ਘਰ ਆ ਗਏ। ਆਪ ਪਿੰਡ ਦੇ ਪਹਿਲੇ ਸਰਪੰਚ ਬਣ ਗਏ। ਆਪ ਨੇ ਪਿੰਡ ਵਿੱਚ ਗਲੀਆਂ-ਨਾਲੀਆਂ ਪੱਕੀਆਂ ਕਰਨ ਦਾ ਕੰਮ ਬਹੁਤ ਸੁਚੱਜੇ ਢੰਗ ਨਾਲ ਕਰਵਾਇਆ ਅਤੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਪਿੰਡ ਦੇ ਗੁਰਦੁਆਰੇ ਵਿੱਚ ਬਹੁਤ ਚੰਗੇ ਗ੍ਰੰਥੀ ਲਿਆਉਣ ਦੀ ਸੇਵਾ ਕੀਤੀ। ਭਾਈ ਬਾਵਾ ਸਿੰਘ ਵਿਆਹੇ ਹੋਏ ਨਹੀਂ ਸਨ। ਉਹਨਾਂ ਦਾ ਵੱਡਾ ਭਤੀਜਾ ਬੰਤ ਸਿੰਘ ਬਚਨ ਕੌਰ ਨਾਲ ਪਿੰਡ ਪਵਾਦੜਾ ਲਾਗੇ ਬਿਲਗਾ ਵਿਆਹਿਆ ਹੋਇਆ ਸੀ। ਉਹਨਾਂ ਦਾ ਛੋਟਾ ਭਤੀਜਾ ਅਜਾਇਬ ਸਿੰਘ, ਜੋ ਕਿ ਫੌਜ ਵਿੱਚ ਨੌਕਰੀ ਕਰਦਾ ਸੀ, ਦਾ ਵਿਆਹ ਭਾਗ ਕੌਰ ਨਾਲ ਪਿੰਡ ਡੱਲਾ ਲਾਗੇ ਗਰਾਇਆ ਹੋਇਆ ਸੀ। ਅਜੇ ਵਿਆਹ ਨੂੰ ਅੱਠ ਦਿਨ ਹੀ ਹੋਏ ਸਨ ਕਿ ਦੁਨੀਆ ਦਾ ਦੂਜਾ ਵੱਡਾ ਜੰਗ ਛਿੜ ਪਿਆ। ਅਜਾਇਬ ਸਿੰਘ ਆਜ਼ਾਦ ਹਿੰਦ ਫੌਜ ਵਿੱਚ ਪਹੁੰਚ ਗਏ। ਜੰਗ ਦੇ ਮੈਦਾਨ ਵਿਚ ਅਜਾਇਬ ਸਿੰਘ ਨੇ ਤਿੰਨ ਜਵਾਨਾਂ ਸਮੇਤ ਦੁਸ਼ਮਣਾਂ ਕੋਲੋਂ ਟੈਂਕ ਖੋਹ ਲਿਆ। ਬੜੀ ਮੁਸ਼ਕਲ ਨਾਲ ਆਜ਼ਾਦ ਹਿੰਦ ਫੌਜ ਕੋਲ ਪਹੁੰਚ ਕੇ ਭੁੱਖ ਤੋਂ ਬਾਅਦ ਖਾਣਾ ਖਾਣ ਨਾਲ ਸਰਦਾਰ ਅਜਾਇਬ ਸਿੰਘ ਦੀ ਮੌਤ ਹੋ ਗਈ। ਸਰਦਾਰ ਸਾਹਿਬ ਦੀ ਬਹਾਦਰੀ ਦੀਆਂ ਕਵੀਆਂ ਵੱਲੋਂ ਕਵਿਤਾਵਾਂ ਬੋਲੀਆਂ ਗਈਆਂ। ਇੱਕ ਕਵਿਤਾ ਜੋ ਆਮ ਲੋਕਾਂ ਵਿੱਚ ਬੋਲੀ ਜਾਂਦੀ ਸੀ—

ਵੀਰ ਪਿੰਡ ਵਾਲਾ ਜੈਬਾ ਸੂਰਮਾ,  
ਵੈਰੀਆਂ ਦਾ ਕੁੱਟ ਕੇ ਬਣਾਵੇ ਚੂਰਮਾ।

ਸਰਦਾਰ ਅਜਾਇਬ ਸਿੰਘ ਦੇ ਕੋਈ ਬੱਚਾ ਨਹੀਂ ਸੀ। ਭਾਈ ਬਾਵਾ ਸਿੰਘ ਸਰਪੰਚ ਸੰਨ 1955 ਵਿੱਚ ਸੁਰਗਵਾਸ ਹੋ ਗਏ। ਉਹਨਾਂ ਦੀ ਸੇਵਾ ਪਰਵਾਰ ਸਮੇਤ ਲਾਇਕ ਪੁੱਤਰਾਂ ਵਾਂਗ ਭਾਗ ਕੌਰ ਨੇ ਵੀ ਕੀਤੀ ਅਤੇ ਪਤੀ ਸਰਦਾਰ ਅਜਾਇਬ ਸਿੰਘ ਦੀ ਯਾਦ ਵਿੱਚ ਆਪ ਦੇ ਸਹੁਰੇ ਅਤੇ ਪੇਕੇ ਘਰ ਨੇਕੀ ਦੀ ਜ਼ਿੰਦਗੀ ਬਤੀਤ ਕਰਦੀ ਹੋਈ ਕੈਨੇਡਾ ਵਿੱਚ ਆਪਣੇ ਭਰਾਵਾਂ ਦੇ ਪਰਵਾਰ ਕੋਲ ਰਹਿੰਦੀ ਭਾਗ ਕੌਰ ਜੁਲਾਈ 2007 ਨੂੰ ਸੁਰਗਵਾਸ ਹੋ ਗਈ। ਬੰਤ ਸਿੰਘ ਅਤੇ ਬਚਨ ਕੌਰ ਸੁਰਗਵਾਸ ਹੋ ਚੁੱਕੇ ਹਨ। ਭਾਈ ਬਾਵਾ ਸਿੰਘ ਦੇ ਭਤੀਜੇ ਬੰਤ ਸਿੰਘ ਦੇ ਲੜਕੇ ਕੁਲਦੀਪ ਸਿੰਘ, ਸੁਰਜੀਤ ਸਿੰਘ, ਦਲਜੀਤ ਸਿੰਘ, ਮਲਕੀਤ ਸਿੰਘ ਅਤੇ ਲੜਕੀ ਨਰਿੰਦਰ ਕੌਰ ਹਨ ਬੰਤ ਸਿੰਘ ਦਾ ਪੋਤਾ ਗੁਰਪ੍ਰੀਤ ਸਿੰਘ ਗੋਪੀ ਪੰਜਾਬ ਲਾਈਵ ਟੀ ਵੀ ਚੈਨਲ ਚਲਾ ਰਿਹਾ ਹੈ।

***ਸੰਪਰਕ : 209 792 4603***

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.


ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਸਮਾਜਕ ਸਰੋਕਾਰਾਂ ਦਾ ਮਨੋਵਿਗਿਆਨਕ ਅਧਿਐਨ

## ਪਹਿਰੇਦਾਰੀ

(ਕਹਾਣੀ ਸੰਗ੍ਰਹਿ)
**ਰਘਬੀਰ ਸਿੰਘ ਮਾਨ**
**ਸਫ਼ੇ : 250, ਮੁੱਲ : 124 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**





**ਫੋਕਸ**

**ਚਰਚਾ ਇੱਕ ਪੁਸਤਕ ਦੀ**

**ਡਾ. ਹਰਿੰਦਰ ਸਿੰਘ ਤੂੜ**

ਰਘਬੀਰ ਸਿੰਘ ਮਾਨ ਨੇ ਪੰਜਾਬੀ ਸਾਹਿਤ ਜਗਤ ਨੂੰ ਮੁੱਲਵਾਨ ਰਚਨਾਵਾਂ ਦਿੱਤੀਆਂ ਹਨ, ਜਿਨ੍ਹਾਂ ਵਿਚ ਤਿੰਨ ਕਹਾਣੀ-ਸੰਗ੍ਰਹਿ 'ਅਚਿੰਤੇ ਬਾਜ ਪਏ', 'ਕੋਈ ਤਾਂ ਹੈ', 'ਪਹਿਰੇਦਾਰੀ' ਅਤੇ ਤਿੰਨ ਨਾਵਲ 'ਰੋਹ ਵਿਦਰੋਹ', 'ਤਪਦੇ ਪੈਰਾਂ ਦਾ ਸਫ਼ਰ', 'ਅੜੇ-ਥੁੜੇ' ਅਤੇ ਦੋ ਵਾਰਤਕ ਪੁਸਤਕਾਂ 'ਉਲਝ ਗਈ ਸਿੱਖ ਕੌਮ', 'ਭਾਰਤੀ ਟ੍ਰੈਫਿਕ : ਸਮੱਸਿਆ ਅਤੇ ਹੱਲ' ਆਦਿ ਹਨ। ਉਹਨਾਂ ਦੀ ਸਿਰਜਨਾਤਮਕ ਸੁਰ ਸਮਾਜਿਕ ਸਿਸਟਮ ਦੇ ਯਥਾਰਥ ਨੂੰ ਪੇਸ਼ ਕਰਦੀ ਹੈ। ਮਨੁੱਖ ਸਮਾਜਿਕ ਸਿਸਟਮ ਵਿਚ ਵਿਚਰਦਾ ਹੋਇਆ ਸਮਾਜਿਕ ਚੌਗਿਰਦੇ ਤੋਂ ਬਹੁਤ ਕੁਝ ਸਿੱਖਦਾ ਹੈ ਅਤੇ ਬਦਲੇ ਵਿਚ ਸਮਾਜ ਨੂੰ ਬਹੁਤ ਕੁਝ ਪ੍ਰਦਾਨ ਵੀ ਕਰਦਾ ਹੈ। ਇਸ ਪ੍ਰਕਾਰ ਆਪਸੀ ਅੰਤਰ-ਸੰਬੰਧ ਮਜ਼ਬੂਤ ਤੇ ਵਿਕਾਸ ਦੇ ਧਾਰਨੀ ਬਣਦੇ ਹਨ। ਰਘਬੀਰ ਮਾਨ ਦਾ ਨਾਵਲ 'ਅੜੇ-ਥੁੜੇ' ਪੰਜਾਬੀ ਸਾਹਿਤਕ ਸੰਸਥਾਵਾਂ ਵਿਚ ਵਿਚਾਰ-ਚਰਚਾ ਦਾ ਵਿਸ਼ਾ ਰਿਹਾ ਹੈ। ਇਸ ਨਾਵਲ ਦਾ ਫੋਕਸ ਕਿਸਾਨੀ ਜੀਵਨ ਹਯਾਤੀ ਨਾਲ ਸੰਬੰਧਤ ਵਿਭਿੰਨ ਸਮੱਸਿਆਵਾਂ ਨੂੰ ਦ੍ਰਿਸ਼ਟੀਗੋਚਰ ਕਰਕੇ ਕਿਸਾਨਾਂ ਦੁਆਰਾ ਭੋਗੇ ਸੰਤਾਪ ਅਤੇ ਯਥਾਰਥਵਾਦੀ ਸਥਿਤੀ ਨੂੰ ਪਾਠਕਾਂ ਤੱਕ ਪਹੁੰਚਾਉਣਾ ਸੀ। ਇਸ ਤੋਂ ਇਲਾਵਾ ਸਿੱਖਿਆ ਸੰਸਥਾਵਾਂ ਅਤੇ ਕਰਮਚਾਰੀਆਂ ਦੀ ਅਣਗਹਿਲੀ ਕਾਰਨ ਵਿਦਿਆਰਥੀਆਂ ਦੇ ਭਵਿੱਖ ਦੀ ਤਬਾਹੀ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਰਘਬੀਰ ਸਿੰਘ ਮਾਨ ਹੱਥਲਾ ਕਹਾਣੀ-ਸੰਗ੍ਰਹਿ 'ਪਹਿਰੇਦਾਰੀ' ਹੈ, ਜਿਸ ਵਿਚ ਮਨੁੱਖ ਤੇ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਛੇ ਕਹਾਣੀਆਂ ਆਸ਼ਰ, ਅਡੋਲ, ਮੇਰਾ ਯਕੀਨ ਕਰ, ਪਹਿਰੇਦਾਰੀ, ਪੁੱਛ-ਗਿੱਛ, ਵੱਡੇ ਭਾਈ ਆਦਿ ਦਰਜ ਹਨ। ਇਹ ਕਹਾਣੀਆਂ ਆਮ ਮਨੁੱਖ ਦੀ ਹਾਮੀ ਭਰਦੀਆਂ ਹਨ। ਸਮਾਜਿਕ ਬਣਤਰ ਦੇ ਨਾਲ-ਨਾਲ ਆਰਥਿਕ, ਸੱਭਿਆਚਾਰਕ, ਧਾਰਮਿਕ, ਰਾਜਨੀਤਿਕ, ਇਤਿਹਾਸਕ ਅਤੇ ਮਨੋਵਿਗਿਆਨਕ ਪੱਖਾਂ ਰਾਹੀਂ ਮਨੁੱਖ ਦੀ ਹੋਣੀ ਨੂੰ ਬਿਆਨ ਕੀਤਾ ਗਿਆ ਹੈ।

'ਪਹਿਰੇਦਾਰੀ' ਸ਼ਬਦ ਆਪਣੇ-ਆਪ ਵਿਚ ਜਾਗਰੂਕਤਾ, ਜ਼ਿੰਮੇਵਾਰੀ ਅਤੇ ਸਮਾਜਿਕ ਚੇਤਨਾ ਦਾ ਪ੍ਰਤੀਕ ਹੈ। ਇਸ ਕਹਾਣੀ-ਸੰਗ੍ਰਹਿ ਦੇ ਬਿਰਤਾਂਤ ਆਮ ਮਨੁੱਖ ਦੇ ਜੀਵਨ, ਉਸ ਦੀਆਂ ਸਮੱਸਿਆਵਾਂ, ਸੰਘਰਸ਼ ਅਤੇ ਸਮਾਜਿਕ ਵਿਸੰਗਤੀਆਂ ਨੂੰ ਉਜਾਗਰ ਕਰਦੇ ਹਨ। ਰਘਬੀਰ ਮਾਨ ਨੇ ਮਨੁੱਖੀ ਸੰਬੰਧਾਂ, ਨੈਤਿਕ ਕਦਰਾਂ-ਕੀਮਤਾਂ ਤੇ ਬਦਲ ਰਹੇ ਸਮਾਜਿਕ ਮਾਹੌਲ ਨੂੰ ਬੜੀ ਸੂਝ-ਬੂਝ ਨਾਲ ਬਿਆਨ ਕੀਤਾ ਹੈ।

ਇਹਨਾਂ ਕਹਾਣੀਆਂ ਦੀ ਪ੍ਰਮੁੱਖ ਵਿਸ਼ੇਸ਼ਤਾ ਇਨ੍ਹਾਂ ਦੇ ਯਥਾਰਥਕ ਬਿਰਤਾਂਤ ਹਨ, ਜੋ ਜੀਵਨ ਮੁੱਲਾਂ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ। ਕਹਾਣੀਆਂ ਦੇ ਪਾਤਰ ਆਲੇ-ਦੁਆਲੇ ਵਿਚ ਵਿਚਰਦੇ ਪ੍ਰਤੀਤ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਪਾਠਕਾਂ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਦੇ ਲੁਪਤ ਪੱਖਾਂ ਵੱਲ ਵੀ ਲੇਖਕ ਦੁਆਰਾ ਸੰਕੇਤ ਕੀਤੇ ਗਏ ਹਨ, ਜੋ ਜੀਵਨ ਦੇ ਵਿਕਾਸ ਕ੍ਰਮ ਦਾ ਅਹਿਮ ਹਿੱਸਾ ਬਣ ਸਕਦੇ ਹਨ। ਕਹਾਣੀਆਂ ਦੇ ਬਿਰਤਾਂਤ ਪਾਠਕਾਂ ਨੂੰ ਸੋਚਣ ਲਈ ਮਜਬੂਰ ਕਰਦੇ ਹਨ।

ਕਹਾਣੀ-ਸੰਗ੍ਰਹਿ 'ਪਹਿਰੇਦਾਰੀ' ਦੀ ਸਿਰਲੇਖ ਵਾਲੀ ਕਹਾਣੀ 'ਪਹਿਰੇਦਾਰੀ' ਵਿਚ ਔਰਤ ਦੀ ਤ੍ਰਾਸਦਿਕ ਹਾਲਤ ਪਿੱਛੇ ਕਾਰਜਸ਼ੀਲ ਕਾਰਨਾਂ ਦਾ ਜ਼ਿਕਰ ਕੀਤਾ ਗਿਆ ਹੈ। ਮਾਪਿਆਂ ਦੇ ਘਰ ਲੜਕੀ ਦੀ ਸਥਿਤੀ ਇੱਜ਼ਤ-ਪੱਤ ਦਾ ਕੇਂਦਰ ਬਿੰਦੂ ਹੈ, ਭਾਵੇਂ ਉਹ ਕਿਸੇ ਵੀ ਜਾਤ ਜਾਂ ਸ਼੍ਰੇਣੀ ਦੀ ਕਿਉਂ ਨਾ ਹੋਵੇ। ਇਸ ਕਹਾਣੀ ਦਾ ਘਟਨਾਕ੍ਰਮ ਦੋ ਦਹਾਕੇ ਪਹਿਲਾਂ ਦਾ ਹੋ ਸਕਦਾ ਹੈ, ਕਿਉਂਕਿ ਵਰਤਮਾਨ ਪ੍ਰਸਥਿਤੀਆਂ ਵਿਚ ਕਾਫ਼ੀ ਬਦਲਾਵ ਆ ਚੁੱਕਾ ਹੈ ਅਤੇ ਇਹੋ ਜਿਹੀਆਂ ਘਟਨਾਵਾਂ ਘਟ ਹੀ ਵਾਪਰਦੀਆਂ ਹਨ। 'ਪਹਿਰੇਦਾਰੀ' ਕਹਾਣੀ ਦਾ ਬਿਰਤਾਂਤ ਵਰਤਮਾਨ ਵਿਚ ਆਰੰਭ ਹੁੰਦਾ ਹੈ ਅਤੇ ਪਿਛਲਝਾਤ ਰਾਹੀਂ ਜੀਵਨ ਦੇ ਯਥਾਰਥ ਤੇ ਔਰਤ ਦੀ ਹੋਣੀ ਨੂੰ ਬਿਆਨ ਕਰਦਾ ਹੈ। 'ਵਰਤਮਾਨ' ਵਿਚ 'ਭੂਤ-ਕਾਲ' ਹਮੇਸ਼ਾ ਹੀ ਕਾਇਮ ਰਹਿੰਦਾ ਹੈ। ਹਾਸ਼ੀਏ 'ਤੇ ਧੱਕੇ ਪਰਵਾਰਾਂ ਦੀਆਂ ਲੜਕੀਆਂ ਜਾਂ ਔਰਤਾਂ ਦੀ ਚਿੰਤਾਜਨਕ ਸਥਿਤੀ ਨੂੰ ਗੁਰਮੀਤ ਕੌਰ ਰਾਹੀਂ ਬਿਆਨ ਕੀਤਾ ਗਿਆ ਹੈ। ਆਰਥਿਕ ਤੌਰ 'ਤੇ ਕਮਜ਼ੋਰ ਹੋਣ ਸਦਕਾ ਮਨੁੱਖ ਦੇ ਨਾਵਾਂ ਵਿੱਚ ਪਤਨ ਤੇ ਗਿਰਾਵਟ ਦੀ ਭਾਵਨਾ ਉਜਾਗਰ ਹੁੰਦੀ ਹੈ। ਇਹੋ ਕਾਰਨ ਹੈ ਕਿ ਸਕੂਲ ਤੇ ਪਿੰਡ ਵਿਚ ਹੁਸ਼ਿਆਰ ਗੁਰਮੀਤ ਕੌਰ ਇਕ ਅਣਚਾਹੀ ਘਟਨਾ ਦੁਆਰਾ ਗੁਰਮੀਤ ਕੌਰ ਤੋਂ 'ਗੁਰਮੀਤੋ' ਬਣ ਕੇ ਰਹਿ ਗਈ। ਇੱਕ ਸਮਝਦਾਰ, ਸਿਆਣੀ, ਬੁੱਧੀਮਾਨ ਧੀ ਤੇ ਵਿਦਿਆਰਥਣ ਤੋਂ ਘਰੇਲੂ ਔਰਤ ਬਣਾ ਦਿੱਤਾ। 'ਵੀਰੂ' ਵਰਗੇ ਆਸ਼ਕੀ ਕਰਦੇ ਨੌਜਵਾਨ ਹਰ ਗਲੀ, ਮੁਹੱਲੇ, ਚੌਰਾਹੇ, ਮੋੜਾਂ, ਸਕੂਲਾਂ ਤੇ ਕਾਲਜਾਂ ਸਾਹਮਣੇ ਅਤੇ ਬੱਸਾਂ ਵਿਚ ਆਮ ਹੀ ਮਿਲ ਜਾਂਦੇ ਹਨ। ਜਿਨ੍ਹਾਂ ਦੀਆਂ ਗਲਤ ਹਰਕਤਾਂ ਦਾ ਖਮਿਆਜ਼ਾ ਲੜਕੀਆਂ ਨੂੰ ਭੁਗਤਣਾ ਪੈਂਦਾ ਹੈ। ਗੁਰਮੀਤ ਪਿੰਡ ਤੋਂ ਸ਼ਹਿਰ ਸਕੂਲ ਵਿਚ ਬੱਸ ਰਾਹੀਂ ਆਪਣੀਆਂ ਸਹੇਲੀਆਂ ਨਾਲ ਜਾਂਦੀ ਸੀ। ਬੱਸ ਵਿਚ ਵੀਰੂ ਵਰਗੇ ਮੁੰਡੀਰ ਲੜਕਿਆਂ ਦਾ ਟੋਲਾ ਲੜਕੀਆਂ ਨਾਲ ਗਲਤ ਹਰਕਤਾਂ ਕਰਕੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਦਾ। ਲੜਕੀਆਂ ਜੋ ਪਿੰਡ ਤੋਂ ਸ਼ਹਿਰ ਵੱਲ ਜਾਂਦੀਆਂ ਆਪਣੇ ਮਾਪਿਆਂ ਨੂੰ ਆਪਣੇ ਨਾਲ ਹੋ ਰਹੇ ਜਿਸਮਾਨੀ ਸ਼ੋਸ਼ਣ ਬਾਰੇ ਨਹੀਂ ਦੱਸਦੀਆਂ, ਕਿਉਂਕਿ ਮਾਪੇ ਅਜਿਹੀਆਂ ਗੱਲਾਂ ਸੁਣ ਕੇ ਲੜਕੀਆਂ ਨੂੰ ਸਕੂਲੋਂ ਜਾਂ ਕਾਲਜੋਂ ਹਟਾ ਲੈਂਦੇ ਸਨ, ਜਿਨ੍ਹਾਂ ਕਾਰਨ ਉਨ੍ਹਾਂ ਦਾ ਵਿਕਾਸ ਰੁਕ ਜਾਂਦਾ ਸੀ। ਗੁਰਮੀਤ ਦੀ ਸਕੂਲ ਜਾਂਦੇ ਸਮੇਂ ਵੀਰੂ ਦੁਆਰਾ ਚੁੰਨੀ ਖਿੱਚਣ ਨਾਲ ਉਸ ਦਾ ਜੀਵਨ ਹੀ ਬਦਲ ਗਿਆ ਤੇ ਉਸ ਦਾ ਸਕੂਲ ਜਾਣਾ ਬੰਦ ਕਰ ਦਿੱਤਾ ਗਿਆ। ਡੈਡੀ ਦੇ ਕੁਰੱਖ਼ਤ ਬੋਲ ਉਸ ਦੇ ਜੀਵਨ ਨੂੰ ਛਲਣੀ ਕਰ ਗਏ :

ਕੁੜੀਏ ਵਾਰ-ਵਾਰ ਸਕੂਲ ਜਾਣ ਦੀ ਰੱਟ ਲਾਈ ਤਾਂ ਮੇਰੇ ਮਰੇ ਦਾ ਮੂੰਹ ਦੇਖੇਂਗੀ। ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ, ਮੇਰੇ ਨਸੀਬਾਂ ਦਾ ਚੁੱਲ੍ਹਾ ਸਦਾ ਲਈ ਬੁਝ ਗਿਆ। ਮੈਂ ਦੰਦਾਂ ਹੇਠ ਜੀਭ ਲੈ ਖੁਦ ਜਿੱਡਾ ਪੀੜਤ ਹਾਉਕਾ ਲਿਆ।

ਨਾਵਲ ਦੇ ਬਿਰਤਾਂਤ ਵਿਚ ਨਿਮਨ-ਸ਼੍ਰੇਣੀ ਨਾਲ ਸੰਬੰਧਤ ਔਰਤਾਂ ਦੀ ਹੋਣੀ ਦਾ ਜ਼ਿਕਰ ਮਿਲਦਾ ਹੈ। ਜ਼ਿੰਮੀਦਾਰ ਤਬਕੇ ਵੱਲੋਂ ਖੇਤਾਂ ਵਿਚ ਜਾਂ ਘਰਾਂ ਵਿਚ ਕੰਮ ਕਰਦੀਆਂ ਔਰਤਾਂ ਦਾ ਜਿਸਮਾਨੀ ਤੇ ਮਾਨਸਿਕ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ। ਗੁਰਮੀਤ ਦਾ ਪਿਤਾ ਜ਼ਿੰਮੀਦਾਰਾਂ ਦੇ ਚਾਲ ਚੱਲਣ ਬਾਰੇ ਜਾਣਕਾਰੀ ਦਿੰਦਾ ਹੋਇਆ ਆਲੇ-ਦੁਆਲੇ ਹੁੰਦੀਆਂ ਗੱਲਾਂ ਦਾ ਜ਼ਿਕਰ ਕਰਦਾ ਹੈ:

ਵਿਹੜੇ ਦੀਆਂ ਤੀਵੀਆਂ ਦੇ ਜ਼ਿਮੀਦਾਰਾਂ ਨਾਲ ਜੁੜੇ ਕਿੱਸੇ ਤੈਨੂੰ ਭੁੱਲੇ ਹੋਏ ਨ੍ਹੀਂ।

ਅਮੀਰ ਜ਼ਿਮੀਦਾਰਾਂ ਦੇ ਘਰ ਵਿਚਲੇ ਮਾਹੌਲ ਤੋਂ ਹੀ ਉਨ੍ਹਾਂ ਦੇ ਬੱਚੇ ਅਨੈਤਿਕਤਾ ਸਿੱਖਦੇ ਹਨ ਅਤੇ ਦੂਜਿਆਂ ਦਾ ਜੀਵਨ ਤਬਾਹ ਕਰ ਦਿੰਦੇ ਹਨ। ਵਿਆਹ ਤੋਂ ਬਾਅਦ ਗੁਰਮੀਤ ਜ਼ਿਮੀਦਾਰਾਂ ਦੇ ਘਰ ਕੰਮ ਕਰਨ ਲੱਗੀ, ਜਿੱਥੇ ਉਨ੍ਹਾਂ ਦੇ ਬੱਚੇ ਲੜਕਾ ਸੈਂਡੀ ਤੇ ਲੜਕੀ ਰੋਜ਼ੀ ਹਨ, ਜੋ ਕਾਲਜ ਵਿਚ ਪੜ੍ਹਦੇ ਹਨ। ਉਨ੍ਹਾਂ ਨੂੰ ਸਭ ਸਹੂਲਤਾਂ ਹੋਣ ਦੇ ਬਾਵਜੂਦ ਕਾਲਜ ਵਿਚ ਪੜ੍ਹਾਈ ਕਰਨ ਦੀ ਬਜਾਇ ਘੁੰਮਣ ਜਾਂਦੇ ਹਨ। ਉਨ੍ਹਾਂ ਦਾ ਰਹਿਣ-ਸਹਿਣ ਮਾਡਰਨ ਜੀਵਨ-ਸ਼ੈਲੀ ਨੂੰ ਪੇਸ਼ ਕਰਦਾ ਹੈ। ਉਨ੍ਹਾਂ ਵਿਚ ਨੈਤਿਕ ਮੁੱਲ-ਵਿਧਾਨ ਖ਼ਤਮ ਹੋ ਚੁੱਕੇ ਸਨ। ਮਾਤਾ-ਪਿਤਾ ਦੀ ਗ਼ੈਰਹਾਜ਼ਰੀ ਵਿਚ ਸੈਂਡੀ ਆਪਣੀ ਕਾਲਜ ਫਰੈਂਡ ਨੂੰ ਘਰ ਲੈ ਕੇ ਆਇਆ ਤੇ ਕਾਮ-ਵਾਸ਼ਨਾ ਵਿਚ ਡੁੱਬ ਗਿਆ। ਗੁਰਮੀਤੋ ਵੱਲੋਂ ਕੀਤੀ ਪਹਿਰੇਦਾਰੀ ਅਜਾਈਂ ਹੀ ਗਈ, ਕਿਉਂਕਿ ਘਰ ਵਿਚ ਹੀ ਬੱਚੇ ਅਨੈਤਿਕਤਾ ਦੀਆਂ ਹੱਦਾਂ ਪਾਰ ਕਰ ਗਏ ਸਨ। ਉਹ ਘਰ ਦੀ ਪਹਿਰੇਦਾਰੀ ਕਰ ਰਹੀ ਸੀ ਕਿ ਕੋਈ ਗ਼ੈਰ ਆ ਕੇ ਘਰ ਨੂੰ ਨੁਕਸਾਨ ਨਾ ਪਹੁੰਚਾਵੇ, ਪਰ ਇੱਥੇ ਘਰ ਦੇ ਲੜਕੇ ਨੇ ਪਹਿਰੇਦਾਰੀ ਵਿਚ ਸੰਨ੍ਹ ਲਗਾ ਦਿੱਤੀ ਸੀ। ਗੁਰਮੀਤੋ ਨੌਜਵਾਨ ਪੀੜ੍ਹੀ ਦੀ ਸਥਿਤੀ ਦਾ ਵਰਣਨ ਕਰਦੀ ਹੈ :

ਅੱਜ ਦੀ ਜਵਾਨੀ 'ਚ ਕਿੰਨੀਆਂ ਬੇਪ੍ਰਵਾਹੀਆਂ ਨੇ। ਇਨ੍ਹਾਂ ਦੇ ਅੰਦਰ ਕਿਵੇਂ ਭਾਂਬੜ ਮਚੇ ਪਏ ਨੇ। ਹਾਬੜੇ ਫਿਰਦੇ ਆ। ਸ਼ਰਮ ਹਯਾ ਤਾਂ ਇਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ। ਮਾਪਿਆਂ ਨੇ ਧੀ ਨੂੰ ਪੜ੍ਹਨ ਭੇਜਿਆ, ਪਰ ਇਹ ? ਕਿੱਡਾ ਵੱਡਾ ਧੋਖਾ ਹੈ ਮਾਪਿਆਂ ਨਾਲ।

ਕਹਾਣੀਕਾਰ ਪ੍ਰਸ਼ਨ ਉਠਾਉਂਦਾ ਹੈ ਕਿ ਆਮ ਤਬਕੇ ਨਾਲ ਸੰਬੰਧਤ ਵਿਅਕਤੀਆਂ ਨੂੰ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਉਨ੍ਹਾਂ ਦੀ ਨੈਤਿਕਤਾ ਜਾਂ ਚੰਗਿਆਈਆਂ ਉੱਤੇ ਵੀ ਅਮੀਰ ਤਬਕੇ ਵੱਲੋਂ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਜਾਂਦਾ ਹੈ।

ਕਹਾਣੀਕਾਰ ਪਾਠਕਾਂ ਨੂੰ ਸੁਚੇਤ ਕਰਦਾ ਹੈ ਕਿ ਸਮਾਜਿਕ ਹਾਲਤਾਂ ਵਿਚ ਬਦਲਾਵ ਆ ਗਿਆ ਹੈ, ਜਿਸ ਨੇ ਨੌਜਵਾਨ ਪੀੜ੍ਹੀ ਵਿੱਚੋਂ ਨੈਤਿਕਤਾ ਖ਼ਤਮ ਕਰ ਦਿੱਤੀ ਹੈ ਤੇ ਉਹ ਅਨੈਤਿਕਤਾ ਦੇ ਰਸਤੇ ਉੱਤੇ ਚੱਲ ਕੇ ਕਾਮ-ਵਾਸ਼ਨਾ ਵਿਚ ਡੁੱਬਦੇ ਜਾ ਰਹੇ ਹਨ। ਉਨ੍ਹਾਂ ਲਈ ਇੱਜ਼ਤ, ਪੱਤ ਤੇ ਅਣਖ ਕੋਈ ਅਰਥ ਨਹੀਂ ਰੱਖਦੇ। ਰਘਬੀਰ ਮਾਨ ਨੇ ਕਰਮ ਸਿਧਾਂਤ ਦਾ ਜ਼ਿਕਰ ਕਰਦੇ ਹੋਏ 'ਪਾਪ-ਪੁੰਨ' ਦੇ ਵਿਚਾਰ ਰੱਖੇ ਹਨ ਕਿ ਇਸ ਸ੍ਰਿਸ਼ਟੀ ਉੱਤੇ ਵਿਚਰਦੇ ਮਨੁੱਖਾਂ ਨੂੰ ਉਸ ਦੇ ਕੀਤੇ ਕਰਮਾਂ ਦਾ ਫਲ ਭੋਗਣਾ ਪਵੇਗਾ। ਕਹਾਣੀਕਾਰ ਆਧੁਨਿਕ ਮਨੁੱਖ ਨੂੰ ਚਿੰਤਨ ਦੇ ਰਸਤੇ ਉੱਤੇ ਚੱਲਣ ਦੀ ਤਾਕੀਦ ਕਰਦਾ ਹੈ, ਕਿਉਂਕਿ ਜੋ ਬੀਜੋਗੇ, ਉਹੀ ਵੱਢੋਗੇ। ਵੀਰੂ ਵਰਗੇ ਨੌਜਵਾਨਾਂ ਦੀ ਚਿੰਤਾਜਨਕ ਸਥਿਤੀ ਬਾਰੇ ਵੀ ਜ਼ਿਕਰ ਮਿਲਦਾ ਹੈ ਅਤੇ ਗੁਰਮੀਤੋ ਦੇ ਬੋਲਾਂ ਰਾਹੀਂ ਪਾਪ-ਪੁੰਨ ਦਾ ਨਿਬੇੜਾ ਕੀਤਾ ਹੈ :

ਤੂੰ ਜੇਲ੍ਹ ਦੀ ਹਵਾ ਫੱਕ ਰਿਹਾਂ। ਆਸ਼ਕੀ ਤੋਂ ਨਸ਼ੇ, ਫਿਰ ਲੁੱਟਾਂ-ਖੋਹਾਂ, ਗੁੰਡਾਗਰਦੀ, ਨਜਾਇਜ਼ ਕਬਜ਼ੇ ਤੇ ਫਿਰ ਗੈਂਗਸਟਰ ਬਣ ਗਿਆ। ਜੋ ਬੀਜਿਆ, ਤੂੰ ਓਹੀ ਵੱਢਿਆ। ਮੇਰੀਆਂ ਆਂਦਰਾਂ ਤੈਨੂੰ ਦੁਰ ਅਸੀਸਾਂ ਦਿੰਦੀਆਂ। ਤੂੰ ਨਹੀਂ ਜਾਣਦਾ ਮੇਰੀਆਂ ਰੀਝਾਂ ਦਾ ਕਿੱਡਾ ਵੱਡਾ ਖ਼ਤਰਨਾਕ ਕਤਲ ਕੀਤਾ ਐ।

ਵੀਰੂ ਤੇ ਸੈਂਡੀ ਦੋਵੇਂ ਹੀ ਜ਼ਿੰਮੀਦਾਰ ਘਰਾਣੇ ਨਾਲ ਸੰਬੰਧਤ ਹਨ ਤੇ ਦੋਵੇਂ ਅਨੈਤਿਕ ਰਸਤੇ ਉੱਤੇ ਚੱਲ ਰਹੇ ਹਨ ਤੇ ਇਹੋ ਹਾਲ ਅੱਜ ਦੀਆਂ ਲੜਕੀਆਂ ਦਾ ਹੈ। ਗੁਰਮੀਤ ਕੌਰ ਆਪਣੇ ਨਾਲ ਹੋਈ ਹੋਣੀ ਤੋਂ ਉੱਭਰ ਕੇ ਭਵਿੱਖਮੁਖੀ ਵਰਤਾਰਿਆਂ ਪ੍ਰਤੀ ਸੁਚੇਤ ਯਤਨ ਕਰ ਰਹੀ ਹੈ। ਉਹ ਆਪਣੇ ਅਧੂਰੇ ਰਹਿ ਗਏ ਸੁਪਨਿਆਂ ਨੂੰ ਆਪਣੇ ਬੱਚਿਆਂ ਰਾਹੀਂ ਪੂਰੇ ਕਰਦੀ ਹੈ :

ਮੇਰੀ ਧੀ ਰਾਵੀਆ ਚੌਥੀ ਤੇ ਪੁੱਤ ਹਰਸ਼ ਦੂਜੀ ਕਲਾਸ ਵਿਚ ਪੜ੍ਹਦੇ ਆ। ਦੋਵੇਂ ਬੱਚੇ ਬਹੁਤ ਇੰਟੈਲੀਜੈਂਟ ਐ। ਹੁਣ ਮੈਂ ਆਪਣੇ ਸੁਪਨੇ ਭੁੱਲ ਬੱਚਿਆਂ ਦੇ ਸੁਪਨਿਆਂ ਵਿਚ ਗੁਆਚਣ ਲੱਗੀ ਆਂ।

ਕਹਾਣੀ ਦੇ ਆਖ਼ੀਰ ਵਿਚ ਕਹਾਣੀਕਾਰ ਰਘਬੀਰ ਮਾਨ ਨੇ ਬਜ਼ੁਰਗਾਂ ਦੀ ਤ੍ਰਾਸਦਿਕ ਹਾਲਤ ਨੂੰ ਬਿਰਤਾਂਤ ਦਾ ਆਧਾਰ ਬਣਾਇਆ ਹੈ। ਮਨੁੱਖ ਸਾਰੀ ਉਮਰ ਆਪਣੇ ਪਰਵਾਰ ਅਤੇ ਬੱਚਿਆਂ ਦੇ ਭਵਿੱਖ ਤੇ ਜ਼ਰੂਰਤਾਂ ਨੂੰ ਪੂਰਿਆਂ ਕਰਨ ਲਈ ਹੱਡ ਭੰਨਵੀਂ ਮਿਹਨਤ ਕਰਦਾ ਹੈ, ਪਰ ਬੁਢਾਪੇ ਵਿਚ ਸਾਰੇ ਉਸ ਦਾ ਸਾਥ ਛੱਡ ਜਾਂਦੇ ਹਨ। ਇਸ ਕਹਾਣੀ ਦੀ ਮੁੱਖ ਪਾਤਰ 'ਚਿੰਤੀ' ਹੈ, ਜੋ ਸਮਾਜਿਕ ਸਿਸਟਮ ਦੀਆਂ ਵਿਰੋਧਤਾਈਆਂ ਦੇ ਬਾਵਜੂਦ ਆਪਣੇ ਘਰ ਤੇ ਪਰਵਾਰ ਲਈ ਖੇਤੀ ਦੇ ਕਿੱਤੇ ਨੂੰ ਜਾਰੀ ਰੱਖਦੀ ਹੈ। ਪਤੀ ਦੀ ਮੌਤ ਤੋਂ ਬਾਅਦ ਆਪਣੇ ਤਿੰਨ ਪੁੱਤਰਾਂ ਗਿਆਨ, ਦਿਲਜੀਤ, ਰਵਿੰਦਰ ਨੂੰ ਸਖ਼ਤ ਮਿਹਨਤ 'ਤੇ ਚੱਲਣ ਦੀ ਜਾਚ ਸਿਖਾਉਂਦੀ ਹੋਈ ਖੁਦ ਵੀ ਸਖ਼ਤ ਮਿਹਨਤ ਕਰਕੇ ਮਾਰਗ ਦਰਸ਼ਨ ਕਰਦੀ ਹੈ:

ਗਿਆਨ ਸਿੰਘ ਵਾਹੀ ਦੇਖੂਗਾ। ਫ਼ਸਲ ਵੇਚੂ ਤੇ ਵੱਟੂ। ਦਿਲਜੀਤ ਤੇ ਰਵਿੰਦਰ ਅਜੇ ਸਕੂਲ ਜਾਣਗੇ। ਸਕੂਲੋਂ ਆ ਗਿਆਨੇ ਨਾਲ ਖੇਤੀ 'ਚ ਹੱਥ ਵਟਾਉਣਗੇ।

ਕਹਾਣੀਕਾਰ ਮਾਨ ਨੇ ਸਮੇਂ ਦੇ ਪ੍ਰਵਾਹ ਅਧੀਨ ਚਿੰਤੀ ਦੀ ਜੀਵਨ ਹਯਾਤੀ ਤੇ ਪਰਵਾਰ ਦੇ ਬਦਲਦੇ ਵਿਵਹਾਰ ਨੂੰ ਚਿਤਰਤ ਕੀਤਾ ਹੈ। ਗਿਆਨ ਤੇ ਉਸ ਦੀ ਪਤਨੀ ਰਜਵੰਤ, ਦਿਲਜੀਤ ਦੀ ਪਤਨੀ ਸਿਮਰ ਤੇ ਰਵਿੰਦਰ ਦੀ ਪਤਨੀ ਦਮਨ ਵਿਚਕਾਰ ਵਿਰੋਧੀ ਸੁਰਾਂ ਉੱਭਰਨ ਲੱਗੀਆਂ। ਇੱਥੇ ਇਸਤਰੀ ਦੀ ਨਿਮਨ ਮਾਨਸਿਕਤਾ ਉਜਾਗਰ ਹੁੰਦੀ ਹੈ, ਜੋ ਆਪਣੇ ਹੰਕਾਰੀ ਸੁਭਾਅ ਦੇ ਪਿੱਛੇ ਲੱਗ ਕੇ ਸਾਰੇ ਘਰ ਵਿਚ 'ਸੀਤ ਯੁੱਧ' ਵਰਗਾ ਵਾਤਾਵਰਨ ਪੈਦਾ ਕਰਦੀਆਂ ਹਨ, ਭਾਵੇਂ ਕਿ ਭਰਾਵਾਂ ਵਿਚਕਾਰ ਪਿਆਰ ਬਰਕਰਾਰ ਰਹਿੰਦਾ ਹੈ, ਪਰ ਤਿੰਨਾਂ ਦੀਆਂ ਪਤਨੀਆਂ ਆਪਸ ਵਿਚ ਲੜਦੀਆਂ, ਝਗੜਦੀਆਂ ਰਹਿੰਦੀਆਂ ਹਨ। ਘਰ ਵਿਚ ਬੇਇਤਬਾਰੀ ਵਾਲਾ ਮਾਹੌਲ ਉਸਰ ਗਿਆ ਸੀ। ਪੰਜਾਬ ਦੇ ਪਿੰਡਾਂ ਵਿਚ ਅਜਿਹਾ ਵਰਤਾਰਾ ਆਮ ਜਿਹਾ ਬਣ ਚੁੱਕਾ ਹੈ। ਇਕੱਠੇ ਵੱਸਦੇ ਰਸਦੇ ਭਰਾ ਵਿਆਹ ਤੋਂ ਬਾਅਦ ਪਤਨੀਆਂ ਦੇ ਪਿੱਛੇ ਲੱਗ ਕੇ ਸ਼ਰੀਕ ਬਣ ਜਾਂਦੇ ਹਨ ਤੇ ਕਈ ਵਾਰ ਦੁਸ਼ਮਣੀ ਇੰਨੀ ਜ਼ਿਆਦਾ ਵਧ ਜਾਂਦੀ ਹੈ ਕਿ ਗੱਲ ਕਤਲਾਂ ਤੱਕ ਪਹੁੰਚ ਜਾਂਦੀ ਹੈ। ਇਹੋ ਕਾਰਨ ਹੈ ਕਿ ਕਈ ਘਰ ਬਰਬਾਦ ਹੋ ਗਏ। ਕਹਾਣੀਕਾਰ ਨੇ ਇਨ੍ਹਾਂ ਵਿਚਕਾਰ ਆਪਸੀ ਲੜਾਈ ਦੇ ਪਿੱਛੇ ਔਰਤ ਦੀ ਸੀਮਤ ਮਾਨਸਿਕਤਾ ਉੱਤੇ ਟੇਕ ਕੀਤੀ ਹੈ। ਔਰਤਾਂ ਦੇ ਸੁਭਾਅ ਜੋ ਘਰ ਦੀ ਹੋਂਦ ਤੇ ਪਿਆਰ ਨੂੰ ਸਮਝਣ ਤੋਂ ਅਸਮਰੱਥ ਹਨ। ਰਜਵੰਤ ਦੇ ਨਿਮਰ ਸੁਭਾਅ ਦੇ ਵਿਰੋਧ ਵਿਚ ਸਿਮਰ ਦਾ ਅਨੈਤਿਕਤਾ ਵਾਲਾ ਵਰਤਾਰਾ ਘਰ ਵਿਚਕਾਰਲੇ ਮਾਹੌਲ 'ਤੇ ਬੁਰਾ ਅਸਰ ਪਾਉਂਦਾ ਹੈ :

ਸਿਮਰ ਭਾਵੇਂ ਰਜਵੰਤ ਦੀ ਗੂੜ੍ਹੀ ਰਿਸ਼ਤੇਦਾਰੀ 'ਚੋਂ ਸੀ, ਪਰ ਉਸ ਆਉਂਦਿਆਂ ਈ ਘਰ ਦੇ ਕੰਮ ਵੰਡ ਲਏ। ਹਿੱਸੇ ਦਾ ਕੰਮ ਮੁਕਾਅ ਆਪਣੇ ਕਮਰੇ 'ਚ ਜਾ ਵੜਦੀ। ਰਜਵੰਤ ਤੇ ਚਿੰਤੀ ਕੋਲ ਥੋੜ੍ਹੇ ਚਿਰ ਲਈ ਵੀ ਨਾ ਬੈਠਦੀ, ਨਾ ਕਦੀ ਉਨ੍ਹਾਂ ਨਾਲ ਅਪਣੱਤ ਨਾਲ ਗੱਲਾਂ ਕਰਦੀ।

ਪੰਜਾਬੀ ਸੱਭਿਆਚਾਰ ਤੇ ਸਮਾਜਿਕ ਬਣਤਰ ਵਿਚ ਵੱਡੀ ਤੇ ਖ਼ਤਰਨਾਕ ਤਬਦੀਲੀ ਇਹ ਆਈ ਹੈ ਕਿ ਸਾਂਝੇ ਪਰਵਾਰ ਟੁੱਟ ਰਹੇ ਹਨ। ਸਾਂਝੇ ਘਰ ਦੀਆਂ ਵੰਡੀਆਂ ਨੇ ਮਨੁੱਖ ਨੂੰ ਆਰਥਿਕ ਪੱਖੋਂ ਵੀ ਕਮਜ਼ੋਰ ਕਰ ਦਿੱਤਾ ਹੈ। ਘਰ ਦੇ ਇਕੱਠ ਨੂੰ ਤੋੜਨ ਦੇ ਯਤਨ ਤਾਂ ਦੁਸ਼ਮਣਾਂ ਵੱਲੋਂ ਕੀਤੇ ਜਾਂਦੇ ਸੀ, ਪਰ ਹੁਣ ਹਾਲਾਤ ਬਦਲ ਗਏ ਹਨ, ਘਰ ਦੇ ਪਰਵਾਰਕ ਮੈਂਬਰ ਭਾਵ ਨਵ-ਵਿਆਹੀਆਂ ਦੀ ਮਾਨਸਿਕਤਾ ਇਕੱਲਤਾ ਵਾਲੀ ਤੇ ਮੈਂ ਬਿਰਤੀ ਬਣ ਚੁੱਕੀ ਹੈ। ਆਪੇ ਤੱਕ ਸੀਮਤ ਹੋਣ ਕਰਕੇ ਹੀ ਚਿੰਤੀ ਦੀਆਂ ਤਿੰਨ ਨਹੁੰਆਂ ਰਜਵੰਤ, ਸਿਮਰ ਤੇ ਦਮਨ ਵਿਚਕਾਰ ਤਕਰਾਰ ਤੇ ਮਿਹਣੇਬਾਜ਼ੀ ਵਧ ਗਏ ਸਨ, ਜਿਸ ਕਾਰਨ ਘਰ ਦਾ ਸ਼ਾਂਤ ਮਾਹੌਲ ਯੁੱਧ ਦਾ ਅਖਾੜਾ ਬਣ ਚੁੱਕਾ ਸੀ :

ਦਿਨੋ-ਦਿਨ ਘਰ ਵਿਚ ਕਲੇਸ਼ ਵਧਦਾ ਗਿਆ। ਨੂੰਹਾਂ ਇੱਕ ਤੋਂ ਵੱਧ ਉੱਚੀ ਆਵਾਜ਼ 'ਚ ਲੜਦੀਆਂ। ਘਰ ਤਮਾਸ਼ਾ ਬਣ ਗਿਆ। ਲੋਕ ਕੰਧਾਂ, ਕੌਲਿਆਂ ਨਾਲ ਲੱਗ ਕੇ ਬਿੜਕਾਂ ਲੈਣ ਲੱਗੇ। ਆਪਣੇ ਕੋਠਿਆਂ 'ਤੇ ਚੜ੍ਹ ਉਨ੍ਹਾਂ ਦੇ ਵਿਹੜੇ 'ਚ ਝਾਕਣ ਲੱਗਦੇ। ਚਿੰਤੀ ਮਰ ਮਰ ਜਾਂਦੀ। ਉਹ ਧਰਤੀ 'ਚ ਗਰਕ ਜਾਣਾ ਚਾਹੁੰਦੀ। ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦੀ।

ਚਿੰਤੀ ਦੁਆਰਾ ਤੀਲ੍ਹਾ-ਤੀਲ੍ਹਾ ਜੋੜ ਕੇ ਸਖ਼ਤ ਮਿਹਨਤ ਨਾਲ ਬਣਾਇਆ ਘਰ ਖੇਰੂੰ-ਖੇਰੂੰ ਹੋਣ ਲੱਗਿਆ। ਉਸ ਨੇ ਨਾ ਧੁੱਪ ਦੇਖੀ ਤੇ ਨਾ ਹੀ ਛਾਂ, ਨਾ ਦਿਨ, ਨਾ ਰਾਤ, ਆਪਣੇ ਆਪ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਔਰਤ ਦੇ ਅੰਤਰ ਮਨ ਦੀ ਵੇਦਨਾ

## ਬਰਨਿੰਗ ਸਨੋਅ

(ਕਹਾਣੀ ਸੰਗ੍ਰਹਿ)
**ਨਿਰਮਲ ਜਸਵਾਲ**
**ਸਫ਼ੇ : 120, ਮੁੱਲ : 300 ਰੁਪਏ**
**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**

**ਸਾਹਿਤ ਚਿੰਤਨ**

**ਡਾ. ਸੁਖਪਾਲ ਕੌਰ ਸਮਰਾਲਾ**

ਨਿਰਮਲ ਜਸਵਾਲ ਆਪਣੀ ਵੱਖਰੀ ਕਹਾਣੀ ਸ਼ੈਲੀ ਕਰਕੇ ਪੰਜਾਬੀ ਸਾਹਿਤ ਵਿੱਚ ਜਾਣੀ ਜਾਂਦੀ ਹੈ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਅਕਸਰ ਹੀ ਔਰਤ ਮਨ ਦੀ ਪ੍ਰਤੀਨਿਧਤਾ ਕਰਦੇ ਨਜ਼ਰ ਆਉਂਦੇ ਹਨ। ਜਿਨ੍ਹਾਂ ਵਿੱਚ ਉਹ ਵੇਦਨਾ ਅਤੇ ਸੰਵੇਦਨਾ ਨੂੰ ਪ੍ਰਗਟਾਉਂਦੇ ਹਨ। ਉਸ ਦੇ ਪਹਿਲੇ ਦੋ ਕਹਾਣੀ ਸੰਗ੍ਰਹਿ 'ਚੁੱਪ ਜਿਹੀ ਕੁੜੀ' ਅਤੇ 'ਮੱਛੀਆਂ ਕੱਚ ਦੀਆਂ' ਦੀ ਸਾਹਿਤ ਦੇ ਖੇਤਰ ਵਿੱਚ ਕਾਫੀ ਚਰਚਾ ਰਹੀ। ਮੰਨਿਆ ਜਾਂਦਾ ਹੈ ਕਿ ਉਹ ਕਾਫੀ ਬੋਲਡ ਲਿਖਦੀ ਹੈ। ਉਸ ਦਾ ਕਹਾਣੀ ਸੰਗ੍ਰਹਿ 'ਬਰਨਿੰਗ ਸਨੋਅ' ਵੀ ਅਜਿਹੀਆਂ ਕਹਾਣੀਆਂ ਦਾ ਸੰਗ੍ਰਹਿ ਹੈ, ਜਿਸ ਵਿੱਚ ਉਸ ਨੇ ਪਰਵਾਸ ਦੇ ਨਾਲ-ਨਾਲ ਔਰਤ ਦੇ ਅੰਤਰ ਮਨ ਦੀ ਵੇਦਨਾ ਨੂੰ ਪ੍ਰਗਟਾਇਆ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਝੀਲ ਦੀ ਕਾਰਪ ਮੱਛੀ' ਕੈਨੇਡੀਅਨ ਧਰਾਤਲ 'ਤੇ ਵਿਚਰ ਰਹੀ ਉਸ ਲੜਕੀ ਦੀ ਕਹਾਣੀ ਹੈ, ਜਿਹੜੀ ਆਪਣੇ-ਆਪ ਨੂੰ ਪਰਵਾਸ ਵਿੱਚ ਵਸਣ ਲਈ ਤਿਆਰ ਕਰਦੀ ਹੈ। ਦਿਲਜੋਤ ਵੈਨਕੂਵਰ ਵਿੱਚ ਪੜ੍ਹਨ ਲਈ ਆਉਂਦੀ ਹੈ ਅਤੇ ਇੱਥੋਂ ਦੇ ਮਾਹੌਲ ਵਿੱਚ ਛੇਤੀ ਹੀ ਰਚਣਾ ਸ਼ੁਰੂ ਹੋ ਜਾਂਦੀ ਹੈ। ਇੱਥੋਂ ਦੇ ਕਠੋਰ ਯਥਾਰਥ ਵਿੱਚ ਆਪਣੇ-ਆਪ ਨੂੰ ਢਾਲ ਕੇ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਪਰਵਾਸ ਉਸ ਦੇ ਸੁਪਨਿਆਂ ਦੀ ਪੂਰਤੀ ਲਈ ਉਹ ਥਾਂ ਤਾਂ ਹੈ, ਜਿਸ ਦੇ ਲਈ ਉਹ ਇੰਨੀ ਦੂਰ ਆਈ ਹੈ ਤੇ ਇੱਥੇ ਜੇਕਰ ਉਹ ਜੀਣ ਦੀ ਜਾਚ ਨਾ ਸਿੱਖ ਪਾਈ ਤਾਂ ਜੀ ਨਹੀਂ ਪਾਵੇਗੀ। ਉਸ ਨੂੰ ਲੱਗਦਾ ਹੈ ਕਿ ਵੈਨਕੂਵਰ ਵੀ ਸਮੁੰਦਰ ਵਾਂਗ ਹੈ, ਜਿਸ ਵਿੱਚ ਮੱਛੀਆਂ ਨੂੰ ਜੀਣ ਦੀ ਜੇਕਰ ਜਾਚ ਹੈ ਤਾਂ ਉਸ ਦਾ ਖਾਰਾ ਪਾਣੀ ਵੀ ਉਹਨਾਂ ਲਈ ਅੰਮ੍ਰਿਤ ਹੈ ਤੇ ਇਸ ਧਰਤੀ 'ਤੇ ਜੀਣ ਦੀ ਜਾਚ ਆਉਣਾ ਹੀ ਵੱਡਾ ਮਸਲਾ ਹੈ। ਕਹਾਣੀ 'ਬਸੰਤ ਰੁੱਤ' ਉਮਰ ਦੇ ਉਹਨਾਂ ਪਿਛਲੇ ਵਰ੍ਹਿਆਂ ਦੀ ਦਾਸਤਾਨ ਨੂੰ ਬਿਆਨਦੀ ਹੈ ਜਦੋਂ ਇਕੱਲਤਾ ਨੂੰ ਹੀ ਆਪਣਾ ਸਾਥੀ ਬਣਾ ਜਿਉਣਾ ਪੈਂਦਾ ਹੈ। ਕਹਾਣੀ ਦੇ ਦੋ ਮੁੱਖ ਪਾਤਰ ਹੈਨਰੀ ਅਤੇ ਨਗੀਨਾ ਹਨ, ਜੋ ਆਪੋ-ਆਪਣੇ ਬੱਚਿਆਂ ਦੇ ਕੋਲ ਆਉਂਦੇ ਹਨ। ਹੈਨਰੀ ਜਿੱਥੇ ਹਰ ਪਲ ਇਕ ਸਾਥ ਭਾਲਦਾ ਹੈ, ਉਥੇ ਹੀ ਨਗੀਨਾ ਆਪਣੀ ਉਮਰ ਦੇ ਇਸ ਪੜਾਅ ਨੂੰ ਆਪਣੇ-ਆਪ ਨਾਲ ਜਿਉਣਾ ਚਾਹੁੰਦੀ ਹੈ, ਕਿਉਂਕਿ ਇਸ ਨੂੰ ਜਾਪਦਾ ਹੈ ਕਿ ਉਮਰ ਦੀ ਇਹ ਬਸੰਤ ਉਸ ਦੀ ਜ਼ਿੰਦਗੀ ਵਿੱਚ ਉਹ ਪਲ ਲੈ ਕੇ ਆਈ ਹੈ, ਜਿਹੜੇ ਉਸ ਨੂੰ ਆਪਣੇ ਆਪ ਨਾਲ ਮਿਲਾ ਰਹੇ ਹਨ।

'ਬਰਨਿੰਗ ਸਨੋਅ ਦਾ ਮੀਨੋਪਾਜ਼' ਕਹਾਣੀ ਉਸ ਔਰਤ ਦੀ ਤਲਾਸ਼ ਦੀ ਕਹਾਣੀ ਹੈ, ਜੋ ਆਪਣੀ ਪਛਾਣ ਲਈ, ਆਪਣੀ ਹੋਂਦ ਲਈ ਸਹਿਕਦੀ ਹੈ। ਕਹਾਣੀ ਦੀ ਮੁੱਖ ਪਾਤਰ ਨੀਨਾ ਹੈ, ਜੋ ਆਪਣੇ ਜ਼ਿੰਦਗੀ ਦੇ ਵਿੱਚ ਬਹੁਤ ਸਾਰੇ ਘਾਟੇ ਖਾਣ ਤੋਂ ਬਾਅਦ ਦਮੋਦਰ ਦਾ ਹੱਥ ਇਹ ਉਮੀਦ ਵਿੱਚ ਫੜਦੀ ਹੈ ਕਿ ਇਹ ਸ਼ਾਇਦ ਜ਼ਿੰਦਗੀ ਸੌਖੀ ਗੁਜ਼ਰ ਸਕੇ, ਪਰ ਦਮੋਦਰ ਪਰਵਾਸ ਦੀ ਕਠੋਰ ਹਕੀਕਤ ਅਤੇ ਪ੍ਰਵਾਸੀ ਧਰਤੀ 'ਤੇ ਉਤਰਦਿਆਂ ਹੀ ਉਹ ਪਰਵਾਸ ਦੀਆਂ ਕਠੋਰ ਹਕੀਕਤਾਂ ਤੋਂ ਜਾਣੂ ਹੁੰਦੀ ਹੈ ਤਾਂ ਉਸ ਨੂੰ ਆਪਣਾ ਆਪਾ ਗਵਾਚਿਆ ਲੱਗਦਾ ਹੈ। ਆਪਣੀ ਜ਼ਿੰਦਗੀ ਦੇ ਉਹ ਉਸ ਪੜਾਅ ਵਿੱਚੋਂ ਗੁਜ਼ਰ ਰਹੀ ਹੈ, ਜਿੱਥੇ ਉਹ ਆਪਣੇ ਪਤੀ ਤੋਂ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਅਸੰਤੁਸ਼ਟ ਹੈ। ਉਸ ਦੇ ਪਤੀ ਨੂੰ ਲੱਗਦਾ ਹੈ ਕਿ ਉਹ ਇੱਕ ਬਿਮਾਰ ਔਰਤ ਨੂੰ ਆਪਣੇ ਨਾਲ ਲਿਆਇਆ ਹੈ। ਮੀਨੋਪਾਜ ਦੇ ਦੌਰ 'ਚੋਂ ਗੁਜ਼ਰ ਰਹੀ ਨੀਨਾ ਆਪਣੇ ਮਨ ਦੀ ਵੇਦਨਾ ਨੂੰ ਪਤੀ ਦੇ ਪੁੱਤਰ ਕੋਲ ਬਿਆਨ ਕਰਦੀ ਹੈ ਅਤੇ ਵਾਪਸ ਭਾਰਤ ਆਉਣਾ ਚਾਹੁੰਦੀ ਹੈ, ਜਿੱਥੇ ਆਉਂਦਿਆਂ ਹੀ ਉਸ ਨੂੰ ਲੱਗਦਾ ਹੈ ਕਿ ਉਹ ਫਿਰ ਤੋਂ ਜਿਉਂਦਿਆਂ ਵਿੱਚ ਹੋ ਗਈ ਹੈ। ਕਹਾਣੀ ਇਕ ਔਰਤ ਦੇ ਮਨ ਦੀ ਵਿੱਥਿਆ ਨੂੰ ਬਹੁਤ ਖ਼ੂਬਸੂਰਤੀ ਨਾਲ ਬਿਆਨਦੀ ਹੈ, ਜਿਸ ਵਿੱਚ ਉਸ ਦੀਆਂ ਭਾਵਨਾਵਾਂ ਨੂੰ ਉਸ ਦਾ ਪਤੀ ਸਮਝ ਨਹੀਂ ਪਾਉਂਦਾ, ਸਗੋਂ ਰਿਸ਼ਤੇ ਦੀ ਬੁਨਿਆਦ ਵੀ ਝੂਠ ਦੇ ਆਧਾਰ 'ਤੇ ਹੀ ਰੱਖਦਾ ਹੈ। ਉਸ ਨੂੰ ਆਪਣੀ ਪਤਨੀ ਦਾ ਬਿਮਾਰ ਹੋਣਾ ਸਿਆਪਾ ਲੱਗਦਾ ਹੈ ਤੇ ਨੀਨਾ ਨੂੰ ਲੱਗਦਾ ਹੈ ਕਿ ਉਹ ਇੱਕ ਸਹੀ ਸਨੋ ਹੈ। ਜਿਹੜੀ ਜਲ ਰਹੀ ਹੈ। ਜਿਸ ਦੇ ਅੰਦਰ ਵੀ ਜਲਣ ਨੂੰ ਕੋਈ ਵੀ ਮਹਿਸੂਸ ਨਹੀਂ ਕਰ ਪਾ ਰਿਹਾ। ਆਪਣੇ ਹੀ ਦੇਸ਼ ਵਿੱਚ ਬੇਗਾਨਗੀ ਦਾ ਅਹਿਸਾਸ ਹੰਢਾਉਣਾ ਸਭ ਤੋਂ ਵੱਡੀ ਸਜ਼ਾ ਹੁੰਦੀ ਹੈ।



ਕਹਾਣੀ 'ਕਦੋਂ ਪਰਤਾਂਗਾ ਮੈਂ' ਦਾ ਮੁੱਖ ਪਾਤਰ ਅਦਿਤਿਆ ਵੀ ਕੁਝ ਅਜਿਹਾ ਹੀ ਮਹਿਸੂਸ ਕਰਦਾ ਹੈ ਜਦੋਂ ਉਸ ਨੂੰ ਆਪਣੇ ਹੀ ਦੇਸ਼ ਵਿੱਚ ਜਲਾਵਤਨੀ ਦਾ ਅਹਿਸਾਸ ਹੁੰਦਾ ਹੈ। ਕਸ਼ਮੀਰੀ ਨੌਜਵਾਨ ਅਦਿਤਿਆ ਗੌਡ ਆਪਣੇ ਘਰ ਤੋਂ ਕਸ਼ਮੀਰ ਤੋਂ ਹਿਜਰਤ ਕਰ ਦਿੱਲੀ ਜਾਂਦਾ ਹੈ। ਜਦੋਂ ਉਸ ਨੂੰ ਵਾਪਸ ਕਸ਼ਮੀਰ ਜਾਣ ਦਾ ਮੌਕਾ ਮਿਲਦਾ ਹੈ ਤਾਂ ਉਸ ਨੂੰ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਅਜੇ ਵੀ ਉਹ ਸਮਾਂ ਨਹੀਂ ਆਇਆ। ਜੇ ਉਹ ਆਪਣੇ ਘਰ ਪਰਤ ਸਕੇ, ਘਰ ਦੀ ਡਿਊੜੀ 'ਤੇ ਖਲੋਤਿਆਂ ਆਪਣੇ ਪੁਰਵਜ਼ਾਂ ਨੂੰ ਯਾਦ ਕਰਦਿਆਂ ਉਸ ਦੇ ਦਿਲ ਵਿੱਚ ਇੱਕ ਹੀ ਸਵਾਲ ਵਾਰ-ਵਾਰ ਆਉਂਦਾ ਹੈ ਕਿ ਉਹ ਕਦੋਂ ਆਪਣੇ ਘਰ ਵਾਪਸ ਪਰਤੇਗਾ? ਕਹਾਣੀ ਕਈ ਮਨੋਵਿਗਿਆਨਕ ਛੋਹਾਂ ਨਾਲ ਭਰੀ ਪਈ ਹੈ, ਜਿੱਥੇ ਅਦਿਤਿਆ ਦਾ ਮਨ ਸਹਿਕਦਾ ਹੈ, ਹਰ ਉਸ ਚੀਜ਼ ਲਈ ਜੋ ਉਸ ਦੇ ਆਪਣੇ ਬਚਪਨ ਦਾ ਹਿੱਸਾ ਸੀ। ਜਦੋਂ ਮਾਪੇ ਆਪਣੇ ਬੱਚਿਆਂ ਲਈ ਸੋਚਣਾ ਛੱਡ ਕੇ ਸਿਰਫ ਆਪਣੇ ਲਾਲਚਵੱਸ ਪੈ ਜਾਂਦੇ ਹਨ ਤਾਂ ਸ਼ਾਇਦ ਕਲਯੁਗ ਦਾ ਸਮਾਂ ਹੀ ਮੰਨਿਆ ਜਾ ਸਕਦਾ ਹੈ। ਕਹਾਣੀ 'ਬੀਅਰ ਕਬਜ਼' ਜਿਹੀ ਲਾਲਸਾ ਨੂੰ ਬਿਆਨ ਕਰਦੀ ਹੈ । ਕਹਾਣੀ ਦਾ ਧਰਾਤਲ ਕੈਨੇਡਾ ਦਾ ਹੈ। ਕੈਨੇਡੀਅਨ ਕੁੜੀ ਨੂੰ ਉਸ ਦੇ ਮਾਪੇ ਆਪਣੀ ਕਮਾਈ ਦਾ ਸਾਧਨ ਬਣਾ ਲੈਂਦੇ ਹਨ ਅਤੇ ਸੱਚਾਈ ਸਾਹਮਣੇ ਆਉਣ 'ਤੇ ਉਹ ਭੱਜਣਾ ਚਾਹੁੰਦੀ ਹੈ ਆਪਣੇ ਮਾਪਿਆਂ ਤੋਂ ਦੂਰ ਤੇ ਉਸ ਨੂੰ ਲੱਗਦਾ ਹੈ ਕਿ ਉਹ ਆਪਣੇ ਮਾਂ-ਬਾਪ ਦੀ ਭੁੱਖ ਨੂੰ ਮੁਕਾਉਣ ਦਾ ਮਹਿਜ਼ ਇੱਕ ਜਰੀਆ ਸੀ, ਜਿਸ ਨੂੰ ਉਸ ਦੇ ਮਾਪਿਆਂ ਨੇ ਪੈਸੇ ਲੈ ਕੇ ਵਿਆਹੁਣ ਲਈ ਤਿਆਰ ਕਰ ਲਿਆ ਸੀ। ਕਹਾਣੀ ਦੋ ਵੱਖੋ-ਵੱਖ ਨਜ਼ਰੀਏ ਨੂੰ ਸਾਹਮਣੇ ਲੈ ਕੇ ਆਉਂਦੀ ਹੈ, ਇੱਕ ਪਾਸੇ ਮਾਪੇ ਹਨ, ਜਿਨ੍ਹਾਂ ਨੂੰ ਲੱਗਦਾ ਹੈ ਕਿ ਉਹ ਆਪਣੇ ਬੱਚਿਆਂ ਰਾਹੀਂ ਆਪਣੀਆਂ ਅਧੂਰੀਆਂ ਇੱਛਾਵਾਂ ਦੀ ਪੂਰਤੀ ਕਰਨਗੇ ਤੇ ਦੂਸਰੇ ਪਾਸੇ ਬੱਚੇ ਹਨ, ਜਿਹੜੇ ਸੋਚਦੇ ਹਨ ਕਿ ਉਨ੍ਹਾਂ ਦੇ ਮਾਪੇ ਉਹਨਾਂ ਨੂੰ ਮਹਿਜ਼ ਇੱਕ ਵਸਤੂ ਦੀ ਤਰ੍ਹਾਂ ਦੇਖਦੇ ਹਨ। ਪੂੰਜੀਵਾਦੀ ਸਮਾਜ ਵਿੱਚ ਰਿਸ਼ਤਿਆਂ ਨੂੰ ਕਿਸ ਕਦਰ ਮੁਨਾਫਾਖੋਰੀ ਲਈ ਵਰਤਿਆ ਜਾ ਸਕਦਾ ਹੈ। ਕਹਾਣੀ ਇਸ ਤੱਥ ਨੂੰ ਬਾਖ਼ੂਬੀ ਪੇਸ਼ ਕਰਦੀ ਹੈ। ਸੋਸ਼ਲ ਮੀਡੀਆ ਦੇ ਇਸ ਦੌਰ ਵਿੱਚ ਵੱਖਰੀ ਤਰ੍ਹਾਂ ਦਾ ਸਿਲਸਿਲਾ ਚੱਲਦਾ ਹੈ। ਇੱਥੇ ਦੂਰ ਬੈਠੇ ਬੰਦੇ ਨੇੜੇ ਮਹਿਸੂਸ ਹੁੰਦੇ ਹਨ ਤੇ ਨੇੜੇ ਬੈਠੇ ਬਹੁਤ ਦੂਰ। 'ਫੇਸਬੁੱਕ ਜਿਹਾਦ' ਅਜਿਹੀ ਹੀ ਕਹਾਣੀ ਹੈ, ਜਿਸ ਵਿੱਚ ਮਾਨਸਿਕ ਨੇੜਤਾ ਕਹਾਣੀ ਦੇ ਦੋਵਾਂ ਪਾਤਰਾਂ ਨੂੰ ਇੱਕ ਅਜਿਹੇ ਸੰਸਾਰ ਵਿੱਚ ਲੈ ਜਾਂਦੀ ਹੈ, ਜਿੱਥੇ ਉਹ ਦੋਨੋਂ ਇੱਕ-ਦੂਸਰੇ ਤੋਂ ਦੂਰ ਹੁੰਦੇ ਹੋਏ ਵੀ ਇੱਕ-ਦੂਸਰੇ ਨੂੰ ਨੇੜੇ ਮਹਿਸੂਸ ਕਰਦੇ ਹਨ, ਪਰ ਅਸਲੀਅਤ ਦਾ ਸਾਹਮਣਾ ਕਰਨ 'ਤੇ ਸੁਪਨ ਜੋ ਕਿ ਕਹਾਣੀ ਦੀ ਪਾਤਰ ਹੈ, ਉਸ ਨੂੰ ਲੱਗਦਾ ਹੈ ਕਿ ਉਹ ਇੱਕ ਅਜਿਹੇ ਜਿਹਾਦ ਦਾ ਹਿੱਸਾ ਬਣ ਗਈ ਹੈ, ਜਿਹੜਾ ਉਸ ਨੂੰ ਸਰੀਰਕ ਤੌਰ 'ਤੇ ਬਿਮਾਰ ਕਰ ਦਿੰਦਾ ਹੈ। ਨਾਗੇਸ਼ਵਰ ਨਾਲ ਸੁਪਨਮਈ ਸੰਸਾਰ ਵਿੱਚ ਵਿਚਰਦੀ ਸੁਪਨ ਨੂੰ ਜਦੋਂ ਉਸ ਦੇ ਬੇਟੇ ਵੱਲੋਂ ਉਸ ਦੇ ਬਿਮਾਰ ਪਤੀ ਦਾ ਸੁਨੇਹਾ ਮਿਲਦਾ ਹੈ ਤਾਂ ਤਲਾਕ ਲੈ ਕੇ ਪਤੀ ਤੋਂ ਅੱਡ ਰਹਿ ਰਹੀ ਸੁਪਨ ਨੂੰ ਜਾਪਦਾ ਹੈ ਕਿ ਇਹ ਇੱਕ ਵੱਖਰੀ ਕਿਸਮ ਦਾ ਜਿਹਾਦ ਹੈ, ਜਿਸ ਲਈ ਉਸ ਨੂੰ ਆਪਣੇ-ਆਪ ਨੂੰ ਤਿਆਰ ਕਰਨਾ ਪੈਣਾ ਹੈ ਤੇ ਇਹ ਜਿਹਾਦ ਉਸ ਨੂੰ ਸਰੀਰਕ ਤੌਰ 'ਤੇ ਤੋੜ ਦਿੰਦਾ ਹੈ, ਕਿਉਂਕਿ ਉਸ ਦੀਆਂ ਆਪਣੀਆਂ ਪਰਵਾਰਕ ਤੇ ਸੱਭਿਆਚਾਰਕ ਸੀਮਾਵਾਂ ਉਸ ਨੂੰ ਸੁਪਨਮਈ ਸੰਸਾਰ ਵਿੱਚ ਵਿਚਰਨ ਦੀ ਇਜਾਜ਼ਤ ਨਹੀਂ ਦਿੰਦੀਆਂ ਤੇ ਇਹਨਾਂ ਸੀਮਾਵਾਂ ਦਾ ਉਲੰਘਣ ਕਰਨਾ ਉਸ ਨੂੰ ਨੈਤਿਕ ਤੌਰ 'ਤੇ ਗੁਨਾਹ ਲੱਗਣ ਲੱਗ ਜਾਂਦਾ ਹੈ।

ਕਹਾਣੀ 'ਡਾਇਵੋਰਸ' ਸੁਪਨਿਆਂ ਅਤੇ ਯਥਾਰਥ ਦੇ ਆਪਸੀ ਟਕਰਾਅ ਦੀ ਸਥਿਤੀ ਨੂੰ ਰੂਪਮਾਨ ਕਰਦੀ ਹੈ। ਊਰਜਾ, ਊਰਜਾ ਨਾਲ ਭਰਪੂਰ ਕੁੜੀ ਹੈ, ਜੋ ਜ਼ਿੰਦਗੀ ਨੂੰ ਖੁੱਲ੍ਹਦਿਲੀ ਨਾਲ ਜਿਉਣਾ ਚਾਹੁੰਦੀ ਹੈ ਅਤੇ ਸਮੀਰ ਉਸ ਦੇ ਇਹਨਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਉਸ ਦੇ ਨਾਲ ਤੁਰਨ ਦਾ ਅਹਿਦ ਕਰਦਾ ਹੈ, ਪਰ ਕਹਾਣੀ ਵਿੱਚ ਅਸਲ ਮੋੜ ਉਦੋਂ ਆਉਂਦਾ ਹੈ, ਜਦੋਂ ਸਮੀਰ ਨੂੰ ਉਸ ਦੀ ਪਹਿਲੀ ਪਤਨੀ ਜਿਸ ਨਾਲੋਂ ਉਸ ਦਾ ਤਲਾਕ ਹੋ ਚੁੱਕਾ ਹੈ, ਉਹ ਮਿਲ ਜਾਂਦੀ ਹੈ ਅਤੇ ਨਾਲ ਹੀ ਉਸ ਦਾ ਬੱਚਾ ਵੀ। ਪਿਆਰ ਦੇ ਸਫ਼ਰ 'ਤੇ ਸਮੀਰ ਦੇ ਨਾਲ ਨਿਕਲੀ ਊਰਜਾ ਨੂੰ ਜਦੋਂ ਇਹ ਸੱਚਾਈ ਦਾ ਪਤਾ ਲੱਗਦਾ ਹੈ ਤਾਂ ਉਹ ਆਪਣੇ-ਆਪ ਨੂੰ ਸਾਰੀ ਦੁਨੀਆ ਨਾਲੋਂ ਕੱਟ ਲੈਂਦੀ ਹੈ ਤੇ ਉਸ ਨੂੰ ਇੰਜ ਲੱਗਦਾ ਹੈ, ਜਿਵੇਂ ਉਸ ਨੂੰ ਮਿਲੇ ਸਾਰੇ ਆਨੰਦ ਬੇਮਤਲਬ ਹੋ ਕੇ ਰਹਿ ਗਏ ਹਨ। 'ਅਜਨਬੀ' ਕਹਾਣੀ ਦੋ ਅਜਿਹੇ ਅਜਨਬੀਆਂ ਦੇ ਸਫ਼ਰ ਨੂੰ ਬਿਆਨਦੀ ਹੈ, ਜਿਹੜੇ ਵਲਗਣਾਂ ਤੋਂ ਪਾਰ ਪਿਆਰ ਦੇ ਅਹਿਸਾਸ ਨੂੰ ਲੈ ਕੇ ਜਿਉਂਦੇ ਹਨ। ਫੋਨ ਤੋਂ ਸ਼ੁਰੂ ਹੋਇਆ ਪਿਆਰ ਜਦੋਂ ਅਸਲੀਅਤ ਵਿੱਚ ਸਾਹਮਣੇ ਆਉਂਦਾ ਹੈ ਤਾਂ ਇੰਝ ਜਾਪਦਾ ਹੈ, ਜਿਵੇਂ ਉਹ ਸਦੀਆਂ ਤੋਂ ਇੱਕ-ਦੂਸਰੇ ਨੂੰ ਜਾਣਦੇ ਹਨ। ਇਸੇ ਤਰ੍ਹਾਂ ਕਹਾਣੀ ਸੰਗ੍ਰਹਿ ਦੀਆਂ ਬਾਕੀ ਕਹਾਣੀਆਂ 'ਹਮਲ', 'ਵੈਮਪਾਇਰ' ਵੀ ਆਪੋ-ਆਪਣੇ ਵਿਸ਼ਿਆਂ ਨਾਲ ਚੰਗਾ ਇਨਸਾਫ ਕਰਦੀਆਂ ਨਜ਼ਰੀਂ ਪੈਂਦੀਆਂ ਹਨ। ਕਹਾਣੀਆਂ ਦੀ ਭਾਸ਼ਾ, ਪਾਤਰ ਉਸਾਰੀ ਅਤੇ ਵਿਸ਼ਾ ਵਸਤੂ ਇਹਨਾਂ ਸਾਰਿਆਂ ਵਿੱਚ ਲੇਖਕਾਂ ਨੇ ਆਪਣੇ ਅਨੁਭਵ ਨੂੰ ਬਾਖ਼ੂਬੀ ਦਰਸਾਇਆ ਹੈ।

**ਸੰਪਰਕ : 97797-18007**

## ਪਿਆਸ

(ਕਾਵਿ ਸੰਗ੍ਰਹਿ)
**ਜਗਤਾਰ ਢਾਅ**
**ਪੰਨੇ-120, ਮੁੱਲ-250 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਜਗਤਾਰ ਢਾਅ ਪੰਜਾਬੀ ਦਾ ਮਕਬੂਲ ਕਵੀ ਹੈ। ਉਸ ਨੇ ਪ੍ਰਦੇਸ਼ ਵਸਦੇ ਅਤੇ ਪੰਜਾਬ ਵਸਦੇ ਪਾਠਕਾਂ ਦੇ ਮਨਾਂ 'ਚ ਆਪਣੀ ਜ਼ਿਕਰਯੋਗ ਥਾਂ ਬਣਾਈ ਹੈ। ਹੁਣ ਤੱਕ ਉਸ ਦੇ ਪੰਜ ਕਾਵਿ-ਸੰਗ੍ਰਹਿ, ਦੋ ਲੰਮੀ ਕਵਿਤਾ ਦੇ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਹਾਲ ਹੀ 'ਚ ਉਸ ਦਾ ਕਾਵਿ-ਸੰਗ੍ਰਹਿ 'ਪਿਆਸ' ਪ੍ਰਕਾਸ਼ਿਤ ਹੋਇਆ ਹੈ। ਇਸ ਸੰਗ੍ਰਹਿ ਵਿੱਚ ਕੁੱਲ 73 ਕਵਿਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹਨਾਂ ਵਿੱਚੋਂ ਚਾਰ ਕਵਿਤਾਵਾਂ ਪੀਟ ਸਮਾਰਾ ਦੇ ਨਾਂਅ, ਤਿੰਨ ਕਵਿਤਾਵਾਂ ਕਿਸਾਨੀ ਮੋਰਚੇ ਬਾਰੇ ਹਨ। ਇਹਨਾਂ ਕਵਿਤਾਵਾਂ ਵਿੱਚ ਕਵੀ ਸਵੈ ਨੂੰ ਸਮੁੱਚ ਵਿੱਚ ਸ਼ਾਮਲ ਕਰਕੇ ਮਨੁੱਖ ਦੇ ਅੰਦਰ ਦੀ ਪਿਆਸ ਨੂੰ ਉਸ ਦੇ ਵਿਸਥਾਰ ਦਾ ਆਧਾਰ ਮਿੱਥਦਾ ਹੈ। ਉਸ ਦਾ ਮੰਨਣਾ ਹੈ ਕਿ ਮਨੁੱਖ ਦੇ ਅੰਦਰਲੀ ਪਿਆਸ ਹੀ ਉਸ ਨੂੰ ਸੁਪਨੇ ਸਿਰਜਣ ਅਤੇ ਸੰਘਰਸ਼ ਦੇ ਰਾਹ ਤੋਰਦੀ ਹੈ। ਜ਼ਿੰਦਗੀ ਭਰ ਔਰਤ ਅਤੇ ਮਰਦ ਪਰਵਾਰਕ ਗਰਜਾਂ ਨੂੰ ਪੂਰਾ ਕਰਦੇ, ਜੀਵਨ ਦਾ ਕੀਮਤੀ ਸਮਾਂ ਲੰਘਾ ਲੈਂਦੇ ਹਨ। ਜ਼ਿੰਦਗੀ ਭਰ ਦੇ ਇਨ੍ਹਾਂ ਪਲਾਂ, ਦਿਨਾਂ, ਮਹੀਨਿਆਂ, ਸਾਲਾਂ ਦਾ ਜਦੋਂ ਉਹ ਲੇਖਾ-ਜੋਖਾ ਕਰਦੇ ਹਨ ਤਾਂ ਉਹਨਾਂ ਕੋਲ਼ ਜੀਵਨ ਦੇ ਕੁਝ ਕੁ ਆਖਰੀ ਸਾਲ ਹੀ ਇੱਕ-ਦੂਜੇ ਲਈ ਜਿਉਣ ਖਾਤਰ ਬਚਦੇ ਹਨ। ਕਵੀ ਇਨ੍ਹਾਂ ਸਾਲਾਂ ਨੂੰ ਇੱਕ-ਦੂਜੇ ਨਾਲ ਅਟੇਰਨ ਲਈ ਕਹਿੰਦਾ ਹੈ। ਆਪਣੇ ਤਜਰਬੇ 'ਚੋਂ ਉਹ ਜ਼ਿੰਦਗੀ ਦੇ ਇਹ ਖ਼ੂਬਸੂਰਤ ਸੱਚ ਨੂੰ ਪੇਸ਼ ਕਰਦਾ ਹੈ ਕਿ ਉਮਰ ਭਰ ਜ਼ਿੰਦਗੀ ਜਿਉਂਦਿਆਂ ਮਨੁੱਖ ਦੁਸ਼ਵਾਰੀਆਂ ਤੋਂ ਬਾਹਰ ਨਿਕਲਣ ਲਈ ਯਤਨ ਜੁਟਾਉਂਦਾ ਰਹਿੰਦਾ ਹੈ। ਉਸ ਲਈ ਮਨੁੱਖ ਕੰਡਿਆਂ ਵਿੱਚ ਫਸੀ ਤਿਤਲੀ ਹੈ, ਜੋ ਫੁੱਲ ਰੂਪੀ ਜੀਵਨ ਦੇ ਰਸ ਨੂੰ ਚੂਸਣ ਦਾ ਆਨੰਦ ਮਾਨਣਾ ਚਾਹੁੰਦੀ ਹੈ, ਪਰ ਜ਼ਿੰਦਗੀ ਦੀਆਂ ਤਲਖ਼-ਹਕੀਕਤਾਂ ਕੰਡਿਆਂ ਦੇ ਰੂਪ ਵਿੱਚ ਉਸ ਦੇ ਆਨੰਦ ਨੂੰ ਫਿੱਕਾ ਪਾਉਂਦੀਆਂ ਹਨ।



ਕਵੀ ਆਰੀਆ ਲੋਕਾਂ ਦੇ ਰੂਪ ਵਿੱਚ ਮਨੁੱਖ ਦੀ ਭਟਕਣ ਨੂੰ ਨਿਹਾਰਦਾ ਹੈ। ਮਨੁੱਖ ਨੂੰ ਚੰਦ ਦੇ ਰੂਪ 'ਚ ਸੰਬੋਧਨ ਹੁੰਦਾ, ਉਹ ਮਨੁੱਖ ਅੰਦਰੋਂ ਮਰ ਰਹੀ ਸਹਿਜਤਾ ਦਾ ਚੇਤਾ ਕਰਵਾਉਂਦਾ ਹੈ। ਮਨੁੱਖ ਜਦੋਂ ਕੁਦਰਤ ਨਾਲ ਰਲ-ਮਿਲ ਕੇ ਜਿਉਂਦਾ ਸੀ, ਉਦੋਂ ਉਸ ਦੇ ਚਿਹਰੇ 'ਤੇ ਨੂਰ ਦਿਖਾਈ ਦਿੰਦਾ ਸੀ, ਪਰ ਹੁਣ ਜਦੋਂ ਮਨੁੱਖ ਰੁੱਖਾਂ ਨੂੰ ਕੱਟਣ ਲੱਗਿਆ ਹੈ, ਬਾਗਾਂ ਨੂੰ ਉਜਾੜਨ ਲੱਗਿਆ ਹੈ ਤਾਂ ਮਨੁੱਖ ਦੇ ਅੰਦਰ ਇੱਕ ਤਰ੍ਹਾਂ ਦੀ ਬੇਚੈਨੀ ਪੈਦਾ ਹੋ ਗਈ ਹੈ, ਜੋ ਉਹ ਆਪਣੇ ਅੰਦਰ ਨਾਲ ਹੀ ਲੜਨ ਲੱਗਿਆ ਹੈ। ਮਨੁੱਖ ਦੇ ਚਿਹਰੇ ਦਾ ਤੇਜ਼ ਲਾਲਚ ਵਿੱਚ ਤਬਦੀਲ ਹੋ ਗਿਆ ਹੈ। ਇਕੱਲਤਾ ਪ੍ਰਤੀ ਕਵੀ ਦਾ ਦ੍ਰਿਸ਼ਟੀਕੋਣ ਅਨੂਠਾ ਹੈ। ਉਹ ਇਕੱਲਤਾ ਨੂੰ ਸਰਾਪ ਨਹੀਂ ਮੰਨਦਾ, ਸਗੋਂ ਇਕੱਲਤਾ ਨੂੰ ਸਿਰਜਣਾ ਦਾ ਸਰੋਤ ਮੰਨਦਾ ਹੈ। ਚੁੱਪ ਉਸ ਦੇ ਲਈ ਵੰਗਾਰ ਦਾ ਇੱਕ ਜ਼ਰੀਆ ਹੈ, ਜੋ ਸਾਹਮਣੇ ਵਾਲੇ ਦੇ ਮਨ ਅੰਦਰ ਡਰ ਦੇ ਭਾਵ ਨੂੰ ਜਗਾਉਂਦੀ ਹੈ।

ਕਵੀ ਪਰਵਾਸ ਧਾਰਨ ਕਰਕੇ ਵਿਦੇਸ਼ਾਂ ਵਿੱਚ ਗਏ ਨੌਜਵਾਨਾਂ ਨੂੰ ਤੋਤਿਆਂ ਦੇ ਨਾਲ ਤੁਲਨਾ ਦਿੰਦਾ ਹੈ, ਜੋ ਇੱਥੇ ਆ ਕਿਰਾਏ ਦੇ ਘਰਾਂ ਵਿੱਚ ਰਹਿੰਦਿਆਂ ਆਪਣੇ ਆਪ ਦੇ ਖੁਸ਼ ਹੋਣ ਦਾ ਭਰਮ ਸਿਰਜਦੇ ਹਨ। ਕਵੀ ਇਨ੍ਹਾਂ ਕਵਿਤਾਵਾਂ ਵਿੱਚ ਮਨੁੱਖ ਨੂੰ ਆਪਣੇ ਮੋਢਿਆਂ ਤੋਂ ਮਜਬੂਰੀਆਂ ਦੇ ਭਾਰ ਨੂੰ ਲਾ ਸੁੱਟਣ ਲਈ ਪ੍ਰੇਰਦਾ ਹੈ ਅਤੇ ਹਮੇਸ਼ਾ ਵਕਤੀ ਹਵਾਵਾਂ ਦੇ ਉਲਟ ਚੱਲਣ ਲਈ ਕਹਿੰਦਾ ਹੈ, ਕਿਉਂਕਿ ਬਣੀਆਂ-ਬਣਾਈਆਂ ਰਾਹਾਂ 'ਤੇ ਚੱਲਣ ਵਾਲੇ ਲੋਕ ਸਫ਼ਲਤਾ ਦਾ ਓਨਾ ਆਨੰਦ ਨਹੀਂ ਲੈ ਸਕਦੇ, ਜਿੰਨਾ ਆਨੰਦ ਆਪਣੇ ਰਾਹ ਆਪ ਬਣਾ ਕੇ ਮਨੁੱਖ ਪ੍ਰਾਪਤ ਕਰ ਸਕਦਾ ਹੈ। ਸਮਾਜਿਕ ਹਨੇਰਿਆਂ ਤੋਂ ਬਚਣ ਲਈ ਉਹ ਮਨੁੱਖ ਨੂੰ ਆਪਣੇ ਅੰਦਰ ਗਿਆਨ ਦਾ ਦੀਵਾ ਬਾਲਣ ਲਈ ਕਹਿੰਦਾ ਹੈ ਤਾਂ ਜੋ ਮਨੁੱਖ ਆਪਣਾ ਸਹਾਰਾ ਆਪ ਬਣ ਸਕੇ। ਮਨੁੱਖੀ ਅਸਤਿਤਵ ਦੀਆਂ ਅਨੇਕਾਂ ਪਰਤਾਂ ਫਰੋਲਦਾ ਇਹ ਕਾਵਿ-ਸੰਗ੍ਰਹਿ ਬਹੁਤ ਸਾਰੇ ਪ੍ਰਸ਼ਨ ਵੀ ਖੜ੍ਹੇ ਕਰਦਾ ਹੈ। ਸਮਾਜਿਕ ਸਰੋਕਾਰਾਂ ਅਤੇ ਮਨੁੱਖ ਦੀ ਬੁੱਧੀ ਦੇ ਮਹੀਨ ਭਾਵਾਂ ਨੂੰ ਪੇਸ਼ ਕਰਨ ਵਾਲੇ ਇਸ ਕਾਵਿ-ਸੰਗ੍ਰਹਿ ਦਾ ਸਵਾਗਤ ਹੈ।

**— ਰਾਮਪਾਲ ਸ਼ਾਹਪੁਰੀ (ਡਾ.)**
**ਮੋਬਾ. 99148-86310**

# ਪੁਸਤਕ ਰੀਵਿਊ

## ਸ਼ਾਇਰਾਂ ਦੀ ਦੁਨੀਆ-2

(ਸ਼ਬਦ ਚਿੱਤਰ)
**ਜਗਦੀਸ਼ ਰਾਣਾ**
**ਪੰਨੇ : 220, ਮੁੱਲ : 350 ਰੁਪਏ**
**ਸਾਦਿਕ ਪਬਲੀਕੇਸ਼ਨਜ਼, ਜੋਧਪੁਰ ਪਾਖਰ**

ਸ਼ਾਇਰਾਂ ਦੀ ਦੁਨੀਆ-1 ਤੋਂ ਬਾਅਦ ਜਗਦੀਸ਼ ਰਾਣਾ ਆਪਣੇ ਸ਼ਬਦ ਚਿੱਤਰਾਂ ਦੀ ਅਗਲੀ ਪੁਸਤਕ ਸ਼ਾਇਰਾਂ ਦੀ ਦੁਨੀਆ-2 ਲੈ ਕੇ ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਇਆ ਹੈ, ਜਿਸ ਵਿੱਚ ਕਰੀਬ ਅਠਤਾਲੀ ਔਰਤ ਅਤੇ ਮਰਦ ਸ਼ਾਇਰ ਸ਼ਾਮਲ ਹਨ। ਲੇਖਕ ਆਪਣੇ ਲੇਖ ਵਿਚ ਇਹ ਸ਼ਬਦ ਚਿੱਤਰ ਲਿਖਣ ਦੀ ਜ਼ਰੂਰਤ ਬਾਰੇ ਇਕਬਾਲ ਏ ਬਿਆਨ ਕਰਦਾ ਹੈ। ਇਹਨਾਂ ਸਾਰੇ ਸ਼ਬਦ ਚਿੱਤਰਾਂ ਵਿਚ ਉਸ ਨੇ ਸ਼ਾਇਰਾਂ ਦੇ ਜੀਵਨ ਸੰਘਰਸ਼, ਵਿਚਾਰਧਾਰਾ ਤੋਂ ਇਲਾਵਾ ਉਹਨਾਂ ਦੇ ਕਈ ਪੱਖਾਂ ਨੂੰ ਉਜਾਗਰ ਕੀਤਾ ਹੈ, ਜਿਵੇਂ ਸ਼ਾਇਰਾਂ ਦੀਆਂ ਰਚਨਾਵਾਂ, ਮਾਣ-ਸਨਮਾਨ, ਪਰਵਾਰਕ ਮੈਂਬਰ ਅਤੇ ਆਰਥਿਕਤਾ ਦਾ ਜ਼ਿਕਰ ਕੀਤਾ ਗਿਆ ਹੈ।



ਜਦੋਂ ਅਸੀਂ ਇਸ ਪੁਸਤਕ ਵਿਚਲੇ ਕੁਝ ਸ਼ਾਇਰਾਂ ਬਾਰੇ ਲੇਖਕ ਦੇ ਵਿਚਾਰ ਜਾਣੀਏ ਤਾਂ ਉਹ ਡਾ. ਅਮਰਜੀਤ ਸਿੰਘ ਕੋਂਕੇ ਬਾਰੇ ਆਖਦਾ ਹੈ ਕਿ ਉਹ ਕਵਿਤਾ ਰਾਹੀਂ ਸਮਕਾਲ ਪ੍ਰਸਥਿਤੀਆਂ ਨਾਲ ਸੰਵਾਦ ਰਚਾਉਣਾ ਚੰਗੀ ਤਰ੍ਹਾਂ ਜਾਣਦਾ ਹੈ। ਦੇਸ਼ ਦੀ ਰਾਜਨੀਤੀ, ਸਮਾਜਿਕਤਾ, ਸੱਭਿਆਚਾਰ, ਧਾਰਮਿਕ ਪ੍ਰਸਥਿਤੀਆਂ ਪ੍ਰਤੀ ਚੇਤੰਨ ਹੈ। ਸੁਰਿੰਦਰਪ੍ਰੀਤ ਘਣੀਆ ਬਾਰੇ ਕਿਹਾ ਹੈ ਕਿ ਸ਼ਾਇਰੀ ਉਸ ਲਈ ਕੋਈ ਮਨਪਰਚਾਵੇ ਦਾ ਸਾਧਨ ਨਹੀਂ, ਬਲਕਿ ਇਕ ਵੱਡੀ ਜ਼ਿੰਮੇਵਾਰੀ ਸਮਝਦਿਆਂ ਸਮਾਜ ਦੇ ਹਰ ਮਸਲੇ 'ਤੇ ਖੁੱਲ੍ਹ ਕੇ ਲਿਖਦਾ ਹੈ। ਕਰਮ ਸਿੰਘ ਜ਼ਖ਼ਮੀ ਬਾਰੇ ਗੱਲ ਕਰਦਿਆਂ ਕਿਹਾ ਕਿ ਕਿਰਤੀ, ਕਿਸਾਨ, ਮਿਹਨਤਕਸ਼, ਗਰੀਬ, ਦਿਹਾੜੀਦਾਰ, ਰੋਜ਼ ਮਿਹਨਤ ਕਰਕੇ ਖਾਣ ਵਾਲੇ ਲੋਕਾਂ ਦੀਆਂ ਨਿੱਤ ਦੀਆਂ ਲੋੜਾਂ, ਥੁੜਾਂ, ਸਮੱਸਿਆਵਾਂ ਹੀ ਉਸ ਦੀ ਸ਼ਾਇਰੀ ਦਾ ਮੁੱਖ ਅਧਾਰ ਹਨ। ਸਾਡੇ ਸਵਰਗੀ ਪਿਆਰੇ ਸ਼ਾਇਰ ਮਾਲਵਿੰਦਰ ਸ਼ਾਇਰ ਦੀਆਂ ਰਚਨਾਵਾਂ ਦਾ ਵਿਸ਼ਾ ਇਸ਼ਕ-ਮਿਜ਼ਾਜੀ ਦੇ ਨਾਲ-ਨਾਲ ਇਸ਼ਕ ਰੂਹਾਨੀ ਦੱਸਿਆ ਹੈ।

ਇਸੇ ਤਰ੍ਹਾਂ ਸ਼ਾਇਰ ਸ਼ਿਵ ਬਟਾਲਵੀ ਦੀ ਝੋਲੀ ਕੁਦਰਤ ਨੇ ਸ਼ਬਦਾਂ ਦੇ ਅਥਾਹ ਹੀਰੇ, ਮੋਤੀ ਪਾਏ ਸਨ ਅਤੇ ਉਸ ਦੀ ਆਵਾਜ਼ ਵਿਚ ਇਕ ਅਲੱਗ ਤਰ੍ਹਾਂ ਦੀ ਖਿੱਚ ਕਸ਼ਿਸ਼ ਰਸ ਸੀ। ਸ਼ਿਵ ਦੀ ਬਿਰਹਾਮਈ ਕਵਿਤਾ ਕਰਕੇ ਹੀ ਉਸ ਨੂੰ ਬਿਰਹਾ ਦਾ ਸੁਲਤਾਨ ਕਿਹਾ ਜਾਂਦਾ ਹੈ। ਜਸਵਿੰਦਰ ਫਗਵਾੜਾ ਬਾਰੇ ਲਿਖਿਆ ਹੈ ਕਿ ਉਹ ਆਪਣੀਆਂ ਗ਼ਜ਼ਲਾਂ ਵਿਚ ਅਜਿਹੀ ਮੀਨਾਕਾਰੀ ਕਰਦੀ ਹੈ ਕਿ ਪੜ੍ਹਨ-ਸੁਣਨ ਵਾਲਾ ਅਸ਼-ਅਸ਼ ਕਰ ਉੱਠਦਾ ਹੈ। ਉਸ ਦੀ ਸ਼ਾਇਰੀ ਗੁਣਾਤਮਿਕ ਹੈ। ਧਰਮਿੰਦਰ ਸ਼ਾਹਿਦ ਪੰਜਾਬ ਜਾਂ ਭਾਰਤ ਹੀ ਨਹੀਂ, ਸਗੋਂ ਪੂਰੇ ਵਿਸ਼ਵ ਦੀ ਮਨੁੱਖਤਾ ਨਾਲ ਸੰਬੰਧਤ ਸਮੱਸਿਆਵਾਂ ਆਪਣੀ ਗ਼ਜ਼ਲਕਾਰੀ ਵਿਚ ਸਮੋਂਦਾ ਹੈ। ਰਣਜੀਤ ਸਿੰਘ ਧੂਰੀ ਦੀ ਸ਼ਾਇਰੀ ਪਰੰਪਰਾਵਾਦੀ ਅਤੇ ਆਧੁਨਿਕਤਾ ਦਾ ਮਿਲਿਆ-ਜੁਲਿਆ ਸੁਮੇਲ ਹੈ।

ਇਸ ਪੁਸਤਕ ਵਿਚ ਦਰਜ ਹੋਰ ਜੀਵਤ ਅਤੇ ਮ੍ਰਿਤਕ ਸ਼ਾਇਰ ਹਰਜਿੰਦਰ ਬੱਲ, ਹਰਮਿੰਦਰ ਸਿੰਘ ਕੋਹਾਰਵਾਲਾ, ਕੁਲਵਿੰਦਰ ਕੌਰ ਚਾਵਲਾ, ਗੁਰਪ੍ਰੀਤ ਕੌਰ ਸੈਣੀ, ਜਸਵੰਤ ਗਿੱਲ ਸਮਾਲਸਰ, ਉਲਫ਼ਤ ਬਾਜਵਾ, ਆਰਿਫ਼ ਗੋਬਿੰਦਪੁਰੀ, ਡੀ ਆਰ ਧਵਨ, ਤ੍ਰੈਲੋਚਨ ਲੋਚੀ, ਪ੍ਰਭਜੋਤ ਸੋਹੀ, ਰਾਜਦੀਪ ਸਿੰਘ ਤੂਰ, ਬਲਵੰਤ ਚਿਰਾਗ, ਮਨਜੀਤ ਕੌਰ ਮੀਸਾ, ਵਿਜੇਤਾ ਭਾਰਦਵਾਜ ਅਤੇ ਵੀਰਪਾਲ ਕੌਰ ਮੋਹਲ ਆਦਿ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਪੁਸਤਕ 'ਚ ਸ਼ਿਅਰਾਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਕ ਸਾਂਭਣਯੋਗ ਦਸਤਾਵੇਜ਼ ਹੈ।

**— ਤੇਜਿੰਦਰ ਚੰਡਿਹੋਕ**

## ਕਾਣੀ-ਵੰਡ

(ਕਹਾਣੀ-ਸੰਗ੍ਰਹਿ)
**ਅਸ਼ਵਨੀ ਕੁਮਾਰ ਸਾਵਨ**
**ਪੰਨੇ : 112, ਮੁੱਲ : 300 ਰੁਪਏ**
**ਪ੍ਰਤੀਕ ਪਬਲੀਕੇਸ਼ਨ, ਪਟਿਆਲਾ**

'ਕਾਣੀ-ਵੰਡ' ਅਸ਼ਵਨੀ ਕੁਮਾਰ ਸਾਵਨ ਦਾ ਦੂਜਾ ਕਹਾਣੀ-ਸੰਗ੍ਰਹਿ ਹੈ। 2013 ਵਿੱਚ ਪਹਿਲੇ ਕਹਾਣੀ-ਸੰਗ੍ਰਹਿ 'ਇਹ ਕਿਹੋ ਜਿਹੇ ਰਿਸ਼ਤੇ' ਤੋਂ ਬਾਅਦ 13 ਸਾਲਾਂ ਦੇ ਵਕਫ਼ੇ ਮਗਰੋਂ ਕਹਾਣੀਕਾਰ ਇੱਕ ਵਾਰ ਫਿਰ ਨਵਾਂ ਕਹਾਣੀ-ਸੰਗ੍ਰਹਿ ਲੈ ਕੇ ਹਾਜ਼ਰ ਹੋਇਆ ਹੈ। ਉਹ ਇਸ ਪੁਸਤਕ ਦੀ ਭੂਮਿਕਾ ਵਿੱਚ ਲਿਖਦਾ ਹੈ, ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿੱਚੋਂ ਕੁਝ ਕਹਾਣੀਆਂ ਦੇਸ਼ ਵਿੱਚ ਹੋਈ 'ਨੋਟਬੰਦੀ' ਅਤੇ 'ਲਾਕਡਾਊਨ' ਦੌਰਾਨ ਲਿਖੀਆਂ ਸਨ। ਉਂਝ ਮੈਂ ਮਹਿਸੂਸ ਕਰਦਾ ਹਾਂ ਕਿ ਕਈ ਵਾਰੀ ਕੁਦਰਤ ਜੋ ਇਸ਼ਾਰਾ ਕਰਦੀ ਹੈ, ਉਸ ਦਾ ਕੋਈ ਨਾ ਕੋਈ ਮਤਲਬ ਜ਼ਰੂਰ ਹੁੰਦਾ ਹੈ। ਕਿਤਾਬ ਵਿਚਲੀ ਕਹਾਣੀ 'ਖੂਹ-ਖਾਤਾ' ਉਂਝ ਤਾਂ 'ਲਾਕਡਾਊਨ' ਵੇਲੇ ਲਿਖੀ ਸੀ, ਪਰ ਹਾਲ ਹੀ ਵਿੱਚ ਪੰਜਾਬ ਅੰਦਰ ਆਈ ਹੜ੍ਹਾਂ ਦੀ ਕਰੋਪੀ ਵੇਲੇ ਇਸ ਕਹਾਣੀ ਦੀ ਸਾਰਥਿਕਤਾ ਲੋਕ-ਵਿਵਹਾਰ ਵਿੱਚੋਂ ਚਿਰ ਸਥਾਈ ਸਾਬਿਤ ਹੋਈ ਹੈ। ਸ਼ਾਇਦ ਇਸੇ ਕਰਕੇ ਇਸ ਦੀ ਛਪਾਈ ਦੇਰ ਨਾਲ ਹੋ ਰਹੀ ਹੈ। ਕਹਾਣੀ-ਸੰਗ੍ਰਹਿ ਵਿਚਲੀਆਂ 12 ਕਹਾਣੀਆਂ ਵਿੱਚ ਉਹ ਵੱਡੇ ਸ਼ਹਿਰਾਂ ਦੀ ਜ਼ਿੰਦਗੀ ਦੀ ਕਹਾਣੀ ਸੁਣਾਉਂਦਾ ਹੈ, ਆਧੁਨਿਕਤਾ ਦੇ ਪ੍ਰਭਾਵ ਕਾਰਨ ਲੋਕਾਂ ਦੇ ਬਦਲ ਰਹੇ ਵਰਤਾਰਿਆਂ ਦੀ ਗੱਲ ਕਰਦਾ ਹੈ, ਨੋਟਬੰਦੀ ਤੋਂ ਲੋਕਡਾਊਨ ਤੱਕ ਰਾਸ਼ਟਰੀ ਤੇ ਅੰਤਰਰਾਸ਼ਟਰੀ ਘਟਨਾਵਾਂ ਦੇ ਆਮ ਲੋਕਾਂ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਵਿਸ਼ਾ ਬਣਾਉਂਦਾ ਹੈ ਅਤੇ ਖ਼ਾਸ ਉੱਚੇ ਰੁਤਬਿਆਂ ਵਾਲੇ ਅਹੁਦਿਆਂ ਪ੍ਰਤੀ ਆਮ ਲੋਕਾਂ ਦੀ ਮਾਨਸਿਕਤਾ ਦੀ ਗੱਲ ਕਰਦਾ ਹੈ। ਨਾਟਕ ਦੇ ਖੇਤਰ ਵਿੱਚ ਜਾਣਿਆ-ਪਛਾਣਿਆ ਨਾਂਅ ਹੋਣ ਕਾਰਨ ਲੇਖਕ ਕੋਲ ਇਹਨਾਂ ਵੱਡੇ ਸ਼ਹਿਰਾਂ ਦੀ ਜ਼ਿੰਦਗੀ ਦੇ ਨਿੱਜੀ ਅਨੁਭਵ ਹਨ, ਜਿਨ੍ਹਾਂ ਨੂੰ ਉਸ ਨੇ ਇਹਨਾਂ ਕਹਾਣੀਆਂ ਵਿੱਚ ਵਰਤਿਆ ਹੈ। ਨਵੇਂ ਸੱਭਿਆਚਾਰ, ਰਾਤ ਗਈ ਬਾਤ ਗਈ, ਵੋਟ ਦੀ ਤਾਕਤ, ਕਾਣੀ-ਵੰਡ, ਖੂਹ-ਖਾਤਾ, ਜੀਵਨ-ਜਾਚ, ਆਸ਼ੀਰਵਾਦ ਅਤੇ ਰੁਤਬੇ ਦੇ ਰੰਗ-ਢੰਗ ਇਸ ਸੰਗ੍ਰਹਿ ਦੀਆਂ ਜ਼ਿਕਰਯੋਗ ਕਹਾਣੀਆਂ ਹਨ, ਜੋ ਨਵੇਂ ਸਮੇਂ ਵਿੱਚ ਪ੍ਰਚਲਿਤ ਅਸਮਾਜਿਕ ਤੱਤਾਂ ਨੂੰ ਜਿੱਥੇ ਭੰਡਦੀਆਂ ਹਨ, ਉੱਥੇ ਇਤਿਹਾਸ ਵਿੱਚ ਉਸ ਦੀਆਂ ਜੜ੍ਹਾਂ ਤੱਕ ਪੁੱਜਣ ਦਾ ਵਸੀਲਾ ਵੀ ਬਣਦੀਆਂ ਹਨ। ਇਸ ਪੁਸਤਕ ਦਾ ਵਿਸ਼ਾ-ਵਸਤੂ ਕਹਾਣੀਕਾਰ ਦੀ ਗੰਭੀਰਤਾ, ਵਿਲੱਖਣ ਨਜ਼ਰੀਏ ਅਤੇ ਕਲਾਕਾਰੀ ਦੀ ਹਾਮੀ ਭਰਦਾ ਹੈ। ਕਹਾਣੀ-ਸੰਗ੍ਰਹਿ ਦੀ ਭਾਸ਼ਾ ਸਰਲ ਤੇ ਠੇਠ ਹੈ ਅਤੇ ਕਹਾਣੀਕਾਰ ਨੇ ਨਿਵੇਕਲੀਆਂ ਸ਼ੈਲੀਆਂ ਦੀ ਵਰਤੋਂ ਕੀਤੀ ਹੈ। ਆਸ ਕੀਤੀ ਜਾਂਦੀ ਹੈ ਕਿ ਇਸ ਕਹਾਣੀ-ਸੰਗ੍ਰਹਿ ਨੂੰ ਪਾਠਕਾਂ ਵੱਲੋਂ ਪਸੰਦ ਕੀਤਾ ਜਾਵੇਗਾ।



**— ਡਾ. ਸੰਦੀਪ ਰਾਣਾ**

# ਸ਼ੁਗਲ ਤੇ ਸੀਰਤ ਦਾ ਸੁਮੇਲ-ਕੇਹਰ ਸਿਉਂ ਰਾਜਾ

ਸ਼ਬਦ ਚਿੱਤਰ

**ਡਾ. ਗੁਰਬਖ਼ਸ਼ ਸਿੰਘ ਭੰਡਾਲ**

ਜਦ ਮੈਂ ਆਪਣੇ ਬੀਤੇ 'ਤੇ ਝਾਤੀ ਮਾਰਦਾ ਹਾਂ ਤਾਂ ਬਹੁਤ ਅਚੰਭਾ ਹੁੰਦਾ ਹੈ ਕਿ ਮੈਂ ਆਪਣੇ ਜੀਵਨ ਵਿਚ ਬਹੁਤ ਸਾਰੀਆਂ ਚੰਗੀਆਂ-ਮੰਦੀਆਂ ਤਬਦੀਲੀਆਂ ਦੇਖੀਆਂ, ਜਿਨ੍ਹਾਂ ਨੂੰ ਬਚਪਨੇ ਵਿਚ ਕਿਆਸ ਵੀ ਨਹੀਂ ਸੀ ਕੀਤਾ ਜਾ ਸਕਦਾ। ਇਹ ਬਦਲਾਅ ਦਰਅਸਲ ਪੰਜਾਬ ਵਿਚ ਆਈ ਹਰੀ ਕ੍ਰਾਂਤੀ ਨੇ ਲਿਆਂਦਾ, ਜਿਸ ਨੇ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਦਾ ਰਹਿਣ-ਸਹਿਣ, ਜੀਵਨ-ਜਾਚ ਅਤੇ ਉਨ੍ਹਾਂ ਦੀ ਮਾਨਸਿਕਤਾ ਵਿਚ ਭਾਰੀ ਤਬਦੀਲੀ ਲਿਆਂਦੀ। ਸਾਡੇ ਬੱਚੇ ਇਹ ਤਾਂ ਕਦੇ ਸੋਚ ਵੀ ਨਹੀਂ ਸਕਦੇ ਕਿ ਪੰਜਾਬੀ ਭਾਈਚਾਰਾ ਪਿੰਡਾਂ ਵਿਚ ਰਹਿੰਦਿਆਂ ਕੇਹੀ ਜ਼ਿੰਦਗੀ ਨੂੰ ਖ਼ੂਬਸੂਰਤੀ ਪਰ ਸਧਾਰਨਤਾ ਨਾਲ ਜਿਉਂਦਿਆਂ ਜੀਵਨ ਦਾ ਹਰ ਪਲ ਮਾਣਦੇ ਸਨ। ਸਾਰਾ ਦਿਨ ਕੰਮਕਾਜ ਕਰਦਿਆਂ ਵੀ ਢੋਲੇ ਦੀਆਂ ਲਾਉਂਦੇ। ਪੰਜਾਬੀ ਭਾਈਚਾਰਾ ਬਹੁਤ ਮਜ਼ਬੂਤ ਸੀ। ਹਰ ਵਰਗ ਅਤੇ ਜਾਤ ਦੇ ਲੋਕਾਂ ਦਾ ਭਰਾਤਰੀ ਭਾਵ, ਆਪਸੀ ਮਿਲਵਰਤਨ, ਇਕ-ਦੂਜੇ ਦੇ ਦੁੱਖ-ਸੁੱਖ ਨੂੰ ਸਾਂਝਾ ਕਰਨਾ, ਪਲ-ਪਲ ਇਕੱਠਿਆਂ ਮਾਨਣਾ। ਹਰ ਮੁਸ਼ਕਲ ਵਿੱਚੋਂ ਨਵੀਂ ਸਵੇਰ ਨੂੰ ਖੁਸ਼-ਆਮਦੀਦ ਕਹਿ ਕੇ ਨਵੀਂ ਸ਼ੁਰੂਆਤ ਕਰਨੀ। ਹਰ ਵਰਗ ਦੇ ਲੋਕ ਬਹੁਤ ਮੁਹੱਬਤੀ। ਇਕ-ਦੂਜੇ ਦੀਆਂ ਦਿਲਾਂ ਦੀ ਜਾਨਣ ਵਾਲੇ। ਇਕ-ਦੂਜੇ ਦੀ ਖ਼ੁਸ਼ੀ ਵਿੱਚੋਂ ਆਪਣੇ ਲਈ ਸਕੂਨ ਅਤੇ ਸੁਖਨ ਲੋਚਣ ਵਾਲੇ।

ਬਾ-ਕਮਾਲ ਸੀ ਉਨ੍ਹਾਂ ਦਿਨਾਂ ਵਿਚ ਜ਼ਿੰਦਗੀ ਜਦੋਂ ਹਰ ਵਿਅਕਤੀ ਦੀਆਂ ਹਰ ਨਿੱਕੀਆਂ-ਵੱਡੀਆਂ ਲੋੜਾਂ ਪਿੰਡ ਵਿਚ ਹੀ ਪੂਰੀਆਂ ਹੋ ਜਾਂਦੀਆਂ ਸਨ। ਪਿੰਡ ਦਾ ਮੋਚੀ ਮੇਚ ਲੈ ਕੇ ਜੁੱਤੀਆਂ ਬਣਾਉਂਦਾ। ਜੁਲਾਹੇ ਖੱਦਰ ਬਣਾਉਂਦੇ ਅਤੇ ਪਿੰਡ ਦਾ ਦਰਜ਼ੀ ਹੀ ਕੱਪੜੇ ਸਿਉਂ ਦਿੰਦਾ ਸੀ। ਦਾਹੜੀ ਮੁੱਛ ਕਟਵਾਉਣ ਜਾਂ ਬਣਾਉਣ ਲਈ ਕਿਸੇ ਸੈਲੂਨ 'ਤੇ ਜਾਣ ਦੀ ਬਜਾਏ ਪਿੰਡ ਦਾ ਨਾਈ ਹੀ ਹੁੰਦਾ ਸੀ। ਨਾਈ ਵਾਲ ਕੱਟਣ ਦੇ ਨਾਲ-ਨਾਲ ਪਿੰਡ ਵਿਚ ਹੋਣ ਵਾਲੇ ਕਿਸੇ ਵੀ ਪਰਵਾਰਕ ਸਮਾਗਮ ਵਿਚ ਸਬਜ਼ੀਆਂ, ਦਾਲਾਂ, ਕੜਾਹ, ਖੀਰ ਜਾਂ ਜ਼ਰਦਾ ਆਦਿ ਖੁਦ ਹੀ ਬਣਾਉਂਦਾ ਸੀ। ਬਾਹਰੋਂ ਕਿਸੇ ਵੀ ਹਲਵਾਈ ਜਾਂ ਕੁੱਕ ਨੂੰ ਸੱਦਣ ਦਾ ਬਿਲਕੁਲ ਕੋਈ ਰਿਵਾਜ ਨਹੀਂ ਸੀ। ਅਜਿਹੇ ਮੌਕਿਆਂ 'ਤੇ ਪਾਣੀ ਭਰਨ ਜਾਂ ਭਾਂਡੇ ਮਾਂਜਣ ਲਈ ਝਿਊਰ ਹੁੰਦਾ ਸੀ। ਪਿੰਡ ਦੇ ਸਾਰੇ ਲਾਗੀ ਪਰਵਾਰਾਂ ਸਮੇਤ ਵਿਆਹ, ਮੰਗਣੇ ਜਾਂ ਪਾਠ ਦੇ ਭੋਗ ਸਮੇਂ ਰੋਟੀ-ਪਾਣੀ ਉਥੋਂ ਹੀ ਖਾਂਦੇ, ਘਰੋਗੀ ਕੰਮਾਂ ਵਿਚ ਹੱਥ ਵਟਾਉਂਦੇ ਅਤੇ ਸਮਾਗਮ ਦੌਰਾਨ ਲਾਗ ਵੀ ਲੈਂਦੇ। ਇਹ ਸਾਰਿਆਂ ਦੀਆਂ ਨਿੱਕੀਆਂ ਖੁਸ਼ੀਆਂ ਹੀ ਹੁੰਦੀਆਂ ਸਨ, ਜਿਹੜੀਆਂ ਪਰਵਾਰ ਦੀਆਂ ਖ਼ੁਸ਼ੀਆਂ ਨੂੰ ਦੂਣ ਸਿਵਾਇਆ ਕਰਦੀਆਂ ਸਨ।

ਸਭ ਤੋਂ ਖ਼ੂਬਸੂਰਤ ਰਿਵਾਜ ਇਹ ਸੀ ਕਿ ਲਾਗੀਆਂ ਦੀ ਹਰ ਲੋੜ ਦਾ ਪਰਵਾਰਾਂ ਵੱਲੋਂ ਖਾਸ ਖਿਆਲ ਰੱਖਿਆ ਜਾਂਦਾ। ਉਹ ਕਿਸੇ ਵੀ ਖੇਤ ਤੋਂ ਸਾਗ ਤੋੜ ਸਕਦੇ, ਆਪਣੇ ਲਵੇਰੇ ਡੰਗਰ ਲਈ ਪੱਠੇ ਵੱਢ ਸਕਦੇ ਅਤੇ ਕਣਕ ਦੀ ਵਢਾਈ ਦੌਰਾਨ ਉਨ੍ਹਾਂ ਲਈ ਕਣਕ ਦਾ ਖਾਸ ਟੋਟਾ ਰੱਖਿਆ ਜਾਂਦਾ ਤਾਂ ਕਿ ਉਹ ਇਸ ਨੂੰ ਵੱਢ ਕੇ ਆਪਣੀ ਪਰਵਾਰਕ-ਪੂਰਤੀ ਕਰ ਸਕਣ। ਕਈ ਵਾਰ ਲਾਗੀ ਰੋਅਬ ਨਾਲ ਕੁਝ ਵੱਧ ਵੀ ਵੱਢ ਲੈਂਦੇ। ਇਹ ਸਭ ਕੁਝ ਬਹੁਤ ਹੀ ਸਹਿਜ ਰੂਪ ਜੀਵਨ ਜਿਊਣਾ ਹੁੰਦਾ। ਪਿੰਡ ਦੀ ਭਾਈਚਾਰਕ ਸਾਂਝ ਵਿਚ ਕਿਸੇ ਵੀ ਸੰਭਾਵੀ ਵਿਗਾੜ ਨੂੰ ਖ਼ਤਮ ਕਰਨ ਲਈ ਲਾਗੀ ਵੀ ਆਪਣਾ ਯੋਗਦਾਨ ਜ਼ਰੂਰ ਪਾਉਂਦੇ।

ਸਾਡੇ ਪਿੰਡ ਦਾ ਨਾਈ ਕੇਹਰ ਸਿੰਘ ਰਾਜਾ ਬਹੁਤ ਹੀ ਖੁਸ਼ਦਿਲ ਤੇ ਟਿੱਚਰੀ ਸੁਭਾਅ ਦਾ ਬੰਦਾ ਸੀ। ਬਹੁਤ ਹੀ ਹਸਾਸ। ਉਸ ਦੀ ਦਾੜ੍ਹੀ ਅਤੇ ਮੁੱਛਾਂ ਦੇ ਕੱਢੇ ਹੋਏ ਕੱਢ ਕਮਾਲ ਦੇ। ਲਾਲ ਸੂਹਾ ਰੰਗ। ਹਮੇਸ਼ਾ ਚਿੱਟੀ ਤੁਰ੍ਹਲੇ ਵਾਲੀ ਪੱਗ ਦਾ ਲੜ ਲਮਕਦਾ ਹੁੰਦਾ। ਉਹ ਲੰਗਰ ਆਦਿ ਖਾਣੇ ਵੀ ਬੜੀ ਰੂਹਦਾਰੀ ਨਾਲ ਤਿਆਰ ਕਰਦਾ ਅਤੇ ਹਰ ਕੰਮ ਆਪਣੀਆਂ ਹੀ ਸ਼ਰਤਾਂ 'ਤੇ ਕਰਦਾ। ਪੱਤੀ ਦੇ ਹਰ ਘਰ ਦੀ ਚਾਹਨਾ ਹੁੰਦੀ ਕਿ ਕਿਸੇ ਵੀ ਵਿਆਹ, ਸ਼ਾਦੀ ਜਾਂ ਮੰਗਣੀ ਤੋਂ ਪਹਿਲਾਂ ਉਸ ਕੋਲੋਂ ਦਾੜ੍ਹੀ ਦੇ ਖੱਤ ਕਢਵਾਏ ਜਾਣ।

ਵਿਆਹ, ਪਾਠ ਜਾਂ ਵਿਸ਼ੇਸ਼ ਸਮਾਗਮ ਦੇ ਮੌਕੇ 'ਤੇ ਇਕ ਦਿਨ ਪਹਿਲਾਂ ਸ਼ਾਮ ਨੂੰ ਸੰਬੰਧਤ ਘਰ ਪਹੁੰਚਦਾ। ਘਰ ਵੜਦਿਆਂ ਸਾਰ ਹਾਕ ਮਾਰਦਾ, 'ਸ਼ਾਹਣੀਏ! ਚਾਹ ਬਣਾ ਕਾਨੇ ਗੜਵੀਂ ਅਤੇ ਨਾਲ ਥਾਲ 'ਚ ਸੀਰਨੀ ਅਤੇ ਲੱਡੂ ਲਿਆ। ਚਾਹ ਪੀ ਕੇ ਭੱਠੀਆਂ ਪੁੱਟੀਏ ਕੱਲ੍ਹ ਲਈ।' ਚਾਹ ਪੀ ਕੇ ਦੋ-ਤਿੰਨ ਚੋਬਰ ਨਾਲ ਲੈ ਲੈਂਦਾ। ਫਿਰ ਹਾਕ ਮਾਰਦਾ, 'ਸ਼ਾਹਣੀਏ! ਆਣ ਕੇ ਤੇਲ ਚੋਅ, ਸ਼ਗਨ ਕਰ ਤੇ ਭੱਠੀਆਂ ਪੁੱਟੀਏ।' ਇਕ ਭੱਠੀ ਫੁਲਕਿਆਂ ਵਾਸਤੇ ਤਵੀ ਲਈ ਅਤੇ ਦੋ ਭੱਠੀਆਂ ਦੇਗਾਂ ਚਾੜ੍ਹਨ ਲਈ। ਦੂਸਰੇ ਦਿਨ ਸਵੇਰੇ ਹੀ ਉਹ ਭੱਠੀਆਂ 'ਤੇ ਦੇਗਾਂ ਚਾੜ੍ਹ ਦਿੰਦਾ। ਉਹ ਹਰ ਜਵਾਨ 'ਤੇ ਹੁਕਮ ਚਲਾਉਂਦਾ, ਹੱਲਾਸ਼ੇਰੀ ਦਿੰਦਾ ਅਤੇ ਟਿੱਚਰੀ ਗੱਲਾਂ ਦੀ ਲੜੀ ਨਾ ਟੁੱਟਣ ਦਿੰਦਾ। ਮਾੜਚੂ ਜਿਹੇ ਨੂੰ ਬੱਲੇ ਬਈ ਭਲਵਾਨਾ ਕਹਿ ਕੇ ਸਾਰੇ ਪਾਸੇ ਹਾਸਾ ਪਾ ਦਿੰਦਾ। ਉਸ ਨੂੰ ਜਾਚ ਸੀ ਕਿ ਕਿਸ ਬੰਦੇ ਕੋਲੋਂ ਕਿਹੜਾ ਕੰਮ ਲੈਣਾ? ਉਸ ਦੀ ਇਹ ਆਦਤ ਸੀ ਕਿ ਉਹ ਬੈਠਾ-ਬੈਠਾ ਹੀ ਹਰ ਇਕ 'ਤੇ ਹੁਕਮ ਚਲਾਉਂਦਾ ਸੀ।

ਉਨ੍ਹਾਂ ਸਮਿਆਂ ਵਿਚ ਘਰ ਵਿਚ ਚਾਨਣੀਆਂ ਅਤੇ ਕਨਾਤਾਂ, ਆਂਢ-ਗੁਆਂਢ ਦੇ ਨੌਜਵਾਨਾਂ ਵੱਲੋਂ ਹੀ ਲਗਾਈਆਂ ਜਾਂਦੀਆਂ ਤਾਂ ਰਾਜੇ ਦੀ ਜੈਲਦਾਰੀ ਦੇਖਣ ਵਾਲੀ ਹੁੰਦੀ। ਕਿਹੜੀ ਕਨਾਤ ਕਿੰਜ ਲਾਉਣੀ? ਕਿਹੜੀ ਚਾਨਣੀ ਗੁਰੂ ਗਰੰਥ ਸਾਹਿਬ ਉਪਰ ਲਾਉਣੀ ਅਤੇ ਕਿਹੜੀ ਬਾਹਰਵਾਰ ਲਾਉਣੀ ਆਦਿ 'ਤੇ ਉਸ ਦੀ ਹੀ ਮਰਜ਼ੀ ਹੁੰਦੀ।

ਦਰਅਸਲ ਘਰ ਦੇ ਵਿਹੜੇ ਜਾਂ ਛੱਤ 'ਤੇ ਲੱਗੀ ਹੋਈ ਚਾਨਣੀ ਜਾਂ ਕਨਾਤਾਂ ਹੀ ਵਿਆਹ ਵਾਲੇ ਘਰ ਦੀ ਨਿਸ਼ਾਨੀ ਹੁੰਦੀ। ਪਿੰਡ ਵਿਚ ਉਤਰੀ ਬਰਾਤ ਗੁਰਦੁਆਰੇ ਠਹਿਰਦੀ ਸੀ। ਘਰ ਵਿਚ ਹੀ ਲਾਵਾਂ ਆਦਿ ਹੁੰਦੀਆਂ ਸਨ ਅਤੇ ਘਰ ਨੂੰ ਭਾਗਾਂ ਵਾਲਾ ਸਮਝਿਆ ਜਾਂਦਾ ਸੀ। ਚੁਬਾਰੇ 'ਤੇ ਕਈ ਦਿਨਾਂ ਤੱਕ ਵੱਜਦਾ ਸਪੀਕਰ ਸਾਰੇ ਪਿੰਡ ਨੂੰ ਇਹ ਖ਼ਬਰ ਕਰ ਦਿੰਦਾ ਕਿ ਕਿਹੜੀ ਪੱਤੀ ਵਿਚ ਕਿਸ ਘਰ ਵਿਚ ਕੋਈ ਖਾਸ ਮੁਬਾਰਕ ਦਿਨ ਹੈ। ਅਗਰ ਅਜਿਹੇ ਮੌਕੇ 'ਤੇ ਪਿੰਡ ਵਿਚ ਕੋਈ ਮਰਗ ਹੋ ਜਾਂਦੀ ਤਾਂ ਸੋਗਵਾਰ ਪਰਵਾਰ ਦੀਆਂ ਭਾਵਨਾਵਾਂ ਨੂੰ ਸਮਝ ਕੇ ਸਪੀਕਰ ਨਹੀਂ ਸੀ ਵੱਜਦਾ।

ਸਮਾਗਮ ਵਾਲੇ ਦਿਨ ਸਭ ਤੋਂ ਪਹਿਲਾਂ ਕੇਹਰ ਸਿੰਘ ਰਾਜਾ ਪਹੁੰਚਦਾ। ਆਪਣੇ ਲਈ ਨਿੱਕੇ ਪਤੀਲੇ ਵਿਚ ਕਾਨੇ ਗੱਡਵੀਂ ਚਾਹ ਬਣਾ, ਬਦਾਨਾ ਤੇ ਲੱਡੂ ਖਾ ਕੇ ਹਰ ਕੰਮ ਲਈ ਤਿਆਰ ਬਰ ਤਿਆਰ। ਫਿਰ ਕਿਸੇ ਨੂੰ ਕੁਝ ਵੀ ਕਹਿਣ ਦੀ ਲੋੜ ਨਾ ਰਹਿੰਦੀ ਕਿ ਦਾਲ, ਸਬਜ਼ੀ, ਖ਼ੀਰ, ਕੜਾਹ ਜਾਂ ਜ਼ਰਦਾ ਆਦਿ ਕਦੋਂ ਬਣਾਉਣਾ? ਕਿਹੜੇ ਭਾਂਡੇ ਵਿਚ ਬਣਾਉਣਾ? ਕੋਰੇ ਖੱਦਰ ਦਾ 5 ਗਜ਼ ਕੱਪੜਾ ਘਰ ਵਾਲਿਆਂ ਕੋਲੋਂ ਲੈਂਦਾ ਤਾਂ ਕਿ ਦੇਗਾਂ, ਕੜਾਹੀਆਂ ਜਾਂ ਪਤੀਲਿਆਂ ਨੂੰ ਭੱਠੀ ਤੋਂ ਚੁੱਕਣ ਵੇਲੇ ਸੌਖ ਰਹੇ। ਉਹ ਵੱਡੇ ਪਤੀਲੇ ਵਿਚ ਚਾਹ ਬਣਾ ਕੇ ਚਾਰ-ਪੰਜ ਆਂਢ-ਗੁਆਂਢ ਦੇ ਜਵਾਨਾਂ ਨੂੰ ਹਾਕ ਮਾਰਦਾ ਅਤੇ ਉਨ੍ਹਾਂ ਨੂੰ ਚਾਹ ਪਿਲਾ ਕੇ ਪੱਤੀ ਵਿਚੋਂ ਦੁੱਧ ਅਤੇ ਲੱਸੀ 'ਕੱਠੀ ਕਰਨ ਲਈ ਤੋਰ ਦਿੰਦਾ। ਕੇਹਾ ਖ਼ੂਬਸੂਰਤ ਰਿਵਾਜ ਸੀ ਕਿ ਹਰ ਘਰ ਬਣਦਾ-ਸਰਦਾ ਦੁੱਧ ਅਤੇ ਲੱਸੀ ਦੇਣਾ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਦਾ। ਕਈ ਵਾਰ ਕਿਸੇ ਘਰ ਅਣਜਾਣੇ 'ਚ ਨਾ ਜਾ ਹੁੰਦਾ ਤਾਂ ਘਰ ਵਾਲੇ ਨਿਹੋਰਾ ਜ਼ਰੂਰ ਮਾਰਦੇ। ਘਰ ਵਿਚ ਰਖਵਾਏ ਗਏ ਅਖੰਡ ਪਾਠ ਸਮੇਂ ਜਿਹੜਾ ਵੀ ਮੱਥਾ ਟੇਕਣ ਆਉਂਦਾ, ਉਹ ਦੁੱਧ ਜ਼ਰੂਰ ਲੈ ਕੇ ਆਉਂਦਾ। ਖਾਲੀ ਡੋਲੂ ਜਾਂ ਬਰਤਨ ਵਿਚ ਵਾਪਸੀ 'ਤੇ ਭਾਜੀ ਪਾਈ ਜਾਂਦੀ। ਲੜਕੀ ਦੇ ਵਿਆਹ 'ਤੇ ਤਾਂ ਮੰਜੇ-ਬਿਸਤਰੇ ਵੀ ਇਕੱਠੇ ਕੀਤੇ ਜਾਂਦੇ।



ਜਦ ਦੁੱਧ ਅਤੇ ਲੱਸੀ ਇਕੱਠੀ ਹੋ ਜਾਂਦੀ ਤਾਂ ਰਾਜੇ ਕਿਹਰ ਸਿੰਘ ਦਾ ਕੰਮ ਸ਼ੁਰੂ ਹੋ ਜਾਂਦਾ। ਉਹ ਇਕ ਕੜਾਹੀ ਵਿਚ ਦੁੱਧ ਉਬਾਲਦਾ, ਖੀਰ ਬਣਾਉਂਦਾ ਜਾਂ ਚਾਹ ਆਦਿ ਲਈ ਵਰਤਦਾ। ਇਕੱਠੀ ਕੀਤੀ ਲੱਸੀ ਦਾ ਖੱਟਾ ਬਣਾਉਣ ਲਈ ਬੂਹੇ ਜਾਂ ਮੰਜੇ ਨਾਲ ਖੱਦਰ ਦੀ ਚਾਦਰ ਦੀ ਬੁੱਚਕੀ ਜਹੀ ਬਣਾਉਂਦਾ। ਉਸ ਵਿਚ ਲੱਸੀ ਪਾਉਂਦਾ। ਹੌਲੀ-ਹੌਲੀ ਲੱਸੀ ਵਿੱਚੋਂ ਪਾਣੀ ਨਿਕਲ ਜਾਂਦਾ ਅਤੇ ਫਿਰ ਉਹ ਇਸ ਵਿਚ ਤਾਜ਼ਾ ਪਾਣੀ ਅਤੇ ਪਕੌੜੀਆਂ, ਲੂਣ-ਮਿਰਚ ਆਦਿ ਪਾ ਕੇ ਖੱਟਾ ਬਣਾਉਂਦਾ, ਜਿਹੜਾ ਖਾਣੇ ਵੇਲੇ ਬਾਕੀ ਵਸਤਾਂ ਨਾਲ ਵਰਤਾਇਆ ਜਾਂਦਾ।

ਤਾਏ ਕਿਹਰ ਸਿੰਘ ਨੇ ਸਾਰੇ ਕਾਰਜ ਭੁਗਤਾਉਣ ਤੋਂ ਬਾਅਦ ਵਾਪਸ ਜਾਣ ਵੇਲੇ ਕਹਿਣਾ, 'ਲੈ ਸ਼ਾਹਣੀਏ ਤੇਰੇ ਕਾਰਜ ਸਾਰੇ ਪੂਰੇ ਹੋ ਗਏ। ਹੁਣ ਲਾਗ ਦੇ ਤੇ ਅਸੀਂ ਆਪਣੇ ਘਰਾਂ ਨੂੰ ਜਾਈਏ।' ਉਸ ਦਾ ਲਾਗ ਬਾਕੀ ਲਾਗੀਆਂ ਨਾਲੋਂ ਹਮੇਸ਼ਾ ਹੀ ਜ਼ਿਆਦਾ ਹੁੰਦਾ, ਕਿਉਂਕਿ ਉਸ ਦਾ ਰੋਅਬ ਹੀ ਅਜਿਹਾ ਸੀ। ਕੋਈ ਵੀ ਉਸ ਨੂੰ ਨਾਂਹ ਨਹੀਂ ਸੀ ਕਰ ਸਕਦਾ ਭਾਵੇਂ ਕਿ ਆਮ ਤੌਰ 'ਤੇ ਸਾਰੇ ਲਾਗੀਆਂ ਦਾ ਲਾਗ ਇਕਸਾਰ ਹੀ ਹੁੰਦਾ ਸੀ।

ਪਿੰਡ ਦੇ ਚੋਬਰਾਂ ਨੇ ਕਿਸੇ ਮੇਲੇ, ਮੱਸਿਆ ਜਾਂ ਕਿਸੇ ਵਿਆਹ 'ਤੇ ਜਾਣ ਸਮੇਂ ਤਾਏ ਕਿਹਰ ਸਿੰਘ ਕੋਲੋਂ ਦਾਹੜੀ ਕਟਵਾਉਣ ਜਾਣਾ ਤਾਂ ਉਹ ਦਾਹੜੀ ਕੱਟਦਿਆਂ ਅਤੇ ਖੱਤ ਕੱਢਦਿਆਂ, ਆਪਣੀ ਜਵਾਨੀ ਦੇ ਕਿੱਸੇ ਵੀ ਛੋਹ ਲੈਂਦਾ। ਤਾਏ ਕਿਹਰ ਸਿੰਘ ਰਿਸ਼ਤੇ ਕਰਵਾਉਣ ਲਈ ਬਹੁਤ ਮਸ਼ਹੂਰ ਸੀ। ਕਿਸੇ ਵੀ ਰਿਸ਼ਤੇ ਦੀ ਦੱਸ ਪਾਉਣ ਵੇਲੇ ਅਜਿਹੇ ਪੜੁੱਲ ਬੰਨ੍ਹਦਾ ਕਿ ਸੁਣਨ ਵਾਲਾ ਬਾਗੋਬਾਗ ਹੋ ਜਾਂਦਾ। ਉਨ੍ਹਾਂ ਸਮਿਆਂ ਵਿਚ ਜ਼ਿਆਦਾਤਰ ਰਿਸ਼ਤੇ ਵੀ ਰਾਜਾ ਹੀ ਕਰਵਾਉਂਦੇ ਸਨ। ਉਨ੍ਹਾਂ ਦਾ ਨੇੜਲੇ ਪਿੰਡਾਂ ਵਿਚ ਆਣਾ-ਜਾਣਾ ਹੁੰਦਾ ਸੀ। ਉਨ੍ਹਾਂ ਨੂੰ ਪਤਾ ਹੁੰਦਾ ਕਿਹੜੇ ਘਰ ਦਾ ਜਵਾਨ ਲੜਕਾ ਜਾਂ ਲੜਕੀ ਹੈ ਅਤੇ ਕਿਸ ਪਰਵਾਰ ਦਾ ਕੇਹੇ ਪਰਵਾਰ ਨਾਲ ਰਿਸ਼ਤਾ ਬਹੁਤ ਚੰਗਾ ਨਿਭੇਗਾ?

ਮੇਰੇ ਪਿੰਡ ਵਿਚ ਬਾਬਾ ਸ਼ਾਹ ਅਨਾਇਤ ਅਲੀ ਜੀ ਦੀ ਦਰਗਾਹ ਹੈ, ਜਿੱਥੇ ਹਰ ਵੀਰਵਾਰ ਨੂੰ ਕੋਈ ਨਾ ਕੋਈ ਪਰਵਾਰ ਮਿੱਠੇ ਚੌਲਾਂ ਦੀ ਦੇਗ ਚੜ੍ਹਾਉਂਦਾ। ਸ਼ਾਇਦ ਇਹ ਰਿਵਾਇਤ ਹੁਣ ਵੀ ਹੋਵੇ। ਮਿੱਠੇ ਚੌਲਾਂ ਦੀ ਦੇਗ ਤਿਆਰ ਕਰਨ ਲਈ ਰਾਜਾ ਕਿਹਰ ਸਿੰਘ ਦੀ ਡਿਊਟੀ ਹੁੰਦੀ ਕਿਉਂਕਿ ਉਸ ਨੂੰ ਖ਼ਾਸ ਮੁਹਾਰਤ ਸੀ ਗੁੜ ਵਾਲੇ ਮਿੱਠੇ ਚੌਲ ਬਣਾਉਣ ਦੀ। ਮਿੱਠੇ ਚੌਲਾਂ ਦੀ ਦੇਗ ਤਿਆਰ ਕਰਨ ਸਮੇਂ ਉਸ ਦੀ ਰੂਹਦਾਰੀ ਅਤੇ ਸ਼ਰਧਾਮਈ ਭਾਵਨਾ ਕਮਾਲ ਦੀ ਹੁੰਦੀ, ਜਿਸ ਨਾਲ ਦੇਗ ਚੜ੍ਹਾਉਣ ਵਾਲੇ ਪਰਵਾਰ ਨੂੰ ਬੜੀ ਖੁਸ਼ੀ ਤੇ ਸੰਤੁਸ਼ਟੀ ਮਿਲਦੀ ਕਿ ਰਾਜੇ ਨੇ ਪੂਰਨ ਪ੍ਰੇਮ ਭਾਵਨਾ ਨਾਲ ਉਨ੍ਹਾਂ ਦੀ ਮੰਨਤ ਪੂਰੀ ਕਰਨ ਵਿਚ ਹਿੱਸਾ ਪਾਇਆ।

ਰਾਜਾ ਕਿਹਰ ਸਿੰਘ ਦਾ ਟੌਹਰ ਉਸ ਵੇਲੇ ਦੇਖਣ ਵਾਲਾ ਹੁੰਦਾ, ਜਦ ਉਹ ਕਿਸੇ ਬਰਾਤ ਦੀ ਮਿਲਣੀ ਦੇ ਸਮੇਂ ਧਰੇਤਿਆਂ ਅਤੇ ਪਰੇਤਿਆਂ ਦੀ ਮਿਲਣੀ ਕਰਵਾਉਂਦਾ। ਉਹ ਇੰਨਾ ਸੋਹਣਾ ਫ਼ਬਤ ਵਾਲਾ ਅਤੇ ਰੋਅਬਦਾਰ ਹੁੰਦਾ ਕਿ ਕਈ ਵਾਰ ਕੁੜਮ/ਚਾਚਾ/ਤਾਇਆ/ਮਾਮਾ/ਫੁੱਫੜ ਆਦਿ ਦੀ ਮਿਲਣੀ ਸਮੇਂ ਭੁਲੇਖੇ ਨਾਲ ਉਸ ਦੇ ਹੀ ਗਲ ਵਿਚ ਹਾਰ ਪਾ ਦਿੰਦੇ, ਕਿਉਂਕਿ ਅਕਸਰ ਉਸ ਨੂੰ ਹੀ ਰਿਸ਼ਤੇਦਾਰ ਸਮਝ ਲਿਆ ਜਾਂਦਾ। ਉਹ ਜੰਞ ਵਿਚ ਸਭ ਤੋਂ ਵੱਧ ਰੰਗੀਲਾ ਹੁੰਦਾ ਅਤੇ ਹਰ ਵੇਲੇ ਰੌਣਕ ਲਾਈ ਰੱਖਦਾ।

ਮੇਰਾ ਪਿੰਡ ਬਹੁਤ ਬਦਲ ਗਿਆ ਹੈ। ਲਾਗੀ ਵੀ ਨਹੀਂ ਰਹੇ। ਹੁਣ ਹਲਵਾਈਆਂ ਜਾਂ ਕੁੱਕਾਂ 'ਤੇ ਨਿਰਭਰ ਹੋ ਗਏ ਹਨ, ਜੋ ਸਿਰਫ਼ ਆਪਣੇ ਕਿੱਤੇ ਵਜੋਂ ਹੀ ਇਹ ਕੰਮ ਕਰਦੇ, ਪਰ ਪੂਰਨ ਸਮਰਪਿਤਾ, ਚਾਹਨਾ, ਪਰਵਾਰਕ ਸੰਬੰਧ ਅਤੇ ਮਨ ਦੀ ਭਾਵਨਾ ਨਾਲ ਕਿਸੇ ਵੀ ਪਰਵਾਰਕ ਸਮਾਗਮ ਲਈ ਰੋਟੀ/ਲੰਗਰ ਤਿਆਰ ਕਰਨ ਵਾਲਾ ਅਤੇ ਸਬਰ-ਸ਼ੁਕਰ ਵਿਚੋਂ ਆਪਣੀ ਜ਼ਿੰਦਗੀ ਨੂੰ ਰੂਹਦਾਰੀ ਨਾਲ ਮਾਨਣ ਵਾਲਾ ਰਾਜਾ ਕਿਹਰ ਸਿੰਘ ਵਰਗੇ ਲੋਕ ਭਲਾ ਕਿੱਥੇ ਥਿਆਉਂਦੇ? ਨਹੀਉਂ ਮਿਲਣੇ ਲਾਲ ਗਵਾਚੇ, ਵਕਤਾਂ ਦੀ ਧੂੜ ਜੰਮਗੀ, ਪਰ ਉਸ ਦੀਆਂ ਸ਼ਖਸੀ ਯਾਦਾਂ ਅਤੇ ਹਰ ਕਾਰਜ ਨੂੰ ਆਪਣਾ ਸਮਝ ਕੇ ਪੂਰਾ ਕਰਨ ਵਾਲੇ ਕਿਰਤੀ ਤੇ ਧਰਮੀ ਲੋਕ ਹਮੇਸ਼ਾ ਚੇਤਿਆਂ ਵਿਚ ਵੱਸਦੇ।

ਪਿੰਡ ਤਾਂ ਭਾਵੇਂ ਬਦਲ ਗਿਆ। ਅਸੀਂ ਬਹੁਤ ਅਮੀਰ ਹੋ ਗਏ। ਨਿੱਜਵਾਦੀ ਹੋ ਗਏ। ਨਿੱਕੇ-ਨਿੱਕੇ ਦਾਇਰਿਆਂ ਵਿਚ ਸੁੰਗੜ ਕੇ ਭਾਈਚਾਰਕ ਸਾਂਝ ਨਾਲ ਹਰ ਕਾਰਜ ਨੇਪਰੇ ਚਾੜ੍ਹਨ ਵਾਲੀ ਬਿਰਤੀ ਤੋਂ ਬਹੁਤ ਦੂਰ ਜਾ ਚੁੱਕੇ ਹਾਂ। ਸਾਨੂੰ ਆਪਣਾ ਉਹ ਵਿਰਸਾ ਯਾਦ ਰੱਖਣ ਲਈ ਕਦੇ-ਕਦਾਈਂ ਯਾਦ-ਜੂਹੇ ਜ਼ਰੂਰ ਗੇੜਾ ਮਾਰਨਾ ਚਾਹੀਦਾ ਤਾਂ ਕਿ ਅਸੀਂ ਆਪਣੇ ਮਨ-ਮੰਜੀ ਪੁਰਖ਼ਿਆਂ ਨੂੰ ਚੇਤੇ ਕਰੀਏ, ਜਿਨ੍ਹਾਂ ਨੇ ਪਿੰਡ ਦੀ ਆਬੋ-ਹਵਾ ਨੂੰ ਮਹਿਕ ਤੇ ਰੰਗ ਭਰੇ। ਪਿੰਡ ਦੀ ਬਹੁਰੰਗਤਾ ਨੂੰ ਭਾਗ ਲਾਉਣ ਵਾਲੇ ਇਨ੍ਹਾਂ ਬਜ਼ੁਰਗਾਂ ਨੂੰ ਸਲਾਮ।

## ਪੰਜਾਬੀ ਆਰਟਸ ਐਸੋਸੀਏਸ਼ਨ ਵੱਲੋਂ ਡਾ. ਸਾਧੂ ਰਾਮ ਲੰਗੇਆਣਾ ਦਾ ਸਨਮਾਨ



**ਬਰੈਂਪਟਨ**-ਸੰਸਾਰ ਪੱਧਰ 'ਤੇ ਵੱਖਰੀ ਪਹਿਚਾਣ ਬਣਾ ਚੁੱਕੀ ਅਤੇ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਕੰਮ ਕਰਦੀ ਹੋਈ ਵਿਸ਼ਵ ਪੰਜਾਬੀ ਸਭਾ ਕੈਨੇਡਾ ਅਤੇ ਪੰਜਾਬੀ ਆਰਟਸ ਐਸੋਸੀਏਸ਼ਨ ਟੋਰਾਂਟੋ ਵੱਲੋਂ ਵਿਸ਼ਵ ਪੰਜਾਬੀ ਭਵਨ ਬਰੈਂਪਟਨ ਵਿਖੇ ਇੱਕ ਕਰਵਾਏ ਗਏ ਸਾਹਿਤਕ ਸਮਾਗਮ ਦੌਰਾਨ ਸਾਹਿਤ ਸਭਾ ਰਜਿ. ਬਾਘਾਪੁਰਾਣਾ ਦੇ ਪ੍ਰਧਾਨ ਅਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਮਾਲਵਾ ਜ਼ੋਨ ਦੇ ਜਨਰਲ ਸਕੱਤਰ ਡਾ. ਸਾਧੂ ਰਾਮ ਲੰਗੇਆਣਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਪ੍ਰਧਾਨ ਡਾ. ਦਲਬੀਰ ਸਿੰਘ ਕਥੂਰੀਆ, ਪੰਜਾਬ ਆਰਟਸ ਐਸੋਸੀਏਸ਼ਨ ਟੋਰਾਂਟੋ ਦੇ ਪ੍ਰਧਾਨ ਬਲਜਿੰਦਰ ਸਿੰਘ ਲੇਲਣਾ, ਪ੍ਰਧਾਨ ਪ੍ਰਗਟ ਸਿੰਘ ਬੱਗਾ, ਦਰਸ਼ਨਦੀਪ ਅਰੋੜਾ, ਪ੍ਰਿੰਸੀਪਲ ਸਰਵਣ ਸਿੰਘ ਵੱਲੋਂ ਡਾ. ਸਾਧੂ ਰਾਮ ਲੰਗੇਆਣਾ ਵੱਲੋਂ ਪੂਰੇ ਇੰਡੀਆ ਅਤੇ ਦੇਸ਼ਾਂ-ਵਿਦੇਸ਼ਾਂ ਵਿਖੇ ਪੰਜਾਬੀ ਮਾਂ ਬੋਲੀ ਸੰਬੰਧੀ ਨਿਭਾਈਆਂ ਜਾ ਰਹੀਆਂ ਨਿਰੰਤਰ ਸਾਹਿਤਕ ਸਰਗਰਮੀਆਂ ਬਾਰੇ ਵਿਚਾਰ ਸਾਂਝੇ ਕਰਦਿਆਂ ਪੁਰਜ਼ੋਰ ਸ਼ਬਦਾਂ ਵਿੱਚ ਸ਼ਲਾਘਾ ਕੀਤੀ ਅਤੇ ਉਨ੍ਹਾਂ ਵੱਲੋਂ ਵਿਦੇਸ਼ਾਂ ਦੀ ਧਰਤੀ ਕੈਨੇਡਾ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਪ੍ਰਸੰਸਾ ਪੱਤਰ ਅਤੇ ਲੋਈ ਭੇਟ ਕਰਕੇ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ ਪ੍ਰਬੰਧਕਾਂ ਵੱਲੋਂ ਬਾਲ ਮੁਕੰਦ ਸ਼ਰਮਾ ਚੇਅਰਮੈਨ ਪੰਜਾਬ ਸਟੇਟ ਫੂਡ ਕਮਿਸ਼ਨ, ਪਾਲੀ ਭੁਪਿੰਦਰ ਸਿੰਘ ਉੱਘੇ ਨਾਟਕਕਾਰ ਅਤੇ ਨਿਰਦੇਸ਼ਕ, ਅਰਵਿੰਦਰ ਭੱਟੀ ਟੀ ਵੀ ਨਿਊਜ਼ ਐਡੀਟਰ ਅਤੇ ਅਦਾਕਾਰ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਡਾ. ਪਰਮਜੀਤ ਕੌਰ ਸਿੱਧੂ ਨੇ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਅਕਾਦਮਿਕ ਇੰਚਾਰਜ ਵਜੋਂ ਅਹੁਦਾ ਸੰਭਾਲਿਆ

**ਚੰਡੀਗੜ੍ਹ** - ਡਾ. ਪਰਮਜੀਤ ਕੌਰ ਸਿੱਧੂ, ਮੁਖੀ ਪੰਜਾਬੀ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਅੱਜ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਅਕਾਦਮਿਕ ਇੰਚਾਰਜ ਵਜੋਂ ਰਸਮੀ ਤੌਰ ਤੇ ਅਹੁਦਾ ਸੰਭਾਲਿਆ ਲਿਆ ਹੈ। ਇਸ ਮੌਕੇ ਵਿਭਾਗ ਦੇ ਸਾਬਕਾ ਅਕਾਦਮਿਕ ਇੰਚਾਰਜ ਪ੍ਰੋ. ਗੁਰਪਾਲ ਸਿੰਘ ਸੰਧੂ, ਵਿਭਾਗ ਦੇ ਫੈਕਲਟੀ ਮੈਂਬਰਾਂ ਅਤੇ ਕਈ ਪ੍ਰਮੁੱਖ ਵਿਦਵਾਨਾਂ ਨੇ ਡਾ. ਸਿੱਧੂ ਦਾ ਸਵਾਗਤ ਕੀਤਾ। ਵੱਖ-ਵੱਖ ਵਿਭਾਗਾਂ ਦੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਵੀ ਉਨ੍ਹਾਂ ਨੂੰ ਗੁਲਦਸਤੇ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਹਾਜ਼ਰ ਸ਼ਖ਼ਸੀਅਤਾਂ ਨੂੰ ਸੰਬੋਧਨ ਕਰਦਿਆਂ ਡਾ. ਪਰਮਜੀਤ ਕੌਰ ਸਿੱਧੂ ਨੇ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪਣ ਲਈ ਯੂਨੀਵਰਸਿਟੀ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਉਹ ਆਪਣੇ ਫ਼ਰਜ਼ਾਂ ਨੂੰ ਪੂਰੀ ਨਿਸ਼ਠਾ, ਵਚਨਬੱਧਤਾ ਅਤੇ ਸਮਰਪਣ ਨਾਲ ਨਿਭਾਉਣਗੇ। ਡਾ. ਸਿੱਧੂ ਨੇ ਸਿੱਖ ਧਰਮ ਅਤੇ ਹੋਰ ਧਾਰਮਿਕ ਪਰੰਪਰਾਵਾਂ ਦੇ ਅਧਿਐਨ ਲਈ ਅੰਤਰ-ਅਨੁਸ਼ਾਸ਼ਨੀ ਅਤੇ ਤੁਲਨਾਤਮਕ ਦ੍ਰਿਸ਼ਟੀਕੋਣ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਵੱਖ-ਵੱਖ ਧਾਰਮਿਕ ਪਰੰਪਰਾਵਾਂ ਦਾ ਅਕਾਦਮਿਕ ਅਤੇ ਖੋਜ-ਆਧਾਰਿਤ ਅਧਿਐਨ ਬਹੁਲਤਾਵਾਦੀ ਸਮਾਜ ਵਿੱਚ ਸਾਰਥਕ ਸੰਵਾਦ, ਆਪਸੀ ਸਮਝ ਅਤੇ ਸਤਿਕਾਰ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿੱਖ ਦਰਸ਼ਨ ਅਤੇ ਇਸ ਦੀ ਅਮੀਰ ਬੌਧਿਕ ਪਰੰਪਰਾ ਸਮਾਨਤਾ, ਮਾਨਵੀ ਗੌਰਵ, ਸਮਾਜਿਕ ਜ਼ਿੰਮੇਵਾਰੀ, ਬਹੁਲਤਾਵਾਦ ਅਤੇ



ਸ਼ਾਂਤੀਪੂਰਨ ਸਹਿ-ਹੋਂਦ ਵਰਗੀਆਂ ਮਹੱਤਵਪੂਰਨ ਕਦਰਾਂ-ਕੀਮਤਾਂ ਬਾਰੇ ਮਹੱਤਵਪੂਰਨ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ, ਜਿਨ੍ਹਾਂ 'ਤੇ ਸਮਕਾਲੀ ਸੰਦਰਭ ਵਿੱਚ ਹੋਰ ਵਧੇਰੇ ਵਿਦਵਤਾਪੂਰਨ ਅਧਿਐਨ ਕੀਤੇ ਜਾਣ ਦੀ ਲੋੜ ਹੈ।ਇਸ ਮੌਕੇ ਉਹਨਾਂ ਨੇ ਵਿਭਾਗ ਦੀ ਲਾਇਬਰੇਰੀ ਅਤੇ ਧਾਰਮਿਕ ਹੱਥ ਲਿਖਤਾਂ ਲਈ ਰਾਖਵੇਂ ਭਵਨ ਦਾ ਦੌਰਾ ਵੀ ਕੀਤਾ।ਵਿਭਾਗ ਦੇ ਸਾਬਕਾ ਅਕਾਦਮਿਕ ਇੰਚਾਰਜ ਪ੍ਰੋ. ਗੁਰਪਾਲ ਸਿੰਘ ਸੰਧੂ ਨੇ ਸੰਖੇਪ ਸੰਬੋਧਨ ਵਿੱਚ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਉੱਤਰੀ ਭਾਰਤ ਵਿੱਚ ਧਰਮ ਅਧਿਐਨ ਦੇ ਪ੍ਰਮੁੱਖ ਕੇਂਦਰਾਂ ਵਿੱਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਵਿਭਾਗ ਨੇ ਸਿੱਖ ਧਰਮ ਦੇ ਅਕਾਦਮਿਕ ਅਧਿਐਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਅਤੇ ਵਿਸ਼ਵ ਦੇ ਹੋਰ ਧਰਮਾਂ ਦੇ ਅਧਿਐਨ ਲਈ ਵੀ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ। ਉਨ੍ਹਾਂ ਡਾ. ਸਿੱਧੂ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਡਾ. ਦੇਵੇਸ਼ਵਰ ਨੇ ਕਿਹਾ ਕਿ ਭਾਰਤੀ ਧਰਮਾਂ ਅਤੇ ਸਿੱਖ ਧਰਮ ਵਿਚਕਾਰ ਇੱਕ ਵਿਲੱਖਣ ਅਤੇ ਸਾਰਥਕ ਇਕਸੁਰਤਾ ਦੇਖਣ ਨੂੰ ਮਿਲਦੀ ਹੈ। ਉਨ੍ਹਾਂ ਕਿਹਾ ਕਿ ਧਰਮ ਦੇ ਅਕਾਦਮਿਕ ਅਧਿਐਨ ਨਾਲ ਜੁੜੇ ਵਿਦਵਾਨਾਂ ਅਤੇ ਖੋਜਾਰਥੀਆਂ ਲਈ ਇਨ੍ਹਾਂ ਅੰਤਰ-ਸਬੰਧਾਂ ਨੂੰ ਸਮਝਣਾ ਬੇਹੱਦ ਮਹੱਤਵਪੂਰਨ ਹੈ।ਇਸ ਮੌਕੇ ਅਕਾਦਮਿਕ ਜਗਤ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ, ਜਿਨ੍ਹਾਂ ਵਿੱਚ ਪ੍ਰੋ. ਦੀਪਕ ਮਨਮੋਹਨ, ਪ੍ਰੋ. ਸਰਬਜੀਤ ਸਿੰਘ, ਪ੍ਰੋ. ਯੋਗਰਾਜ, ਪ੍ਰੋ. ਉਮਾ ਸੇਠੀ, ਪ੍ਰੋ. ਗੁਰਪ੍ਰੀਤ ਕੌਰ, ਡਾ. ਅਕਵਿੰਦਰ ਕੌਰ, ਡਾ. ਭੁਪਿੰਦਰ ਕੌਰ, ਡਾ. ਸੁਖਵਿੰਦਰ ਸਿੰਘ, ਡਾ. ਰਾਜੀਵ ਕੁਮਾਰ ਅਤੇ ਡਾ. ਪਰਮਵੀਰ ਸਿੰਘ ਤੋਂ ਇਲਾਵਾ ਵਿਭਾਗ ਦੇ ਕਈ ਫੈਕਲਟੀ ਮੈਂਬਰ, ਵਿਦਵਾਨ ਅਤੇ ਵਿਦਿਆਰਥੀ ਸ਼ਾਮਲ ਸਨ।

## ਪੰਜਾਬੀ ਸਾਹਿਤ ਸਭਾ ਬਰਨਾਲਾ ਨੇ ਸੱਤ ਪੁਸਤਕਾਂ ਲੋਕ ਅਰਪਣ ਤੇ ਰੂਬਰੂ ਸਮਾਗਮ ਕਰਵਾਇਆ

**ਬਰਨਾਲਾ**-ਪੰਜਾਬੀ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਵਿਖੇ ਰਾਮ ਸਰੂਪ ਅਣਖੀ ਦੀ ਯਾਦ ਨੂੰ ਸਮਰਪਿਤ ਪੁਸਤਕ ਲੋਕ ਅਰਪਣ ਅਤੇ ਰੂਬਰੂ ਸਮਾਗਮ ਕਰਵਾਇਆ ਗਿਆ। ਸ੍ਰੀ ਬਿਰਜ ਲਾਲ ਗੋਇਲ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਵੱਲੋਂ ਰਾਮ ਸਰੂਪ ਅਣਖੀ ਦੇ ਜੀਵਨ ਅਤੇ ਉਹਨਾਂ ਦੀ ਸਾਹਿਤਕ ਦੇਣ ਬਾਰੇ ਸੰਖੇਪ ਵਿੱਚ ਚਾਨਣਾ ਪਾਇਆ ਗਿਆ। ਉਨ੍ਹਾਂ ਕਿਹਾ ਕਿ ਵੱਡੇ ਦਰੱਖਤ ਹੇਠ ਕੋਈ ਹੋਰ ਰੁੱਖ ਨਹੀਂ ਉਗਦਾ ਪਰ ਅਣਖੀ ਨੇ ਲੇਖਕਾਂ ਦੀ ਇਕ ਟਕਸਾਲ ਪੈਦਾ ਕੀਤੀ। ਡਾ. ਭੁਪਿੰਦਰ ਸਿੰਘ ਬੇਦੀ ਵੱਲੋਂ ਇਟਲੀ ਫੇਰੀ ਸੰਬੰਧੀ ਆਪਣੇ ਅਨੁਭਵ ਲੇਖਕਾਂ ਅਤੇ ਪਾਠਕਾਂ ਨਾਲ ਸਾਂਝੇ ਕੀਤੇ। ਸਮਾਗਮ ਦੇ ਦੂਸਰੇ ਪੜਾਅ ਵਿੱਚ ਪਵਨ ਗਿੱਲਾਂ ਵਾਲਾ ਦੇ ਕਾਵਿ ਸੰਗ੍ਰਹਿ 'ਕਾਲੇ ਅੱਖਰਾਂ ਦਾ ਚਾਨਣ' ਅਤੇ 'ਕਣੀਆਂ ਦੀ ਗੁਫ਼ਤਗੂ', ਰਾਮ ਮੂਰਤ ਸਿੰਘ ਵਰਮਾ ਦੀ ਬਾਲ ਪੁਸਤਕ 'ਬਾਲਵਾੜੀ' ਅਤੇ 'ਬੁੱਧਬਾਣੀ', ਰਮਨ ਧਾਲੀਵਾਲ ਦੇ ਕਾਵਿ ਸੰਗ੍ਰਹਿ 'ਚੁੱਪ ਦੀ ਜ਼ੁਬਾਨ', ਪ੍ਰੋ. ਸਵਰਨਜੀਤ ਕੌਰ ਦੇ ਕਾਵਿ ਸੰਗ੍ਰਹਿ 'ਫੁੱਲਾਂ ਤੋਂ ਹੌਲਾ' ਅਤੇ ਅਵਤਾਰ ਸਿੰਘ ਸਿੱਧੂ ਦੇ ਕਾਵਿ ਸੰਗ੍ਰਹਿ 'ਦਿਲ ਦੇ ਅਲਫਾਜ਼' ਦਾ ਲੋਕ ਅਰਪਣ ਕੀਤਾ ਗਿਆ।ਰਾਮ ਮੂਰਤ ਵਰਮਾ ਦੀਆਂ ਪੁਸਤਕਾਂ 'ਬਾਲਵਾੜੀ' ਤੇ 'ਬੁੱਧਬਾਣੀ' ਬਾਰੇ ਰਾਮ ਸਰੂਪ ਸ਼ਰਮਾ ਨੇ ਜਾਣ-ਪਛਾਣ ਕਰਵਾਉਂਦੇ ਦੱਸਿਆ ਕਿ ਵਰਮਾ ਨੇ ਸਫਰਨਾਮਾ ਤੇ ਕੋਸ਼ਕਾਰੀ ਤੋਂ ਬਾਅਦ ਬੱਚਿਆਂ ਲਈ ਇਹ ਪੁਸਤਕਾਂ ਲਿਖੀਆਂ ਹਨ। ਡਾ. ਜਸਵੀਰ ਸਿੰਘ ਔਲਖ ਨੇ ਆਪਣੇ ਗੁਰੂ ਰਾਮ ਮੂਰਤ ਵਰਮਾ ਬਾਰੇ ਕਿਹਾ ਕਿ ਇਹ ਮੇਰੇ ਗੁਰੂ ਜੀ ਹਨ, ਜੋ ਹਮੇਸ਼ਾ ਹੀ ਅਗਾਂਹਵਧੂ ਸੋਚ ਦੇ ਧਾਰਨੀ ਰਹੇ ਹਨ।ਰਮਨ ਧਾਲੀਵਾਲ ਦੀ ਪੁਸਤਕ 'ਚੁੱਪ ਦੀ ਜ਼ੁਬਾਨ' ਬਾਰੇ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ ਬਿਰਹਾ ਦੀ ਚੀਸ ਸਾਫ ਝਲਕਦੀ ਹੈ।ਸਵਰਨਜੀਤ ਕੌਰ ਦੀ ਪੁਸਤਕ ਬਾਰੇ ਡਾ. ਰਾਮਪਾਲ ਨੇ ਦੱਸਿਆ ਕਿ ਇਹ ਕਵਿਤਾ ਕੋਮਲ ਅਹਿਸਾਸ, ਮੁਹੱਬਤ ਅਤੇ ਦਿਲ ਦੇ ਵਲਵਲੇ ਪੇਸ਼ ਕਰਦੀ ਕਵਿਤਾ ਹੈ।ਪਵਨ ਗਿੱਲਾਂ ਵਾਲਾ ਦੀ ਪੁਸਤਕ 'ਕਣੀਆਂ ਦੀ ਗੁਫਤਗੂ' ਬਾਰੇ ਡਾ. ਸੁਰਿੰਦਰ ਭੱਠਲ ਨੇ ਕਿਹਾ ਕਿ ਇਹ ਕਵਿਤਾ ਕੇਵਲ ਪ੍ਰਵਾਸ ਦੀ ਨਾ ਹੋ ਕੇ ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਕਰਦੀ ਹੈ।ਅਵਤਾਰ ਸਿੰਘ ਸਿੱਧੂ ਦੀ ਕਾਵਿ ਪੁਸਤਕ ਬਾਰੇ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਅਵਤਾਰ ਦੀ ਕਵਿਤਾ ਸੰਵੇਦਨਸ਼ੀਲ ਅਤੇ ਸਮਾਜਿਕ ਯਥਾਰਥ ਦੇ ਨੇੜੇ ਹੈ। ਇਹਨਾਂ ਤੋਂ ਇਲਾਵਾ ਸਭਾ ਦੇ ਜਨਰਲ ਸਕੱਤਰ ਕਹਾਣੀਕਾਰ ਪਵਨ ਪਰਿੰਦਾ, ਭੋਲਾ ਸਿੰਘ ਸੰਘੇੜਾ, ਤਰਸੇਮ, ਲਛਮਣ ਦਾਸ ਮੁਸਾਫਰ, ਡਾ. ਉਜਾਗਰ ਸਿੰਘ ਮਾਨ, ਜਗਤਾਰ ਸਿੰਘ ਕੱਟੂ, ਡਾ. ਤਰਸਪਾਲ ਕੌਰ ਅਤੇ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਮੰਚ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਪਵਨ ਪਰਿੰਦਾ ਨੇ ਬਾਖ਼ੂਬੀ ਕੀਤਾ।ਉਪਰੰਤ ਹੋਏ ਕਵੀ ਦਰਬਾਰ ਵਿਚ ਪਾਲ ਸਿੰਘ ਲਹਿਰੀ, ਰਾਮ ਸਰੂਪ ਸ਼ਰਮਾ, ਅਰਪਿਤ ਕੌਰ ਚੌਹਾਨ, ਰਾਮ ਸਿੰਘ ਬੀਹਲਾ, ਮੇਜਰ ਸਿੰਘ ਸਹੌਰ, ਪ੍ਰੋ. ਗਗਨਦੀਪ ਭੱਠਲ, ਸਿੰਦਰ ਧੌਲਾ, ਰਘਬੀਰ ਸਿੰਘ ਗਿੱਲ ਕੱਟੂ, ਹਾਕਮ ਸਿੰਘ ਰੂੜੇਕੇ, ਐਸ ਐਸ ਗਿੱਲ, ਸੁਦਰਸ਼ਨ ਗੁੱਡੂ, ਪਰਮਜੀਤ ਸਿੰਘ ਰਾਜਗੜ੍ਹ ਤੋਂ ਇਲਾਵਾ ਬਹੁਤ ਸਾਰੇ ਕਵੀਆਂ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਸ਼ੋਕ ਭਾਰਤੀ, ਮਨਜਿੰਦਰ ਸਿੰਘ ਔਲਖ, ਗੁਰਨੈਬ ਸਿੰਘ ਬਟੂਹਾ ਅਤੇ ਬਹੁਤ ਸਾਰੇ ਸਾਹਿਤ ਪ੍ਰੇਮੀ ਹਾਜ਼ਰ ਸਨ।



## ਸ਼ਾਇਰ ਰਾਜਦੀਪ ਤੂਰ ਦੀ ਗ਼ਜ਼ਲ 'ਤੇ ਵਿਚਾਰ-ਚਰਚਾ



**ਲੁਧਿਆਣਾ**-ਪੰਜਾਬੀ ਲੇਖਕਾਂ ਦੀ ਮੀਟਿੰਗ ਸਮਰੱਥ ਕਹਾਣੀਕਾਰਾ ਮੈਡਮ ਇੰਦਰਜੀਤਪਾਲ ਕੌਰ ਭਿੰਡਰ ਅਤੇ ਡਾ. ਗੁਰਇਕਬਾਲ ਸਿੰਘ ਦੀ ਪ੍ਰਧਾਨਗੀ ਹੇਠ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਈ। ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਸਭਾ ਦੇ ਸੰਵਿਧਾਨ : ਨਿਯਮ ਤੇ ਉਪਨਿਯਮਾਂ ਨੂੰ ਪਾਸ ਕੀਤਾ ਗਿਆ। ਮੀਟਿੰਗ ਵਿੱਚ ਪੰਜਾਬੀ ਸ਼ਾਇਰ ਰਾਜਦੀਪ ਤੂਰ ਦੀ ਗ਼ਜ਼ਲ 'ਤੇ ਭਰਪੂਰ ਵਿਚਾਰ ਚਰਚਾ ਹੋਈ। ਮੀਟਿੰਗ ਦੇ ਆਰੰਭ ਵਿੱਚ ਰਾਜਦੀਪ ਤੂਰ ਨੇ ਆਪਣੀ ਸਿਰਜਣ-ਪ੍ਰਕਿਰਿਆ ਬਾਰੇ ਗੱਲ ਕਰਦਿਆਂ ਆਪਣੀਆਂ ਗ਼ਜ਼ਲਾਂ ਦਾ ਭਾਵਪੂਰਤ ਢੰਗ ਨਾਲ ਪਾਠ ਕੀਤਾ। ਵਿਚਾਰ-ਵਟਾਂਦਰੇ ਦੀ ਸ਼ੁਰੂਆਤ ਕਰਦਿਆਂ ਪ੍ਰਭਜੋਤ ਸੋਹੀ ਨੇ ਰਾਜਦੀਪ ਤੂਰ ਦੀ ਗ਼ਜ਼ਲ ਬਾਰੇ ਕਿਹਾ ਕਿ ਤੂਰ ਆਪਣੀ ਗ਼ਜ਼ਲ ਵਿੱਚ ਆਪਣੇ ਜੀਵਨ ਵਰਗਾ ਸੁਭਾਅ ਰੱਖਦਾ ਹੈ। ਤ੍ਰੈਲੋਚਨ ਲੋਚੀ ਨੇ ਕਿਹਾ ਕਿ ਰਾਜਦੀਪ ਤੂਰ ਬਹਿਰ ਪੱਖੋਂ ਪਰਿਪੱਕ ਸ਼ਾਇਰ ਹੈ। ਡਾ. ਗੁਰਇਕਬਾਲ ਸਿੰਘ ਨੇ ਵਿਚਾਰ ਚਰਚਾ ਵਿੱਚ ਭਾਗ ਲੈਂਦਿਆਂ ਕਿਹਾ ਕਿ ਰਾਜਦੀਪ ਤੂਰ ਨੂੰ ਤੂਰ ਸ਼ਬਦ ਦੇ ਚਿੰਨ੍ਹਾਤਮਕ ਅਰਥਾਂ ਨੂੰ ਡੂੰਘਾਈ ਵਿੱਚ ਪੇਸ਼ ਕਰਕੇ ਇਸ ਦੇ ਬਹੁ-ਅਰਥਾਂ ਨਾਲ ਪੇਸ਼ਕਾਰੀ ਵਿੱਚ ਵਿਸਥਾਰ ਕਰਨਾ ਚਾਹੀਦਾ ਹੈ। ਮਨਜਿੰਦਰ ਧਨੋਆ ਰਾਜਦੀਪ ਨੇ ਗ਼ਜ਼ਲਾਂ ਦੀ ਪ੍ਰਸ਼ੰਸਾ ਕਰਦਿਆਂ ਉਸ ਨੂੰ ਗਜ਼ਲ ਖੇਤਰ ਦਾ ਸੰਭਾਵਨਾ ਭਰਪੂਰ ਸ਼ਾਇਰ ਕਿਹਾ। ਮੀਤ ਅਨਮੋਲ ਨੇ ਰਾਜਦੀਪ ਤੂਰ ਦੀਆਂ ਗਜ਼ਲਾਂ ਦੇ ਕਾਫ਼ੀਏ ਬਾਰੇ ਆਲੋਚਨਾਤਮਕ ਟਿੱਪਣੀਆਂ ਕੀਤੀਆਂ। ਡਾ. ਇੰਦਰਜੀਤਪਾਲ ਕੌਰ ਨੇ ਰਾਜਦੀਪ ਤੂਰ ਨੂੰ ਸੰਭਾਵਨਾਵਾਂ ਦਾ ਸਮੁੰਦਰ ਦੱਸਿਆ ।ਇਸ ਵਿਚਾਰ ਚਰਚਾ ਤੋਂ ਬਾਅਦ ਹਾਜ਼ਰ ਕਵੀਆਂ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਮੀਟਿੰਗ ਦੀ ਸਮੁੱਚੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਮਨਜਿੰਦਰ ਧਨੋਆ ਨੇ ਬਾਖ਼ੂਬੀ ਨਿਭਾਈ।


## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਦਲਿਤ ਸਰੋਕਾਰਾਂ ਦੀ ਨਵੀਂ ਗੂੰਜ : ਐੱਸ ਐੱਨ ਸਾਹੂ

ਜੇਲ੍ਹ, ਬੇਲ, ਪੈਰੋਲ, ਸਜ਼ਾ ਮੁਆਫ਼ੀ ਅਤੇ ਅਸਾਵਾਂ ਨਿਆਂ : ਡਾ. ਜਸਬੀਰ ਸਿੰਘ ਔਲਖ

'ਟਾਹਣੀਓ ਟੁੱਟੇ' : ਪਰਵੇਜ਼ ਸੰਧੂ (ਫੋਕਸ) ਡਾ. ਸੰਦੀਪ ਰਾਣਾ

ਚੋਣਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ


# ਸਮਕਾਲ

---- ਭਗਵੰਤ ਰਸੂਲਪੁਰੀ----

## ਸ਼ਬਦ : 'ਪਿੰਡ ਵਾਲਾ ਘਰ' ਵਿਸ਼ੇਸ਼ ਅੰਕ


ਤ੍ਰੈਮਾਸਿਕ 'ਸ਼ਬਦ' ਦਾ ਅਕਤੂਬਰ-ਦਸੰਬਰ,2026 ਦਾ ਅੰਕ 'ਪਿੰਡ ਵਾਲਾ ਘਰ' ਵਿਸ਼ੇਸ਼ ਅੰਕ ਛਪ ਗਿਆ ਹੈ। ਸ਼ਬਦ ਦੇ ਮੁੱਖ ਸੰਪਾਦਕ ਹਰਜੀਤ ਅਟਵਾਲ ਅਤੇ ਸੰਪਾਦਕ ਜਿੰਦਰ ਨੇ ਪਹਿਲਾਂ ਵੀ ਅਨੇਕਾਂ ਵਿਸ਼ੇਸ਼ ਅੰਕ ਛਾਪ ਕੇ ਸਾਹਿਤਕ ਪੱਤਰਕਾਰੀ ਵਿੱਚ ਨਿੱਗਰ ਕਾਰਜ ਕੀਤਾ ਹੈ। ਹੱਥਲਾ ਅੰਕ ਨਿਵੇਕਲੇ ਵਿਸ਼ੇ ਦਾ ਅੰਕ ਹੈ। ਜਿਸ ਵਿੱਚ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਕੋਲੋਂ ਉਨ੍ਹਾਂ ਦੀਆਂ ਘਰ ਨਾਲ ਜੁੜੀਆਂ ਯਾਦਾਂ ਲਿਖਵਾਈਆਂ ਹਨ ਜਿੱਥੇ ਉਨ੍ਹਾਂ ਦਾ ਬਚਪਨ ਬਤੀਤ ਹੋਇਆ। ਜਿਸ ਘਰ ਵਿੱਚ ਉਨ੍ਹਾਂ ਦੇ ਮਾਤਾ ਪਿਤਾ ਨੇ ਜੀਵਨ ਵਿੱਚ ਸੰਘਰਸ਼ ਕੀਤਾ। ਅਦਾਰਾ ਸਬਦ ਵੱਲੋਂ ਲਿਖੇ 'ਮੇਰਾ ਪੰਨਾ' ਵਿੱਚ ਲਿਖਿਆ ਹੈ, "ਜਦੋਂ ਕੋਈ ਲੇਖਕ ਖਾਸ ਕਰਕੇ ਗਲਪ ਲੇਖਕ ਜਦੋਂ ਆਪਣੀ ਕਿਸੇ ਰਚਨਾ ਵਿੱਚ ਪਿੰਡ ਜਾਂ ਘਰ ਦਾ ਜ਼ਿਕਰ ਕਰਦੇ ਹਨ ਤਾਂ ਉਹ ਆਪਣੇ ਪਿੰਡ ਤੇ ਆਪਣੇ ਘਰ ਨੂੰ ਹੀ ਚਿਤਰਦੇ ਹਨ। ਅਸੀਂ ਇਹੋ ਕੁੱਝ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਲੇਖਕ ਆਪਣੇ ਪਹਿਲੇ ਘਰ ਨੂੰ ਕਿਵੇਂ ਲੈਂਦੇ ਹਨ। ਖ਼ੂਬਸੂਰਤ ਗੱਲ ਇਹ ਕਿ ਵੱਖ ਵੱਖ ਲੇਖਕਾਂ ਨੇ ਇੱਕ ਨਵੇਂ ਤਰੀਕੇ ਨਾਲ ਆਪਣੇ ਪਹਿਲੇ ਘਰ ਨੂੰ ਯਾਦ ਕੀਤਾ ਹੈ।




'ਸ਼ਬਦ' ਦੇ ਇਸ ਅੰਕ ਵਿੱਚ 20 ਲੇਖਕਾਂ ਨੇ ਆਪਣੇ ਪਿੰਡ ਵਾਲੇ ਘਰ ਨਾਲ ਜੁੜੀਆਂ ਘਟਨਾਵਾਂ ਅਤੇ ਯਾਦਾਂ ਆਪਣੇ ਲੇਖਾਂ ਵਿੱਚ ਲਿਖੀਆਂ ਹਨ। ਜਗਤਾਰ ਢਾਅ (ਪਿੰਡ ਵਾਲਾ ਘਰ), ਗੁਰਦੇਵ ਚੌਹਾਨ (ਮੇਰਾ ਘਰ), ਸਰੂਪ ਸਿਆਲਵੀ (ਬਾਸੂ ਘਰ), ਸੁਰਿੰਦਰ ਗੀਤ (ਸਾਡਾ ਘਰ ਉਦੋਂ ਤੇ ਹੁਣ), ਪ੍ਰਕਾਸ਼ ਸੋਹਲ (ਮੇਰਾ ਪਹਿਲਾ ਘਰ), ਅੰਬਰੀਸ਼ (ਵਿਸਰੇ ਸ਼ਬਦਾਂ ਨੂੰ ਯਾਦ ਕਰਨ ਦਾ ਯਤਨ), ਹਰਮਹਿੰਦਰ ਚਹਿਲ (ਗਲੀ ਦੇ ਅਖ਼ੀਰ ਤੇ ਪਿੰਡ ਵਾਲਾ ਘਰ), ਕੁਲਬੀਰ ਬਡੇਸਰੋਂ (ਕਿਹੜਾ ਆਪਣਾ ਘਰ ), ਸੁਰਿੰਦਰ ਨੀਰ (ਮੇਰੇ ਪਿੰਡ ਵਾਲਾ ਘਰ), ਦਰਸ਼ਨ ਜੋਗਾ (ਸ਼ਬਦ ਮੋਹ ਮੁਹੱਬਤ ਦਾ ਬੀਜ- ਘਰ), ਪਵਨ ਪਰਿੰਦਾ (ਮੇਰੀ ਜੰਨਤ ਪਿੰਡ ਵਾਲਾ ਘਰ), ਵਿਸ਼ਾਲ (ਬੈਠਾ ਰਹਿੰਦਾ ਪਿੰਡ ਵਾਲਾ ਘਰ), ਭਗਵੰਤ ਰਸੂਲਪੁਰੀ (ਮਨ ਮਸਤਕ 'ਚ ਜੰਮਿਆ ਪੁਰਖਿਆ ਦਾ ਘਰ), ਗੁਰਸੇਵਕ ਲੰਬੀ (ਪਿੰਡ ਵਾਲਾ ਘਰ), ਸਤਪਾਲ ਭੀਖੀ (ਮੇਰੇ ਅੰਦਰ ਕੱਚੇ ਘਰ ਦੀ ਖੁਸ਼ਬੂ ਹੈ), ਕੁਮਾਰ ਜਗਦੇਵ ਸਿੰਘ (ਪਿੰਡ ਵਾਲੇ ਘਰ ਨਾਲ ਮੇਰੀ ਪਹਿਲੀ ਮੁਲਾਕਾਤ), ਦੀਪ ਦੇਵਿੰਦਰ ਸਿੰਘ (ਤਲਵਾਰ ਵਰਗਾ ਘਰ), ਪਰਗਟ ਸਿੰਘ ਸਤੌਜ (ਮੇਰੇ ਅੰਦਰ ਵਸਦਾ ਘਰ), ਰਵੀ ਸ਼ੇਰਗਿੱਲ (ਉਹ ਘਰ ਕਦੇ ਨਹੀਂ ਵਿਸਰਿਆ) ਅਤੇ ਸਿਮਰਨ ਧਾਲੀਵਾਲ (ਵਿੱਕ ਗਿਆ ਘਰ) ਲੇਖਕਾਂ ਨੇ ਘਰ ਦੇ ਪ੍ਰਸੰਗ ਵਿੱਚ ਆਪਣੇ ਅਨੁਭਵ ਅਤੇ ਕੌੜੀਆਂ, ਮਿੱਠੀਆਂ ਤੇ ਮਨ ਨੂੰ ਵਚਿਲਤ ਕਰਨ ਵਾਲੀਆਂ ਯਾਦਾਂ ਲਿਖੀਆਂ ਹਨ। ਉਹ ਲਿਖਤਾਂ ਮਨ ਨੂੰ ਵਧੇਰੇ ਟੁੰਬਦੀਆਂ ਹਨ ਜਿਨ੍ਹਾਂ ਲੇਖਕਾਂ ਦੇ ਮਾਪੇ ਅਤਿ ਦੀ ਗਰੀਬੀ ਵਿੱਚ ਕੱਚੇ ਤੇ ਸਧਾਰਨ ਘਰਾਂ ਵਿੱਚ ਰਹਿ ਕੇ ਜੀਵਨ ਵਿੱਚ ਸੰਘਰਸ਼ ਕਰਦੇ ਰਹੇ ਅਤੇ ਉਨ੍ਹਾਂ ਦੇ ਬੱਚੇ ਪੜ੍ਹ ਲਿਖ ਕੇ ਨੌਕਰੀਆਂ ਉੱਤੇ ਜਾ ਲੱਗੇ ਅਤੇ ਉਨ੍ਹਾਂ ਨੇ ਆਲੀਸ਼ਾਨ ਘਰ ਬਣਾ ਲਏ ਪਰ ਉਨ੍ਹਾਂ ਦੇ ਅਵਚੇਤਨ ਵਿੱਚ ਉਹ ਸਹੂਲਤਾਂ ਤੋਂ ਸੱਖਣੇ ਘਰ ਵਸੇ ਹੋਏ ਸਨ। ਸਭ ਤੋਂ ਵੱਧ ਸਤਪਾਲ ਭੀਖੀ ਦੇ ਲੇਖ ਨੇ ਟੁੰਬਿਆ ਕਿਵੇਂ ਉਹ ਆਪਣੇ ਮਾਂ ਬਾਪ ਨਾਲ ਇਕ ਝੁੱਗੀ ਵਰਗੇ ਘਰ ਵਿੱਚ ਰਿਹਾ ਤੇ ਕਿਵੇਂ ਉਨ੍ਹਾਂ ਦੀ ਝੁੱਗੀ ਤਬਾਹ ਹੁੰਦੀ ਰਹੀ ਤੇ ਕਿਵੇਂ ਉਹ ਆਪਣਾ ਜੀਵਨ ਬਹੁਤ ਥੋੜ੍ਹੇ ਸਾਧਨਾ ਨਾਲ ਜਿਉਂਦੇ ਰਹੇ। ਇਸ ਅੰਕ ਵਿੱਚ ਗੁਰਸੇਵਕ ਲੰਬੀ, ਸੁਰਿੰਦਰ ਗੀਤ, ਕੁਲਬੀਰ ਬਡੇਸਰੋਂ ਤੇ ਇਕ ਦੋ ਹੋਰ ਲੇਖਾਂ ਨੇ ਮੈਨੂੰ ਆਪਣੇ ਨਾਲ ਤੋਰ ਲਿਆ। ਮੈਂ ਆਪਣੇ ਲੇਖ ਬਾਰੇ ਕੁਝ ਨਹੀਂ ਕਹਿਣਾ। ਇਨ੍ਹਾਂ ਲਿਖਾਰੀਆਂ ਦਾ ਜੀਵਨ ਸੱਚ ਮੁੱਚ ਸਿੱਧਾ ਪੱਧਰਾ ਨਹੀਂ ਸੀ। ਇਹ ਅੰਕ ਰੌਚਿਕ ਹੈ ਅਤੇ ਜਦੋਂ ਪਾਠਕ ਇਹਨੂੰ ਪੜ੍ਹਨਾ ਸ਼ੁਰੂ ਕਰ ਦੇਵੇ ਤਾਂ ਸਾਰਾ ਖਤਮ ਕਰਕੇ ਹੀ ਛੱਡੇਗਾ। ਨਹੀਂ ਤਾਂ ਮੇਰੇ ਵਰਗੇ ਪਾਠਕ ਵੱਡ ਅਕਾਰੀ ਪਰਚਿਆਂ ਵਿੱਚੋਂ ਦੋ ਚਾਰ ਲਿਖਤਾਂ ਨੂੰ ਪੜ੍ਹ ਕੇ ਇਕ ਪਾਸੇ ਰੱਖ ਦਿੰਦਾ ਹੈ। ਸ਼ਬਦ ਨੇ ਇਹ ਧਾਰਨਾ ਤੇ ਵੀ ਮੋਹਰ ਲਗਾ ਦਿੱਤੀ ਹੈ ਕਿ ਚੰਗਾ ਸਾਹਿਤ ਹਮੇਸ਼ਾ ਰੱਦੀ ਕਾਗਜ਼ ਉੱਤੇ ਛਪਦਾ ਹੈ। 'ਸ਼ਬਦ' ਨੇ ਮਿਆਰੀ ਸਾਹਿਤਕ ਮੈਟਰ ਛਾਪਣ ਦੀ ਆਪਣੀ ਪ੍ਰੰਪਰਾ ਕਾਇਮ ਰੱਖੀ ਹੈ। ਇਹਦੇ ਪਿੱਛੇ ਸੰਪਾਦਕੀ ਸੂਝ ਝਲਕਦੀ ਹੈ। ਮੈਂ ਹਰ ਪੰਜਾਬੀ ਪਾਠਕ ਨੂੰ ਸ਼ਬਦ ਦਾ ਇਹ ਅੰਕ ਪੜ੍ਹਨ ਦੀ ਅਪੀਲ ਕਰਦਾ ਹਾਂ। ਸ਼ਬਦ ਮੰਗਵਾਉਣ ਲਈ ਸੰਪਰਕ ਸੂਤਰ-ਸੰਪਾਦਕ ਸ਼ਬਦ, 984 ਰਾਜਪੂਤ ਨਗਰ, ਨਜ਼ਦੀਕ ਸੁਰਿੰਦਰ ਵੈਲਡਿੰਗ ਵਰਕਸ, ਮਾਡਲ ਹਾਊਸ, ਜਲੰਧਰ-144003, ਮੁਬਾਇਲ 98148-03254, ਰਚਨਾਵਾਂ ਭੇਜਣ ਲਈ : email: jinder340@gmail.com ਪਰਚੇ ਦੇ ਮੁੱਖ ਸੰਪਾਦਕ : ਹਰਜੀਤ ਅਟਵਾਲ ਤੇ ਸੰਪਾਦਕ ਜਿੰਦਰ ਹਨ।

## ਮੰਤਵ : ਸਤੰਬਰ-ਦਸੰਬਰ, 2026

ਮੰਤਵ ਦਾ ਨਵਾਂ ਅੰਕ ਛਪ ਗਿਆ ਹੈ। ਸ਼ੁਰੂ ਵਿੱਚ ਸੰਪਾਦਕੀ ਟਿੱਪਣੀਆਂ ਛਪੀਆਂ ਹਨ। ਹੱਥਲੇ ਅੰਕ ਵਿੱਚ ਗੁਰਮੀਤ ਕੜਿਆਲਵੀ (ਪਿੰਜਰਾ), ਤ੍ਰਿਪਤਾ ਕੇ ਸਿੰਘ (ਖ਼ਰਾ ਸੋਨਾ), ਸੁਰਿੰਦਰ ਕੁਮਾਰ ਬਿਰਹਾ (ਲਾਕਰ), ਹਰੀਸ਼ (ਮੋਹ ਦੀ ਤੰਦ) ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਨਾਲ ਜੈਕ ਲੰਡਨ (ਮਾਸ ਦਾ ਟੁੱਕੜਾ) ਤੇ ਅਫ਼ਰਾ ਬੁਖ਼ਾਰੀ (ਤਿਣਕੇ ਦਾ ਸਹਾਰਾ) ਅਨੁਵਾਦ ਕਹਾਣੀਆਂ ਛਪੀਆਂ ਹਨ। ਬਲਦੇਵ ਸਿੰਘ (ਵਿਕਸਤ ਹੋ ਰਹੇ ਭਾਰਤ ਦੇ ਮੱਥੇ ਦਾ ਦਾਗ਼), ਪਾਲ ਕੌਰ (ਧੂਣੀ ਧੁਖ਼ੇ ਫ਼ਕੀਰ ਦੀ, ਰੱਬ ਵੱਸੇ ਦਿਲ ਮਾਹਿ) ਲੇਖ ਛਪੇ ਹਨ। ਅਮਰਜੀਤ ਗਰੇਵਾਲ ਦਾ ਨਾਟਕ 'ਉੱਡਦਾ ਰੁੱਖ' ਹੈ ਤੇ ਦੇਵ 'ਤੇ ਲੇਖ ਤੇ ਉਹਦੀਆਂ ਕਵਿਤਾਵਾਂ ਹਨ। ਕਵਿਤਾ ਭਾਗ ਵਿੱਚ ਹਰਜਿੰਦਰ, ਮੋਹਣ ਮਤਿਆਲਵੀ, ਗੁਰਿੰਦਰ ਕਲਸੀ, ਪਾਲ ਗੁਰਦਾਸਪੁਰੀ, ਅਨੁਜੀਤ ਇਕਬਾਲ, ਅਮਰਜੀਤ ਕੌਂਕੇ, ਮਲਵਿੰਦਰ, ਸ਼ੇਖ਼ਰ, ਹਰਦੀਪ ਸਭਰਵਾਲ, ਤ੍ਰੈਲੋਚਨ ਲੋਚੀ ਦੀ ਸ਼ਾਇਰੀ ਹੈ। ਰਾਜਸਥਾਨੀ, ਮਲਿਆਲਮ, ਇਰਾਕੀ, ਉੜੀਆ ਤੇ ਹਿੰਦੀ ਕਵਿਤਾਵਾਂ ਛਪੀਆਂ ਹਨ। ਡਾ. ਕ੍ਰਿਸ਼ਨ ਕੁਮਾਰ ਰੱਤੂ, ਧਰਵਿੰਦਰ ਔਲਖ ਤੇ ਡਾ. ਮਨਦੀਪ ਕੌਰ ਰਾਏ ਦੇ ਲੇਖ ਦੇ ਨਾਲ ਅਲਫ਼ਾਜ਼ ਦਾ ਅਤਰਜੀਤ ਬਾਰੇ ਨਿੱਕਾ ਜਿਹਾ ਲੇਖ ਹੈ। ਜਸਵੀਰ ਰਾਣਾ ਦੀ ਹਰਕੀਰਤ ਹੀਰ ਵੱਲੋਂ ਕੀਤੀ ਮੁਲਾਕਾਤ ਦੇ ਨਾਲ ਕੁਲਦੀਪ ਸਿੰਘ ਬੇਦੀ, ਮਨਦੀਪ ਰਿੰਪੀ, ਹਰਲੀਨ ਸੋਨਾ ਨੇ ਕਿਤਾਬਾਂ ਬਾਰੇ ਜਾਣਕਾਰੀ ਦਿੱਤੀ ਹੈ। ਮੰਤਵ: ਸੰਪਾਦਕ ਵਿਸ਼ਾਲ (99884-23237), ਪਿੰਡ ਤੇ ਡਾਕ ਘਰ ਬਿਆਸ, ਜ਼ਿਲ੍ਹਾ ਅੰਮ੍ਰਿਤਸਰ




## ਤਰਕਸ਼ੀਲ : ਜੁਲਾਈ-ਅਗਸਤ, 2026

'ਤਰਕਸ਼ੀਲ' ਦੇ ਮੁੱਖ ਸੰਪਾਦਕ ਰਾਜਪਾਲ ਸਿੰਘ ਹਨ। ਪਰਚੇ ਵਿੱਚ ਵਿਗਿਆਨਕ, ਅਗਾਹਵਧੂ ਲਿਖਤਾਂ ਪ੍ਰਕਾਸ਼ਤ ਹੁੰਦੀਆਂ ਹਨ। ਹੱਥਲੇ ਅੰਕ ਵਿੱਚ ਫੈਜ਼ਾਨ ਮੁਸਤਫ਼ਾ (ਪੰਜਾਬ ਵਿਚਲਾ ਬੇਅਦਬੀ ਕਾਨੂੰਨ), ਰਾਜਪਾਲ ਸਿੰਘ (ਮਨੁੱਖ ਦੇ ਵਸਤਰ),ਗੁਰਬਖਸ਼ ਸਿੰਘ (ਜਿੱਦੀ ਸਾਧੂ), ਪ੍ਰੇਮਜੀਤ (ਐੱਲ ਨੀਨੋ), ਗਰੇਟ ਨਿਕੋਬਾਰ ਪ੍ਰੋਜੈਕਟ, ਸੁਖਮੰਦਰ ਸਿੰਘ ਤੂਰ (ਅਣਸੁਲਝੇ ਭੇਦ), ਡੇਂਗੂ ਬੁਖਾਰ, ਨੌਜੁਆਨ ਦਾ ਭੂਤ, ਇਸ ਮਹੀਨੇ ਦੇ ਵਿਗਿਆਨੀ, ਰਾਮ ਸਵਰਨ ਲੱਖੇਵਾਲੀ ਦਾ ਲੇਖ, ਸ਼ੰਭੂ ਸ਼ਰਨ ਸਤਿਆਰਥੀ (ਮੰਗਲੀਕ ਦੋਸ਼), ਗੋਹ ਬਨਾਮ ਚੰਨਣਗੀਰੀ ਲਿਖਤਾਂ ਪੜ੍ਹਨ ਨੂੰ ਮਿਲਦੀਆਂ ਹਨ। ਜਲ ਧਾਰਾ (ਰਾਮ ਸਿੰਘ ਨਿਰਮਾਣ) ਦਿਲਚਸਪ ਹੈ। ਅਵਤਾਰ ਗੋਂਦਰਾ ਦਾ ਲੇਖ 'ਸੰਕਲਪਾਂ ਦੀ ਗਲਤ ਵਿਆਖਿਆ' ਤੋਂ ਇਲਾਵਾਂ ਬੱਚਿਆਂ ਨੂੰ ਚੇਤਨ ਕਰਨ ਵਾਲੀ ਸਮੱਗਰੀ ਵੀ ਅੰਕ ਵਿੱਚ ਛਪੀ ਹੈ। ਤਕਰਸ਼ੀਲ ਮੰਗਵਾਉਣ ਲਈ ਮੁੱਖ ਪ੍ਰਬੰਧਕ ਸੁਖਵਿੰਦਰ ਬਾਗਪੁਰ (94174-27538) ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# ਜਗਦੇਵ ਸ਼ਰਮਾ ਬੁਗਰਾ ਦੀਆਂ ਮਿੰਨੀ ਕਹਾਣੀਆਂ

## ਸੱਚਾ ਧਾਮ

ਕੌਣ ਕਹਿੰਦਾ ਹੈ ਕਿ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਰਵਣ ਪੁੱਤਰ ਨਹੀਂ ਜੰਮਦੇ? ਜਗਦੀਪ ਤਿੰਨ ਕੁ ਮਹੀਨਿਆਂ ਦਾ ਹੀ ਹੋਵੇਗਾ, ਜਦੋਂ ਉਸ ਦੀ ਮਾਂ ਸੀਤੋ ਖੇਤਾਂ ਵਿੱਚ ਮਜ਼ਦੂਰੀ ਕਰਨ ਜਾਣ ਵੇਲੇ ਜਗਦੀਪ ਨੂੰ ਨਾਲ ਲੈ ਕੇ ਜਾਂਦੀ। ਆਪਣੀ ਚੁੰਨੀ ਵਿੱਚ ਜਗਦੀਪ ਨੂੰ ਪਾ ਕੇ, ਬਿੱਲੀ ਕੁੱਤੇ ਤੋਂ ਬਚਾਅ ਲਈ ਉਹ ਚੁੰਨੀ ਦੇ ਦੋਵੇਂ ਲੜ ਟਾਹਲੀ ਦੇ ਉੱਚੇ ਟਾਹਣੇ ਨਾਲ ਬੰਨ੍ਹ ਦਿੰਦੀ ਅਤੇ ਆਪ ਸਾਰਾ-ਸਾਰਾ ਦਿਨ ਸਾਥਣ ਮਜ਼ਦੂਰ ਔਰਤਾਂ ਨਾਲ ਝੋਨਾ ਝਾੜਦੀ। ਜਗਦੀਪ ਦਾ ਪਿਤਾ ਗਾਮਾ ਮਜ਼ਦੂਰ ਬੰਦਿਆਂ ਨਾਲ ਝੋਨੇ ਦੀ ਕਟਾਈ ਕਰਦਾ। ਜਦੋਂ ਸਾਰੇ ਮਜ਼ਦੂਰ ਰੋਟੀ, ਚਾਹ-ਪਾਣੀ ਛਕਣ ਲਈ ਬੈਠਦੇ, ਸੀਤੋ ਜਲਦੀ ਵਿਹਲੀ ਹੋ ਕੇ ਜਗਦੀਪ ਨੂੰ ਦੁੱਧ ਚੁੰਘਾ ਆਉਂਦੀ। ਚੁੰਨੀ ਵਿੱਚ ਲਿਪਟਿਆ ਜਗਦੀਪ ਖੇਲ੍ਹਦਾ-ਖੇਲ੍ਹਦਾ ਹੀ ਸੌਂ ਜਾਂਦਾ।

ਛੇ ਕੁ ਸਾਲਾਂ ਦਾ ਹੋ ਕੇ ਜਗਦੀਪ ਸਕੂਲ ਜਾਣ ਲੱਗ ਪਿਆ ਸੀ। ਪੜ੍ਹਾਈ ਵਿੱਚ ਉਹ ਹੁਸ਼ਿਆਰ ਸੀ, ਵਧੀਆ ਨੰਬਰਾਂ ਨਾਲ ਦਸਵੀਂ ਕਰ ਗਿਆ। ਉਸ ਦੇ ਮਾਂ-ਬਾਪ ਦਿਨ-ਰਾਤ ਮਿਹਨਤ-ਮਜ਼ਦੂਰੀ ਕਰਦੇ ਅਤੇ ਜਗਦੀਪ ਨੂੰ ਕਿਸੇ ਕਿਸਮ ਦੀ ਘਾਟ ਮਹਿਸੂਸ ਨਾ ਹੋਣ ਦਿੰਦੇ। ਜਗਦੀਪ ਨੇ ਨੇੜੇ ਦੇ ਕਾਲਜ ਤੋਂ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ ਵੀ ਕਰ ਲਿਆ ਸੀ।

ਵਧੀਆ ਪੜ੍ਹਾਈ ਦੇ ਜ਼ੋਰ ਸਰਕਾਰੀ ਮਹਿਕਮੇ ਵਿੱਚ ਡਰਾਫਟਸਮੈਨ ਦੀ ਨੌਕਰੀ ਮਿਲ ਗਈ। ਮਨਜੀਤ ਦੇ ਰੂਪ ਵਿੱਚ ਪੜ੍ਹੀ-ਲਿਖੀ ਸਰਕਾਰੀ ਨੌਕਰੀ 'ਤੇ ਲੱਗੀ ਹੋਈ ਪਤਨੀ ਮਿਲ ਗਈ। ਹੋਰ ਪੰਜ ਸਾਲਾਂ ਬਾਅਦ ਜਗਦੀਪ ਨੇ ਸ਼ਹਿਰ ਵਿੱਚ ਕੋਠੀ ਬਣਾ ਲਈ ਸੀ।

ਅੱਜ ਕੋਠੀ ਦਾ ਉਦਘਾਟਨ ਸੀ। ਸਾਰੇ ਆਏ-ਗਿਆਂ ਨੂੰ ਵਿਦਾ ਕਰਨ ਤੋਂ ਬਾਅਦ ਜਗਦੀਪ ਆਪਣੇ ਮਾਤਾ-ਪਿਤਾ ਨੂੰ ਇੱਕ ਕਮਰੇ ਅੱਗੇ ਲਿਜਾ ਕੇ ਕਹਿਣ ਲੱਗਿਆ,

'ਤੁਸੀਂ ਦੋਵਾਂ ਨੇ ਮੇਰੀ ਜ਼ਿੰਦਗੀ ਬਣਾਉਣ ਲਈ ਦਿਨ-ਰਾਤ ਮਿਹਨਤ ਕਰਦਿਆਂ ਆਪਣੀ ਜ਼ਿੰਦਗੀ ਗਾਲ ਲਈ ਅਤੇ ਮੈਨੂੰ ਕੋਈ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਹੁਣ ਤੁਹਾਡੀ ਆਰਾਮ ਕਰਨ ਦੀ ਉਮਰ ਹੈ, ਇਸ ਲਈ ਅੱਜ ਤੋਂ ਤੁਹਾਡਾ ਦਿਹਾੜੀ ਜਾਣਾ ਬੰਦ। ਤੁਸੀਂ ਹੁਣ ਮੇਰੇ ਨਾਲ ਰਹੋਗੇ ਇੱਥੇ, ਆਹ ਕਮਰਾ ਹੈ ਤੁਹਾਡਾ।'

ਸਾਰੀਆਂ ਆਧੁਨਿਕ ਸਹੂਲਤਾਂ ਨਾਲ ਲੈਸ ਕਮਰੇ ਦੇ ਬਾਹਰ ਲਿਖਿਆ ਹੋਇਆ ਸੀ, 'ਸੱਚਾ ਧਾਮ'

## ਅੱਕੋ ਮੁੱਕੋ

'ਮੈਮ! ਬੱਸ ਇੱਕ ਆਖਰੀ ਸਵਾਲ, ਤੁਹਾਡਾ ਨਾਂਅ ਬੜਾ ਦੁਰਲੱਭ ਜਿਹਾ ਹੈ, ਅਕਵਿੰਦਰ ਕੌਰ? ਕਿਸ ਨੇ ਅਤੇ ਕਿਵੇਂ ਰੱਖਿਆ ਤੁਹਾਡਾ ਇਹ ਨਾਂਅ?' ਪੱਤਰਕਾਰਾਂ ਦੀ ਭੀੜ ਵਿੱਚੋਂ ਇੱਕ ਪੱਤਰਕਾਰ ਨੇ ਆਈ ਏ ਐੱਸ ਦੇ ਇਮਤਿਹਾਨ ਵਿੱਚੋਂ ਟਾਪਰ ਰਹੀ ਲੜਕੀ ਨੂੰ ਸਵਾਲ ਕੀਤਾ।

'ਹਾਂ, ਇਸ ਨਾਂਅ ਦੇ ਪਿੱਛੇ ਵੀ ਇੱਕ ਕਹਾਣੀ ਹੈ। ਮੇਰੇ ਮਾਪਿਆਂ ਦੇ ਅਸੀਂ ਛੇ ਧੀਆਂ ਹੋਈਆਂ। ਪਹਿਲੀ ਦਾ ਨਾਂਅ ਰੱਖਿਆ ਵੀਰਾਂ, ਦੂਜੀ ਦਾ ਸਿੰਦਰੋ, ਤੀਜੀ ਬੇਅੰਤ, ਚੌਥੀ ਮਾੜੀ, ਮੈਂ ਪੰਜਵੀਂ, ਅੱਕੋ ਅਤੇ ਛੇਵੀਂ ਮੁੱਕੋ ਜੌੜੀਆਂ ਹੋਈਆਂ। ਕੁੜੀਆਂ ਜੰਮਦੀਆਂ ਗਈਆਂ, ਨਾਂਅ ਵਿਗੜਦੇ ਗਏ। ਮੇਰੀਆਂ ਪੰਜੋਂ ਭੈਣਾਂ, ਜਿਹੜੀ ਦਸ ਪੜ੍ਹਿਆ ਕਰੇ, ਮੇਰਾ ਬਾਪ ਵਿਆਹ ਦਿਆ ਕਰੇ। ਮੈਂ ਪੜ੍ਹਨ ਵਿੱਚ ਹੁਸ਼ਿਆਰ ਸੀ, ਮੇਰੇ ਮੁੱਖ ਅਧਿਆਪਕ ਦੀ ਸਲਾਹ ਅਤੇ ਮੇਰੀ ਜ਼ਿੱਦ ਅੱਗੇ ਮੈਨੂੰ ਕਾਲਜ ਦਾਖਲ ਕਰਵਾ ਦਿੱਤਾ ਗਿਆ। ਹਮੇਸ਼ਾ ਫਸਟ ਆਉਣ ਦੇ ਨਾਲ-ਨਾਲ ਮੈਂ ਗਿੱਧੇ ਦੀ ਟੀਮ ਦੀ ਕਪਤਾਨ ਵੀ ਸਾਂ। ਜਦੋਂ ਮੇਰੀ ਟੀਮ ਗਿੱਧਾ ਪਾਉਂਦੀ, ਹਾਲ ਅੱਕੋ! ਅੱਕੋ!! ਦੇ ਨਾਹਰਿਆਂ ਨਾਲ ਗੂੰਜ ਉੱਠਦਾ। ਇੱਕ ਦਿਨ ਸਾਡੀ ਟੀਮ ਦੇ ਕੋਚ ਨੇ ਮੈਨੂੰ ਬਿਨਾਂ ਦੱਸੇ ਹੀ ਅਖਬਾਰ ਵਿੱਚ ਮੇਰਾ ਨਾਂਅ ਅੱਕੋ ਤੋਂ ਬਦਲ ਕੇ ਅਕਵਿੰਦਰ ਕੌਰ ਕਰਨ ਦਾ ਇਸ਼ਤਿਹਾਰ ਦੇ ਦਿੱਤਾ।

ਖ਼ੈਰ! ਮਿਹਨਤ ਕੀਤੀ, ਬੀ ਏ ਕੀਤੀ, ਅਰਥ ਸ਼ਾਸਤਰ ਦੀ ਐੱਮ ਏ ਕੀਤੀ। ਸਖ਼ਤ ਘਾਲਣਾ ਕਰਕੇ ਆਈ ਏ ਐੱਸ ਦਾ ਪੇਪਰ ਦੇ ਦਿੱਤਾ, ਅਤੇ ਨਤੀਜਾ ਤੁਹਾਡੇ ਸਾਹਮਣੇ ਹੈ।

ਹਾਂ! ਅੱਜ ਮੇਰੀ ਦਿਲੀ ਇੱਛਾ ਹੈ ਕਿ ਮੇਰਾ ਉਹ ਨਾਂਅ 'ਅੱਕੋ' ਜਿਸ ਦੇ ਜੰਮਣ 'ਤੇ ਘਰ ਵਿੱਚ ਦਰੀ ਵਿਛ ਗਈ ਸੀ, ਕਿਤੇ ਡੀ ਸੀ ਅਕਵਿੰਦਰ ਕੌਰ ਦੇ ਨਾਂਅ ਥੱਲੇ ਦਬ ਕੇ ਨਾ ਰਹਿ ਜਾਏ।'

ਹੁਣ ਸਿਰਫ ਤਾੜੀਆਂ ਦੀ ਗੜਗੜਾਹਟ ਹੀ ਸੁਣਾਈ ਦੇ ਰਹੀ ਸੀ।

## ਆਪਣਾ ਆਪਣਾ, ਪ੍ਰਾਇਆ ਪ੍ਰਾਇਆ

'ਓਏ ਲੀਲਿਆ! ਆ ਗਿਆਂ? ਗੋਡੇ-ਗੋਡੇ ਦਿਨ ਚੜ੍ਹੇ ਤੋਂ, ਕੱਲ੍ਹ ਕਿਉਂ ਨਈਂ ਆਇਆਂ?' ਘਰ ਦੇ ਮਾਲਕ ਬਿਸ਼ਨੇ ਨੇ ਡੰਗਰਾਂ ਦੀ ਸਾਂਭ-ਸੰਭਾਲ ਲਈ ਪਾਲੀ ਰਲਾਏ 10-11 ਸਾਲ ਦੀ ਉਮਰ ਦੇ ਮੁੰਡੇ ਲੀਲੇ ਨੂੰ ਪੁੱਛਿਆ।

'ਬਾਬਾ, ਬੁਖਾਰ ਹੋ ਗਿਆ ਸੀ ਕੱਲ੍ਹ, ਲੂ ਲੱਗ ਕੇ।'

ਲੀਲੇ ਨੇ ਕੱਲ੍ਹ ਨਾ ਆਉਣ ਦੀ ਮਜਬੂਰੀ ਦੱਸੀ।

'ਚੱਲ ਠੀਕ ਐ, ਲੈ ਜਾ ਖੋਲ੍ਹ ਕੇ ਡੰਗਰ, ਸੂਏ 'ਚ ਨਹਿਲਾ ਲਿਆਈਂ ਸਾਰੇ ਪਸ਼ੂ, ਸਮੇਤ ਮੱਝਾਂ। ਸ਼ਾਮ ਤੱਕ ਸੂਏ 'ਤੇ ਹੀ ਚਾਰ ਲਈਂ।' ਬਿਸ਼ਨੇ ਨੇ ਹੁਕਮ ਚਾੜ੍ਹਿਆ।

'ਬਾਬਾ ਗਰਮੀ ਬਹੁਤ ਐ, ਹਾਲੇ ਕੱਲ੍ਹ ਤਾਂ ਮੈਨੂੰ ਲੂ ਲੱਗ ਕੇ ਬੁਖਾਰ ਹੋ ਕੇ ਹਟਿਐ, ਮੈਂ ਗੁਰੂ ਘਰ ਦੇ ਬਾਹਰ ਬਣੀ ਖੇਲ ਤੋਂ ਪਾਣੀ ਪਿਲਾ ਲਿਆਉਣਾ ਸਾਰੇ ਪਸ਼ੂਆਂ ਨੂੰ। ਮੱਝਾਂ ਤੇ ਕੱਟਰੂਆਂ ਨੂੰ ਨਹਿਲਾ ਵੀ ਲਿਆਊਂ, ਓਥੋਂ ਈ।' ਲੀਲੇ ਨੇ ਮਿੰਨਤ ਕੀਤੀ।

'ਕਿਧਰੇ ਨੀ ਤੇਰਾ ਲੂਣ ਤਿੜਕਦਾ, ਜ਼ਿਆਦਾ ਅਛਣੇ ਪਛਣੇ ਜਿਹੇ ਨਾ ਕਰ, ਸਿੱਧਾ ਹੋ ਕੇ ਡੰਗਰ ਲੈ ਜਾ ਅਤੇ ਜਿਵੇਂ ਮੈਂ ਕਿਹੈ, ਓਵੇਂ ਕਰ।'

ਗਰੀਬ ਮਜਬੂਰ ਲੀਲਾ ਪਸ਼ੂ ਲੈ ਕੇ ਚਲਾ ਗਿਆ ਸੀ।

'ਬਾਬਾ! ਮੈਂ ਖੇਲ੍ਹਣ ਜਾਨਾ ਸਕੂਲ ਵਿੱਚ ਆਪਣੇ ਦੋਸਤਾਂ ਨਾਲ।' ਬਿਸ਼ਨੇ ਦੇ ਪੋਤੇ ਰਣਬੀਰ ਨੇ ਮਨਜ਼ੂਰੀ ਲੈਣ ਦੇ ਮਕਸਦ ਨਾਲ ਪੁੱਛਿਆ।

'ਬੈਠਿਆ ਨਈਂ ਜਾਂਦਾ ਟਿਕ ਕੇ ਏ ਸੀ 'ਚ। ਦਿਖਦਾ ਨਈਂ ਤੈਨੂੰ ਬਾਹਰ ਕਿੰਨੀ ਅੱਗ ਡਿੱਗਦੀ ਐ? ਏਸੇ ਕਰਕੇ ਛੁੱਟੀਆਂ ਕੀਤੀਆਂ ਨੇ ਸਰਕਾਰ ਨੇ, ਬਈ ਧੱਕੇ ਖਾਂਦੇ ਫਿਰੋ, ਸਾੜਨ ਵਾਲੀ ਲੂ ਵਿੱਚ?' ਕਹਿ ਕੇ ਲੀਲੇ ਅਤੇ ਰਣਬੀਰ ਦਾ ਬਾਬਾ ਬਿਸ਼ਨਾ ਖੁਦ ਏ ਸੀ ਵਾਲੇ ਕਮਰੇ ਵਿੱਚ ਜਾ ਵੜਿਆ ਸੀ।

## ਵੱਡ ਵਡੇਰੇ

'ਬੇਬੇ! ਦੋ-ਤਿੰਨ ਦਿਨ ਹੋਗੇ, ਮੇਰੇ ਕੋਲੋਂ ਇੱਕ ਛੋਟੀ ਜਿਹੀ ਗਲ਼ਤੀ ਹੋਗੀ, ਜਿਹੜੀ ਆਪਣੇ ਖੇਤ 'ਚ ਪੰਜ ਕੁ ਇੱਟਾਂ ਜਿਹੀਆਂ ਚਿਣ ਕੇ ਤੈਂ ਵੱਡ-ਵਡੇਰਿਆਂ ਦੀ ਮਟੀ ਜਿਹੀ ਬਣਾਈ ਹੋਈ ਸੀ, ਮੇਰੇ ਕੋਲੋਂ ਟਰੈਕਟਰ ਚਲਾਉਂਦੇ ਤੋਂ ਓਹਦੇ ਵਿੱਚ ਚਉ ਵੱਜਿਆ ਤੇ ਓਹ ਇੱਟਾਂ ਜਿਹੀਆਂ ਖਿੰਡ ਗਈਆਂ।

'ਬੂਹ ਵੇ! ਗੱਡਣ ਜੋਗਿਆ! ਇਹ ਕੀ ਕਰਿਆ ਤੈਂ?, ਏਸੇ ਲਈ ਤਾਂ ਮੱਝ ਕੱਟਰੂ ਨੀ ਪੈਣ ਦਿੰਦੀ, ਦੋ ਦਿਨਾ ਦੀ ਕੱਟੇ ਨੂੰ ਮੋਕ ਲੱਗੀ ਪਈ ਐ, ਵੱਡਾ ਬੁੜ੍ਹਾ ਅੱਡ ਖਊਂ-ਖਊਂ ਕਰੀ ਜਾਂਦੈ। ਜੇਕਰ ਪਿੱਤਰਾਂ ਦੀ ਸੇਵਾ ਨੀ ਕਰਦੇ ਤਾਹੀਂ ਤਾਂ ਤੈਨੂੰ ਕੋਈ ਰਿਸ਼ਤਾ ਨ੍ਹੀ ਸਿਰੇ ਚੜ੍ਹਦਾ। ਆਪਾਂ ਤਾਂ ਬੈਠੇ ਵੀ ਔਂਤ ਦੀ ਢੇਰੀ 'ਚ ਹਾਂ। ਇਨ੍ਹਾਂ ਨੂੰ ਤਾਂ ਮੂਧੇ ਹੋ-ਹੋ ਕੇ ਮੱਥੇ ਟੇਕਣੇ ਪੈਂਦੇ ਨੇ. ਅਖੇ ਦੋ-ਤਿੰਨ ਦਿਨ ਹੋਗੇ, ਦੱਸਦਾ ਤੂੰ ਅੱਜ ਐਂ?'

'ਬੇਬੇ, ਮੈਂ ਡਰ ਗਿਆ ਸੀ ਬਈ ਗਾਲ੍ਹਾਂ ਕੱਢੇਂਗੀ।'

ਘੰਟੇ ਕੁ ਬਾਅਦ ਬੇਬੇ ਨੇ ਇੱਕ ਥਾਲ ਵਿੱਚ ਤੇਲ ਜੋਤ ਧੂਫ ਅਤੇ ਹੋਰ ਨਿੱਕ-ਸੁੱਕ ਜਿਆ ਪਾ ਕੇ ਦਾਰੇ ਨੂੰ ਆਵਾਜ਼ ਮਾਰੀ।

'ਚੱਲ ਵੇ ਦਾਰਿਆ, ਕੱਢ ਮੋਟਰ ਸਾਈਕਲ, ਚੱਲ ਖੇਤ, ਕਰਕੇ ਆਈਏ ਮੰਨ ਮਨੌਤ ਵੱਡ-ਵਡੇਰਿਆਂ ਦੀ।'

ਖਿੰਡੀ ਪਈ ਮਟੀ ਕੋਲ ਬੇਬੇ ਨੂੰ ਬਹਾ ਕੇ ਦਾਰਾ ਆਪ ਖੇਤ ਉੱਤੋਂ ਦੀ ਗੇੜਾ ਦੇਣ ਚਲਿਆ ਗਿਆ। ਜਦੋਂ ਵਾਪਸ ਆਇਆ ਤਾਂ ਦੇਖਿਆ ਕਿ ਉਸ ਦੀ ਬੇਬੇ ਨਵੀਂ ਬਣੀ ਮਟੀ ਕੋਲ ਮੂਧੀ ਪਈ ਸੀ ਅਤੇ ਉਸ ਨੂੰ ਸਾਹ ਔਖਾ ਆ ਰਿਹਾ ਸੀ। ਗੁਆਂਢੀਆਂ ਦੇ ਸੀਰੀ ਨੂੰ ਪਿੱਛੇ ਬਹਾ ਕੇ ਦਾਰਾ ਬੇਬੇ ਨੂੰ ਲੈ ਕੇ ਸਿੱਧਾ ਡਾਕਟਰ ਕੋਲ ਪਹੁੰਚ ਗਿਆ। ਡਾਕਟਰ ਨੇ ਓਹੜ-ਪੋਹੜ ਕੀਤਾ ਅਤੇ ਬੇਬੇ ਸੁਰਤ ਨਾਲ ਹੋ ਗਈ।

'ਡਾਕਟਰ ਸਾਹਿਬ! ਕੀ ਹੋ ਗਿਆ ਸੀ ਸਾਡੀ ਮਾਤਾ ਜੀ ਨੂੰ?' ਦਾਰੇ ਨੇ ਡਾਕਟਰ ਕੋਲੋਂ ਜਾਨਣਾ ਚਾਹਿਆ।

'ਕੁੱਛ ਖਾਸ ਨਹੀਂ, ਤੇਲ ਜਿਹੇ ਦਾ ਧੂੰਆਂ ਇਹਦੇ ਫੇਫੜਿਆਂ ਵਿੱਚ ਪਹੁੰਚ ਗਿਆ ਸੀ, ਜਿਸ ਕਾਰਨ ਇਸ ਦਾ ਸਾਹ ਉੱਖੜ ਗਿਆ ਸੀ। ਮੌਕੇ 'ਤੇ ਸਾਂਭੀ ਗਈ, ਹੁਣ ਖਤਰੇ ਤੋਂ ਬਾਹਰ ਐ, ਤੁਸੀਂ ਇਸ ਨੂੰ ਘਰ ਲਿਜਾ ਸਕਦੇ ਓ।'

'ਮੈਂ ਕਿੱਥੇ ਆਂ? ਕੀ ਹੋ ਗਿਆ ਸੀ ਮੈਨੂੰ??' ਬੇਬੇ ਬੁੜ-ਬੁੜਾਈ।

'ਕੁੱਛ ਨੀ ਬੇਬੇ, ਬੱਸ, ਤੂੰ ਵੀ ਅੱਜ ਵੱਡ-ਵਡੇਰੀ ਬਣਦੀ-ਬਣਦੀ ਰਹਿ'ਗੀ, ਸਾਂਭੀ ਗਈ ਮੌਕੇ ਨਾਲ, ਨਹੀਂ ਤਾਂ ਹੁਣ ਨੂੰ ਤੂੰ ਵੀ ਝਾਂਜਰਾਂ ਪਾ ਕੇ ਕਿਸੇ ਪਿੱਪਲ ਥੱਲੇ ਨੱਚਦੀ ਹੁੰਦੀ।'

'ਖੜ੍ਹ ਜਾ ਵੇ ਤੇਰੇ, ਮਾਂ ਨਾਲ ਮਸਖਰੀਆਂ?' ਪੈਰਾਂ ਵਿੱਚ ਜੁੱਤੀ ਅੜ੍ਹਕਾਉਂਦੀ ਬੇਬੇ ਬੋਲੀ।

## ਕਾਤਲ ਕੌਣ ?

ਸਵਿੱਤਰੀ ਦੇ ਇਕੱਲੇ ਪੁੱਤਰ ਨੂੰ ਚਿੱਟੇ ਨੇ ਨਿਗਲ ਲਿਆ ਸੀ। ਸੋਗ ਮਨਾਉਣ ਆਏ ਲੋਕਾਂ ਵਿੱਚੋਂ ਕੋਈ ਚਿੱਟੇ ਲਈ ਸਰਕਾਰਾਂ ਨੂੰ ਜ਼ੁੰਮੇਵਾਰ ਠਹਿਰਾਅ ਰਿਹਾ ਸੀ, ਕੋਈ ਨਸ਼ੇ ਦੇ ਸੌਦਾਗਰਾਂ ਨੂੰ, ਕੋਈ ਰਾਹੋਂ ਭਟਕੇ ਬੱਚਿਆਂ ਨੂੰ ਅਤੇ ਕੋਈ ਨਸ਼ੇੜੀਆਂ ਦੇ ਪਰਵਾਰਾਂ ਨੂੰ ਇਹਨਾ ਅਣਹੋਣੀਆਂ ਲਈ ਕਸੂਰਵਾਰ ਮੰਨ ਰਿਹਾ ਸੀ। ਅਡੋਲ ਸਵਿੱਤਰੀ ਸਭ ਦੀਆਂ ਸੁਣ ਰਹੀ ਸੀ, ਨਾ ਕੋਈ ਸਵਾਲ, ਜਵਾਬ ਅਤੇ ਨਾ ਹੀ ਉਸ ਨੇ ਅੱਖੀਓਂ ਅੱਥਰੂ ਵਹਾਇਆ।

ਅਗਲੇ ਦਿਨ ਮੂੰਹ ਹਨੇਰੇ ਇਲਾਕੇ ਵਿੱਚ ਚਿੱਟੇ ਦਾ ਧੰਦਾ ਕਰਨ ਵਾਲੇ ਜੈਲੀ ਬਦਮਾਸ਼ ਦੇ ਕਤਲ ਦਾ ਰੌਲਾ ਪੈ ਗਿਆ ਸੀ। ਜੈਲੀ ਨੂੰ ਮੌਤ ਦੇ ਘਾਟ ਉਤਾਰਨ ਵਾਲੀ ਸੀ ਸਵਿੱਤਰੀ। ਸਵਿੱਤਰੀ ਮੌਕਾ ਏ ਵਾਰਦਾਤ ਤੋਂ ਭੱਜੀ ਨਹੀਂ ਸੀ।

ਪੁਲਸ ਆਈ ਅਤੇ ਸਵਿੱਤਰੀ ਨੂੰ ਫੜ ਕੇ ਲੈ ਗਈ। ਅਦਾਲਤ ਵਿੱਚ ਕੇਸ ਚੱਲਿਆ।

'ਆਰਡਰ! ਆਰਡਰ!!' ਜੱਜ ਨੇ ਸਵਿੱਤਰੀ ਨੂੰ ਸੰਬੋਧਨ ਹੁੰਦਿਆਂ ਪੁੱਛਿਆ––

'ਭਾਈ ਤੇਰੇ ਉੱਪਰ ਇਲਜ਼ਾਮ ਹੈ ਕਿ ਤੈਂ ਜੈਲੀ ਦਾ ਕਤਲ ਕੀਤਾ ਹੈ। ਤੂੰ ਇਸ ਬਾਰੇ ਕੁੱਛ ਕਹਿਣਾ ਚਾਹੁੰਦੀ ਹੈਂ?

'ਜੱਜ ਸਾਹਿਬ! ਇਹ ਝੂਠ ਹੈ ਕਿ ਜੈਲੀ ਦਾ ਕਤਲ ਮੈਂ ਕੀਤਾ ਹੈ। ਹਾਂ, ਮੈਂ ਕਾਤਲ ਨੂੰ ਜਾਣਦੀ ਜ਼ਰੂਰ ਹਾਂ।'

'ਹਾਂ! ਹਾਂ!! ਦੱਸੋ, ਕੌਣ ਹੈ ਕਾਤਲ?'

'ਜੱਜ ਸਾਹਿਬ! ਕਾਤਲ ਹੈ, ਇੱਕ ਮਜਬੂਰ ਮਾਂ ਦੀ ਮਮਤਾ।'

ਸਵਿੱਤਰੀ ਦਾ ਜਵਾਬ ਸੁਣ ਕੇ ਅਦਾਲਤ ਵਿੱਚ ਸੰਨਾਟਾ ਛਾ ਗਿਆ ਸੀ।

## ਬਲੈਕੀਏ

ਪਿੰਡ ਵਿੱਚ ਭੁੱਕੀ ਖਾਣ ਵਾਲੇ ਵਾਹਵਾ ਲੋਕ ਸਨ। ਜਦੋਂ ਵੀ ਭੁੱਕੀ ਵੇਚਣ ਵਾਲੇ ਆਉਂਦੇ, ਉਹ ਆਪ ਪਿੰਡ ਵਿਚ ਨਹੀਂ ਵੜਦੇ ਸਨ, ਸਗੋਂ ਸੁਨੇਹੀਏ ਹੱਥ ਸਾਰੇ ਨਸ਼ੇੜੀਆਂ ਨੂੰ ਸੁਨੇਹਾ ਭੇਜ ਦਿੰਦੇ। ਕਦੇ ਸਰਕਾਰੀ ਟਿਊਬਵੈੱਲ 'ਤੇ, ਕਦੇ ਗੱਡੀ ਦੀ ਲਾਈਨ 'ਤੇ, ਕਦੇ ਨਹਿਰੋਂ ਪਾਰ ਦੈੜਾਂ ਵਿੱਚ, ਬਲੈਕੀਏ ਥਾਂ ਬਦਲ-ਬਦਲ ਕੇ ਮਿਲਦੇ। ਅੱਧਾ-ਪੌਣਾ ਘੰਟਾ ਖੂਬ ਤੱਕੜੀ ਵੱਟਾ ਖੜਕਦਾ, ਜੋ ਲੈ ਗਿਆ, ਸੋ ਲੈ ਗਿਆ ਅਤੇ ਜੋ ਰਹਿ ਗਿਆ, ਸੋ ਰਹਿ ਗਿਆ। ਉਸ ਤੋਂ ਬਾਅਦ ਬਲੈਕੀਏ ਇਉਂ ਗਾਇਬ ਹੋ ਜਾਂਦੇ, ਜਿਵੇਂ ਗਧੇ ਦੇ ਸਿਰ ਤੋਂ ਸਿੰਗ।

ਇੱਕ ਦਿਨ ਭੁੱਕੀ ਵੇਚ-ਵੱਟ ਕੇ ਉਹ ਨਾਲ ਦੇ ਪਿੰਡ ਦੀ ਮੋਟਰ 'ਤੇ ਸੁਸਤਾ ਰਹੇ ਸਨ ਕਿ ਪੁਲਸ ਦਾ ਘੇਰਾ ਪੈ ਗਿਆ। ਦੋਵਾਂ ਪਾਸਿਆਂ ਤੋਂ ਗੋਲੀਆਂ ਚੱਲੀਆਂ। ਥੋੜ੍ਹੀ ਦੇਰ ਬਾਅਦ ਨੇੜਲੇ ਪਿੰਡ ਦਾ ਸਰਪੰਚ ਮਹਿਤਾਬ ਸਿੰਘ ਅਤੇ ਇਲਾਕੇ ਦਾ ਸਾਬਕਾ ਐੱਮ ਐੱਲ ਏ ਗੁਰਚੇਤਨ ਸਿੰਘ ਆਪਣੇ ਨਾਲ ਦਿਆਂ ਨੂੰ ਗੋਲੀ ਮਾਰ ਕੇ ਅਤੇ ਹੱਥ ਖੜ੍ਹੇ ਕਰਕੇ ਕੋਠੇ ਤੋਂ ਬਾਹਰ ਆ ਗਏ ਸਨ।

ਅਗਲੇ ਦਿਨ ਅਖ਼ਬਾਰਾਂ ਵਿੱਚ ਸੁਰਖੀ ਸੀ, 'ਸਰਪੰਚ ਅਤੇ ਸਾਬਕਾ ਐੱਮ ਐੱਲ ਏ ਦੇ ਯਤਨਾਂ ਸਦਕਾ ਇਲਾਕੇ ਵਿੱਚੋਂ ਬਲੈਕੀਆਂ ਦਾ ਖਾਤਮਾ।' ਅੱਗੇ ਲਿਖਿਆ ਸੀ, 'ਸਰਕਾਰ ਛੇਤੀ ਹੀ ਸਰਪੰਚ ਅਤੇ ਐੱਮ ਐੱਲ ਏ ਸਾਹਿਬ ਦਾ ਸਨਮਾਨ ਕਰੇਗੀ।'

*ਮੋਬਾ. 98727-87243*

# ਚੇ-ਚੇਤਾ ਪੁਰਾਣੇ ਆਈਆਂ ਦਾ

## ਦੁਖਦਾ ਪੰਨਾ-(9)

### ਨਿੰਦਰ ਘੁਗਿਆਣਵੀ

1991 ਦਾ ਸਮਾਂ ਹੋਏਗਾ, ਜਦ ਬਲਵਿੰਦਰ ਹਾਲੀ, (ਪੰਜਾਬ ਡਾਇਰੀ ਚੈਨਲ ਦੇ ਸੰਚਾਲਕ) ਨੂੰ ਪਹਿਲੀ ਵਾਰ ਮੈਂ ਫਰੀਦਕੋਟ ਦੀਆਂ ਕਚਹਿਰੀਆਂ ਵਿਚ ਮਿਲਿਆ ਸੀ, ਉਦੋਂ ਉਹ ਵਕੀਲ ਅਵਤਾਰ ਗੋਂਦਾਰਾ ਦੇ ਅੱਡੇ ਉਤੇ ਬੈਠ ਕੇ ਸਾਰਾ ਦਿਨ ਟਾਈਪ ਮਸ਼ੀਨ ਉਤੇ ਟਿੱਕ-ਟਿੱਕ ਟਿੱਪ-ਟਿੱਪ ਕਰਦਾ ਖਬਰਾਂ ਲਿਖਦਾ ਹੁੰਦਾ, ਪਿੰਡਾਂ ਵਿੱਚੋਂ ਆਏ ਲੋਕਾਂ ਦੀਆਂ ਦਰਖਾਸਤਾਂ ਟਾਈਪਦਾ ਤੇ ਆਥਣੇ ਸਕੂਟਰ ਉਤੇ ਆਪਣੇ ਪਿੰਡ ਕਿਲਾ ਨੌਂ ਨੂੰ ਪਰਤ ਜਾਂਦਾ, ਤੇ ਸਵੇਰੇ ਵੇਲੇ ਨਾਲ ਹੀ ਆ ਬਹਿੰਦਾ।ਹਸਮੁਖਾ ਸੁਭਾਅ ਤੇ ਜਾਣ-ਪਛਾਣ ਵਾਲੇ ਨੂੰ ਵਿਚ ਵਿਚ ਦੀ ਮਿੱਠੇ-ਮਿੱਠੇ ਮਖੌਲ ਵੀ ਕਰੀ ਜਾਂਦਾ।ਉਦੋਂ ਕੁ ਜਿਹੇ ਹੀ ਮੈਂ 'ਨਵਾਂ ਜਮਾਨਾ' ਅਖਬਾਰ ਦੇ ਉਪ ਸੰਪਾਦਕ ਜਤਿੰਦਰ ਪਨੂੰ ਦੇ ਆਸ਼ੀਰਵਾਦ ਸਦਕਾ 'ਨਵਾਂ ਜਮਾਨਾ' 'ਚ ਉਸਤਾਦ ਯਮਲਾ ਜੀ ਦੇ ਚੇਲਿਆਂ ਦੀਆਂ ਜੀਵਨੀਆਂ ਲਿਖਣ ਲੱਗ ਪਿਆ ਸਾਂ, ਤੇ ਪੱਤਰਕਾਰ ਵਜੋਂ ਗੋਲੇਵਾਲਾ ਤੋਂ ਖਬਰਾਂ ਵੀ ਘੱਲਦਾ ਸਾਂ, ਤੇ ਬਲਵਿੰਦਰ ਹਾਲੀ ਫਰੀਦਕੋਟ ਤੋਂ 'ਨਵਾਂ ਜਮਾਨਾ' ਦੀ ਪੱਤਰਕਾਰੀ ਕਰਦਾ ਸੀ।ਬੜੇ ਸਾਦੇ ਜਿਹੇ ਸਮੇਂ ਸਨ। ਪੱਤਰਕਾਰਾਂ ਦਾ ਜਮਘਟਾ ਨਹੀਂ ਸੀ ਗਿਣਵੇਂ ਚੁਣਵੇਂ ਲੋਕ ਸਨ ਇਸ ਖੇਤਰ ਵਿਚ।ਭਲੇ ਲੋਕ ਸਨ। ਵਕੀਲ, ਮੁਨਸ਼ੀ, ਟਾਈਪਕਾਰੀਏ ਤੇ ਕਚਹਿਰੀ ਨਾਲ ਜੁੜੇ ਲੋਕ ਬੜੇ ਸੁਹਿਰਦ ਸਨ।ਹੌਲੀ ਹੌਲੀ ਹਾਲੀ ਨਾਲ ਮੇਰਾ ਪਰਿਵਾਰਿਕ ਮੋਹ ਬਣ ਗਿਆ। ਮੈਂ ਉਹਦੇ ਸਕੂਟਰ ਮਗਰ ਬਹਿ ਕੇ ਉਹਦੇ ਨਾਲ ਪਿੰਡ ਵੀ ਗਿਆ।ਮਾਂ ਬੜੀ ਚੰਗੀ ਸੀ, ਤੇ ਸਾਰਾ ਪਰਿਵਾਰ ਆਦਰ ਪਿਆਰ ਵਾਲਾ। ਖਾਣ ਪੀਣ ਦਾ ਵੇਲਾ ਹਾਲੇ ਨਹੀਂ ਸੀ ਆਇਆ ਕਿਉਂਕਿ ਸੰਘਰਸ਼ ਦੇ ਦਿਨ ਸਨ ਸਭ ਦੇ। ਹਾਲੀ ਦਾ ਭਰਾ ਲਖਵਿੰਦਰ ਹਾਲੀ ਵੀ ਪਿੰਡ ਹੀ ਰਹਿੰਦਾ ਸੀ, ਇਕੋ ਘਰ ਸੀ।ਹਾਲੀ ਮੇਰੀ ਤੂੰਬੀ ਦੀ 'ਦੱਸ' ਹਰ ਥਾਂ ਪਾ ਦਿਆ ਕਰੇ ਕਿ ਇਹ ਯਮਲੇ ਜੱਟ ਦਾ ਚੇਲਾ ਐ ਨਿੰਦਰ ਸਿੰਘ ਘੁਗਿਆਣਵੀ। ਇਹਦੇ ਪਿੰਡ ਘੁਮਿਆਰ ਬਰਾਦਰੀ ਵੀ ਕਾਫੀ ਹੈ, ਇਕ ਮੁੰਡਾ ਲਿਖਾਰੀ ਧਰਮ ਸਿੰਘ ਵੀ ਸਾਡਾ ਬੇਲੀ ਬਣ ਗਿਆ ਤੇ ਧਰਮ ਦੇ ਵਿਆਹ ਦੇ ਸ਼ਗਨ ਮੌਕੇ ਮੈਂ ਤੂੰਬੀ ਨਾਲ ਧਾਰਮਿਕ ਗੀਤ ਗਾਏ ਤੇ ਹਾਲੀ ਮੇਰੇ ਨਾਲ ਗਿਆ, ਜਦ ਮੈਂ ਤੂੰਬੀ ਟੁਣਕਾ ਕੇ ਹੇਕ ਲਾਈ ਤਾਂ ਸਭ ਤੋਂ ਪਹਿਲਾਂ ਹਾਲੀ ਨੇ ਦਸ ਰੁਪੱਈਏ ਮੇਰੇ ਸਹਮਣੇ ਇਨਾਮ ਸਨਮਾਨ ਵਜੋਂ ਧਰ ਕੇ ਪਹਿਲ ਕਰ ਦਿੱਤੀ ਤੇ ਉਹਨੂੰ ਵੇਖ ਕੇ ਮੇਲੀਆਂ -ਗੇਲੀਆਂ ਨੇ ਦੋ-ਦੋ ਜਾਂ ਪੰਜ-ਪੰਜ ਰੁਪਈਏ ਦੇ ਕੇ ਮੇਰਾ ਮਾਣ ਵਧਾਇਆ।ਮੇਰਾ ਬੜਾ ਹੌਸਲਾ ਬੱਝਾ। ਫਿਰ ਸਾਦਿਕ ਦੇ ਕਹਿੰਦੇ ਕਹਾਉਂਦੇ ਸੇਠਾਂ ਬਾਊ ਵਲੈਤੀ ਰਾਮ ਤੇ ਬਲਦੇਵ ਰਾਜ ਨੇ ਅਗਲੇ ਦਿਨਾਂ ਵਿੱਚ ਦਾਣਾ ਮੰਡੀ ਸਾਦਿਕ ਵਿੱਚ ਸੱਭਿਆਚਾਰਕ ਮੇਲਾ ਕਰਵਾਇਆ, ਲੋਕ ਰੰਗ ਮੰਚ ਨਾਂਅ ਹੇਠ। ਹਾਲੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਣੀ ਸੀ ਤੇ ਮੈਨੂੰ ਵੀ ਉਹ ਨਾਲ ਲੈ ਗਿਆ, ਉਥੇ ਮੈਂ ਉਸਤਾਦ ਜੀ ਦਾ ਗੀਤ ਗਾਇਆ ਤੇ ਬੜਾ ਯਸ਼ ਹੋਇਆ।ਮੇਰੇ ਮਗਰੋਂ ਭਗਵੰਤ ਮਾਨ ਨੇ ਆਪਣੀ ਕਾਮੇਡੀ ਕੀ ਪੇਸ਼ ਕੀਤੀ ਕਿ ਹਿਠਾੜ ਦਾ ਸਾਰਾ ਇਲਾਕਾ ਖੁੱਲ ਖੁੱਲ ਕੇ ਹੱਸਦਾ ਜਾਪਿਆ।ਹਾਲੇ ਵੀ ਚੇਤੇ ਹੈ ਕਿ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਉਸ ਵੇਲੇ ਦੇ ਫਰੀਦਕੋਟ ਦੇ ਐਸ ਪੀ ਹੈਡਕੁਆਰਟਰ ਕੇ ਬੀ ਸਿੰਘ ਸਨ, ਜੋ ਬਾਅਦ ਵਿੱਚ ਪੰਜਾਬ ਦੇ ਕਈ ਗਵਰਨਰਾਂ ਦੇ ਏ ਡੀ ਸੀ ਬਣੇ, ਵਿਸ਼ੇਸ਼ ਮਹਿਮਾਨ ਐਸ ਡੀ ਐਮ ਜਗਮੋਹਨ ਸਿੰਘ ਢਿੱਲੋਂ ਸਨ, ਇਹ ਗੱਲਾਂ 1992 ਦੇ ਏੜ-ਗੇੜ ਦੀਆਂ ਹਨ ਤੇ ਸਦਕੇ ਜਾਵਾਂ ਮੈਂ ਆਪਣੇ ਚੇਤੇ ਦੇ ਕਿ ਮੇਰਾ ਚੇਤਾ ਹਾਲੇ ਜੁਆਨ ਪਿਆ ਹੈ।ਹਾਲੀ ਕਰਕੇ ਮੇਰਾ ਕਚਹਿਰੀ ਵਿਚ ਦਿਲ ਲੱਗਣ ਲੱਗ ਪਿਆ, ਪਰ ਕੀ ਪਤਾ ਸੀ ਕਿ ਕਚਹਿਰੀ ਦੇ ਮੇਰੇ ਇਹ ਦਿਨ ਇਕ ਦਿਨ ਨੂੰ ਸੋਨੇ 'ਤੇ ਸੁਹਾਗਾ ਸਿੱਧ ਹੋਣਗੇ। ਕਹਾਣੀਕਾਰ ਗੁਰਾਂਦਿੱਤਾ ਸਿੰਘ ਤੇ ਸਾਦਿਕ ਦੇ ਪੱਤਰਕਾਰ ਗੁਰਭੇਜ ਸਿੰਘ ਚੌਹਾਨ ਦੇ ਆਖਣ ਉਤੇ ਉਨ੍ਹਾਂ ਦੇ ਨੇੜਲੇ ਰਿਸ਼ਤੇਦਾਰ ਵਕੀਲ ਨਿਰਮਲ ਸਿੰਘ ਬਰਾੜ ਦੁਆਰੇਆਣਾ ਦਾ ਮੈਂ ਮੁਨਸ਼ੀ ਲੱਗ ਗਿਆ ਤੇ ਮੁਨਸ਼ੀਪੁਣਾ ਸਿੱਖਣਾ ਸ਼ੁਰੂ ਕਰਿਆ।ਹੁਣ ਮੈਨੂੰ ਸਾਰੀ ਕਚਹਿਰੀ ਆਪਣੀ-ਆਪਣੀ ਲੱਗਣ ਲੱਗੀ।ਕੁਝ ਦਿਨਾਂ ਵਿਚ ਹੀ ਲੋਕ ਕਵੀ ਸੰਪੂਰਨ ਸਿੰਘ ਝੱਲਾ ਨਾਲ ਹਾਲੀ ਜਾਣ ਪਛਾਣ ਕਰਵਾ ਲਿਆਇਆ, ਜਿਸ ਤੋਂ ਕਚਹਿਰੀ ਵਾਲੇ ਚਾਹ ਪੀਂਦੇ ਤੇ ਸ਼ਾਇਰੀ ਸੁਣਦੇ, ਦੋ ਨੰਬਰ ਗੇਟ ਮੂਹਰੇ ਚਾਹ ਦਾ ਖੋਖਾ ਸੀ ਸ਼ਾਇਰ ਝੱਲੇ ਦਾ। ਹਾਲੀ ਵੱਲ ਦੇਖਕੇ ਮੈਂ ਵੀ ਝੱਲੇ ਨੂੰ 'ਚਾਚਾ' ਆਖਣ ਲੱਗਿਆ।ਉਸਤਾਦ ਯਮਲਾ ਜੀ ਦਾ ਦਿਹਾਂਤ ਦਸੰਬਰ 1991 ਦੇ 20 ਦਸੰਬਰ ਨੂੰ ਹੋਇਆ ਸੀ ਤੇ 1992 ਦੇ ਦਸੰਬਰ ਮਹੀਨੇ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੀ ਪਹਿਲੀ ਬਰਸੀ ਮਨਾ ਰਿਹਾ ਸੀ।ਹਾਲੀ ਨਾਲ ਮੈਂ ਜਲੰਧਰ 'ਜਗ ਬਾਨੀ' ਦੇ ਦਫਤਰ ਪਹਿਲੀ ਵਾਰ ਗਿਆ ਤੇ ਉਸ ਨੇ ਅਖਬਾਰ ਜੇ ਉਪ ਸੰਪਾਦਕ ਮੈਗਜ਼ੀਨ ਕੁਲਦੀਪ ਸਿੰਘ ਬੇਦੀ ਨਾਲ ਜਾਣ ਪਛਾਣ ਕਰਵਾਈ ਤੇ ਆਖਿਆ ਕਿ ਆਹ ਦੇਖੋ ਇਸਦੀ ਯਮਲਾ ਜੀ ਨਾਲ ਫੋਟੋ, ਇਹ ਉਨ੍ਹਾਂ ਦਾ ਚੇਲਾ ਐ ਤੇ ਇਹ ਫੋਟੋ ਲੇਖ ਨਾਲ ਬਰਸੀ ਦੇ ਦਿਨ ਛਾਪ ਦਿਓ। ਬਰਸੀ ਦੇ ਦਿਨ ਮੁੱਖ ਮੈਗਜ਼ੀਨ ਉਤੇ ਮੇਰੀ ਫੋਟੋ ਉਸਤਾਦ ਜੀ ਨਾਲ ਹਾਲੀ ਦੇ ਲੇਖ ਨਾਲ ਛਪੀ ਹੋਈ ਦੇਖ ਕੇ ਉਸਤਾਦ ਜੀ ਦਾ ਪਰਿਵਾਰ ਤੇ ਚੇਲੇ ਬਾਲਕੇ ਬੜੇ ਖੁਸ਼ ਹੋਏ ਤੇ ਮੇਰਾ ਬਰਸੀ ਮੇਲੇ ਵਿੱਚ ਬੜਾ ਇੱਜਤ ਮਾਣ ਵਧਿਆ।ਉਸ ਦਿਨ ਬਾਅਦ ਮੈਂ ਬੇਦੀ ਜੀ ਤੇ ਜਗ ਬਾਣੀ ਗਰੁੱਪ ਨਾਲ ਕਾਲਮ ਲੇਖਕ ਵਜੋਂ ਪੱਕੇ ਤੌਰ ਉਤੇ ਜੁੜ ਗਿਆ, ਇਸ ਦਾ ਸਿਹਰਾ ਵੀ ਹਾਲੀ ਨੂੰ ਜਾਂਦਾ ਹੈ।1994 ਵਿਚ ਮੇਰੀ ਪਹਿਲੀ ਕਿਤਾਬ ਛਪੀ ਤੇ ਇਸੇ ਸਾਲ ਹੀ ਮੈਂ ਵਕੀਲ ਦੇ ਮੁਣਸ਼ੀ ਤੋਂ ਜੱਜ ਦਾ ਅਰਦਲੀ ਬਣ ਗਿਆ, ਤੇ ਬਹੁਤੀ ਡਿਊਟੀ ਸਾਹਬ ਦੇ ਘਰੇ ਹੀ ਹੁੰਦੀ, ਕਦੇ-ਕਦੇ ਕਚਹਿਰੀ ਆਉਂਦਾ ਸਾਹਬ ਦੀ ਦੁਪਹਿਰ ਦੀ ਰੋਟੀ ਲੈ ਕੇ, ਤੇ ਏਨੇ ਕੁ ਸਮੇਂ ਵਿਚੋਂ ਸਮਾਂ ਚੁਰਾ ਕੇ ਹਾਲੀ ਤੇ ਹੋਰ ਦੋਸਤਾਂ ਨੂੰ ਮਿਲਦਾ ਤੇ ਫਿਰ ਸਾਈਕਲ ਸਾਹਬ ਦੀ ਕੋਠੀ ਵੱਲ ਭਜਾ ਲੈਂਦਾ। ਕਈ ਦਿਨ ਪਿੰਡ ਨਾ ਜਾਇਆ ਗਿਆ, ਪਿਤਾ ਜੀ ਤੋਂ ਰਹਿ ਨਾ ਹੋਇਆ ਤੇ ਉਹ ਸਾਹਬ ਦੀ ਕੋਠੀ ਮਿਲਣ ਆ ਗਏ। ਕੋਠੀ ਦੇ ਗੇਟ ਉਤੇ ਖਲੋਤੇ ਸੰਤਰੀ ਨੇ ਆਖਿਆ ਕਿ ਤੇਰਾ ਪਾਪਾ ਮਿਲਣ ਆਇਆ, ਮੈਂ ਸੰਤਰੀ ਨੂੰ ਆਖਿਆ ਕਿ ਮੇਰੇ ਪਾਪਾ ਨੂੰ ਆਖੋ ਕਿ ਉਹ ਵਕੀਲ ਅਵਤਾਰ ਗੋਂਦਾਰਾ ਤੇ ਬਲਵਿੰਦਰ ਹਾਲੀ ਕੋਲ ਕਚਹਿਰੀ ਵਿਚ ਬੈਠ ਜਾਣ, ਮੈਂ ਦੁਪਹਿਰੇ ਸਾਹਬ ਦੀ ਰੋਟੀ ਲੈਕੇ ਆਇਆ ਮਿਲੂੰਗਾ।ਉਡੀਕ ਉਡੀਕ ਕੇ ਮਸਾਂ ਹੀ ਦੁਪਹਿਰ ਆਈ ਤੇ ਮੈਂ ਸਾਹਬ ਦੀ ਰੋਟੀ ਫੜਾਉਣ ਆਇਆ ਪਿਤਾ ਜੀ ਨੂੰ ਮਿਲਿਆ, ਗੋਂਦਾਰਾ ਤੇ ਹਾਲੀ ਵੀ ਬੈਠੇ ਸਨ ਤੇ ਕੁਝ ਹੋਰ ਸੱਜਣ ਵੀ।ਪਿਤਾ ਜੀ ਨੇ ਘੁਟ ਕੇ ਜੱਫੀ ਪਾਈ ਤੇ ਅੱਖਾਂ ਵਿਚੋਂ ਪਰਲ ਪਰਲ ਹੰਝੂ ਵਗ ਪਏ ਤੇ ਆਖਦੇ ਹਨ ਕਿ ਪੁੱਤ, ਬੜੇ ਦਿਨ ਹੋਗੇ ਤੂੰ ਆਇਆ ਨੀ, ਸਾਡਾ ਸਾਰੇ ਟੱਬਰ ਦਾ ਮਨ ਓਦਰਿਆ ਪਿਆ ਸੀ, ਤਾਂ ਈ ਮੈਂ ਆ ਗਿਆ, ਤੇਰੀ ਬੀਬੀ ਵੀ ਨਾਲ ਆਉਂਦੀ ਸੀ, ਰੋਂਦੀ ਸੀ।

ਇਹ ਬੋਲ ਸੁਣ ਅਵਤਾਰ ਗੋਂਦਾਰਾ ਜੀ ਬੋਲੇ, 'ਬਾਊ ਰੋਸ਼ਨ ਲਾਲ ਜੀ, ਤੁਸੀਂ ਇਹਦਾ ਫਿਕਰ ਨਾ ਕਰੋ, ਇਹ ਬੜੀ ਤਰੱਕੀ ਕਰੂੰਗਾ ਤੇ ਕਿਸੇ ਦਿਨ ਨੂੰ ਲਾਲ ਬੱਤੀ ਵਾਲੀ ਗੱਡੀ ਉਤੇ ਥੋਡੇ ਕੋਲ ਆਇਆ ਕਰੂਗਾ।' (ਗੋਂਦਾਰਾ ਜੀ ਦੇ ਇਹ ਬੋਲ ਨਾ ਪਿਤਾ ਜੀ ਨੇ ਮਰਦੇ ਦਮ ਤੀਕ ਭੁੱਲੇ ਤੇ ਨਾ ਮੈਂ ਭੁੱਲਣੇ ਹਨ, ਅਜਕਲ ਗੋਂਦਾਰਾ ਜੀ ਅਮਰੀਕਾ ਨਿਵਾਸੀ ਹਨ)। ਸੱਚਮੁੱਚ ਜਦ ਕੁਝ ਥਾਈਂ ਪੋਸਟਿੰਗ ਸਮੇਂ ਬੱਤੀ ਵਾਲੀ ਗੱਡੀ ਮਿਲੀ ਤੇ ਵਿਛੜਿਆ ਬਾਪ ਤੇ ਪਰਦੇਸ ਬੈਠਾ ਗੋਂਦਾਰਾ ਜੀ ਬੜੇ ਯਾਦ ਆਏ। 1995 ਦਾ ਵੇਲਾ ਸੀ ਕਿ ਗੋਂਦਾਰਾ ਜੀ ਕੋਲ ਇਕ ਮੁਣਸ਼ੀ ਆ ਗਿਆ ਜਸਵੰਤ ਜੱਸ, ਬਿਲਕੁਲ ਛੋਟੂ ਜਿਹਾ ਤੇ ਆਰਾਈਆਂ ਵਾਲੇ ਦੇ ਵਿਰਕਾਂ ਦਾ ਦੋਹਤਾ, ਮੇਹਨਤੀ ਤੇ ਬੜਾ ਹੁਸ਼ਿਆਰ। 1996 ਵਿਚ ਮੈਂ ਕਚਹਿਰੀ ਛੱਡ ਗਿਆ। ਜੱਸ ਨੇ ਮੁਣਸ਼ੀਪੁਣਾ ਕਰਦੇ ਨੇ ਲਾਅ ਕਰ ਲਿਆ ਤੇ ਵਕੀਲ ਬਣ ਗਿਆ। ਹਾਲੀ ਦੀ ਸੰਗਤ ਵਿੱਚ ਪੱਤਰਕਾਰ ਵੀ ਬਣ ਗਿਆ। ਏਨੀ ਸੂਝ ਛੋਟੀ ਉਮਰੇ ਕਿ ਜੱਸ ਦਾ ਕੰਮ ਚਲ ਨਿੱਕਲਿਆ।(ਅਜਕਲ ਇਹ ਪੰਜਾਬੀ ਟ੍ਰਿਬਿਊਨ ਦਾ ਫਰੀਦਕੋਟ ਤੋਂ ਵਿਸ਼ੇਸ਼ ਪ੍ਰਤੀਨਿਧ ਹੈ) ਖੈਰ–––ਕਥਾ ਲੰਮੇਰੀ ਹੋ ਚੱਲੀ।ਕਦੇ ਕਦੇ ਪੁਰਾਣੇ ਦਿਨ ਤਾਜਾ ਕਰਨ ਲਈ ਕਚਹਿਰੀ ਗੇੜਾ ਮਾਰਦਾ ਹਾਂ, ਹਾਲੀ ਤੇ ਜੱਸ ਮਿਲ ਪੈਣ ਤਾਂ ਪੰਸੇਰੀ ਖੂਨ ਵਧ ਜਾਂਦਾ ਹੈ, ਜੋ ਦੋ ਕੁ ਦਿਨਾਂ ਬਾਅਦ ਸੁੱਕ ਜਾਂਦਾ ਹੈ।

**ਸੰਪਰਕ : 94174-21700**

## ਨਜ਼ਮ

ਫੁੱਲ ਬੜੇ ਸੰਵੇਦਨਸ਼ੀਲ ਹੁੰਦੇ ਨੇ
ਤੇ ਮਨਮੋਹਕ ਵੀ।
ਉਹ ਖਿੜ ਕੇ ਮੁਹੱਬਤ ਦਾ ਇਜ਼ਹਾਰ ਕਰਦੇ
ਤੇ ਕੁਮਲਾ ਕੇ ਰੋਸੇ ਤੇ ਗੁੱਸੇ ਦਾ।
ਉਹ ਖਿੜਦੇ ਦਰਸ਼ਨੀ ਵਜੂਦ ਲੈ ਕੇ
ਤੇ ਖੁਸ਼ ਹੁੰਦੇ ਖੁਸ਼ਬੂ ਦੇ ਕੇ।
ਦੂਰੋਂ ਹੀ ਚਮਕ ਪੈਂਦੀਆਂ
ਅੱਖਾਂ ਦੀਆਂ ਪੁਤਲੀਆਂ।
ਨੱਕ ਦੀ ਨੋਕ ਨੇੜੇ ਨੇੜੇ ਢੁਕਦੀ,
ਸੁਗੰਧ ਮਾਨਣ ਲਈ।
..........................

ਹੁਣ ਮੋਬਾਈਲ ਦੇ ਜ਼ੂਮ ਕੀਤੇ ਸਕਰੀਨ 'ਤੇ
ਹਰੀਆਂ ਕਚੂਰ ਪੱਤੀਆਂ,
ਵੰਨ-ਸੁਵੰਨੇ ਫੁੱਲ ਤੇ ਖਿੜੀ ਕਲੀ ਦਾ ਹੁਸਨ ਦੇਖ ਕੇ
ਰੱਜ ਆ ਜਾਂਦਾ ਹੈ
ਲੈਨਜ਼ਸ਼ੁਦਾ ਅੱਖਾਂ ਸੇਕ ਕੇ। ਲਹਿਰਾਉਂਦੀਆਂ ਹਵਾਵਾਂ 'ਚ,
ਨਾਜ਼ੁਕ ਕਲਾਈ ਵਰਗੀਆਂ
ਸ਼ਾਖਾਵਾਂ ਦੇ ਸੰਗੀਤ ਦਾ
ਕੰਨਾਂ ਵਿੱਚ ਰਸ ਘੋਲ ਕੇ।

ਪਰ ਖ਼ਾਲੀ ਪਈ ਨੱਕ ਦੀ ਗਾਗਰ
ਮਹਿਕ ਦੇ ਭਰਨ ਬਿਨਾਂ।
ਸੁੱਕੀਆਂ ਪਈਆਂ ਫੁਲਵਾੜੀਆਂ
ਫੁੱਲਾਂ ਦੇ ਖਿੜਨ ਬਿਨਾਂ।

ਜਦੋਂ ਕਰਦੀ ਹੈ ਨਜ਼ਰ-ਅੰਦਾਜ਼,
ਰਇਅਤ ਇਹਦੀਆਂ ਨਿਆਮਤਾਂ ਨੂੰ।

ਧਾਰਨ ਕਰ ਲੈਂਦੀ ਹੈ ਚੁੱਪ
ਕਿਸੇ ਮਹਾਂਰਿਸ਼ੀ ਵਾਂਗ।
ਕਰ ਲੈਂਦੀ ਹੈ ਜੀਰਾਂਦ
ਕਿਸੇ ਦਰਵੇਸ਼ ਦੀ ਤਰ੍ਹਾਂ।
ਆਪਣਾ ਹੀ ਅੰਦਾਜ਼ ਹੈ,
ਕੁਦਰਤ-ਰਾਣੀ ਦੇ ਰੁੱਸਣ ਦਾ।
..........................
ਇਹ ਬਰਦਾਸ਼ਤ ਨਹੀਂ ਕਰਦੀ
ਆਪਣੇ ਨਜ਼ਾਮ ਵਿੱਚ ਕੋਈ ਅਰਾਜਕਤਾ।
ਬੜੀ ਨਿਰਦਈ ਹੈ ਇਸ ਦੀ ਸ਼ਾਹੀ ਸੈਨਾ,
ਆ ਜਾਂਦੀ ਹੈ ਕਈ ਰੂਪਾਂ 'ਚ ਭੇਸ ਵਟਾ ਕੇ।
ਕਦੇ ਨੱਪ ਲੈਂਦੀ ਸੁੱਤਿਆਂ ਪਿਆਂ ਨੂੰ,
ਸ਼ੂਕਦਾ ਹੜ੍ਹ ਘਰਾਂ ਤੱਕ ਵਹਾ ਕੇ।
ਕਦੇ ਤਾਂਡਵ ਨਚਦੀ ਬੇਕਿਰਕ ਅਗਨੀ,
ਕਦੇ ਭੇਜੇ ਭੂਚਾਲ ਦਾ ਦੈਂਤ ਬਣਾ ਕੇ।
ਕਦੇ ਡੇਗੇ ਬਿਜਲੀ ਕੜ ਕੜ ਕਰਦੀ,
ਕਦੇ ਤੂਫ਼ਾਂ-ਝੱਖੜ ਜ਼ੋਰਾਵਰ ਚਲਾ ਕੇ।

ਆਪਣਾ ਹੀ ਅੰਦਾਜ਼ ਹੈ
ਕੁਦਰਤ ਰਾਣੀ ਦੇ ਗੁੱਸੇ ਹੋਣ ਦਾ।

**- ਡਾ. ਲਾਭ ਸਿੰਘ ਖੀਵਾ**
**ਸੰਪਰਕ : 94171-78487**



## ਸਫ਼ਾ 1 ਦੀ ਬਾਕੀ

### ਬਦਲਾਅ ਲਈ ਸੰਘਰਸ਼ ਕਰੋ...

ਅਸੰਗਠਿਤ ਖੇਤਰਾਂ ਵਿੱਚ ਮਾਲਕ ਦਾ ਕੋਈ ਯੋਗਦਾਨ ਨਹੀਂ ਹੁੰਦਾ। ਇਸ ਲਈ ਇਨ੍ਹਾਂ ਖੇਤਰਾਂ ਦੀ ਸਮਾਜਿਕ ਸੁਰੱਖਿਆ ਲਈ ਪੈਸੇ ਦਾ ਪ੍ਰਬੰਧ ਕਿਵੇਂ ਹੋਵੇਗਾ, ਇਹ ਸਪੱਸ਼ਟ ਕਰਨਾ ਜ਼ਰੂਰੀ ਹੈ, ਪਰ ਨੀਤੀ ਵਿੱਚ ਇਸ ਦਾ ਕੋਈ ਜ਼ਿਕਰ ਨਹੀਂ ਹੈ।

ਇਨ੍ਹਾਂ ਸਾਰੀਆਂ ਵਿਵਸਥਾਵਾਂ ਨੂੰ ਇਕੱਠਾ ਕਰਨ ਦੀ ਤਜਵੀਜ਼ ਅਸਲ ਵਿੱਚ ਅਜਿਹੀ ਵਿਵਸਥਾ ਵੱਲ ਲੈ ਜਾ ਸਕਦੀ ਹੈ, ਜਿਸ ਵਿੱਚ ਸੰਗਠਿਤ ਉਦਯੋਗਾਂ ਵਿੱਚ ਵੀ ਮਾਲਕਾਂ ਦੇ ਯੋਗਦਾਨ ਨੂੰ ਖ਼ਤਮ ਕਰ ਦਿੱਤਾ ਜਾਵੇ। ਇਹ ਇੱਕ ਵੱਡੀ ਤਬਦੀਲੀ ਹੋਵੇਗੀ, ਜਿਸ ਦੀ ਨੀਤੀ ਦੇ ਪਾਠ ਵਿੱਚ ਕੋਈ ਸਪੱਸ਼ਟ ਵਿਆਖਿਆ ਨਹੀਂ ਦਿੱਤੀ ਗਈ। ਮੌਜੂਦਾ ਖਰੜਾ ਨੀਤੀ ਵਿੱਚ ਸਾਰਿਆਂ ਨੂੰ ਸਮਾਜਿਕ ਸੁਰੱਖਿਆ ਕਵਰੇਜ ਦੇਣ ਦਾ ਦਾਅਵਾ ਇੱਕ ਮ੍ਰਿਗਤ੍ਰਿਸ਼ਨਾ ਵਰਗਾ ਹੈ।

ਨਵੀਂ ਨੀਤੀ ਮੂਲ ਤੌਰ 'ਤੇ ਸੰਸਦ ਵੱਲੋਂ ਪਹਿਲਾਂ ਹੀ ਪਾਸ ਕੀਤੀਆਂ ਚਾਰ ਕਿਰਤ ਸੰਹਿਤਾਵਾਂ ਦੇ ਆਲੇ-ਦੁਆਲੇ ਘੁੰਮਦੀ ਹੈ-ਵੇਤਨ ਸੰਹਿਤਾ 2019 ਅਤੇ ਬਾਕੀ ਤਿੰਨ ਸੰਹਿਤਾਵਾਂ 2020 ਵਿੱਚ ਪਾਸ ਕੀਤੀਆਂ ਗਈਆਂ। ਹੁਣ ਇਨ੍ਹਾਂ ਨੂੰ 21 ਨਵੰਬਰ 2025 ਨੂੰ ਭਾਰਤੀ ਕਿਰਤ ਕਾਨਫਰੰਸ ਬੁਲਾਏ ਬਿਨਾਂ ਕਾਹਲੀ ਵਿੱਚ ਨੋਟੀਫਾਈ ਕਰ ਦਿੱਤਾ ਗਿਆ ਹੈ। ਇਨ੍ਹਾਂ ਦੇ ਨਿਯਮ ਵੀ 8 ਅਤੇ 9 ਮਈ 2026 ਨੂੰ ਨੋਟੀਫਾਈ ਕੀਤੇ ਗਏ ਹਨ।

ਕਿਰਤ ਮੰਤਰਾਲਾ ਇੱਕ ਨਿਯਮਕ ਵਜੋਂ ਆਪਣੀ ਭੂਮਿਕਾ ਛੱਡ ਕੇ ਰੁਜ਼ਗਾਰ ਸਹੂਲਤਕਾਰ (ਪ੍ਰੋਵਾਈਡਰ) ਦੀ ਭੂਮਿਕਾ ਅਪਨਾ ਰਿਹਾ ਹੈ। ਨਵੀਂ ਪ੍ਰਸਤਾਵਿਤ ਵਿਵਸਥਾ ਵਿੱਚ ਇੰਸਪੈਕਸ਼ਨ ਪ੍ਰਣਾਲੀ ਨੂੰ ਵੀ ਖ਼ਤਮ ਕੀਤਾ ਜਾਣਾ ਹੈ।

ਬੇਰੁਜ਼ਗਾਰੀ ਅਤੇ ਖਾਲੀ ਪਈਆਂ ਅਸਾਮੀਆਂ

ਅੱਜ ਸਾਡੀ ਨੌਜਵਾਨ ਪੀੜ੍ਹੀ ਬੇਮਿਸਾਲ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੀ ਹੈ। ਲੱਗਭੱਗ ਹਰ ਸਰਕਾਰੀ ਖੇਤਰ/ਵਿਭਾਗ ਵਿੱਚ ਵੱਡੀ ਗਿਣਤੀ ਵਿੱਚ ਅਸਾਮੀਆਂ ਖਾਲੀ ਪਈਆਂ ਹਨ। ਉਦਾਹਰਨ ਵਜੋਂ :

ਸਿੱਖਿਆ : ਕੇਂਦਰੀ ਵਿਦਿਆਲਿਆਂ ਅਤੇ ਨਵੋਦਿਆ ਵਿਦਿਆਲਿਆਂ ਵਿੱਚ 12,000 ਅਸਾਮੀਆਂ ਖਾਲੀ ਹਨ।

ਲੱਗਭੱਗ ਇੱਕ ਲੱਖ ਸਕੂਲ ਸਿਰਫ਼ ਇੱਕ ਅਧਿਆਪਕ ਦੇ ਸਹਾਰੇ ਚੱਲ ਰਹੇ ਹਨ।

ਕੇਂਦਰੀ ਯੂਨੀਵਰਸਿਟੀਆਂ ਵਿੱਚ ਹਰ ਚਾਰ ਅਸਾਮੀਆਂ ਵਿੱਚੋਂ ਇੱਕ ਖਾਲੀ ਹੈ।

ਸੀ ਐੱਸ ਆਈ ਆਰ ਵਿੱਚ ਹਰ ਪੰਜ ਵਿੱਚੋਂ ਦੋ ਅਸਾਮੀਆਂ ਖਾਲੀ ਹਨ।

ਕਮਿਊਨਿਟੀ ਹੈਲਥ ਸੈਂਟਰਾਂ ਵਿੱਚ ਮਾਹਿਰਾਂ ਦੀਆਂ 10 ਵਿੱਚੋਂ 7 ਅਸਾਮੀਆਂ ਖਾਲੀ ਹਨ।

ਚੱਲ ਰਹੇ 20 ਏਮਜ਼ ਵਿੱਚ ਹਰ ਪੰਜ ਵਿੱਚੋਂ ਲੱਗਭੱਗ ਦੋ ਅਸਾਮੀਆਂ ਖਾਲੀ ਹਨ।

ਰੇਲਵੇ ਵਿੱਚ ਵੱਖ-ਵੱਖ ਸ਼੍ਰੇਣੀਆਂ ਦੀਆਂ ਲੱਗਭੱਗ 1.5 ਲੱਖ ਅਸਾਮੀਆਂ ਖਾਲੀ ਹਨ।

ਅਰਧ-ਸੈਨਿਕ ਬਲਾਂ ਵਿੱਚ ਲੱਗਭੱਗ ਇੱਕ ਲੱਖ ਅਸਾਮੀਆਂ ਖਾਲੀ ਹਨ।

ਇਹ ਸੂਚੀ ਅੰਤਹੀਣ ਹੈ। ਇਹ ਅੰਕੜੇ ਨੀਤੀ ਆਯੋਗ ਨਾਲ ਸੰਬੰਧਤ ਹਨ, ਜਿਸ ਨੂੰ ਵੱਖ-ਵੱਖ ਯੋਜਨਾਵਾਂ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਦੂਜੇ ਪਾਸੇ ਕਿਰਤ ਅਤੇ ਰੁਜ਼ਗਾਰ ਮੰਤਰਾਲੇ (ਐੱਮ.ਓ.ਐੱਲ.ਈ) ਦੀ ਅਗਵਾਈ ਵਿੱਚ ਨਿੱਜੀਕਰਨ ਦੀ ਪ੍ਰਕਿਰਿਆ ਤੇਜ਼ ਕੀਤੀ ਜਾ ਰਹੀ ਹੈ।

ਕਈ ਸੂਬਾ ਸਰਕਾਰਾਂ ਕੰਮ ਦੀ ਸ਼ਿਫਟ 8 ਘੰਟਿਆਂ ਤੋਂ ਵਧਾ ਕੇ 12 ਘੰਟੇ ਕਰ ਰਹੀਆਂ ਹਨ। ਫਿਰ ਐੱਮ.ਓ.ਐੱਲ.ਈ ਰੁਜ਼ਗਾਰ ਨੂੰ ਕਿਸ ਤਰ੍ਹਾਂ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ? ਪੁਰਾਣਾ ਐਮਪਲਾਏਮੈਂਟ ਐਕਸਚੇਂਜ ਐਕਟ ਅਤੇ ਖਾਲੀ ਅਸਾਮੀਆਂ ਦੀ ਲਾਜ਼ਮੀ ਸੂਚਨਾ ਨਾਲ ਸੰਬੰਧਤ (ਕੰਪਲਸਰੀ ਨੋਟੀਫਿਕੇਸ਼ਨ ਆਫ ਵੇਕੰਸੀਜ ਐਕਟ, ਜਿਸ ਤਹਿਤ ਮਾਲਕਾਂ ਲਈ ਖਾਲੀ ਅਸਾਮੀਆਂ ਦੀ ਜਾਣਕਾਰੀ ਦੇਣੀ ਲਾਜ਼ਮੀ ਸੀ, ਵੀ ਹੁਣ ਲੱਗਭੱਗ ਨਿਸ਼ਕ੍ਰਿਆ ਹੋ ਚੁੱਕੇ ਹਨ।

**ਮਜ਼ਦੂਰ ਵਰਗ ਸਾਹਮਣੇ ਅੱਗੇ ਦਾ ਰਾਹ**

ਸ਼੍ਰਮ ਸ਼ਕਤੀ ਨੀਤੀ-2025 ਮਾਣ-ਮਰਿਆਦਾ, ਸਮਾਨਤਾ ਅਤੇ ਸਮਾਵੇਸ਼ ਨੂੰ ਕਾਇਮ ਰੱਖਣ ਦਾ ਦਾਅਵਾ ਕਰਦੀ ਹੈ, ਪਰ ਇਸ ਦਾ ਢਾਂਚਾ ਸੱਤਾ ਦੇ ਕੇਂਦਰੀਕਰਨ, ਸੂਬਿਆਂ ਦੇ ਅਧਿਕਾਰਾਂ ਦੇ ਘਾਣ ਅਤੇ ਕਿਰਤ ਨੂੰ ਨੈਤਿਕ ਫ਼ਰਜ਼ ਵਜੋਂ ਪੇਸ਼ ਕਰਨ ਦੀ ਦਿਸ਼ਾ ਵੱਲ ਵਧਦਾ ਹੈ, ਨਾ ਕਿ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਮਾਨਤਾ ਦੇਣ ਵੱਲ। ਇਸ ਦੇ ਐਲਾਨੇ ਉਦੇਸ਼ ਮਿਹਨਤਕਸ਼ ਲੋਕਾਂ ਸਾਹਮਣੇ ਮੌਜੂਦ ਜ਼ਮੀਨੀ ਹਕੀਕਤਾਂ ਨੂੰ ਸੰਬੋਧਿਤ ਨਹੀਂ ਕਰਦੇ।

ਪ੍ਰਾਚੀਨ ਜਾਤੀ-ਆਧਾਰਤ ਦਰਜਾਬੰਦੀਆਂ ਨੂੰ ਨੈਤਿਕ ਆਦਰਸ਼ ਵਜੋਂ ਪੇਸ਼ ਕਰਕੇ ਅਤੇ ਕਿਰਤ ਸੰਹਿਤਾਵਾਂ ਨੂੰ ਇੱਕ ਨਵੀਂ ਦ੍ਰਿਸ਼ਟੀ ਵਜੋਂ ਪੇਸ਼ ਕਰਕੇ ਇਹ ਨੀਤੀ ਨਿਆਂ, ਉਚਿੱਤ ਮਜ਼ਦੂਰੀ ਅਤੇ ਸਮਾਜਿਕ ਸੁਰੱਖਿਆ ਲਈ ਮਜ਼ਦੂਰਾਂ ਦੇ ਇੱਕ ਸਦੀ ਤੋਂ ਵੀ ਵੱਧ ਲੰਮੇ ਸੰਘਰਸ਼ ਨੂੰ ਪਿੱਛੇ ਲਿਜਾਣ ਦੀ ਯੋਜਨਾ ਜਾਪਦੀ ਹੈ।

ਮੂਲ ਰੂਪ ਵਿੱਚ ਨਵੀਂ ਕਿਰਤ ਨੀਤੀ ਮਜ਼ਦੂਰਾਂ ਨੂੰ ਸਸ਼ਕਤ ਕਰਨ ਦੀ ਰੂਪ-ਰੇਖਾ ਘੱਟ ਅਤੇ ਇੱਕ ਵਿਚਾਰਧਾਰਕ ਪ੍ਰੋਜੈਕਟ ਵੱਧ ਦਿਖਾਈ ਦਿੰਦੀ ਹੈ, ਜਿਸ ਦਾ ਮਕਸਦ ਕਿਰਤ ਨੂੰ ਅਧਿਕਾਰ ਵਜੋਂ ਨਹੀਂ, ਸਗੋਂ ਪਵਿੱਤਰ ਫ਼ਰਜ਼ ਵਜੋਂ ਪਰਿਭਾਸ਼ਿਤ ਕਰਨਾ ਹੈ।

ਜ਼ਿਆਦਾਤਰ ਟਰੇਡ ਯੂਨੀਅਨਾਂ ਨੇ ਇਸ ਖਰੜਾ ਨੀਤੀ ਨੂੰ ਰੱਦ ਕਰ ਦਿੱਤਾ ਹੈ ਅਤੇ ਕਿਰਤ ਤੇ ਰੁਜ਼ਗਾਰ ਮੰਤਰਾਲੇ (ਐੱਮ ਓ ਐੱਲ ਈ) ਤੋਂ ਖਰੜਾ ਵਾਪਸ ਲੈਣ ਦੀ ਮੰਗ ਕੀਤੀ ਹੈ। ਨਾਲ ਹੀ ਉਨ੍ਹਾਂ ਨੇ ਲੰਮੇ ਸਮੇਂ ਤੋਂ ਬਕਾਇਆ ਭਾਰਤੀ ਲੇਬਰ ਕਾਨਫਰੰਸ ਬੁਲਾ ਕੇ ਸੰਵਾਦ ਸ਼ੁਰੂ ਕਰਨ ਦੀ ਮੰਗ ਕੀਤੀ ਹੈ।

ਟਰੇਡ ਯੂਨੀਅਨ ਅੰਦੋਲਨ ਲਈ ਔਖੇ ਦਿਨ ਆਉਣ ਵਾਲੇ ਹਨ। ਯੂਨੀਅਨ ਬਣਾਉਣਾ ਅਤੇ ਸੰਘਰਸ਼ ਕਰਨਾ ਹੀ ਉਹ ਰਾਹ ਹੈ, ਜਿਸ ਉੱਤੇ ਸਾਨੂੰ ਅੱਗੇ ਵਧਣਾ ਹੈ। ਇਹ ਸੰਘਰਸ਼ ਵੱਖ-ਵੱਖ ਪੱਧਰਾਂ ਉੱਤੇ ਹੋਣਾ ਚਾਹੀਦਾ ਹੈ-ਆਪਣੀਆਂ ਯੂਨੀਅਨਾਂ ਦੇ ਸੰਘਰਸ਼ ਦੇ ਰੂਪ ਵਿੱਚ, ਕੇਂਦਰੀ ਟਰੇਡ ਯੂਨੀਅਨਾਂ ਦੀਆਂ ਹੋਰ ਵਧੇਰੇ ਇਕਜੁੱਟ ਕਾਰਵਾਈਆਂ ਦੇ ਰੂਪ ਵਿੱਚ ਅਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਅੰਦੋਲਨਾਂ ਨਾਲ ਮਿਲ ਕੇ। ਇਸ ਦੇ ਨਾਲ ਹੀ ਸਮਾਜ ਦੇ ਹੋਰ ਵਰਗਾਂ ਨਾਲ ਵੀ ਏਕਤਾ ਕਾਇਮ ਕਰਨੀ ਹੋਵੇਗੀ।

ਸਾਨੂੰ ਇੱਕ ਬਿਹਤਰ ਭਵਿੱਖ ਲਈ ਬਦਲਾਅ ਲਿਆਉਣ ਦੀ ਕੋਸ਼ਿਸ਼ ਕਰਨੀ ਹੋਵੇਗੀ।

ਮਜ਼ਦੂਰ ਏਕਤਾ-ਜ਼ਿੰਦਾਬਾਦ!

ਮਜ਼ਦੂਰ-ਕਿਸਾਨ ਏਕਤਾ-ਜ਼ਿੰਦਾਬਾਦ!

ਬਦਲਾਅ ਜ਼ਰੂਰੀ ਹੈ!

ਬਦਲਾਅ ਲਈ ਸੰਘਰਸ਼ ਕਰੋ!

(ਸਮਾਪਤ)

## ਸਫ਼ਾ 3 ਦੀ ਬਾਕੀ

### ਸਮਾਜਕ ਸਰੋਕਾਰਾਂ ਦਾ ਮਨੋਵਿਗਿਆਨਕ ਅਧਿਐਨ...

ਬਾਰੇ ਤਾਂ ਉਹ ਭੁੱਲ ਹੀ ਗਈ ਸੀ। ਉਹ ਸਿਰਫ਼ ਪਰਵਾਰ ਲਈ ਤੇ ਘਰ ਦੇ ਸੁੱਖ ਲਈ ਹਰੇਕ ਪ੍ਰਕਾਰ ਦੇ ਯਤਨ ਕਰਦੀ ਰਹੀ।

ਕੁਲਵੰਤ ਸਿੰਘ ਵਿਰਕ ਨੂੰ ਨਿੱਕੀ ਕਹਾਣੀ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਆਮ ਹੋ ਕੇ ਵੀ ਵਿਸ਼ੇਸ਼ ਬਣ ਜਾਂਦੇ ਹਨ। ਕਹਾਣੀ ਵਿਚਲੀ ਤ੍ਰਾਸਦੀ ਦੇ ਕਾਰਨਾਂ ਬਾਰੇ ਵੀ ਜ਼ਿਕਰ ਮਿਲਦਾ ਹੈ। ਰਘਬੀਰ ਮਾਨ ਵੀ ਕਹਾਣੀ ਦੇ ਅੰਤ ਵਿਚ ਕੁਲਵੰਤ ਵਿਰਕ ਵਾਲੇ ਕਲਾਤਮਿਕਤਾ ਨੂੰ ਅਪਨਾ ਕੇ ਕਹਾਣੀ ਦੇ ਅੰਤ ਵਿਚ ਵਿਸਫੋਟ ਕਰਦੇ ਹਨ। ਜਦੋਂ ਚਿੰਤੀ ਅੰਤਾਂ ਦੇ ਅਸਹਿ ਦੁੱਖਾਂ ਵਿੱਚੋਂ ਕੁਰਲਾ ਉੱਠਦੀ ਹੈ ਤੇ ਪਾਥੀਆਂ ਦੇ ਵੰਡਣ ਸਮੇਂ ਲੜਾਈ-ਝਗੜੇ ਦਾ ਬਿਰਤਾਂਤ ਪਾਠਕਾਂ ਨੂੰ ਭਾਵੁਕ ਕਰ ਦਿੰਦਾ ਹੈ। ਚਿੰਤੀ ਕਹਿੰਦੀ ਹੈ :

ਮੇਰੀ ਮੰਨੋ ਤਾਂ ਪਾਥੀਆਂ ਨੂੰ ਏਦਾਂ ਹੀ ਰਹਿਣ ਦਿਓ। ਮੁੱਦਤਾਂ ਤੋਂ ਚੁੱਪ 'ਚ ਗਰਕੀ ਚਿੰਤੀ ਨੇ ਤਿੱਖੀ ਆਵਾਜ਼ ਵਿਚ ਚੁੱਪ ਤੋੜੀ ਤਾਂ ਸਾਰੇ ਤ੍ਰਬਕ ਗਏ। ਉਸ ਵੱਲ ਵੇਖਣ ਲੱਗੇ। ਉਸ ਦੇ ਭਰਵੱਟੇ ਫਰਕਣ ਲੱਗੇ। ਮੱਥਾ ਤਣ ਗਿਆ। ਬੁੱਲ੍ਹ ਕੰਬੇ। 'ਮੇਰੀ ਮਰੀ 'ਤੇ ਸਾਰੀਆਂ ਪਾਥੀਆਂ ਮੇਰੇ ਸਿਵੇ 'ਤੇ ਪਾ ਦਿਓ।'

ਕਹਾਣੀ ਦੇ ਤ੍ਰਾਸਦਿਕ ਪੱਖ 'ਤੇ ਸਮੱਸਿਆਵਾਂ ਵੱਲ ਧਿਆਨ ਦਿਵਾ ਕੇ ਕਹਾਣੀਕਾਰ ਜੀਵਨ ਮੁੱਲਾਂ ਪ੍ਰਤੀ ਸਮਝ ਪ੍ਰਦਾਨ ਕਰਦਾ ਹੋਇਆ ਏਕੇ ਵਿਚਲੀ ਬਰਕਤ ਤੇ ਘਰ ਦੇ ਪਿਆਰ ਦੀ ਹੋਂਦ ਨੂੰ ਬਰਕਰਾਰ ਰੱਖਣਾ ਚਾਹੁੰਦਾ ਹੈ। ਵੰਡੀਆਂ ਘਰ ਦੀਆਂ ਹੋਣ, ਪਿੰਡ ਦੀਆਂ ਹੋਣ, ਰਾਜ ਦੀਆਂ ਹੋਣ ਜਾਂ ਦੇਸ਼ ਦੀਆਂ ਹੋਣ ਖ਼ਤਰਨਾਕ ਸਾਬਤ ਹੁੰਦੀਆਂ ਹਨ। ਇਸ ਲਈ ਸੁਹਿਰਦਤਾ ਹੋਣੀ ਬਹੁਤ ਜ਼ਰੂਰੀ ਹੈ, ਜਿਸ ਨਾਲ ਮਨੁੱਖ ਦਾ ਸਰਬਪੱਖੀ ਵਿਕਾਸ ਹੋ ਸਕੇ। ਵਰਤਮਾਨ ਵਰਤਾਰਿਆਂ ਵਿਚ 'ਇਕੱਲਤਾ' ਭੋਗ ਰਹੇ ਵਿਅਕਤੀਆਂ ਦੇ ਪਿੱਛੇ ਪ੍ਰਮੁੱਖ ਕਾਰਨ ਸਾਂਝੇ ਪਰਵਾਰਾਂ ਦਾ ਟੁੱਟਣਾ ਹੈ ਤੇ ਆਲੇ-ਦੁਆਲੇ ਤੇਜ਼ੀ ਨਾਲ ਆ ਰਹੇ ਬਦਲਾਵ ਹਨ।

ਕਹਾਣੀਕਾਰ ਰਘਬੀਰ ਮਾਨ ਦੀ ਕਹਾਣੀ 'ਵੱਡੇ ਭਾਈ' ਨਵੇਂ ਅਰਥ ਸਿਰਜਦੀ ਹੋਈ ਜਾਤ-ਪ੍ਰਣਾਲੀ ਤੋਂ ਉੱਪਰ ਉੱਠ ਕੇ ਮਾਨਵਤਾ ਦਾ ਪਾਠ ਪੜ੍ਹਾਉਂਦੀ ਹੈ। ਪਿੰਡਾਂ ਵਿਚ ਪ੍ਰਮੁੱਖ ਕਿੱਤਾ ਖੇਤੀਬਾੜੀ ਹੀ ਰਿਹਾ ਹੈ। ਇਸ ਲਈ ਕਿਸਾਨ ਤੇ ਮਜ਼ਦੂਰਾਂ ਵਿਚਲੇ ਸੰਬੰਧ ਪੀੜ੍ਹੀ ਦਰ ਪੀੜ੍ਹੀ ਚੱਲਦੇ ਆ ਰਹੇ ਹਨ, ਭਾਵੇਂ ਕਿ ਬਹੁਤੇ ਕਹਾਣੀਕਾਰਾਂ ਦੁਆਰਾ ਕਿਸਾਨ-ਮਜ਼ਦੂਰ-ਸੰਬੰਧ ਸੌੜੇਪਣ ਵਾਲੇ ਜਾਂ ਸ਼ੋਸ਼ਣ ਵਾਲੇ ਉਜਾਗਰ ਕੀਤੇ ਜਾਂਦੇ ਹਨ, ਪਰ ਕਹਾਣੀਕਾਰ ਨੇ ਕਹਾਣੀ 'ਵੱਡੇ ਭਾਈ' ਵਿਚ ਸਕਾਰਾਤਮਕ ਸੰਬੰਧਾਂ ਦੀ ਬਾਤ ਪਾਈ ਹੈ :

ਮੇਰੇ ਪਿਤਾ ਜੀ ਦੇ ਸਮੇਂ ਤੋਂ ਹੀ ਕੇਹਰੂ ਰਾਮ ਦੇ ਪਰਵਾਰ ਨਾਲ ਸਾਡੀ ਅਪਣੱਤ ਭਰੀ ਸਾਂਝ ਸੀ। ਸਾਡੇ ਪਰਵਾਰ ਨੇ ਹਮੇਸ਼ਾ ਉਨ੍ਹਾਂ ਦੇ ਦੁਖਦੇ-ਸੁਖਦੇ ਵਿਚ ਸਾਥ ਦਿੱਤਾ ਸੀ। ਕੇਹਰੂ ਰਾਮ ਹਮੇਸ਼ਾ ਮੈਨੂੰ 'ਛੋਟੇ ਭਾਈ' ਕਹਿ ਕੇ ਬੁਲਾਉਂਦਾ ਸੀ। ਮੈਂ ਉਸ ਨੂੰ 'ਵੱਡੇ ਭਾਈ' ਕਿਹਾ ਕਰਦਾ ਸਾਂ।

ਕਹਾਣੀਕਾਰ ਮਾਨ ਨੇ ਨਿਮਨ-ਜਾਤੀ ਨਾਲ ਸੰਬੰਧਤ ਕੇਹਰੂ ਰਾਮ ਦੇ 'ਤ੍ਰਾਸਦਿਕ ਨਾਇਕਤਵ' ਨੂੰ ਬਿਆਨ ਕੀਤਾ ਹੈ। ਉਸ ਵਿਚ ਨਿਮਰਤਾ, ਨਿਰਮਾਣਤਾ, ਸੇਵਾ ਭਾਵਨਾ, ਸੱਚਾਈ, ਸੱਚੀ-ਸੁੱਚੀ ਕਿਰਤ ਤੇ ਸਾਫ਼ ਸਫਾਈ ਰੱਖਣ ਦੇ ਵਿਸ਼ੇਸ਼ ਗੁਣ ਸਨ। ਉਹ 'ਸਾਧਨ ਵਿਹੂਣੇ ਨਾਇਕ' ਵਜੋਂ ਹੋਂਦ ਗ੍ਰਹਿਣ ਕਰਦਾ ਹੈ, ਪਰ ਆਪਣੀ ਨਿਮਰਤਾ ਨਾਲ ਚੰਗੇ ਸੁਹਿਰਦ ਇਨਸਾਨ ਵਜੋਂ ਜਾਣਿਆ ਜਾਂਦਾ ਸੀ। ਉਹ ਰਿਜ਼ਕ ਦੀ ਕਦਰ ਕਰਨ ਵਾਲਾ ਇਨਸਾਨ ਸੀ :

ਇਹ ਰਿਜ਼ਕ ਆ। ਪੈਰਾਂ 'ਚ ਨ੍ਹੀਂ ਰੁਲਣਾ ਚਾਹੀਦਾ। ਜਿਹਨੇ ਮੁੜ੍ਹਕਾ ਬਹਾਇਆ ਹੁੰਦਾ, ਉਹਨੂੰ ਦਰਦ ਹੁੰਦਾ। ਕਿਰਤ ਨੂੰ ਆਪਣਾ ਧਰਮ ਸਮਝਦਾ। ਕਿਰਤੀ ਮੁੰਡਿਆਂ ਦੀ ਬਹੁਤ ਇੱਜ਼ਤ ਕਰਦਾ।

ਕੇਹਰੂ ਰਾਮ ਭਾਵੇਂ ਆਰਥਿਕ ਸਾਧਨਾਂ ਤੋਂ ਵਿਹੂਣਾ ਸੀ ਅਤੇ ਘਰ ਦਾ ਗੁਜ਼ਾਰਾ ਹੀ ਚੱਲਦਾ ਸੀ, ਪਰ ਉਸ ਵਿਚ ਸੇਵਾ-ਭਾਵਨਾ ਦਾ ਗੁਣ ਸਦਾ ਕਾਇਮ ਰਿਹਾ। ਉਹ ਗੁਰਪੁਰਬ ਤੋਂ ਪਹਿਲਾਂ ਬਹੁਤ ਸ਼ਰਧਾ ਨਾਲ ਗੁਰਦੁਆਰੇ ਦੇ ਆਲੇ-ਦੁਆਲੇ ਉੱਗਿਆ ਘਾਹ ਜਾਂ ਹੋਰ ਸਾਫ਼-ਸਫਾਈ ਦਾ ਕੰਮ ਬਿਨਾਂ ਪੈਸਿਆਂ ਦੇ ਅਤੇ ਬਿਨਾਂ ਕਮੇਟੀ ਦੇ ਕਹਿਣ ਤੋਂ ਕਰਦਾ ਸੀ :

ਭੱਠੀਆਂ ਵਿਚ ਬਾਲਣ ਪਾਉਂਦਾ ਰਹਿੰਦਾ। ਨਾਲ-ਨਾਲ ਭੱਠੀਆਂ ਦੇ ਆਲੇ-ਦੁਆਲੇ ਸਫ਼ਾਈ ਵੀ ਕਰੀ ਜਾਂਦਾ। ਲੰਗਰ ਬਣਾਉਣ ਵਾਲੀ ਸਾਰੀ ਥਾਂ ਦੀ ਉਹ ਬਹੁਤ ਨੀਝ ਨਾਲ ਸਫ਼ਾਈ ਕਰਦਾ। ਉਹ ਹਰੇਕ ਨਾਲ ਮਿਠਾਸ ਨਾਲ ਗੱਲ ਕਰਦਾ। ਉਹਦੇ ਚਿਹਰੇ 'ਤੇ ਮੈਂ ਕਦੀ ਤਿਊੜੀ ਪਾਈ ਨਹੀਂ ਸੀ ਦੇਖੀ।

ਦੀਪ ਤੇ ਹਰਜੀਤ ਦੀ ਲੜਕੀ ਦੇ ਵਿਆਹ ਸਮੇਂ ਵੱਡੇ ਭਾਈ ਕੇਹਰੂ ਰਾਮ ਨੇ ਆਪਣਾ ਫਰਜ਼ ਸਮਝਦੇ ਹੋਏ ਖੇਤਾਂ ਤੇ ਘਰ ਦਾ ਸਾਰਾ ਕੰਮ ਸੰਭਾਲ ਲਿਆ। ਉਸ ਨੇ ਹਰ ਕਾਰਜ ਵਿਚ ਦੀਪ ਦਾ ਸਾਥ ਦਿੱਤਾ ਤੇ ਆਪਣੇ ਵੱਲੋਂ ਲੜਕੀ ਲਈ ਸ਼ਗਨ ਤੇ ਸੂਟ ਵੀ। ਗ਼ਰੀਬੀ ਹੋਣ ਦੇ ਬਾਵਜੂਦ ਉਹ ਆਪਣੇ ਫ਼ਰਜ਼ਾਂ ਉੱਤੇ ਖ਼ਰਾ ਉੱਤਰਿਆ, ਪਰ ਸਮੇਂ ਦੀ ਤੇਜ਼ ਰਫ਼ਤਾਰ ਕਾਰਨ ਉਸ ਦੇ ਘਰ ਪਰਵਾਰ ਦੇ ਮੈਂਬਰ ਉਸ ਦੇ ਕਹਿਣੇ ਤੋਂ ਬਾਹਰ ਹੋ ਗਏ। ਉਸ ਦੇ ਤਿੰਨ ਲੜਕੇ ਦੇਬੂ, ਮੇਜਰ ਅਤੇ ਤੇਜ ਰਾਮ ਸਾਰੇ ਨਿਕੰਮੇ ਨਿਕਲੇ ਅਤੇ ਗ਼ਲਤ ਰਸਤਿਆਂ ਉੱਤੇ ਚੱਲ ਕੇ ਸੱਚੀ-ਸੁੱਚੀ ਕਿਰਤ ਕਰਨਾ ਭੁੱਲ ਗਏ :

ਜੇ ਔਲਾਦ ਨਿਕੰਮੀ ਹੋਵੇ ਤਾਂ ਮਾਪਿਆਂ ਦਾ ਬੁਢਾਪਾ ਨਰਕ ਈ ਹੁੰਦਾ।

ਕੇਹਰੂ ਰਾਮ ਸਫ਼ਾਈ ਪਸੰਦ, ਨਿਮਰ, ਸੇਵਾ ਭਾਵਨਾ ਵਾਲਾ ਸੀ, ਪਰ ਆਪਣੇ ਆਖ਼ਰੀ ਸਮੇਂ ਨਰਕ ਭਰੇ ਵਾਤਾਵਰਨ ਵਿਚ ਹੀ ਇਸ ਜਹਾਨੋਂ ਤੁਰ ਗਿਆ। ਇਸ ਦਾ ਦੁੱਖ ਦੀਪ ਤੇ ਉਸ ਦੀ ਪਤਨੀ ਹਰਜੀਤ ਨੂੰ ਜ਼ਿਆਦਾ ਸੀ, ਜਿਨ੍ਹਾਂ ਨਾਲ ਉਸ ਦਾ ਵਿਵਹਾਰ ਸਤਿਕਾਰ ਵਾਲਾ ਰਿਹਾ ਸੀ। ਕਹਾਣੀਕਾਰ ਰਘਬੀਰ ਮਾਨ ਨੇ ਜਾਤ-ਪ੍ਰਣਾਲੀ ਦੀ ਕੱਟੜਤਾ ਜਥੇਦਾਰ ਦੇ ਕਿਰਦਾਰ ਰਾਹੀਂ ਉਜਾਗਰ ਕੀਤੀ ਹੈ। ਉਹ ਸਿਆਸੀ ਵਿਅਕਤੀ ਹੋਣ ਕਰਕੇ ਚੌਧਰ ਦਾ ਭੁੱਖਾ ਸੀ। ਸਟੇਜਾਂ ਉੱਤੇ ਤਾਂ ਵਿਖਾਵਾ ਕਰਦਾ ਤੇ ਲੋਕਾਂ ਨੂੰ ਚੰਗੇ ਬਣਨ ਲਈ ਕਹਿੰਦਾ, ਪਰ ਆਪ ਹਰ ਤਰ੍ਹਾਂ ਦੇ ਅਨੈਤਿਕ ਕੰਮ ਕਰਦਾ ਹੋਇਆ ਜਾਤ-ਪ੍ਰਣਾਲੀ ਦੀ ਕੱਟੜਤਾ ਨੂੰ ਬੜ੍ਹਾਵਾ ਦਿੰਦਾ ਤੇ ਲੋਕਾਂ ਵਿਚ ਫੁੱਟ ਪਾਉਂਦਾ ਰਹਿੰਦਾ। ਉਹ ਜਥੇਦਾਰੀ ਦੇ ਹੰਕਾਰ ਵਿਚ ਰਹਿੰਦਾ। ਜਿਸ ਕੇਹਰੂ ਰਾਮ ਨੇ ਬਿਨਾਂ ਕਿਸੇ ਜਾਤੀ ਭੇਦ-ਭਾਵ ਤੇ ਬਿਨਾਂ ਕਿਸੇ ਮਜ਼ਦੂਰੀ ਦੇ ਗੁਰਦੁਆਰੇ ਸੇਵਾ ਕੀਤੀ, ਉਸ ਦੇ ਆਖ਼ਰੀ ਸਮੇਂ ਜਾਤ-ਪ੍ਰਣਾਲੀ ਦੀ ਆੜ ਵਿਚ ਉਸ ਦਾ ਅੰਤਿਮ ਸੰਸਕਾਰ ਕਰਨ ਲਈ ਆਪਣੇ ਸ਼ਮਸ਼ਾਨ ਵਿਚ ਆਗਿਆ ਨਾ ਦਿੱਤੀ। ਜਥੇਦਾਰ ਦੇ ਅਨੈਤਿਕ ਬੋਲ :

ਧੁਆਡੀ ਜਾਤ ਵੱਖਰੀ। ਗੁਰਦੁਆਰੇ ਵੱਖਰੇ। ਸਿਵੇ ਵੱਖਰੇ। ਫੇਅ ਕੇਹਰੂ ਦਾ ਸਸਕਾਰ ਸਾਡੇ ਸਿਵਿਆਂ 'ਚ ਕਿੱਦਾਂ ਹੋ ਜਾਊ? ਲੋਕ ਮੈਨੂੰ ਪੁੱਛਣਗੇ ਨਾ, ਪਈ ਤੂੰ ਕੌਣ ਹੁੰਨਾ, ਨੀਵੀਂ ਜਾਤ ਦੇ ਲੋਕਾਂ ਦਾ ਸਸਕਾਰ ਸਾਡੇ ਉੱਪਰ ਕਰਨ ਆਲਾ।

ਇੱਥੋਂ ਸਪੱਸ਼ਟ ਹੋ ਜਾਂਦਾ ਹੈ ਕਿ ਲੋਕ ਗੁਰੂ ਸਾਹਿਬਾਨਾਂ ਨੂੰ ਤਾਂ ਮੰਨਦੇ ਹਨ, ਪਰ ਗੁਰੂ ਸਾਹਿਬਾਨਾਂ ਦੀ ਸਿੱਖਿਆ ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ਨੂੰ ਭੁੱਲ ਕੇ ਜਾਤ-ਪ੍ਰਣਾਲੀ ਦੀ ਕੱਟੜਤਾ ਵਿਚ ਫ਼ਸੇ ਹੋਏ ਹਨ। ਕਹਾਣੀਕਾਰ ਨੇ ਇਸ ਸਮੱਸਿਆ ਵੱਲ ਧਿਆਨ ਦਿਵਾ ਕੇ ਇਸ ਪ੍ਰਤੀ ਠੀਕ ਫ਼ੈਸਲੇ ਲੈਣ ਦੀ ਤਾਕੀਦ ਕੀਤੀ ਹੈ। ਰਘਬੀਰ ਮਾਨ ਨੇ ਕਹਾਣੀ 'ਵੱਡੇ ਭਾਈ' ਵਿਚ 'ਕਰਮ ਸਿਧਾਂਤ' ਨੂੰ ਆਧਾਰ ਬਣਾ ਕੇ 'ਪਾਪ-ਪੁੰਨ' ਦਾ ਜ਼ਿਕਰ ਕੀਤਾ ਹੈ। ਕੇਹਰੂ ਰਾਮ ਦੁਆਰਾ ਸਾਰੀ ਉਮਰ ਕੀਤੀ ਸੱਚੀ-ਸੁੱਚੀ ਕਿਰਤ ਤੇ ਚੰਗਿਆਈ ਦੇ ਹੱਕ ਵਿਚ ਆਵਾਜ਼ ਉਠਾਈ ਹੈ। ਦੀਪ ਨੇ ਵੱਡੇ ਭਾਈ ਦੇ ਸਸਕਾਰ ਲਈ ਅਹਿਮ ਤੇ ਪ੍ਰਭਾਵਦਾਇਕ ਫ਼ੈਸਲਾ ਲਿਆ, ਜਿਸ ਨਾਲ ਸਮਾਜਿਕ ਸਿਸਟਮ ਵਿਚ ਕਾਇਮ ਜਾਤ-ਪ੍ਰਣਾਲੀ ਦੀ ਕੱਟੜਤਾ ਨੂੰ ਡੂੰਘੀ ਸੱਟ ਵੱਜੀ :

ਸਾਰੀ ਉਮਰ ਵੱਡੇ ਭਾਈ ਸਾਡੇ ਖੂਹ 'ਤੇ ਰਿਹਾ। ਘਰ ਦੇ ਮੈਂਬਰਾਂ ਵਾਂਗ। ਮੈਂ ਉਹਦਾ ਸਸਕਾਰ ਆਪਣੇ ਖੂਹ 'ਤੇ ਸ਼ੈੱਡ ਹੇਠ ਕਰੂੰਗਾ। ਦੇਖੂੰਗਾ ਕਿਹੜਾ ਪਹਾੜ ਡਿੱਗਣ ਲੱਗਾ। ਮੈਂ ਨ੍ਹੀਂ ਜਾਤਾਂ-ਪਾਤਾਂ ਨੂੰ ਮੰਨਦਾ। ਮੈਂ ਤਾਂ ਬਸ ਐਨਾ ਜਾਣਦਾ ਕਿ ਉਹ ਮੇਰਾ ਵੱਡਾ ਭਾਈ ਸੀ।

# ਮੋਦੀ ਜੀ, ਬੁਰੇ ਦਿਨ ਵਾਪਸ ਕਰੋ !



## ਅਰੁੰਧਤੀ ਰਾਏ ਦੀ ਸੁਪ੍ਰਿਆ ਸ਼ਰਮਾ ਨਾਲ ਜੰਤਰ-ਮੰਤਰ 'ਤੇ ਚਹਿਲਕਦਮੀ ਕਰਦਿਆਂ ਚਰਚਾ

ਸੋਮਵਾਰ ਦੀ ਸਵੇਰ, ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਵੱਲੋਂ ਮੋਦੀ ਸਰਕਾਰ ਤੋਂ ਅਸਤੀਫ਼ਾ ਦੇਣ ਤੋਂ ਇੱਕ ਦਿਨ ਬਾਅਦ ਲੇਖਿਕਾ ਅਤੇ ਕਾਰਕੁੰਨ ਅਰੁੰਧਤੀ ਰਾਏ ਆਪਣੀ ਮਰਜ਼ੀ ਨਾਲ ਸਾਡੇ ਨਾਲ ਜੰਤਰ-ਮੰਤਰ ਆਉਣ ਲਈ ਮੰਨ ਗਈ।

36 ਦਿਨਾਂ ਤੱਕ ਸੈਂਕੜੇ ਨੌਜਵਾਨ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਉੱਥੇ ਡੇਰਾ ਲਾਈ ਬੈਠੇ ਰਹੇ। ਪਿਛਲੇ ਹਫ਼ਤੇ ਪੁਲਸ ਦੀ ਕਾਰਵਾਈ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਹੋਰ ਵੀ ਤਿੱਖਾ ਹੋ ਗਿਆ, ਜਿਸ ਵਿੱਚ ਹਜ਼ਾਰਾਂ ਲੋਕ ਸੜਕਾਂ 'ਤੇ ਉੱਤਰ ਆਏ। ਉਨ੍ਹਾਂ ਵਿੱਚੋਂ ਬਹੁਤਿਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਖੁੱਲ੍ਹੇਆਮ ਮਜ਼ਾਕ ਉਡਾਇਆ ਅਤੇ ਉਸ ਦੀ ਆਲੋਚਨਾ ਕੀਤੀ।

ਪ੍ਰਦਰਸ਼ਨਕਾਰੀਆਂ ਦੀ ਹਮਾਇਤ ਕਰਨ ਲਈ ਇੱਕ ਵਾਰ ਜਨਤਕ ਤੌਰ 'ਤੇ ਸਾਹਮਣੇ ਆਉਣ ਤੋਂ ਇਲਾਵਾ ਰਾਏ ਨੇ ਸਾਨੂੰ ਦੱਸਿਆ ਕਿ ਉਹ ਭੇਸ ਬਦਲ ਕੇ ਕਈ ਵਾਰ ਜੰਤਰ-ਮੰਤਰ ਗਈ ਸੀ। ਉਸ ਨੇ ਕਿਹਾ ਕਿ ਮੋਦੀ ਨੂੰ ਨਿਸ਼ਾਨਾ ਬਣਾਉਣ ਵਾਲੇ ਚੁਟਕਲਿਆਂ, ਮੀਮਾਂ ਅਤੇ ਨਾਅਰਿਆਂ ਕਾਰਨ ਉਸ ਦੀਆਂ ਗੱਲ੍ਹਾਂ ਇੰਨਾ ਹੱਸਣ ਕਾਰਨ ਦੁਖਣ ਲੱਗ ਪਈਆਂ ਸਨ।

ਉਸ ਨੇ ਕਿਹਾ ਕਿ ਨੌਜਵਾਨ ਪ੍ਰਦਰਸ਼ਨਕਾਰੀਆਂ ਨੇ ਦੱਬੀ ਹੋਈ ਗੱਲ ਖੁੱਲ੍ਹ ਕੇ ਕਹਿ ਦਿੱਤੀ। ਸਾਡੇ ਸਾਰਿਆਂ ਦੇ ਮਨਾਂ ਵਿੱਚ ਇਹ ਗੱਲਾਂ ਸਨ, ਪਰ ਅਸੀਂ ਉਨ੍ਹਾਂ ਨੂੰ ਕਹਿ ਨਹੀਂ ਸਕਦੇ ਸੀ। ਤੁਸੀਂ ਇਕੱਲੇ ਤਾਂ ਇਹ ਨਹੀਂ ਕਹਿ ਸਕਦੇ, ਪਰ ਭੀੜ ਵਿੱਚ ਉਨ੍ਹਾਂ ਨੂੰ ਕੌਣ ਰੋਕ ਸਕਦਾ ਹੈ?

ਉਸ ਨੇ ਕਿਹਾ, ਮੇਰੇ ਲਈ ਇਸ ਅੰਦੋਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇੱਕ ਅਜਿਹਾ ਸ਼ਖ਼ਸ, ਜਿਸ ਨੇ 2002 ਤੋਂ ਸ਼ੁਰੂ ਕਰਕੇ ਲੱਗਭੱਗ 24 ਸਾਲ ਤੱਕ ਆਪਣਾ ਅਕਸ ਇੰਨੀ ਸਾਵਧਾਨੀ

ਸੁਪ੍ਰਿਆ ਸ਼ਰਮਾ

ਨਾਲ ਘੜਿਆ; ਇੱਕ ਅਜਿਹਾ ਸ਼ਖ਼ਸ, ਜਿਸ ਨੇ ਕਦੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਨਾ ਮੁਨਾਸਿਬ ਨਹੀਂ ਸਮਝਿਆ; ਇੱਕ ਅਜਿਹਾ ਸ਼ਖ਼ਸ, ਜੋ ਟੈਲੀਪ੍ਰੌਂਪਟਰ ਜਾਂ ਹੱਥ ਵਿੱਚ ਛੋਟੀ ਜਿਹੀ ਪਰਚੀ ਲੈ ਕੇ ਬੋਲਦਾ ਫਿਰਦਾ ਹੈ ਅਤੇ ਜਿਸ ਨੂੰ ਅਜੇ ਵੀ ਵਿਸ਼ਵ ਗੁਰੂ ਅਤੇ ਵਿਸ਼ਨੂੰ ਦਾ ਅਵਤਾਰ ਆਦਿ ਕਿਹਾ ਜਾਂਦਾ ਹੈ, ਉਸ ਨੂੰ ਅਚਾਨਕ ਇਨ੍ਹਾਂ ਬੱਚਿਆਂ ਨੇ ਦੋ ਹਫ਼ਤਿਆਂ ਵਿੱਚ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ।

ਸਪੱਸ਼ਟਤਾ ਲਈ ਥੋੜ੍ਹਾ ਸੰਪਾਦਿਤ ਕੀਤਾ ਇਸ ਗੱਲਬਾਤ ਦਾ ਸੰਖੇਪ ਵੇਰਵਾ ਪੇਸ਼ ਹੈ :

**? ਤੁਸੀਂ ਪਿਛਲੀ ਵਾਰ ਇੱਥੇ ਕਦੋਂ ਆਏ ਸੀ।**

-ਮੈਂ ਇੱਥੇ ਸਮਾਪਤੀ ਤੋਂ ਇੱਕ ਦਿਨ ਪਹਿਲਾਂ ਆਈ ਸੀ। ਮੇਰਾ ਮਤਲਬ ਹੈ ਉਸ ਵਿਅਕਤੀ ਦੇ ਅਸਤੀਫ਼ੇ ਤੋਂ ਇੱਕ ਦਿਨ ਪਹਿਲਾਂ।

**? ਉਸ ਵੇਲੇ ਦਾ ਮਾਹੌਲ ਕਿਹੋ ਜਿਹਾ ਸੀ।**

-ਖ਼ੈਰ, ਅੰਦਰ ਜਾਣ ਵਾਲੀ ਕਤਾਰ ਏਨੀ ਲੰਮੀ ਸੀ ਕਿ ਮੈਂ ਅੰਦਰ ਨਹੀਂ ਜਾ ਸਕੀ। ਇਸ ਲਈ ਮੈਂ ਬਾਹਰ ਹੀ ਘੁੰਮਦੀ ਰਹੀ ਅਤੇ ਜ਼ਾਹਿਰ ਹੈ ਕਿ ਮੈਂ ਮਾਸਕ ਵੀ ਪਾਇਆ ਹੋਇਆ ਸੀ। ਇਹ ਬੜੇ ਮਜ਼ੇਦਾਰ ਢੰਗ ਨਾਲ ਬੇਬਾਕ ਸੀ, ਤੁਸੀਂ ਜਾਣਦੇ ਹੋ। ਮੈਂ ਹਮੇਸ਼ਾ ਸੋਚਦੀ ਹਾਂ ਕਿ ਹਾਸਾ ਰਾਜਨੀਤੀ ਦਾ ਸਾਰ ਹੈ।

ਪਿਛਲੇ 24 ਸਾਲ ਤੋਂ ਪ੍ਰਧਾਨ ਮੰਤਰੀ ਮੇਰੇ ਨਿਸ਼ਾਨੇ 'ਤੇ ਸੀ, ਇਸ ਲਈ ਇਹ ਸਭ ਸੁਣ ਕੇ ਮੈਨੂੰ ਬਹੁਤ ਰਾਹਤ ਮਿਲੀ। ਮੈਨੂੰ ਲੱਗਦਾ ਸੀ ਕਿ ਅਜਿਹਾ ਕੁਝ ਵਾਪਰਨ ਤੋਂ ਪਹਿਲਾਂ ਹੀ ਮੈਂ ਮਰ ਜਾਵਾਂਗੀ ਅਤੇ ਇਹ ਬਹੁਤ ਹੀ ਅਦਭੁੱਤ ਸੀ, ਪਰ ਹੁਣ ਥੋੜ੍ਹਾ ਡਰ ਵੀ ਲੱਗ ਰਿਹਾ ਹੈ। ਚੁੱਪ ਛਾਈ ਹੋਈ ਹੈ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ।

**? ਇਹ ਸਭ ਕੁਝ ਅਵਿਸ਼ਵਾਸਯੋਗ ਜਿਹਾ ਲੱਗਦਾ ਹੈ। ਇਹ ਸਾਰਾ ਕੁਝ ਇੱਕ ਹਫ਼ਤੇ ਦੇ ਅੰਦਰ ਹੋ ਗਿਆ। ਇਸ ਦੀ ਸ਼ੁਰੂਆਤ ਪਹਿਲਾਂ ਹੀ ਹੋ ਰਹੀ ਸੀ, ਪਰ ਆਖ਼ਰੀ ਹਫ਼ਤੇ ਦੌਰਾਨ ਇਹ ਆਪਣੇ ਸਿਖ਼ਰ 'ਤੇ ਪਹੁੰਚ ਗਿਆ। ਕੀ ਤੁਸੀਂ ਸ਼ੁਰੂਆਤੀ ਦਿਨਾਂ ਵਿੱਚ ਇੱਥੇ ਮੌਜੂਦ ਸੀ।**

-ਮੈਂ ਸ਼ੁਰੂਆਤੀ ਦਿਨਾਂ ਵਿੱਚ ਆਈ ਸੀ। ਫਿਰ ਕੁਝ ਸਮੇਂ ਲਈ ਨਹੀਂ ਆਈ, ਕਿਉਂਕਿ ਤੁਸੀਂ ਜਾਣਦੇ ਹੋ ਕਿ ਇਹ ਮੇਰੇ ਲਈ ਗੁੰਝਲਦਾਰ ਮਾਮਲਾ ਹੈ। ਮੈਂ ਨਹੀਂ ਚਾਹੁੰਦੀ ਸੀ ਕਿ ਮੇਰੀ ਵਧੇਰੇ ਇਨਕਲਾਬੀ ਮੰਨੀ ਜਾਣ ਵਾਲੀ ਲਿਖਤ ਨੂੰ ਇੱਕ ਅਜਿਹੇ ਅੰਦੋਲਨ ਨਾਲ ਜੋੜਿਆ ਜਾਵੇ, ਜਿਸ ਦੀ ਮੰਗ—ਘੱਟੋ-ਘੱਟ ਉੱਪਰੋਂ ਵੇਖਣ 'ਤੇ—ਬਹੁਤ ਸੀਮਤ ਸੀ। ਇਹੀ ਕਾਰਨ ਸੀ ਕਿ ਇਹ ਅੰਦੋਲਨ ਏਨਾ ਵਿਆਪਕ ਸੀ, ਵਗੈਰਾ-ਵਗੈਰਾ। ਇਸ ਲਈ ਮੈਂ ਸਾਵਧਾਨ ਸੀ ਕਿ ਆਪਣੇ ਆਪ ਨੂੰ ਇਸ ਨਾਲ ਜੁੜਨ ਨਾ ਦੇਵਾਂ।

**? ਤੁਸੀਂ ਪਿਛਲੇ ਹਫ਼ਤੇ ਇੱਕ ਲੇਖ ਲਿਖਿਆ ਸੀ, ਜਿਸ ਵਿੱਚ ਤੁਸੀਂ ਕਿਹਾ ਸੀ ਕਿ ਸ਼ੁਰੂ ਵਿੱਚ ਜੋ ਕੁਝ ਹੋ ਰਿਹਾ ਸੀ, ਉਸ ਕਾਕਰੋਚ ਜਨਤਾ ਪਾਰਟੀ ਨੂੰ ਲੈ ਕੇ ਤੁਹਾਡੇ ਮਨ ਵਿੱਚ ਖ਼ਦਸ਼ੇ ਸਨ, ਪਰ ਫਿਰ ਕੁਝ ਬਦਲ ਗਿਆ।**

-ਹਾਂ, ਅੰਨਾ ਹਜ਼ਾਰੇ ਅੰਦੋਲਨ ਅਤੇ ਉਸ ਵਿੱਚ ਸੱਜੇ-ਪੱਖੀ ਵਿਚਾਰਧਾਰਾ ਦੀ ਘੁਸਪੈਠ ਕਾਰਨ ਮੈਂ ਥੋੜ੍ਹੀ ਚਿੰਤਤ ਸੀ। ਮੈਨੂੰ ਪਤਾ ਸੀ ਕਿ ਇਸ ਵਿੱਚ ਸ਼ਾਮਲ ਕੁਝ ਬੱਚਿਆਂ ਨੂੰ ਉਸੇ ਕਿਸਮ ਦੀ ਵਿਚਾਰਧਾਰਾ ਅਨੁਸਾਰ ਸਿਖਲਾਈ ਦਿੱਤੀ ਗਈ ਸੀ। ਇਸ ਲਈ ਮੈਂ ਸਿਰਫ਼ ਇਹ ਦੇਖਣਾ ਚਾਹੁੰਦੀ ਸੀ ਕਿ ਅੱਗੇ ਕੀ ਹੁੰਦਾ ਹੈ, ਨਾਅਰੇ ਕੀ ਹੋਣਗੇ ਅਤੇ ਪ੍ਰਤੀਕ ਕੀ ਹੋਣਗੇ।

ਫਿਰ ਮੈਨੂੰ ਉਸ ਵੇਲੇ ਬਹੁਤ ਤਸੱਲੀ ਹੋਈ, ਜਦੋਂ ਮੈਂ ਅਭਿਜੀਤ ਦੀਪਕੇ ਨੂੰ ਇਹ ਕਹਿੰਦੇ ਸੁਣਿਆ, ਜੇ ਮੇਰਾ ਨਾਂਅ ਖ਼ਾਲਿਦ ਹੁੰਦਾ ਤਾਂ ਇਹ ਲੋਕ ਮੈਨੂੰ ਇਹ ਸਭ ਕੁਝ ਕਰਨ ਨਾ ਦਿੰਦੇ। ਮੈਨੂੰ ਲੱਗਿਆ ਕਿ ਇਹ ਸਿੱਧੇ-ਸਾਦੇ ਸ਼ਬਦਾਂ ਵਿੱਚ ਕਹੀ ਗਈ ਬਹੁਤ ਡੂੰਘੀ ਗੱਲ ਸੀ। ਤੁਸੀਂ ਦੇਖਿਆ ਕਿ ਕਿਵੇਂ ਇਸ ਭਿਆਨਕ ਰਾਸ਼ਟਰਵਾਦੀ, ਹਿੰਦੂ ਰਾਸ਼ਟਰਵਾਦੀ ਬਿਆਨਬਾਜ਼ੀ ਨੂੰ ਸਿੱਧੇ ਤੌਰ 'ਤੇ ਸੰਬੋਧਿਤ ਕੀਤਾ ਗਿਆ ਹੈ, ਜਿਸ ਵਿੱਚ ਅਸੀਂ ਸਾਰੇ ਡੁੱਬੇ ਹੋਏ ਹਾਂ। ਇਹ ਬਹੁਤ ਹੀ ਹੌਸਲਾ ਦੇਣ ਵਾਲਾ ਸੀ ਅਤੇ ਉਸੇ ਵੇਲੇ ਮੈਂ ਇੱਥੇ ਆਉਣ ਦਾ ਫ਼ੈਸਲਾ ਕੀਤਾ।

ਇਹ ਸਭ ਇੱਕ ਮਜ਼ਾਕ ਨਾਲ ਸ਼ੁਰੂ ਹੋਇਆ ਸੀ, ਜੋ ਇਸ ਨੂੰ ਹੋਰ ਵੀ ਅਵਿਸ਼ਵਾਸਯੋਗ ਬਣਾ ਦਿੰਦਾ ਹੈ। ਮੇਰਾ ਮਤਲਬ ਹੈ, ਇਹ ਸੋਸ਼ਲ ਮੀਡੀਆ 'ਤੇ ਇੱਕ ਪੈਰੋਡੀ ਵਜੋਂ ਸ਼ੁਰੂ ਹੋਇਆ ਸੀ, ਜਿਸ ਵਿੱਚ ਐਨਕ ਪਹਿਨੇ ਹੋਏ ਕਾਕਰੋਚ ਦੀ ਏਆਈ ਨਾਲ ਬਣਾਈ ਗਈ ਤਸਵੀਰ ਸੀ।

ਮੇਰਾ ਖ਼ਿਆਲ ਹੈ ਕਿ ਅਸੀਂ ਸਾਰੇ, ਜੋ ਇਸ ਵਿਆਪਕ ਬਹਿਸ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਹਾਸ਼ੀਏ 'ਤੇ ਰਹੇ ਹਾਂ ਜਾਂ ਘੱਟੋ-ਘੱਟ ਮੁੱਖਧਾਰਾ ਮੀਡੀਆ ਵੱਲੋਂ ਹਾਸ਼ੀਏ 'ਤੇ ਧੱਕੇ ਅਤੇ ਬਦਨਾਮ ਕੀਤੇ ਗਏ ਹਾਂ, ਸਾਡੇ ਲਈ ਇਹ ਨਵਾਂ ਤਜਰਬਾ ਸੀ। ਇਸ ਨੂੰ ਜਥੇਬੰਦ ਕਰਨ ਦਾ ਢੰਗ ਵੀ ਨਵਾਂ ਸੀ। ਮੇਰਾ ਖ਼ਿਆਲ ਹੈ ਕਿ ਲੋਕ ਇਸ ਤੋਂ ਅਤੇ ਇਨ੍ਹਾਂ ਲੋਕਾਂ ਤੋਂ ਬਹੁਤ ਕੁਝ ਸਿੱਖਣਗੇ।

ਉਨ੍ਹਾਂ ਨੇ ਸਾਨੂੰ ਇੱਕ ਤੋਹਫ਼ਾ ਦਿੱਤਾ ਹੈ। ਮੈਨੂੰ ਨਹੀਂ ਪਤਾ ਕਿ ਇਸ ਦਾ ਅੱਗੇ ਕੀ ਹੋਵੇਗਾ। ਮੇਰਾ ਮੰਨਣਾ ਹੈ ਕਿ ਇਸ ਨੇ ਆਪਣੇ ਟੀਚੇ ਤੋਂ ਕਿਤੇ ਵੱਧ ਹਾਸਲ ਕਰ ਲਿਆ ਹੈ, ਕਿਉਂਕਿ ਸਿੱਖਿਆ ਮੰਤਰੀ ਦਾ ਅਸਤੀਫ਼ਾ ਇੱਕ ਤਰ੍ਹਾਂ ਦੀ ਰਸਮੀ ਮੰਗ ਸੀ ਅਤੇ ਉਹ ਇਸ ਵਿੱਚ ਕਾਮਯਾਬ ਰਹੇ।

ਪਰ ਜਿਵੇਂ ਕਿ ਅਸੀਂ ਜਾਣਦੇ ਹਾਂ-ਮੇਰਾ ਮਤਲਬ ਹੈ, ਮੈਂ ਹੁਣੇ ਨਵੇਂ ਸਿੱਖਿਆ ਮੰਤਰੀ ਦੀ ਇੱਕ ਵੀਡੀਓ ਦੇਖ ਰਹੀ ਸੀ, ਜਿਸ ਨੂੰ ਹੁਣੇ-ਹੁਣੇ ਦੱਸਿਆ ਗਿਆ ਹੈ, ਜਿਵੇਂ, ਓ ਬੌਸ, ਤੁਸੀਂ ਸਿੱਖਿਆ ਮੰਤਰੀ ਹੋ। ਉਨ੍ਹਾਂ ਦੇ ਕੰਮ ਕਰਨ ਦਾ ਢੰਗ ਇਹੀ ਹੈ। ਇੰਝ ਲੱਗਦਾ ਹੈ, ਜਿਵੇਂ ਗੰਦਗੀ ਦੇ ਢੇਰ ਉੱਤੇ ਬੈਠਾ ਇੱਕ ਨਿੱਕਾ ਜਿਹਾ ਪ੍ਰਤੀਕ ਹਟਾ ਕੇ ਉਸ ਦੀ ਥਾਂ ਦੂਜਾ ਰੱਖ ਦਿੱਤਾ ਗਿਆ ਹੋਵੇ, ਪਰ ਗੰਦਗੀ ਦਾ ਢੇਰ ਅਜੇ ਵੀ ਉੱਥੇ ਹੀ ਹੈ।

ਜੇ ਤੁਸੀਂ ਸਿਰਫ਼ ਸਿੱਖਿਆ ਦੀ ਗੱਲ ਕਰੋ ਤਾਂ ਨਿੱਜੀਕਰਨ, ਪ੍ਰੀਖਿਆਵਾਂ ਦੇ ਪ੍ਰਸ਼ਨ-ਪੱਤਰ ਲੀਕ ਹੋਣਾ-ਤੁਸੀਂ ਜਾਣਦੇ ਹੋ ਕਿ ਨੀਟ ਇੱਕ ਉੱਚ ਪੱਧਰੀ ਪ੍ਰੀਖਿਆ ਹੈ, ਪਰ ਇਸ ਤੱਥ ਵੱਲ ਧਿਆਨ ਦਿਓ ਕਿ ਉਹ ਸਿੱਖਿਆ ਦਾ ਨਿੱਜੀਕਰਨ ਕਰ ਰਹੇ ਹਨ।

ਦਲਿਤਾਂ ਅਤੇ ਹੋਰ ਪੱਛੜੇ ਵਰਗਾਂ (ਓ ਬੀ ਸੀ) ਵਰਗੇ ਵਾਂਝੇ ਵਿਦਿਆਰਥੀਆਂ ਦੇ ਸਾਰੇ ਵਰਗਾਂ ਨੂੰ ਹੌਲੀ-ਹੌਲੀ ਇਸ ਤੋਂ ਬਾਹਰ ਕੀਤਾ ਜਾ ਰਿਹਾ ਹੈ। ਪੂਰੇ ਸਿਲੇਬਸ ਨੂੰ ਇੱਕ ਤਰ੍ਹਾਂ ਨਾਲ ਮੂਰਖਤਾਪੂਰਨ ਬਣਾ ਦਿੱਤਾ ਗਿਆ ਹੈ। ਉਹ ਲੋਕਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਸਪੱਸ਼ਟ ਤੌਰ 'ਤੇ ਕਾਮਯਾਬ ਨਹੀਂ ਹੋ ਰਹੇ, ਕਿਉਂਕਿ ਇਹ ਨੌਜਵਾਨ ਪੀੜ੍ਹੀ ਬੇਹੱਦ ਮਜ਼ਾਹੀਆ ਅਤੇ ਅਦਭੁੱਤ ਸਾਬਤ ਹੋਈ ਹੈ।

ਪਰ ਸਿੱਖਿਆ ਮੰਤਰਾਲੇ ਅਤੇ ਸਿੱਖਿਆ ਪ੍ਰਣਾਲੀ ਦੇ ਅੰਦਰ ਹੀ ਬਹੁਤ ਕੁਝ ਅਜਿਹਾ ਹੈ, ਜਿਸ ਵੱਲ ਧਿਆਨ ਨਹੀਂ ਦਿੱਤਾ ਗਿਆ। ਭਾਜਪਾ ਦੇ ਉਨ੍ਹਾਂ ਹਮਾਇਤੀਆਂ ਨੂੰ ਹੀ ਦੇਖ ਲਓ, ਜੋ ਅਸਤੀਫ਼ਾ ਦੇ ਚੁੱਕੇ ਇਸ ਮੰਤਰੀ ਦੀ ਪ੍ਰਸ਼ੰਸਾ ਇਸ ਤਰ੍ਹਾਂ ਕਰ ਰਹੇ ਹਨ, ਜਿਵੇਂ ਉਸ ਨੇ ਵਿਦਿਆਰਥੀਆਂ ਦੇ ਹਿੱਤ ਵਿੱਚ ਆਪਣੇ-ਆਪ ਨੂੰ ਕੁਰਬਾਨ ਕਰ ਦਿੱਤਾ ਹੋਵੇ ਅਤੇ ਉਸ ਨੂੰ ਸ਼ਰਮਿੰਦਾ ਹੋ ਕੇ ਅਹੁਦਾ ਛੱਡਣ ਲਈ ਮਜਬੂਰ ਨਾ ਹੋਣਾ ਪਿਆ ਹੋਵੇ। ਮੇਰਾ ਖ਼ਿਆਲ ਹੈ ਕਿ ਦੋਵਾਂ ਧਿਰਾਂ ਲਈ ਖੇਡ ਅਜੇ ਸ਼ੁਰੂ ਹੀ ਹੋਈ ਹੈ। ਘੱਟੋ-ਘੱਟ ਮੈਨੂੰ ਤਾਂ ਇਹੀ ਆਸ ਹੈ।

**? ਤੁਸੀਂ ਇਸ ਪੀੜ੍ਹੀ ਦੀ ਹਾਸੇ-ਵਿਅੰਗ ਦੀ ਸਮਰੱਥਾ ਬਾਰੇ ਗੱਲ ਕੀਤੀ। ਇਹ ਅਜਿਹੀ ਪੀੜ੍ਹੀ ਹੈ, ਜਿਸ ਨੂੰ ਮੀਡੀਆ, ਫ਼ਿਲਮਾਂ ਅਤੇ ਇੱਥੋਂ ਤੱਕ ਕਿ ਪਾਠ-ਪੁਸਤਕਾਂ ਰਾਹੀਂ ਵੀ ਏਨਾ ਕੂੜ ਪ੍ਰਚਾਰ ਪਰੋਸਿਆ ਗਿਆ ਹੈ। ਉਹ ਇਨ੍ਹਾਂ ਸਾਰੀਆਂ ਗੱਲਾਂ ਨੂੰ ਕਿਵੇਂ ਸਮਝ ਲੈਂਦੇ ਹਨ।**

-ਅੱਛਾ, ਮੇਰਾ ਖ਼ਿਆਲ ਹੈ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਕੂੜ ਪ੍ਰਚਾਰ ਬਹੁਤਾ ਸੂਖਮ ਜਾਂ ਸੰਜੀਦਾ ਨਹੀਂ ਹੈ। ਇਹ ਏਨਾ ਘਟੀਆ ਹੈ ਕਿ ਔਸਤ ਬੁੱਧੀ ਵਾਲਾ ਵਿਅਕਤੀ ਵੀ ਇਸ ਨੂੰ ਆਸਾਨੀ ਨਾਲ ਸਮਝ ਸਕਦਾ ਹੈ। ਬਹੁਤ ਸਾਰੇ ਲੋਕਾਂ ਨੇ ਸੋਚਿਆ ਸੀ ਕਿ ਬੱਚੇ ਇਸ ਨੂੰ ਸਮਝ ਨਹੀਂ ਸਕਣਗੇ, ਪਰ ਸਪੱਸ਼ਟ ਤੌਰ 'ਤੇ ਉਹ ਸਮਝ ਗਏ।

ਦੂਜੀ ਗੱਲ ਇਹ ਹੈ ਕਿ ਕੂੜ ਪ੍ਰਚਾਰ ਦੀ ਵੀ ਇੱਕ ਸੀਮਤ ਮਿਆਦ ਹੁੰਦੀ ਹੈ। ਦਿੱਲੀ ਵਿੱਚ ਜਿਨ੍ਹਾਂ ਲੋਕਾਂ ਦੇ ਘਰਾਂ ਅਤੇ ਝੁੱਗੀਆਂ ਨੂੰ ਬੁਲਡੋਜ਼ਰਾਂ ਨਾਲ ਢਾਹਿਆ ਜਾ ਰਿਹਾ ਹੈ, ਉਹ ਕਹਿ ਰਹੇ ਹਨ, ਫਿਰ ਵੀ ਮੋਦੀ ਜੀ ਨੂੰ ਵੋਟ ਦਿਆਂਗੇ, ਪਰ ਦੂਜੇ ਪਾਸੇ ਹਕੀਕਤ ਵੀ ਮੌਜੂਦ ਹੈ-ਜਿਵੇਂ ਕਿਹਾ ਜਾਂਦਾ ਹੈ, ਜਦੋਂ ਅਸਲੀ ਪ੍ਰੀਖਿਆ ਦੀ ਘੜੀ ਆਉਂਦੀ ਹੈ। ਇੱਥੋਂ ਤੱਕ ਕਿ ਮੋਦੀ-ਭਗਤ ਮਾਪੇ ਵੀ ਆਪਣੇ ਬੱਚਿਆਂ ਦਾ ਭਵਿੱਖ ਹਨੇਰੇ ਵਿੱਚ ਡੁੱਬਦਾ ਦੇਖ ਰਹੇ ਹਨ।

ਮੇਰਾ ਮਤਲਬ ਹੈ, ਤੁਸੀਂ ਇੱਥੇ ਨੀਟ ਦੇ ਪ੍ਰਸ਼ਨ-ਪੱਤਰ ਲੀਕ ਹੋਣ ਜਾਂ ਹੋਰ ਪ੍ਰੀਖਿਆਵਾਂ ਦੇ ਪ੍ਰਸ਼ਨ-ਪੱਤਰ ਲੀਕ ਹੋਣ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰ ਰਹੇ ਹੋ, ਪਰ ਮੈਡੀਕਲ, ਇੰਜੀਨੀਅਰਿੰਗ ਜਾਂ ਕਿਸੇ ਵੀ ਹੋਰ ਵਿਸ਼ੇ ਦੀ ਪੰਜ ਸਾਲ ਤੱਕ ਪੜ੍ਹਾਈ ਕਰਨ ਤੋਂ ਬਾਅਦ ਵੀ ਨੌਕਰੀਆਂ ਨਹੀਂ ਮਿਲਦੀਆਂ।

**? ਤਾਂ ਫਿਰ ਤੁਸੀਂ ਸੋਚਦੇ ਹੋ ਕਿ ਤੁਹਾਡੇ ਲਈ ਕੀ ਸੰਭਾਵਨਾਵਾਂ ਹਨ।**

-ਜੀ ਹਾਂ, ਤੁਹਾਡੀਆਂ ਕੀ ਸੰਭਾਵਨਾਵਾਂ ਹਨ? ਸਾਡੇ ਵਿੱਚੋਂ ਕੁਝ ਲੋਕ ਆਦਿਵਾਸੀਆਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਬੇਦਖ਼ਲ ਕੀਤੇ ਜਾਣ ਅਤੇ ਲੋਕਾਂ ਦੇ ਉਜਾੜੇ ਬਾਰੇ ਲਿਖਦੇ ਰਹੇ ਹਨ। ਹੁਣ ਪਾਣੀ-ਨਰਮਦਾ ਦਾ ਡੁੱਬਦਾ-ਚੜ੍ਹਦਾ ਪਾਣੀ, ਨਰਮਦਾ ਦਾ ਵਧਦਾ ਜਲ-ਪੱਧਰ ਮੱਧ ਵਰਗ ਤੱਕ ਪਹੁੰਚ ਗਿਆ ਹੈ। ਤੁਸੀਂ ਜਾਣਦੇ ਹੋ, ਇਹ ਉੱਥੋਂ ਤੱਕ ਪਹੁੰਚ ਗਿਆ ਹੈ।

ਇੱਥੋਂ ਤੱਕ ਕਿ ਕਾਰੋਬਾਰੀ ਵੀ ਨਿੱਜੀਕਰਨ ਅਤੇ ਕੇਂਦਰੀਕਰਨ ਤੋਂ ਪ੍ਰਭਾਵਿਤ ਹਨ ਕਿ ਸਿਰਫ਼ ਅਡਾਨੀ ਅਤੇ ਅੰਬਾਨੀ ਹੀ ਮਾਇਨੇ ਰੱਖਦੇ ਹਨ ਅਤੇ ਬਾਕੀ ਸਾਰੇ ਹਾਸ਼ੀਏ 'ਤੇ ਚਲੇ ਗਏ ਹਨ। ਇਸ ਲਈ ਵੱਖ-ਵੱਖ ਪੱਧਰਾਂ 'ਤੇ ਹਰ ਕੋਈ ਇਹ ਸਭ ਵਾਪਰਦਾ ਦੇਖ ਰਿਹਾ ਹੈ।

ਤੁਸੀਂ ਉਹ ਕਹਾਵਤ ਤਾਂ ਜਾਣਦੇ ਹੀ ਹੋਵੋਗੇ, ਮੇਰਾ ਖ਼ਿਆਲ ਹੈ ਕਿ ਕਿਸਾਨ ਅੰਦੋਲਨ ਨਾਲ ਸੰਬੰਧਤ ਕਿਸੇ ਵਿਅਕਤੀ ਨੇ ਕਹੀ ਸੀ: ਮੁਲਕ ਨੂੰ ਚਾਰ ਲੋਕ ਚਲਾਉਂਦੇ ਹਨ-ਦੋ ਖ਼ਰੀਦਦੇ ਹਨ, ਦੋ ਵੇਚਦੇ ਹਨ ਅਤੇ ਚਾਰੇ ਗੁਜਰਾਤੀ ਹਨ-[ਨਰਿੰਦਰ] ਮੋਦੀ, [ਅਮਿਤ] ਸ਼ਾਹ, [ਗੌਤਮ] ਅਡਾਨੀ ਅਤੇ [ਮੁਕੇਸ਼] ਅੰਬਾਨੀ। ਇਹ ਕੋਈ ਅਲੰਕਾਰ ਜਾਂ ਉਪਮਾ ਨਹੀਂ ਹੈ, ਇਹ ਹਕੀਕਤ ਹੈ।

**? ਸੋ ਭ੍ਰਿਸ਼ਟਾਚਾਰ ਹਰ ਪਾਸੇ ਫੈਲਿਆ ਹੋਇਆ ਹੈ, ਅੰਕੜੇ ਵੀ ਝੂਠੇ ਹਨ ਅਤੇ ਉਹ ਖ਼ੁਦ ਆਪਣੇ ਝੂਠਾਂ ਅਤੇ ਕੂੜ ਪ੍ਰਚਾਰ ਉੱਤੇ ਵਿਸ਼ਵਾਸ ਕਰਨ ਲੱਗ ਪਏ ਹਨ। ਮੇਰਾ ਮਤਲਬ ਹੈ, ਮੇਰੇ ਮਨ ਵਿੱਚ ਸਵਾਲ ਇਹ ਹੈ : ਕੀ ਮੋਦੀ ਨੂੰ ਪਤਾ ਹੈ ਕਿ ਉਸ ਬਾਰੇ ਕੀ ਕਿਹਾ ਜਾ ਰਿਹਾ ਹੈ ਜਾਂ ਉਸ ਨੂੰ ਇਸ ਸਭ ਕਾਸੇ ਤੋਂ ਬਚਾਅ ਕੇ ਰੱਖਿਆ ਜਾ ਰਿਹਾ ਹੈ? ਇਨ੍ਹਾਂ ਵਿੱਚੋਂ ਕਿਹੜੀ ਗੱਲ ਵਧੇਰੇ ਮਾੜੀ ਹੈ? ਇਹ ਗੱਲ ਕਿ ਤੁਸੀਂ ਪ੍ਰਧਾਨ ਮੰਤਰੀ ਹੋ ਅਤੇ ਤੁਹਾਡੇ ਆਲੇ-ਦੁਆਲੇ ਦੇ ਸਾਰੇ ਲੋਕ ਜਾਣਦੇ ਹਨ ਕਿ ਤੁਹਾਡਾ ਮਜ਼ਾਕ ਉਡਾਇਆ ਜਾ ਰਿਹਾ ਹੈ, ਪਰ ਤੁਹਾਨੂੰ ਇਸ ਦਾ ਪਤਾ ਨਹੀਂ; ਜਾਂ ਫਿਰ ਤੁਹਾਨੂੰ ਸਭ ਕੁਝ ਪਤਾ ਹੈ? ਇਨ੍ਹਾਂ ਵਿੱਚੋਂ ਕਿਹੜੀ ਗੱਲ ਵਧੇਰੇ ਮਾੜੀ ਹੈ।**

-ਮੈਨੂੰ ਨਹੀਂ ਪਤਾ, ਪਰ ਮੇਰੇ ਲਈ ਇਸ ਅੰਦੋਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇੱਕ ਅਜਿਹਾ ਸ਼ਖ਼ਸ, ਜਿਸ ਨੇ 2002 ਤੋਂ ਸ਼ੁਰੂ ਕਰਕੇ ਲੱਗਭੱਗ 24 ਸਾਲ ਤੱਕ ਆਪਣਾ ਅਕਸ ਏਨੀ ਸਾਵਧਾਨੀ ਨਾਲ ਘੜਿਆ; ਇੱਕ ਅਜਿਹਾ ਸ਼ਖ਼ਸ, ਜਿਸ ਨੇ ਕਦੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਨਾ ਮੁਨਾਸਿਬ ਨਹੀਂ ਸਮਝਿਆ; ਇੱਕ ਅਜਿਹਾ ਸ਼ਖ਼ਸ, ਜੋ ਟੈਲੀਪ੍ਰੌਂਪਟਰ ਜਾਂ ਹੱਥ ਵਿੱਚ ਛੋਟੀ ਜਿਹੀ ਪਰਚੀ ਲੈ ਕੇ ਬੋਲਦਾ ਫਿਰਦਾ ਹੈ ਅਤੇ ਜਿਸ ਨੂੰ ਅਜੇ ਵੀ ਵਿਸ਼ਵ ਗੁਰੂ ਅਤੇ ਵਿਸ਼ਨੂੰ ਦਾ ਅਵਤਾਰ ਆਦਿ ਕਿਹਾ ਜਾਂਦਾ ਹੈ-ਉਸ ਨੂੰ ਅਚਾਨਕ ਇਨ੍ਹਾਂ ਬੱਚਿਆਂ ਨੇ ਦੋ ਹਫ਼ਤਿਆਂ ਵਿੱਚ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ।



ਮੈਂ ਸੋਚਣ ਦੀ ਕੋਸ਼ਿਸ਼ ਕਰ ਰਹੀ ਹਾਂ। ਮੇਰਾ ਮਤਲਬ ਹੈ, ਇੰਸਟਾਗ੍ਰਾਮ ਤਾਂ ਬਹੁਤ ਪਹਿਲਾਂ ਹੁੰਦਾ ਨਹੀਂ ਸੀ, ਪਰ ਮੈਨੂੰ ਨਹੀਂ ਲੱਗਦਾ ਕਿ ਇਤਿਹਾਸ ਵਿੱਚ ਕਦੇ ਕਿਸੇ ਮਨੁੱਖ ਦਾ-ਖ਼ਾਸ ਕਰਕੇ ਕਿਸੇ ਰਾਸ਼ਟਰ ਦੇ ਮੁਖੀ ਦਾ-ਏਨਾ ਜ਼ਿਆਦਾ ਅਪਮਾਨ ਅਤੇ ਮਜ਼ਾਕ ਉਡਾਇਆ ਗਿਆ ਹੋਵੇਗਾ।

**? ਤਾਂ ਹੁਣ ਉਹ ਬਾਹਰ ਆ ਕੇ ਲੋਕਾਂ ਦਾ ਸਾਹਮਣਾ ਕਿਵੇਂ ਕਰੇਗਾ ਅਤੇ ਮੁੜ ਉਹੀ ਮੂਰਖਤਾਪੂਰਨ ਗੱਲਾਂ ਕਿਵੇਂ ਦੁਹਰਾਏਗਾ? ਕਿਉਂਕਿ ਉਸ ਦੇ ਪੁਰਾਣੇ ਭਾਸ਼ਣਾਂ ਨੂੰ ਵੀ ਕੱਢ-ਕੱਢ ਕੇ ਉਨ੍ਹਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਸੀ, ਉਨ੍ਹਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ ਅਤੇ ਬੱਚੇ ਹੱਸ-ਹੱਸ ਕੇ ਲੋਟਪੋਟ ਹੋ ਰਹੇ ਸਨ। ਇਸ ਨਾਲ ਪਿਛਲੀ ਪੀੜ੍ਹੀ ਵੀ ਕੁਝ ਮੂਰਖ ਜਿਹੀ ਦਿਖਾਈ ਦਿੰਦੀ ਹੈ, ਕਿਉਂਕਿ ਤੁਸੀਂ ਤਾਂ ਇਹ ਸਾਰੀਆਂ ਬਕਵਾਸ ਗੱਲਾਂ ਬੜੀ ਆਸਾਨੀ ਨਾਲ ਮੰਨ ਲਈਆਂ ਸਨ, ਹੈ ਨਾ? ਕੀ ਤੁਹਾਨੂੰ ਯਕੀਨ ਹੈ ਕਿ ਤੁਹਾਡਾ ਆਈ ਕਿਊ ਠੀਕ ਹੈ? ਜਾਂ ਅਸੀਂ ਸਾਰੇ ਬੁਰੀ ਤਰ੍ਹਾਂ ਟੁੱਟ ਚੁੱਕੇ ਹਾਂ।**

-ਮੈਨੂੰ ਨਹੀਂ ਪਤਾ, ਪਰ ਮੇਰੇ ਲਈ ਕੁਝ ਪੱਖਾਂ ਤੋਂ ਇਹ ਚੋਣ ਜਿੱਤਣ ਨਾਲੋਂ ਵੀ ਵੱਡੀ ਗੱਲ ਹੈ-ਉਸ ਵਿਅਕਤੀ ਦੇ ਆਲੇ-ਦੁਆਲੇ ਖੜ੍ਹੀ ਕੀਤੀ ਗਈ ਬਕਵਾਸ ਦੀ ਕੰਧ ਨੂੰ ਢਾਹ ਦੇਣਾ, ਜੋ ਸਪੱਸ਼ਟ ਤੌਰ 'ਤੇ ਔਸਤ ਦਰਜੇ ਦੀ ਬੁੱਧੀ ਵਾਲਾ ਵੀ ਨਹੀਂ ਹੈ ਅਤੇ ਜੋ ਸਾਡਾ ਪ੍ਰਧਾਨ ਮੰਤਰੀ ਹੈ।

ਖ਼ੈਰ, ਹੁਣ ਉਹ ਨੌਜਵਾਨਾਂ ਨਾਲ ਜੁੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਤੁਸੀਂ ਉਸ ਦੀਆਂ ਇੰਸਟਾਗ੍ਰਾਮ ਵੀਡੀਓਜ਼ ਤਾਂ ਦੇਖੀਆਂ ਹੀ ਹੋਣਗੀਆਂ।

ਇਹ ਨਾ ਸਿਰਫ਼ ਹਾਸੋਹੀਣਾ ਸੀ, ਸਗੋਂ ਫਿਰ ਉਹ [ਭਾਜਪਾ ਵਾਲੇ] ਇਸ ਨੂੰ ਲੈ ਕੇ ਸ਼ੇਖ਼ੀਆਂ ਮਾਰਨ ਲੱਗ ਪਏ ਕਿ ਇਸ ਨੂੰ ਕਿੰਨੇ ਲੋਕਾਂ ਨੇ ਦੇਖਿਆ ਹੈ।

ਕਹਿੰਦੇ ਵਿਸ਼ਵ ਰਿਕਾਰਡ ਬਣਾ ਦਿੱਤਾ।

**?ਕੀ ਤੁਸੀਂ 'ਨਫ਼ਰਤ ਨਾਲ ਦੇਖਣ' ਬਾਰੇ ਸੁਣਿਆ ਹੈ? ਇੱਥੋਂ ਤੱਕ ਕਿ ਨਿੱਕੇ-ਨਿੱਕੇ ਬੱਚੇ ਵੀ [ਵੀਡੀਓ ਬਣਾ ਕੇ] ਦੱਸ ਰਹੇ ਸਨ ਕਿ ਇਹ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ, ਸਗੋਂ ਇਸ ਤਰ੍ਹਾਂ ਕੀਤਾ ਜਾਂਦਾ ਹੈ।**

-ਤੁਸੀਂ ਜਾਣਦੇ ਹੋ, ਵਸੀਲੀ ਗ੍ਰੌਸਮੈਨ ਨਾਂਅ ਦਾ ਇੱਕ ਰੂਸੀ ਲੇਖਕ ਹੋਇਆ ਹੈ, ਜੋ ਮੈਨੂੰ ਬਹੁਤ ਪਸੰਦ ਹੈ। ਉਸ ਨੇ ਸਟਾਲਿਨਗ੍ਰਾਦ ਨਾਂਅ ਦਾ ਇੱਕ ਸ਼ਾਨਦਾਰ ਨਾਵਲ ਲਿਖਿਆ ਹੈ। ਕਹਾਣੀ ਇੱਕ ਜਰਮਨ ਜਨਰੈਲ ਤੋਂ ਸ਼ੁਰੂ ਹੁੰਦੀ ਹੈ, ਜਿਸ ਨੂੰ ਰੂਸੀ ਮੋਰਚੇ 'ਤੇ ਤਾਇਨਾਤ ਕੀਤਾ ਗਿਆ ਹੈ। ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਰੂਸ ਉੱਤੇ ਹਮਲਾ ਕਰਨਾ ਜਰਮਨੀ ਦੇ ਅੰਤ ਦਾ ਕਾਰਨ ਬਣੇਗਾ। ਇਸ ਲਈ ਉਹ ਹਿਟਲਰ ਨੂੰ ਇਹ ਦੱਸਣ ਲਈ ਬਰਲਿਨ ਵਾਪਸ ਜਾਂਦਾ ਹੈ ਕਿ ਇਹ ਬੁਰਾ ਵਿਚਾਰ ਹੈ, ਪਰ ਜਦੋਂ ਉਹ ਹਿਟਲਰ ਨੂੰ ਮਿਲਦਾ ਹੈ ਤਾਂ ਉਹ ਉਸ ਦੀ ਆਭਾ ਦੇਖ ਕੇ ਐਨਾ ਭੈਅਭੀਤ ਹੋ ਜਾਂਦਾ ਹੈ ਕਿ ਉਸ ਨੂੰ ਬੁਰੀ ਖ਼ਬਰ ਨਹੀਂ ਸੁਣਾ ਸਕਦਾ। ਉਹ ਅਜਿਹਾ ਨਹੀਂ ਕਰਦਾ ਅਤੇ ਫਿਰ ਅਸੀਂ ਜਾਣਦੇ ਹਾਂ ਕਿ ਅੱਗੇ ਕੀ ਹੋਇਆ।

**? ਤਾਂ ਤੁਹਾਨੂੰ ਇੰਝ ਲੱਗਦਾ ਹੈ ਕਿ ਕੀ ਕੋਈ ਇਸ ਆਦਮੀ ਨੂੰ ਇਹ ਨਹੀਂ ਦੱਸ ਰਿਹਾ ਕਿ ਕੁਝ ਬਦਲ ਗਿਆ ਹੈ-ਸਿਰਫ਼ ਮੁਲਕ ਦੇ ਅੰਦਰ ਹੀ ਨਹੀਂ, ਸਗੋਂ ਕੌਮਾਂਤਰੀ ਪੱਧਰ 'ਤੇ ਵੀ? ਸਾਰਿਆਂ ਨੂੰ ਪਤਾ ਲੱਗ ਗਿਆ ਹੈ। ਆਸਟ੍ਰੇਲੀਆ ਵਿੱਚ ਲੋਕ ਹੱਸ ਰਹੇ ਸਨ, ਇੰਡੋਨੇਸ਼ੀਆ ਵਿੱਚ ਲੋਕ ਹੱਸ ਰਹੇ ਸਨ। ਡੋਨਾਲਡ ਟਰੰਪ, ਤੁਹਾਡਾ ਸਭ ਤੋਂ ਚੰਗਾ ਦੋਸਤ, ਤੁਹਾਨੂੰ ਟੋਏ ਵਿੱਚ ਧੱਕਾ ਦੇ ਦਿੱਤਾ ਹੈ। ਇਸ ਤਰ੍ਹਾਂ ਤੁਸੀਂ ਭਾਰਤ ਨੂੰ ਬੇਇੱਜ਼ਤ ਕਰ ਰਹੇ ਹੋ। ਸਿਰਫ਼ ਬੇਇੱਜ਼ਤ ਹੀ ਨਹੀਂ ਕਰ ਰਹੇ, ਇਹ ਸਾਰੇ ਸਮਝੌਤੇ ਅਤੇ ਸੰਧੀਆਂ ਕਿਸਾਨਾਂ ਨਾਲ ਧੋਖਾ ਕਰ ਰਹੀਆਂ ਹਨ। ਇਹ ਬਹੁਤ ਵੱਡੀ ਗੱਲ ਹੈ। ਜ਼ਾਹਿਰ ਹੈ ਕਿ ਨੌਜਵਾਨਾਂ ਦਾ ਇਹ ਵਿਰੋਧ ਪ੍ਰਦਰਸ਼ਨ ਉਨ੍ਹਾਂ ਸਾਰੇ ਮੁੱਦਿਆਂ ਦਾ ਵਿਸ਼ਲੇਸ਼ਣ ਨਹੀਂ ਕਰ ਰਿਹਾ ਸੀ, ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ, ਪਰ ਮੇਰਾ ਖ਼ਿਆਲ ਹੈ ਕਿ ਇਸ ਸਾਰੇ ਕੁਝ ਦੇ ਮੁਖੀ ਨੂੰ ਬੇਨਕਾਬ ਕਰਨਾ ਮੁਲਕ ਦੀ ਬਹੁਤ ਵੱਡੀ ਸੇਵਾ ਸੀ।**

-ਅਸੀਂ ਸਾਰੇ ਜਿਹੜੇ ਜੰਤਰ-ਮੰਤਰ ਗਏ ਹਾਂ, ਸਾਡੇ ਲਈ ਇੱਕ ਹੋਰ ਅਵਿਸ਼ਵਾਸਯੋਗ ਗੱਲ ਇਹ ਸੀ ਕਿ ਇਹ ਇੱਕ ਅਜਿਹਾ ਵਿਰੋਧ ਅੰਦੋਲਨ ਸੀ, ਜਿਸ ਵਿੱਚ ਮੁੱਖ ਭਾਵਨਾ ਗੁੱਸਾ ਨਹੀਂ, ਸਗੋਂ ਹਾਸਾ ਸੀ।

ਮੈਨੂੰ ਨਹੀਂ ਲੱਗਦਾ ਕਿ ਗੁੱਸੇ ਅਤੇ ਹਾਸੇ ਦਰਮਿਆਨ ਕੋਈ ਸਪੱਸ਼ਟ ਕੰਧ ਹੈ। ਜਿਵੇਂ ਮੈਂ ਕਿਹਾ, ਮੇਰਾ ਮੰਨਣਾ ਹੈ ਕਿ ਹਾਸਾ ਕਸ਼ੀਦ ਕੀਤੀ ਰਾਜਨੀਤੀ ਹੈ-ਰਾਜਨੀਤੀ ਦਾ ਸਭ ਤੋਂ ਵੱਧ ਸੂਖਮ ਅਤੇ ਸੁੱਘੜ ਨਿਚੋੜ। ਇਸ ਲਈ ਬੇਸ਼ੱਕ ਇਹ ਗੁੱਸਾ ਹੀ ਸੀ, ਪਰ ਇਸ ਨੂੰ ਹਾਸੇ ਅਤੇ ਗਾਲ੍ਹਾਂ ਦੇ ਰੂਪ ਵਿੱਚ ਪ੍ਰਗਟਾਇਆ ਗਿਆ।

ਹਾਂ, ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਨੂੰ ਛਾਪਿਆ ਨਹੀਂ ਜਾ ਸਕਦਾ।

ਅਸੀਂ ਸਾਰੇ ਬਸ ਮੁਸਕਰਾ ਰਹੇ ਸੀ। ਮੇਰਾ ਮਤਲਬ ਹੈ, ਏਨਾ ਮੁਸਕਰਾਉਣ ਨਾਲ ਮੇਰੀਆਂ ਤਾਂ ਗੱਲ੍ਹਾਂ ਦੁਖਣ ਲੱਗ ਪਈਆਂ ਸਨ। ਕਈ ਵਾਰ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਸਾਡੇ ਸਾਰਿਆਂ ਦੇ ਮਨ ਦੀ ਗੱਲ ਕਹਿ ਦਿੱਤੀ। ਅਸੀਂ ਸਾਰੇ ਇਹ ਕੁਝ ਸੋਚਦੇ ਰਹੇ ਸੀ, ਪਰ ਕਹਿ ਨਹੀਂ ਸਕਦੇ ਸੀ। ਇਕੱਲੇ ਤਾਂ ਤੁਸੀਂ ਇਹ ਗੱਲ ਨਹੀਂ ਕਹਿ ਸਕਦੇ, ਪਰ ਭੀੜ ਵਿੱਚ-ਤੁਸੀਂ ਜਾਣਦੇ ਹੋ-ਉਨ੍ਹਾਂ ਨੂੰ ਕਿਹੜੀ ਚੀਜ਼ ਰੋਕ ਸਕਦੀ ਹੈ?

**? ਪਰ ਮੈਂ ਸੱਚਮੁੱਚ ਚਿੰਤਤ ਹਾਂ, ਕਿਉਂਕਿ ਮੈਨੂੰ ਅਜਿਹੀਆਂ ਖ਼ਬਰਾਂ ਸੁਣਨ ਨੂੰ ਮਿਲ ਰਹੀਆਂ ਹਨ ਕਿ ਪੁਲਸ ਹੁਣ ਇੱਥੇ ਮੌਜੂਦ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਮਿਸਾਲ ਵਜੋਂ, ਮੁਹੰਮਦ ਜੁਨੈਦ-ਵਲੰਟੀਅਰ ਜੋ ਲੋਕਾਂ ਨੂੰ ਖਾਣਾ ਖਵਾ ਰਿਹਾ ਸੀ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦੇ ਪਰਵਾਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਮੈਂ ਉਸ ਨੂੰ ਇਹ ਕਹਿੰਦੇ ਸੁਣਿਆ ਕਿ ਪੁਲਸ ਨੇ ਉਸ ਦੀਆਂ ਅੱਖਾਂ ਉੱਤੇ ਪੱਟੀ ਬੰਨ੍ਹ ਕੇ ਉਸ ਦੀ ਕੁੱਟਮਾਰ ਕੀਤੀ। ਮੇਰਾ ਮਤਲਬ ਹੈ ਉਹ ਹਾਸ਼ੀਏ 'ਤੇ ਧੱਕੇ ਲੋਕਾਂ ਨੂੰ ਇਸ ਤਰ੍ਹਾਂ ਨਿਸ਼ਾਨਾ ਕਿਵੇਂ ਬਣਾ ਸਕਦੇ ਹਨ? ਅਤੇ ਮੈਂ ਤੁਹਾਡੇ ਕੋਲੋਂ ਸੁਣਿਆ ਹੈ ਕਿ ਬਿਹਾਰ ਵਿੱਚ ਵੱਡੇ ਪੱਧਰ 'ਤੇ ਲੋਕਾਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ।-ਜੀ ਹਾਂ, ਨਜ਼ਰਬੰਦ ਕਰਨਾ ਅਤੇ ਗ੍ਰਿਫ਼ਤਾਰੀਆਂ ਦੋਵੇਂ ਹੋ ਰਹੀਆਂ ਹਨ।**

ਇਹ ਬਦਲੇ ਦੀ ਭਾਵਨਾ ਤੋਂ ਪ੍ਰੇਰਿਤ ਬਹੁਤ ਹੀ ਘਿਣਾਉਣੀ ਕਾਰਵਾਈ ਹੈ। ਮੇਰਾ ਮਤਲਬ ਹੈ, ਜਦੋਂ ਪ੍ਰਧਾਨ (ਸਿੱਖਿਆ ਮੰਤਰੀ) ਨੇ ਅਸਤੀਫ਼ਾ ਦਿੱਤਾ, ਉਸ ਵੇਲੇ ਹਿੰਦੂ ਸੈਨਾ ਰਾਹ ਵਿਚ ਆ ਹੀ ਰਹੀ ਸੀ। ਸਰਕਾਰ ਨੇ ਉਸ ਦਾ ਜ਼ੋਰਦਾਰ ਸਵਾਗਤ ਕੀਤਾ। ਕਿਸੇ ਨੇ ਉਸ ਵੱਲ ਉਂਗਲ ਨਹੀਂ ਉਠਾਈ। ਇਮਤਿਹਾਨਾਂ ਦੇ ਪ੍ਰਸ਼ਨ-ਪੱਤਰ ਲੀਕ ਹੋਣ ਲਈ ਕਿਸੇ ਨੇ ਮੁਆਫ਼ੀ ਨਹੀਂ ਮੰਗੀ ਅਤੇ ਨਾ ਹੀ ਕਿਸੇ ਨੇ ਕੋਈ ਜ਼ਿੰਮੇਵਾਰੀ ਲਈ ਹੈ। ਤੁਸੀਂ ਜਾਣਦੇ ਹੋ, ਇੰਝ ਲੱਗਦਾ ਹੈ ਕਿ ਖੇਡ ਅਜੇ ਖ਼ਤਮ ਨਹੀਂ ਹੋਈ। ਦੁੱਖ ਦੀ ਗੱਲ ਇਹ ਹੈ ਕਿ ਸਾਡੀਆਂ ਵਿਰੋਧੀ ਪਾਰਟੀਆਂ ਇਸ ਦੀ ਖੁੱਲ੍ਹੇ ਦਿਲ ਨਾਲ ਹਮਾਇਤ ਨਹੀਂ ਕਰ ਸਕੀਆਂ। ਇਨ੍ਹਾਂ ਬੱਚਿਆਂ ਨੇ ਉਹ ਕਰ ਦਿਖਾਇਆ, ਜੋ ਵਿਰੋਧੀ ਧਿਰ ਨਹੀਂ ਕਰ ਸਕੀ, ਪਰ ਉਨ੍ਹਾਂ ਨੇ ਗੋਲਮੋਲ ਢੰਗ ਨਾਲ ਇਸ ਨੂੰ ਸਵੀਕਾਰ ਕੀਤਾ ਹੈ, ਜੋ ਅਸਲ ਵਿੱਚ ਸਵੀਕਾਰ ਕਰਨਾ ਨਹੀਂ ਹੈ। ਮੈਨੂੰ ਨਹੀਂ ਪਤਾ। ਮਿਸਾਲ ਵਜੋਂ, ਅੱਜ ਸੰਸਦ ਦਾ ਸੈਸ਼ਨ ਸ਼ੁਰੂ ਹੋ ਰਿਹਾ ਹੈ। ਉੱਥੇ ਕੀ ਹੋਵੇਗਾ? ਕਿਉਂਕਿ ਜਦੋਂ ਇਹ ਸਭ ਕੁਝ ਵਾਪਰ ਰਿਹਾ ਹੈ, ਜਿਵੇਂ ਮੈਂ ਆਪਣੇ ਲੇਖ ਵਿੱਚ ਕਿਹਾ ਸੀ, ਭਾਜਪਾ ਦਾ ਹੰਕਾਰ ਇਸ ਗੱਲ ਤੋਂ ਪੈਦਾ ਹੋਇਆ ਹੈ ਕਿ ਉਹ ਜਾਣਦੇ ਹਨ ਕਿ ਉਨ੍ਹਾਂ ਨੇ ਚੋਣਾਂ ਵਿੱਚ ਧਾਂਦਲੀ ਕੀਤੀ ਹੈ। ਕਿਸੇ ਲਈ ਵੀ ਚੋਣ ਜਿੱਤਣਾ ਔਖਾ ਹੁੰਦਾ ਹੈ। ਉਨ੍ਹਾਂ ਕੋਲ ਅਜਿਹਾ ਮੀਡੀਆ ਹੈ, ਜੋ ਮੀਡੀਆ ਹੈ ਹੀ ਨਹੀਂ। ਇਹ ਤਾਂ ਸੈਂਸਰਸ਼ਿਪ ਬਾਰੇ ਚਿੰਤਾ ਕਰਨ ਵਾਲੇ ਲੋਕਾਂ ਦਾ ਸਮੂਹ ਵੀ ਨਹੀਂ ਹੈ। ਇਹ ਅਜਿਹੇ ਲੋਕਾਂ ਦਾ ਸਮੂਹ ਹੈ, ਜੋ ਬੜੇ ਉਤਸ਼ਾਹ ਨਾਲ ਇਸ ਫਾਸ਼ੀਵਾਦੀ ਰਾਸ਼ਟਰਵਾਦੀ ਸੰਦੇਸ਼ ਦਾ ਪ੍ਰਚਾਰ ਕਰ ਰਿਹਾ ਹੈ।

[ਇੱਕ ਪੁਲਸ ਮੁਲਾਜ਼ਮ ਸਾਡੇ ਵੱਲ ਆਉਂਦਾ ਹੈ।]

ਮੈਨੂੰ ਲੱਗਦਾ ਹੈ ਕਿ ਉਹ ਸਾਨੂੰ ਇੱਥੋਂ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ।

[ਪੁਲਸ ਮੁਲਾਜ਼ਮ ਸਾਨੂੰ ਉੱਥੋਂ ਚਲੇ ਜਾਣ ਲਈ ਕਹਿੰਦਾ ਹੈ। ਅਸੀਂ ਉਸ ਨੂੰ ਉਹ ਹੁਕਮ ਦਿਖਾਉਣ ਲਈ ਕਹਿੰਦੇ ਹਾਂ, ਜਿਸ ਵਿੱਚ ਲਿਖਿਆ ਹੋਵੇ ਕਿ ਜੰਤਰ-ਮੰਤਰ ਆਮ ਲੋਕਾਂ ਲਈ ਖੁੱਲ੍ਹਾ ਨਹੀਂ ਹੈ। ਉਹ ਕਹਿੰਦਾ ਹੈ ਕਿ ਕੋਈ ਲਿਖਤੀ ਹੁਕਮ ਨਹੀਂ ਹੈ, ਪਰ ਉਹ ਆਪਣੇ ਸੀਨੀਅਰ ਅਧਿਕਾਰੀਆਂ ਦੇ ਜ਼ੁਬਾਨੀ ਨਿਰਦੇਸ਼ਾਂ ਦੀ ਪਾਲਣਾ ਕਰ ਰਿਹਾ ਹੈ। ਅਰੁੰਧਤੀ ਉਸ ਦੀ ਕਮੀਜ਼ ਉੱਤੇ ਲੱਗੀ ਨੇਮਪਲੇਟ ਵੱਲ ਇਸ਼ਾਰਾ ਕਰਦਿਆਂ ਕਹਿੰਦੀ ਹੈ ਕਿ ਰਾਹਤ ਦੀ ਗੱਲ ਹੈ ਕਿ ਇਹ ਅਜੇ ਵੀ ਉਸ ਕੋਲ ਹੈ-ਉਨ੍ਹਾਂ ਪੁਲਸ ਮੁਲਾਜ਼ਮਾਂ ਦੇ ਉਲਟ, ਜਿਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਕੁੱਟਿਆ ਸੀ। ਉਹ ਕਹਿੰਦਾ ਹੈ ਕਿ ਨੇਮਪਲੇਟ ਨਾਜ਼ੁਕ ਹੈ ਅਤੇ ਡਿੱਗ ਸਕਦੀ ਹੈ। ਉਹ ਅੱਗੇ ਕਹਿੰਦਾ ਹੈ ਕਿ ਉਹ ਸਾਨੂੰ ਸਿਰਫ਼ ਚਲੇ ਜਾਣ ਦੀ ਬੇਨਤੀ ਕਰ ਰਿਹਾ ਹੈ, ਕੋਈ ਹੁਕਮ ਨਹੀਂ ਦੇ ਰਿਹਾ। ਅਸੀਂ ਉਸ ਨੂੰ ਦੱਸਦੇ ਹਾਂ ਕਿ ਅਸੀਂ ਛੇਤੀ ਹੀ ਚਲੇ ਜਾਵਾਂਗੇ। ਉਹ ਸਾਡਾ ਧੰਨਵਾਦ ਕਰਦਾ ਹੈ ਅਤੇ ਚਲਾ ਜਾਂਦਾ ਹੈ।]

ਮੈਨੂੰ ਲੱਗਦਾ ਹੈ ਕਿ ਉਨ੍ਹਾਂ ਕੋਲ [ਪੁਲਸ] ਵੀ ਇਹ ਬੱਚੇ ਹਨ।

ਵੈਸੇ ਤਾਂ ਉਹ [ਪੁਲਸ ਮੁਲਾਜ਼ਮ] ਨਿੱਜੀ ਤੌਰ 'ਤੇ ਵਿਰੋਧ ਪ੍ਰਦਰਸ਼ਨ ਪ੍ਰਤੀ ਕਾਫ਼ੀ ਹਮਦਰਦੀ ਰੱਖਦੇ ਸਨ।

ਸੱਚ ਦੱਸਾਂ ਤਾਂ ਮੇਰਾ ਖ਼ਿਆਲ ਹੈ ਕਿ ਕਈ ਸਾਲ ਪਹਿਲਾਂ ਮੈਂ ਇੱਕ ਲੇਖ ਲਿਖਿਆ ਸੀ, ਜਿਸ ਵਿੱਚ ਮੈਂ ਕਿਹਾ ਸੀ ਕਿ ਭਾਰਤ ਇਨ੍ਹਾਂ ਤਰੀਕਿਆਂ ਰਾਹੀਂ ਕਸ਼ਮੀਰ ਦਾ ਅਨਿੱਖੜ ਅੰਗ ਬਣਨ ਜਾ ਰਿਹਾ ਹੈ। ਤੁਸੀਂ ਜਾਣਦੇ ਹੋ, ਪੈਲੇਟ ਗੰਨਾਂ ਸ੍ਰੀਨਗਰ ਤੋਂ ਇੱਥੋਂ ਤੱਕ ਪਹੁੰਚ ਗਈਆਂ ਹਨ ਅਤੇ ਇਸੇ ਤਰ੍ਹਾਂ ਇਹ ਸਿਲਸਿਲਾ ਅੱਗੇ ਵੀ ਚੱਲਦਾ ਰਹੇਗਾ? ਤੁਸੀਂ ਕਾਰ ਵਿੱਚ ਕੀ ਕਹਿ ਰਹੇ ਸੀ ਕਿ ਉਹ ਚਾਹੁੰਦੇ ਹਨ... ਤੁਸੀਂ ਕੀ ਕਿਹਾ ਸੀ।

-ਉਹ ਆਮ ਹਾਲਾਤ ਬਹਾਲ ਕਰਨਾ ਚਾਹੁੰਦੇ ਹਨ।

ਆਮ ਹਾਲਾਤ ਬਹਾਲ ਕਰਨਾ। ਯਾਦ ਰੱਖਣਾ, ਮੈਂ ਕਸ਼ਮੀਰ ਦੀ ਗੱਲ ਕਰ ਰਹੀ ਹਾਂ-ਉਹ ਆਮ ਹਾਲਾਤ ਦਾ ਐਲਾਨ ਕਰਦੇ ਹਨ। ਇਹ ਹਮੇਸ਼ਾ ਐਲਾਨ ਹੀ ਹੁੰਦਾ ਹੈ। ਇਸ ਲਈ ਹੁਣ ਆਮ ਹਾਲਾਤ ਬਹਾਲ ਹੋਣੇ ਹੀ ਚਾਹੀਦੇ ਹਨ।

ਜੀ ਹਾਂ, ਉਸੇ ਦੇ ਤਹਿਤ ਉਨ੍ਹਾਂ ਨੇ ਪੂਰੀ ਥਾਂ ਨੂੰ ਮੁੜ ਰੰਗ ਦਿੱਤਾ ਹੈ। ਸਾਰੀ ਗ੍ਰੈਫ਼ਿਟੀ ਮਿਟਾ ਦਿੱਤੀ ਗਈ ਹੈ।

ਹਾਂ, ਇਹ ਕੰਮ ਤਾਂ ਉਹ ਪਲ ਭਰ 'ਚ ਕਰ ਦਿੰਦੇ ਹਨ। ਲਹੂ ਦੇ ਦਾਗ਼ ਮਿਟਾ ਦਿੱਤੇ ਜਾਂਦੇ ਹਨ। ਕੰਧਾਂ ਉੱਤੇ ਮੁੜ ਰੰਗ ਕਰ ਦਿੱਤਾ ਜਾਂਦਾ ਹੈ, ਪਰ ਫਿਰ ਵੀ ਤੁਸੀਂ ਨਾਅਰੇ ਲੱਗਭੱਗ ਸੁਣ ਸਕਦੇ ਹੋ, ਹੈ ਨਾ? ਉਹ ਪਿਆਰੇ ਚਿਹਰੇ ਲੱਗਭੱਗ ਦਿਸਦੇ ਪਏ ਹਨ।

**? ਹੁਣ ਮੁੱਦੇ ਵੱਲ ਆਉਂਦੇ ਹਾਂ-ਤੁਸੀਂ ਆਪਣੇ ਲੇਖ ਵਿੱਚ ਕਿਹਾ ਸੀ ਕਿ ਜੇ ਗੰਭੀਰ ਸਿਆਸੀ ਕੰਮ ਨਾ ਹੋਇਆ ਤਾਂ ਇਹ ਊਰਜਾ ਕਮਜ਼ੋਰ ਪੈ ਸਕਦੀ ਹੈ। ਕੀ ਤੁਹਾਨੂੰ ਲੱਗਦਾ ਹੈ ਕਿ ਇਸ ਦੇ ਕੋਈ ਸੰਕੇਤ ਮਿਲੇ ਸਨ? ਮੇਰਾ ਮਤਲਬ ਹੈ, ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਦੇ ਘਰ ਦੇ ਬਾਹਰ ਪਹੁੰਚੇ ਅਤੇ ਪੁਲਸ ਉਸ ਨੂੰ ਘੜੀਸ ਕੇ ਲੈ ਗਈ। ਕੀ ਤੁਹਾਨੂੰ ਲੱਗਦਾ ਹੈ ਕਿ ਵਿਰੋਧੀ ਧਿਰ ਇਸ ਦਾ ਲਾਭ ਉਠਾ ਕੇ ਸਰਕਾਰ ਸਾਹਮਣੇ ਕੋਈ ਗੰਭੀਰ ਚੁਣੌਤੀ ਪੇਸ਼ ਕਰ ਸਕਦੀ ਹੈ।**

-ਮੈਨੂੰ ਸੱਚਮੁੱਚ ਨਹੀਂ ਪਤਾ। ਮੈਨੂੰ ਵਾਕਈ ਨਹੀਂ ਪਤਾ, ਕਿਉਂਕਿ ਅਲੱਗ-ਥਲੱਗ ਰਹਿਣ ਦੀ ਬਜਾਏ ਵਧੇਰੇ ਏਕਤਾ ਦਿਖਾਈ ਜਾਣੀ ਚਾਹੀਦੀ ਸੀ, ਪਰ ਇਸ ਦੇ ਨਾਲ ਹੀ ਅਸੀਂ ਇਸ ਵੇਲੇ ਇੱਕ ਭਿਆਨਕ ਸਥਿਤੀ ਵਿੱਚ ਹਾਂ। ਵਿਰੋਧੀ ਧਿਰ ਨੇ ਵੀ ਆਪਸੀ ਖਿੱਚੋਤਾਣ ਅਤੇ ਸੱਤਾ ਹਥਿਆਉਣ ਦੀ ਦੌੜ ਵਿੱਚ ਆਪਣੀ ਤਰਸਯੋਗ ਹਾਲਤ ਦਾ ਪ੍ਰਦਰਸ਼ਨ ਕੀਤਾ ਹੈ। ਉਹ ਇਹ ਸਮਝਣ ਵਿੱਚ ਨਾਕਾਮ ਰਹੀ ਹੈ ਕਿ ਜੇ ਹਲਕਾਬੰਦੀ ਬਿੱਲ ਪਾਸ ਹੋ ਗਿਆ ਤਾਂ ਕੱਲ੍ਹ ਉਸ ਦੀ ਆਪਣੀ ਹੋਂਦ ਖ਼ਤਰੇ ਵਿੱਚ ਪੈ ਜਾਵੇਗੀ... ਜਦੋਂ ਵੀ ਭਾਜਪਾ ਨੂੰ ਕੁਝ ਪਛਾੜਾਂ ਲੱਗਦੀਆਂ ਹਨ ਅਤੇ ਹਰ ਵਾਰ ਜਦੋਂ ਉਸ ਨੂੰ ਪਛਾੜਾਂ ਲੱਗਦੀਆਂ ਹਨ-ਉਹ ਹੋਰ ਸਖ਼ਤ ਮਿਹਨਤ ਕਰਨ ਲੱਗ ਪੈਂਦੀ ਹੈ, ਜਦਕਿ ਵਿਰੋਧੀ ਧਿਰ ਆਰਾਮ ਫਰਮਾਉਣ ਚਲੀ ਜਾਂਦੀ ਹੈ।

ਇਸ ਲਈ ਮੈਨੂੰ ਨਹੀਂ ਪਤਾ, ਪਰ ਮੇਰਾ ਖ਼ਿਆਲ ਹੈ ਕਿ ਪਿਛਲੇ ਕੁਝ ਦਿਨਾਂ 'ਚ ਇੱਥੇ ਕੁਝ ਅਦਭੁੱਤ ਵਾਪਰਿਆ ਹੈ। ਜਿਵੇਂ ਮੈਂ ਕਿਹਾ, ਕੋਈ ਵੀ ਚੋਣ ਇਸ ਮੁਲਕ ਦੇ ਮੁਖੀ ਨੂੰ ਉਨ੍ਹਾਂ ਸਾਰੀਆਂ ਚੀਜ਼ਾਂ ਤੋਂ ਵਾਂਝਾ ਨਹੀਂ ਕਰ ਸਕਦੀ ਸੀ, ਜਿਨ੍ਹਾਂ ਦੇ ਸਹਾਰੇ ਉਸ ਨੇ ਆਪਣੇ ਆਪ ਨੂੰ ਬਚਾਈ ਰੱਖਿਆ ਸੀ। ਇਹ ਚਮਤਕਾਰ ਸੀ ਕਿ ਏਨੀ ਘੱਟ ਬੁੱਧੀ, ਢੇਰ ਸਾਰੀਆਂ ਸਾਜ਼ਿਸ਼ਾਂ, ਪਰ ਸੋਚਣ ਦੀ ਬਹੁਤ ਘੱਟ ਸਮਰੱਥਾ ਵਾਲਾ ਵਿਅਕਤੀ ਏਨੇ ਲੰਮੇ ਸਮੇਂ ਤੱਕ ਏਨੇ ਸਾਰੇ ਲੋਕਾਂ ਨੂੰ ਮੂਰਖ ਬਣਾਉਣ ਵਿੱਚ ਕਾਮਯਾਬ ਰਿਹਾ ਅਤੇ ਗੱਲ ਇਹ ਹੈ ਕਿ ਭਾਵੇਂ ਭਿਆਨਕ ਬੇਰਹਿਮੀ ਹੋਈ, ਪਰ ਅਸੀਂ ਜਾਣਦੇ ਹਾਂ ਕਿ ਜੇ ਇਹ ਕਿਸਾਨ ਹੁੰਦੇ, ਜਿਨ੍ਹਾਂ ਨੂੰ ਸਿੱਖ ਅੱਤਵਾਦੀ ਕਿਹਾ ਗਿਆ-ਭਾਵੇਂ ਇਨ੍ਹਾਂ ਬੱਚਿਆਂ ਨੂੰ ਵੀ ਪਾਕਿਸਤਾਨੀ ਵਗੈਰਾ ਕਿਹਾ ਗਿਆ; ਪਰ ਕਿਸਾਨਾਂ, ਨਾਗਰਿਕਤਾ ਕਾਨੂੰਨ ਵਿਰੋਧੀ ਪ੍ਰਦਰਸ਼ਨਕਾਰੀਆਂ ਅਤੇ ਜਿਵੇਂ ਅਸੀਂ ਵਾਰ-ਵਾਰ ਕਹਿੰਦੇ ਹਾਂ, ਮਨੀਪੁਰ, ਕਸ਼ਮੀਰ ਅਤੇ ਇਨ੍ਹਾਂ ਸਾਰੀਆਂ ਥਾਵਾਂ ਉੱਤੇ, ਉਨ੍ਹਾਂ ਨੂੰ ਗੋਲੀਆਂ ਚਲਾਉਣ ਵਿੱਚ ਕੋਈ ਝਿਜਕ ਨਹੀਂ ਹੁੰਦੀ। ਅਜਿਹਾ [ਦਿੱਲੀ ਵਿੱਚ ਨੌਜਵਾਨਾਂ ਦੇ ਪ੍ਰਦਰਸ਼ਨਾਂ ਵਿਰੁੱਧ] ਨਹੀਂ ਹੋਇਆ, ਕਿਉਂਕਿ ਇਹ ਉਸ ਦੇ ਆਪਣੇ ਵੋਟਰ ਆਧਾਰ ਦੇ ਬੱਚੇ ਹਨ।

ਬਿਲਕੁਲ। ਉਹ ਉਨ੍ਹਾਂ ਨੂੰ ਖਲਨਾਇਕ ਬਣਾ ਕੇ ਪੇਸ਼ ਨਹੀਂ ਕਰ ਸਕੇ।

ਮੇਰੇ ਕਹਿਣ ਦਾ ਭਾਵ ਹੈ, ਉਨ੍ਹਾਂ ਨੇ ਭਿਆਨਕ ਕੰਮ ਕੀਤੇ, ਪਰ ਓਨੇ ਭਿਆਨਕ ਨਹੀਂ, ਜਿੰਨੇ ਉਹ ਉਦੋਂ ਕਰਦੇ, ਜੇ ਉੱਥੇ ਮੁੱਖ ਤੌਰ 'ਤੇ ਮੁਸਲਮਾਨ, ਸਿੱਖ, ਈਸਾਈ, ਗ਼ਰੀਬ, ਆਦਿਵਾਸੀ ਜਾਂ ਦਲਿਤ ਹੁੰਦੇ। ਮੇਰਾ ਭਾਵ ਹੈ, ਏਨੇ ਸਾਰੇ ਨੌਜਵਾਨਾਂ ਦੇ ਇਸ ਅੰਦੋਲਨ ਦੌਰਾਨ ਹਮੇਸ਼ਾ ਇੱਕ ਦੁੱਖ ਦਾ ਅਹਿਸਾਸ ਬਣਿਆ ਰਹਿੰਦਾ ਹੈ ਕਿ ਸਭ ਤੋਂ ਹੋਣਹਾਰ ਲੋਕਾਂ ਵਿੱਚੋਂ ਇੱਕ ਨੂੰ ਪੰਜ ਸਾਲ ਤੋਂ ਬਿਨਾਂ ਕਿਸੇ ਮੁਕੱਦਮੇ ਦੇ ਜੇਲ੍ਹ ਵਿੱਚ ਬੰਦ ਰੱਖਿਆ ਗਿਆ ਹੈ। ਉਮਰ ਖ਼ਾਲਿਦ, ਸ਼ਰਜੀਲ ਇਮਾਮ ਅਤੇ ਤੁਸੀਂ ਜਾਣਦੇ ਹੋ ਕਿ ਵਿਰੋਧੀ ਧਿਰ 'ਮੁਸਲਮਾਨ' ਸ਼ਬਦ ਦੀ ਵਰਤੋਂ ਕਰਨ ਤੋਂ ਵੀ ਝਿਜਕਦੀ ਹੈ; ਉਨ੍ਹਾਂ ਨੂੰ 'ਘੱਟਗਿਣਤੀ' ਕਹਿਣਾ ਪੈਂਦਾ ਹੈ। ਜੇ ਵੱਡੇ ਸਿਆਸਤਦਾਨਾਂ 'ਚ ਥੋੜ੍ਹੀ ਜਿਹੀ ਇਮਾਨਦਾਰੀ ਵੀ ਹੁੰਦੀ ਤਾਂ ਚੰਗਾ ਹੁੰਦਾ। ਉਹ ਉਸ ਦਾ ਨਾਂਅ ਲੈਣ ਤੋਂ ਏਨਾ ਡਰਦੇ ਹਨ, ਜਦਕਿ ਉਸ ਵਿਅਕਤੀ ਨੂੰ ਮੀਡੀਆ ਨੇ ਬਦਨਾਮ ਕੀਤਾ ਅਤੇ ਜੇਲ੍ਹ ਵਿੱਚ ਸੁੱਟੇ ਜਾਣ ਤੋਂ ਪਹਿਲਾਂ ਉਸ ਉੱਤੇ ਜਾਨਲੇਵਾ ਹਮਲਾ ਵੀ ਕੀਤਾ ਗਿਆ। ਜਦੋਂ ਉਹ ਜੇਲ੍ਹ ਗਿਆ, ਉਦੋਂ ਉਹ ਲੜਕਾ ਸੀ। ਹੁਣ ਉਹ ਆਦਮੀ ਹੈ। ਸੋ, ਅਸੀਂ ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਨੂੰ ਨਹੀਂ ਭੁੱਲ ਸਕਦੇ। ਅਸੀਂ ਇਸ ਤੱਥ ਨੂੰ ਵੀ ਨਹੀਂ ਭੁੱਲ ਸਕਦੇ ਕਿ ਸੀ.ਏ.ਏ. ਵਿਰੋਧੀ ਅੰਦੋਲਨਾਂ ਦੌਰਾਨ ਮੁਸਲਮਾਨਾਂ ਨੂੰ ਮਾਰਿਆ ਗਿਆ ਅਤੇ ਫਿਰ ਉਨ੍ਹਾਂ ਉੱਤੇ ਹੀ ਕਤਲ ਦੇ ਦੋਸ਼ ਮੜ੍ਹ ਦਿੱਤੇ ਗਏ।

ਮੈਂ ਉਨ੍ਹਾਂ ਚਾਰ ਮੁਸਲਮਾਨ ਮੁੰਡਿਆਂ ਦੀ ਤਸਵੀਰ ਕਦੇ ਨਹੀਂ ਭੁੱਲ ਸਕਦੀ, ਜਿਨ੍ਹਾਂ ਨੂੰ ਪੁਲਸ ਸੜਕ 'ਤੇ ਲੱਤਾਂ-ਮੁੱਕਿਆਂ ਨਾਲ ਕੁੱਟ ਰਹੀ ਸੀ ਅਤੇ ਜ਼ਬਰਦਸਤੀ ਰਾਸ਼ਟਰੀ ਗੀਤ ਗਾਉਣ ਲਈ ਮਜਬੂਰ ਕਰ ਰਹੀ ਸੀ। ਉਨ੍ਹਾਂ ਵਿੱਚੋਂ ਇੱਕ ਫ਼ੈਜ਼ਾਨ ਦੀ ਬਾਅਦ ਵਿੱਚ ਮੌਤ ਹੋ ਗਈ। ਮੈਂ ਉਹ ਕਦੇ ਨਹੀਂ ਭੁੱਲ ਸਕਦੀ। ਤੁਸੀਂ ਜਾਣਦੇ ਹੋ ਕਿ ਇਹ ਸਾਰੀਆਂ ਗੱਲਾਂ ਮੇਰੇ ਦਿਮਾਗ਼ ਵਿੱਚ ਵੱਸੀਆਂ ਹੋਈਆਂ ਹਨ-ਅਹਿਸਾਨ ਜਾਫ਼ਰੀ ਅਤੇ ਗੁਲਬਰਗ ਸੁਸਾਇਟੀ ਦੇ ਬਾਕੀ ਸਾਰੇ ਲੋਕਾਂ ਦੇ ਕਤਲ ਅਤੇ ਗੁਜਰਾਤ ਵਿੱਚ ਜੋ ਕੁਝ ਵਾਪਰਿਆ। ਲੋਕ ਮੈਨੂੰ ਕਹਿੰਦੇ ਹਨ ਕਿ ਤੂੰ ਗੁੱਸੇ ਵਿੱਚ ਹੈਂ। ਹਾਂ, ਮੈਂ ਬਹੁਤ ਗੁੱਸੇ ਵਿੱਚ ਹਾਂ। ਤੁਸੀਂ ਜਾਣਦੇ ਹੋ, ਮੈਂ ਬਹੁਤ ਲੰਮੇ ਸਮੇਂ ਤੋਂ ਗੁੱਸੇ ਵਿੱਚ ਹਾਂ, ਪਰ ਮੈਂ ਗੁੱਸੇ ਵਿੱਚ ਵੀ ਹੱਸਦੀ ਹਾਂ-ਜਿਵੇਂ ਉਹ ਵਿਦਿਆਰਥੀ ਹੱਸੇ।

[ਇੱਕ ਆਦਮੀ ਸੜਕ 'ਤੇ ਆਉਂਦਾ ਹੈ ਅਤੇ ਅਰੁੰਧਤੀ ਨੂੰ ਦੇਖਣ ਲਈ ਗੋਡਿਆਂ ਭਾਰ ਬੈਠ ਜਾਂਦਾ ਹੈ। ਉਹ ਉਸ ਨੂੰ ਕਹਿੰਦਾ ਹੈ ਕਿ ਉਹ ਬਹੁਤ ਚੰਗੀ ਇਨਸਾਨ ਲੱਗਦੀ ਹੈ। ਅਰੁੰਧਤੀ ਉਸ ਨੂੰ ਪੁੱਛਦੀ ਹੈ ਕਿ ਉਸ ਨੂੰ ਇਹ ਕਿਵੇਂ ਪਤਾ ਲੱਗਿਆ। ਉਹ ਕਹਿੰਦਾ ਹੈ ਕਿ ਉਸ ਦੀ ਸਰੀਰਕ ਭਾਸ਼ਾ ਤੋਂ। ਅਰੁੰਧਤੀ ਉਸ ਨਾਲ ਗੱਲ ਕਰਨ ਲਈ ਬੈਠ ਜਾਂਦੀ ਹੈ। ਉਹ ਕਹਿੰਦਾ ਹੈ ਕਿ ਜੇ ਇਸ ਸਾਲ ਦੀਵਾਲੀ ਮੋਦੀ ਤੋਂ ਬਿਨਾਂ ਮਨਾਈ ਜਾ ਸਕੇ ਤਾਂ ਬਹੁਤ ਵਧੀਆ ਹੋਵੇਗਾ। ਅਰੁੰਧਤੀ ਹੱਸਦੀ ਹੈ ਅਤੇ ਕਹਿੰਦੀ ਹੈ ਕਿ ਉਸ ਨੂੰ ਸੱਚਮੁੱਚ ਇਹ ਬਹੁਤ ਚੰਗਾ ਲੱਗੇਗਾ। ਦੋਵੇਂ ਦੀਵਾਲੀ ਮੌਕੇ ਜੰਤਰ-ਮੰਤਰ 'ਤੇ ਮਿਲਣ ਅਤੇ ਮਠਿਆਈ ਵੰਡਣ ਲਈ ਸਹਿਮਤ ਹੋ ਜਾਂਦੇ ਹਨ। ਜਾਣ ਤੋਂ ਪਹਿਲਾਂ ਉਹ ਕਹਿੰਦਾ ਹੈ ਕਿ ਲੋਕ ਮੋਦੀ ਤੋਂ ਅੱਕ ਚੁੱਕੇ ਹਨ ਅਤੇ ਪ੍ਰਧਾਨ ਮੰਤਰੀ ਬਹੁਤ ਹੀ ਉਕਤਾਊ ਹੈ।]

ਪਿਛਲੇ ਇੱਕ ਦਹਾਕੇ ਦੌਰਾਨ ਮੋਦੀ ਬਾਰੇ ਸਿਰਫ਼ ਇੱਕ ਚੁਟਕਲਾ ਸਾਂਝਾ ਕਰਨ ਕਰਕੇ ਦਰਜਨਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਬਿਲਕੁਲ, ਇੱਕ ਬੇਢੰਗੇ ਜਿਹੇ ਚੁਟਕਲੇ ਵਾਂਗ, ਅਤੇ ਅਚਾਨਕ ਚਾਰੇ ਪਾਸੇ ਸਿਰਫ਼ ਚੁਟਕਲੇ ਹੀ ਚੁਟਕਲੇ ਹੋ ਰਹੇ ਹਨ। ਇਹੀ ਗੱਲ ਮੈਨੂੰ ਸਭ ਤੋਂ ਵੱਧ ਪਸੰਦ ਆਈ। ਸੱਚ ਦੱਸਾਂ ਤਾਂ, ਜਿਵੇਂ ਮੈਂ ਦ ਵਾਇਰ ਲਈ ਲਿਖੇ ਆਪਣੇ ਲੇਖ ਵਿੱਚ ਕਿਹਾ ਸੀ, ਮੈਨੂੰ ਸਾਲਾਂ ਬਾਅਦ ਪਹਿਲੀ ਵਾਰ ਭਾਰਤੀ ਹੋਣ ਦਾ ਅਦਭੁੱਤ ਅਹਿਸਾਸ ਹੋਇਆ, ਕਿਉਂਕਿ ਜ਼ਿਆਦਾਤਰ ਸਮਾਂ ਮੈਂ ਉਨ੍ਹਾਂ ਗੱਲਾਂ ਕਾਰਨ ਸ਼ਰਮਿੰਦਗੀ ਮਹਿਸੂਸ ਕਰਦੀ ਹਾਂ, ਜਿਨ੍ਹਾਂ ਨੂੰ ਲੋਕ ਪ੍ਰਵਾਨ ਕਰ ਲੈਂਦੇ ਹਨ।

**? ਤੁਹਾਨੂੰ ਸੀ.ਏ.ਏ. ਵਿਰੋਧੀ ਪ੍ਰਦਰਸ਼ਨ ਯਾਦ ਹਨ।**

-ਯਾਦ ਹੈ ਕਿ ਮੁਸਲਮਾਨਾਂ ਨੂੰ ਕਿਵੇਂ ਬੇਰਹਿਮੀ ਨਾਲ ਕੁੱਟ-ਕੁੱਟ ਕੇ ਮਾਰਿਆ ਜਾ ਰਿਹਾ ਸੀ ਅਤੇ ਲੋਕ ਤਾੜੀਆਂ ਮਾਰ ਰਹੇ ਸਨ ਤੇ ਵੀਡੀਓਜ਼ ਅਪਲੋਡ ਕਰ ਰਹੇ ਸਨ? ਫਿਰ ਅਚਾਨਕ ਇਸ ਤਰ੍ਹਾਂ ਦਾ ਮਾਹੌਲ ਸਾਡੇ ਸਾਹਮਣੇ ਆ ਗਿਆ। ਰੱਬ ਦੀ ਸਹੁੰ, ਹੁਣ ਮੈਂ ਚੈਨ ਨਾਲ ਮਰ ਸਕਦੀ ਹਾਂ। ਮੈਂ ਮੁਸਕਰਾਉਂਦੀ ਹੋਈ ਮਰਾਂਗੀ। ਤੁਸੀਂ ਜਾਣਦੇ ਹੋ, ਜੋ ਕੁਝ ਵਾਪਰਿਆ, ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਆਪਣੇ ਜੀਵਨਕਾਲ ਵਿੱਚ ਅਜਿਹਾ ਕੁਝ ਦੇਖ ਸਕਾਂਗੀ। ਮੈਂ ਇਨ੍ਹਾਂ ਨੌਜਵਾਨਾਂ ਦੀ ਪ੍ਰਸ਼ੰਸਾ ਕਰਦੀ ਹਾਂ। ਇਹ ਬਹੁਤ ਹੀ ਸ਼ਾਨਦਾਰ ਹੈ।

**? ਸ਼ਾਇਦ ਸਭ ਤੋਂ ਵੱਧ ਕਲਪਨਾਸ਼ੀਲ ਲੇਖਕ ਵੀ ਇਸ ਤਰ੍ਹਾਂ ਦੀ ਕਹਾਣੀ ਨਹੀਂ ਲਿਖ ਸਕਦਾ ਸੀ, ਹੈ ਨਾ।**

ਜਿਵੇਂ ਮੈਂ ਕਿਹਾ ਸੀ-ਇੱਕ ਜੱਜ ਅਤੇ ਇੱਕ ਚੁਟਕਲੇ ਦੇ ਅਪਵਿੱਤਰ ਮੇਲ ਦੀ ਸੰਤਾਨ। ਤੁਸੀਂ ਜਾਣਦੇ ਹੋ, ਅਤੇ ਇਹ ਵਾਪਰ ਗਿਆ।

-ਮੇਰਾ ਖ਼ਿਆਲ ਹੈ ਕਿ ਜਿਹੜੇ ਲੋਕ ਇਸ ਦਾ ਜਸ਼ਨ ਨਹੀਂ ਮਨਾ ਸਕਦੇ ਅਤੇ ਤੁਰੰਤ ਅੱਗੇ ਬਾਰੇ ਸੋਚਣ ਲੱਗ ਜਾਂਦੇ ਹਨ ਕਿ ਅਰੇ, ਇਹ ਹੋਵੇਗਾ, ਉਹ ਹੋਵੇਗਾ-ਮੈਨੂੰ ਅਫ਼ਸੋਸ ਹੁੰਦਾ ਹੈ ਕਿ ਅਸੀਂ ਇੱਕ ਪਲ ਦਾ ਜਸ਼ਨ ਮਨਾਉਣ ਦੀ ਸਮਰੱਥਾ ਵੀ ਗੁਆ ਲਈ ਹੈ, ਕਿਉਂਕਿ ਖ਼ੁਸ਼ੀ ਹਮੇਸ਼ਾ ਕਾਇਮ ਨਹੀਂ ਰਹਿੰਦੀ ਅਤੇ ਰਾਜਨੀਤੀ ਤੇਜ਼ੀ ਨਾਲ ਬਦਲਦੀ ਹੈ, ਪਰ ਇਹ ਸਾਡੇ ਵੱਲੋਂ ਦਿੱਤਾ ਗਿਆ ਵੱਡਾ ਝਟਕਾ ਸੀ ਅਤੇ ਇਹ ਕੰਮ ਸਭ ਤੋਂ ਪਿਆਰੇ ਬੱਚਿਆਂ ਨੇ ਕੀਤਾ।

ਮੇਰੇ ਵਰਗਾ ਵਿਅਕਤੀ 24 ਸਾਲਾਂ ਤੋਂ ਇਸ ਤੋਂ ਕਿਤੇ ਵੱਧ ਗੱਲਾਂ ਬਾਰੇ, ਉਨ੍ਹਾਂ ਸਾਰੀਆਂ ਚੀਜ਼ਾਂ ਬਾਰੇ, ਜੋ ਮੈਨੂੰ ਚਿੰਤਤ ਕਰਦੀਆਂ ਹਨ-ਲਿਖਦਾ ਆ ਰਿਹਾ ਹੈ, ਪਰ ਤੁਸੀਂ ਜਾਣਦੇ ਹੋ, ਮੇਰਾ ਖ਼ਿਆਲ ਹੈ ਕਿ ਇਹ ਅਦਭੁੱਤ ਸੀ। ਹੁਣ ਅਸੀਂ ਦੇਖਾਂਗੇ ਕਿ ਅੱਗੇ ਕੀ ਹੁੰਦਾ ਹੈ। ਅਸੀਂ ਦੇਖਾਂਗੇ ਕਿ ਅੱਗੇ ਕੀ ਹੁੰਦਾ ਹੈ।

ਕਿਉਂਕਿ ਅਸੀਂ ਚੁਟਕਲਿਆਂ ਦੀ ਗੱਲ ਕਰ ਰਹੇ ਹਾਂ, ਉੱਥੇ ਚਾਰੇ ਪਾਸੇ ਬਹੁਤ ਹਾਸਾ-ਮਜ਼ਾਕ ਹੋ ਰਿਹਾ ਸੀ, ਪਰ ਕੀ ਤੁਹਾਨੂੰ ਕੋਈ ਅਜਿਹੀ ਘਟਨਾ ਯਾਦ ਹੈ, ਜਿਸ ਨੇ ਤੁਹਾਨੂੰ ਉੱਚੀ-ਉੱਚੀ ਹੱਸਣ ਲਈ ਮਜਬੂਰ ਕਰ ਦਿੱਤਾ ਹੋਵੇ?

ਮੇਰੇ ਕੋਲ ਇੱਕ ਨਵਾਂ ਰਾਸ਼ਟਰੀ ਗੀਤ ਹੈ, ਪਰ ਮੈਂ ਉਹ ਤੁਹਾਡੇ ਲਈ ਗਾ ਨਹੀਂ ਸਕਦੀ, ਕਿਉਂਕਿ ਉਹ ਬਹੁਤ ਹੀ ਅਸ਼ਲੀਲ ਹੈ। ਇਹ ਬੜੀ ਮਜ਼ੇਦਾਰ ਗੱਲ ਸੀ ਕਿ ਸਭ ਤੋਂ ਵੱਧ ਬਦਤਮੀਜ਼ ਗੱਲਾਂ ਕਰਨ ਵਾਲੀਆਂ ਕੁੜੀਆਂ ਸਨ ਅਤੇ ਉਹ ਜਿੰਨੀਆਂ ਛੋਟੀਆਂ ਸਨ, ਓਨੀਆਂ ਹੀ ਵੱਧ ਬਦਤਮੀਜ਼ ਗੱਲਾਂ ਕਰਦੀਆਂ ਸਨ।

ਤੁਸੀਂ ਜਾਣਦੇ ਹੋ, ਮੈਂ ਤਾਂ ਬਸ ਹੈਰਾਨ ਰਹਿ ਗਈ, ਕਿਉਂਕਿ ਆਪਣੀ ਕਿਤਾਬ ਮਦਰ ਮੈਰੀ ਕਮਜ਼ ਟੂ ਮੀ ਵਿੱਚ ਮੈਂ ਦੱਸਿਆ ਹੈ ਕਿ ਮੈਂ ਗਾਲ੍ਹਾਂ ਰਾਹੀਂ ਭਾਸ਼ਾ ਸਿੱਖੀ ਸੀ। ਮਿਸਾਲ ਵਜੋਂ, ਜਦੋਂ ਮੈਂ ਦਿੱਲੀ ਆਈ ਸੀ ਤਾਂ ਮੈਨੂੰ ਹਿੰਦੀ ਬਿਲਕੁਲ ਨਹੀਂ ਆਉਂਦੀ ਸੀ। ਮੈਂ ਅਤੇ ਓੜੀਸਾ ਦੀ ਮੇਰੀ ਇੱਕ ਸਹੇਲੀ ਨੇ ਗਾਲ੍ਹਾਂ ਰਾਹੀਂ ਭਾਸ਼ਾ ਸਿੱਖੀ।

ਇੱਥੋਂ ਤੱਕ ਕਿ ਪਹਿਲੀ ਵਾਰ... ਮੈਂ ਆਪਣੇ ਪਿਤਾ ਨੂੰ ਨਹੀਂ ਜਾਣਦੀ ਸੀ, ਕਿਉਂਕਿ ਮੇਰੇ ਮਾਪੇ ਉਸ ਵੇਲੇ ਹੀ ਵੱਖ ਹੋ ਗਏ ਸਨ, ਜਦੋਂ ਮੈਂ ਬਹੁਤ ਛੋਟੀ ਸੀ। ਪਹਿਲੀ ਵਾਰ ਜਦੋਂ ਮੈਂ ਆਪਣੇ ਪਿਤਾ ਨੂੰ ਮਿਲੀ, ਉਸ ਵੇਲੇ ਮੈਂ 25 ਸਾਲ ਦੀ ਸੀ। ਉਨ੍ਹਾਂ ਨੇ ਮੈਨੂੰ ਸਭ ਤੋਂ ਪਹਿਲਾਂ ਪੁੱਛਿਆ, ਤਾਂ ਕੀ ਤੂੰ ਅਜੇ ਵੀ, ਇਹ ਤੈਨੂੰ ਪਤਾ ਹੈ, ਬਦਤਮੀਜ਼ ਹੈਂ?

ਮੈਂ ਕਿਹਾ, ਪਰ ਜਦੋਂ ਤੁਸੀਂ ਮੈਨੂੰ ਪਿਛਲੀ ਵਾਰ ਮਿਲੇ ਸੀ, ਉਦੋਂ ਮੈਂ ਸਿਰਫ਼ ਦੋ ਸਾਲ ਦੀ ਸੀ।

ਉਨ੍ਹਾਂ ਨੇ ਕਿਹਾ, ਹਾਂ, ਤੂੰ ਸਭ ਤੋਂ ਬੁਰੀ ਸੀ। ਮੇਰੀ ਸਿਗਰਟ ਗ਼ਲਤੀ ਨਾਲ ਤੈਨੂੰ ਛੂਹ ਗਈ ਸੀ ਅਤੇ ਤੂੰ ਬਸ ਮੇਰੇ ਵੱਲ ਦੇਖ ਕੇ ਕਿਹਾ ਸੀ, 'ਚੂਤੀਆ।'

ਇਸ ਲਈ ਮੈਂ ਸਮਝ ਸਕਦੀ ਹਾਂ, ਤੁਸੀਂ ਜਾਣਦੇ ਹੋ, ਉਨ੍ਹਾਂ ਛੋਟੇ ਬੱਚਿਆਂ ਨੂੰ, ਜਿਹੜੇ ਗਾਲ੍ਹਾਂ ਕੱਢਣ ਦੇ ਉਸ ਪਲ ਦਾ ਆਨੰਦ ਮਾਣ ਰਹੇ ਸਨ ਅਤੇ ਉਨ੍ਹਾਂ ਨੇ ਮਾਸਕ ਪਾਉਣ ਦੀ ਖੇਚਲ ਵੀ ਨਹੀਂ ਕੀਤੀ। ਕੁੜੀਆਂ ਦੀ ਟੋਲੀ ਸਮੂਹ ਪ੍ਰਧਾਨ ਮੰਤਰੀ ਦੇ ਘਰ ਤੋਂ ਇੱਕ ਕਿਲੋਮੀਟਰ ਦੂਰ ਉਸ ਵੱਲ ਉਂਗਲ ਕਰਕੇ ਆਪਣਾ ਗੁੱਸਾ ਤੇ ਨਫ਼ਰਤ ਪ੍ਰਗਟਾ ਰਹੀ ਸੀ। ਇੱਕ ਹੱਦ ਤੋਂ ਬਾਅਦ ਅਸੀਂ ਇਸ ਗੱਲ ਦਾ ਵਿਸ਼ਲੇਸ਼ਣ ਕਿਵੇਂ ਕਰੀਏ ਕਿ ਇਹ ਸਭ ਕਿਉਂ ਅਤੇ ਕਿਵੇਂ ਵਾਪਰਿਆ।

ਮੈਂ ਇਸ ਦਾ ਵਿਸ਼ਲੇਸ਼ਣ ਨਹੀਂ ਕਰਨਾ ਚਾਹੁੰਦੀ। ਮੈਂ ਬਸ ਇਸ ਦਾ ਆਨੰਦ ਮਾਣਨਾ ਚਾਹੁੰਦੀ ਹਾਂ।

**? ਤੁਸੀਂ ਜਸ਼ਨ ਮਨਾਉਣ ਲਈ ਕੀ ਕੀਤਾ।**

-ਮੈਂ ਇੱਥੇ ਆਈ ਅਤੇ ਬਸ ਮੁਸਕਰਾਉਂਦੀ ਰਹੀ। ਮੁਸਕਰਾਉਂਦੀ ਰਹੀ।

ਸਾਡੇ ਨਾਲ ਇੱਥੇ ਮੁੜ ਆਉਣ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ।

ਤੁਹਾਡਾ ਸਵਾਗਤ ਹੈ।

ਇਹ ਅਸਾਧਾਰਨ ਪਲ ਹੈ ਅਤੇ ਸਾਡੇ ਵਿੱਚੋਂ ਕੋਈ ਨਹੀਂ ਜਾਣਦਾ ਕਿ ਇਹ ਕਿੱਥੋਂ ਤੱਕ ਜਾਵੇਗਾ। ਪਰ ਜਿਵੇਂ ਤੁਸੀਂ ਕਿਹਾ...

ਇਸ ਪਲ ਦਾ ਜਸ਼ਨ ਮਨਾਓ। ਅਸੀਂ ਹੱਸਦੇ-ਹੱਸਦੇ ਅਗਲੇ ਦਿਨ ਲਈ ਤਿਆਰ ਹੋ ਜਾਂਦੇ ਹਾਂ।

**? ਮੌਜੂਦਾ ਹਾਲਾਤ ਨੂੰ ਦੇਖਦਿਆਂ ਸ਼ਾਇਦ ਅਸੀਂ ਤੁਹਾਨੂੰ ਇੱਕ ਰੀਲ ਰਿਕਾਰਡ ਕਰਨ ਲਈ ਕਹਿ ਸਕਦੇ ਹਾਂ।**

(ਹੱਸਦਿਆਂ) ਤੁਹਾਡਾ ਕੀ ਮਤਲਬ ਹੈ।

-ਇੱਕ ਵਰਟੀਕਲ ਵੀਡੀਓ। ਪ੍ਰਧਾਨ ਮੰਤਰੀ ਅੱਜਕੱਲ੍ਹ ਇਹੀ ਕਰ ਰਹੇ ਹਨ।

ਰੱਬ ਦਾ ਸ਼ੁਕਰ ਹੈ ਕਿ ਮੈਂ ਪ੍ਰਧਾਨ ਮੰਤਰੀ ਨਹੀਂ ਹਾਂ। ਹਰ ਕੋਈ ਉਸ ਦੇ ਦੰਦਾਂ ਦੀ ਹਾਲਤ ਨੂੰ ਲੈ ਕੇ ਪਰੇਸ਼ਾਨ ਹੈ। ਬੱਚੇ ਆਪਣੇ ਦੰਦ ਸਾਫ਼ ਕਰ ਰਹੇ ਸਨ ਅਤੇ ਕਹਿ ਰਹੇ ਸਨ, ਆਪਣੇ ਦੰਦਾਂ ਦਾ ਖ਼ਿਆਲ ਰੱਖੋ।

**? ਮੇਰਾ ਖ਼ਿਆਲ ਹੈ ਕਿ ਸਾਨੂੰ ਰੀਲਾਂ ਨੌਜਵਾਨਾਂ ਲਈ ਹੀ ਛੱਡ ਦੇਣੀਆਂ ਚਾਹੀਦੀਆਂ ਹਨ। ਸਾਨੂੰ ਉਨ੍ਹਾਂ ਵਰਗਾ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਸਗੋਂ ਜਿਹੋ ਜਿਹੇ ਅਸੀਂ ਹਾਂ, ਉਹੋ ਜਿਹੇ ਰਹਿੰਦਿਆਂ ਉਨ੍ਹਾਂ ਨੂੰ ਗਲੇ ਲਗਾਉਣਾ ਚਾਹੀਦਾ ਹੈ।75 ਸਾਲਾ ਪ੍ਰਧਾਨ ਮੰਤਰੀ ਅਤੇ ਨੌਜਵਾਨਾਂ ਵਿਚਕਾਰ ਇਸ ਦੂਰੀ ਬਾਰੇ ਕਾਫ਼ੀ ਚਰਚਾ ਹੋ ਰਹੀ ਹੈ, ਪਰ ਇਹ ਜੀਵ-ਵਿਗਿਆਨਕ ਉਮਰ ਦਾ ਮਾਮਲਾ ਤਾਂ ਨਹੀਂ ਹੈ, ਹੈ ਨਾ।**

-ਨਹੀਂ।ਇਹ ਨੌਜਵਾਨਾਂ ਦੇ ਆਜ਼ਾਦੀ ਅਤੇ ਖੁੱਲ੍ਹੇਪਣ ਲਈ ਸੰਘਰਸ਼ ਅਤੇ ਇੱਕ ਤਾਨਾਸ਼ਾਹੀ ਹਕੂਮਤ ਵਿਚਕਾਰ ਟਕਰਾਅ ਦੀ ਕਹਾਣੀ ਹੈ-ਇੱਕ ਅਜਿਹੀ ਹਕੂਮਤ, ਜਿਸ ਨੇ ਨਾ ਸਿਰਫ਼ ਆਜ਼ਾਦੀ ਦਾ ਗਲਾ ਘੁੱਟਿਆ ਹੈ, ਸਗੋਂ ਆਰਥਕ ਖ਼ੁਸ਼ਹਾਲੀ ਵੀ ਨਹੀਂ ਦਿੱਤੀ। ਇੱਥੋਂ ਦੀਆਂ ਕੰਧਾਂ ਉੱਤੇ ਲਿਖੇ ਨਾਅਰਿਆਂ ਵਿੱਚੋਂ ਇੱਕ ਸੀ, ਮੋਦੀ ਜੀ, ਬੁਰੇ ਦਿਨ ਵਾਪਸ ਕਰੋ। ਸਾਨੂੰ ਉਹ ਬੁਰੇ ਦਿਨ ਵਾਪਸ ਮੋੜ ਦਿਓ।

ਅਤੇ [ਇੱਕ ਹੋਰ ਨਾਅਰਾ ਸੀ] ਸਾਈਮਨ, ਵਾਪਸ ਆਓ, ਵਗੈਰਾ। ਸਾਡੇ ਵਿੱਚੋਂ ਜਿਹੜੇ ਲੋਕ-ਖ਼ਾਸ ਕਰਕੇ ਮੇਰੇ ਵਰਗੇ-ਗੋਧਰਾ ਕਾਂਡ ਤੋਂ ਤੁਰੰਤ ਬਾਅਦ ਸਮਝ ਗਏ ਸਨ ਕਿ ਅੱਗੇ ਕੀ ਹੋਣ ਵਾਲਾ ਹੈ... ਬਹੁਤ ਸਾਰੇ ਲੋਕ ਜਿਹੜੇ ਹੁਣ ਇਸ ਹਕੂਮਤ ਦੇ ਖ਼ਿਲਾਫ਼ ਹਨ, ਉਹ ਪਹਿਲਾਂ ਮੈਨੂੰ ਬਦਨਾਮ ਕਰਦੇ ਸਨ, ਮੇਰਾ ਮਜ਼ਾਕ ਉਡਾਉਂਦੇ ਸਨ ਅਤੇ ਮੇਰੇ ਕਹੇ ਸ਼ਬਦਾਂ ਕਾਰਨ ਮੈਨੂੰ ਤਰ੍ਹਾਂ-ਤਰ੍ਹਾਂ ਦੇ ਨਾਵਾਂ ਨਾਲ ਪੁਕਾਰਦੇ ਸਨ। ਇਸ ਵਿੱਚ ਇਹ ਕਹਿਣਾ ਵੀ ਸ਼ਾਮਲ ਸੀ ਕਿ ਇਸ ਨੂੰ ਮਨੋਰੋਗਾਂ ਦੇ ਡਾਕਟਰ ਕੋਲ ਲੈ ਜਾਓ। ਹੁਣ ਉਹੀ ਲੋਕ ਇਨ੍ਹਾਂ ਨੂੰ ਅੱਗੇ ਆ ਕੇ ਫਾਸ਼ੀਵਾਦੀ ਕਹਿ ਰਹੇ ਹਨ।

ਪਰ ਅਸਲ ਗੱਲ ਇਹ ਹੈ-ਮੇਰੇ ਲਈ ਸਬਕ ਇਹ ਹੈ ਕਿ ਕਿਸੇ ਆਬਾਦੀ ਵਿੱਚ ਤਬਦੀਲੀ ਆਉਣ ਨੂੰ ਲੰਮਾ ਸਮਾਂ ਲੱਗਦਾ ਹੈ। ਸਾਡੇ ਵਿੱਚੋਂ ਜਿਨ੍ਹਾਂ ਨੇ ਇਹ ਸਭ ਸ਼ੁਰੂ 'ਚ ਹੀ ਦੇਖ ਲਿਆ ਸੀ, ਉਨ੍ਹਾਂ ਲਈ... ਮੈਨੂੰ ਉਦੋਂ ਤੱਕ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੋਇਆ ਕਿ ਇੱਕ ਇਨਸਾਨ ਵਜੋਂ ਮੈਂ ਕਿੰਨੀ ਚੌਕਸ ਅਤੇ ਸਾਵਧਾਨ ਹੋ ਗਈ ਸੀ, ਜਦੋਂ ਤੱਕ ਮੈਂ ਉਸ ਸਾਵਧਾਨੀ ਨੂੰ ਛੱਡ ਨਹੀਂ ਸਕੀ।

ਮੇਰਾ ਸਰੀਰ ਵੀ ਵੱਖਰਾ ਮਹਿਸੂਸ ਕਰ ਰਿਹਾ ਹੈ। ਮੈਂ ਇਸ ਤਰ੍ਹਾਂ ਦੀ ਖ਼ੁਸ਼ੀ ਪਹਿਲਾਂ ਕਦੇ ਮਹਿਸੂਸ ਨਹੀਂ ਸੀ ਕੀਤੀ। ਸਾਡੇ ਵਿੱਚੋਂ ਕੁਝ ਲੋਕਾਂ ਲਈ ਜਨਤਕ ਅਤੇ ਸਿਆਸੀ ਤੌਰ 'ਤੇ ਜੋ ਕੁਝ ਵਾਪਰ ਰਿਹਾ ਹੈ, ਉਹ ਨਿੱਜੀ ਜੀਵਨ ਵਿੱਚ ਵਾਪਰ ਰਹੀਆਂ ਘਟਨਾਵਾਂ ਨਾਲੋਂ ਵੀ ਵੱਧ ਨਿੱਜੀ ਹੈ।

ਹਰ ਰੋਜ਼ ਮੈਨੂੰ ਇੰਝ ਲੱਗਦਾ ਸੀ ਕਿ ਜਦੋਂ ਮੈਂ ਅੱਖਾਂ ਖੋਲ੍ਹਦੀ ਹਾਂ ਤਾਂ ਮੈਨੂੰ ਆਪਣੀ ਹਿੱਕ ਉੱਤੋਂ ਕੰਕਰੀਟ ਦਾ ਇਹ ਭਾਰੀ ਟੁਕੜਾ ਹਟਾਉਣਾ ਪੈਂਦਾ ਹੈ ਅਤੇ ਆਪਣੇ ਆਪ ਨੂੰ ਕਹਿਣਾ ਪੈਂਦਾ ਹੈ-ਉੱਠੋ, ਮੁਸਕਰਾਓ, ਅੱਗੇ ਵਧੋ, ਇਸ ਨੂੰ ਰੋਕੋ। ਪਿਛਲੇ ਕੁਝ ਦਿਨਾਂ ਤੋਂ ਉਹ ਭਾਰੀ ਟੁਕੜਾ ਦੂਜੇ ਕਮਰੇ ਵਿੱਚ ਪਿਆ ਹੈ। ਉਹ ਉੱਥੇ ਹੀ ਹੈ, ਪਰ ਦੂਜੇ ਕਮਰੇ ਵਿੱਚ ਹੈ।

ਇਸੇ ਗੱਲ ਨਾਲ ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਹਾਡੇ ਨਾਲ ਗੱਲ ਕਰਕੇ ਬਹੁਤ ਚੰਗਾ ਲੱਗਿਆ। ਮੈਨੂੰ ਖ਼ੁਸ਼ੀ ਹੈ ਕਿ ਅਸੀਂ ਇਸ ਖ਼ੂਬਸੂਰਤ ਥਾਂ 'ਤੇ ਤੁਹਾਡੇ ਨਾਲ ਗੱਲ ਕਰ ਸਕੇ।

ਹਾਂ, ਹਾਂ-ਅਤੇ ਹੁਣ ਪੁਲਸ ਆ ਰਹੀ ਹੈ।

ਤੁਹਾਡਾ ਬਹੁਤ-ਬਹੁਤ ਧੰਨਵਾਦ।

ਤੁਹਾਡਾ ਸਵਾਗਤ ਹੈ।

*ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ*